Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

MOVING To INDIANA?
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Beenu Sikand
Legacy Homes Intl.
Broker Owner,
Realtor, CRS, MBA
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!

Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
ਪੰਜਾਬ ਟਾਈਮਜ਼
Punjab Times, Vol 22, Issue 15, April 10, 2021
20451 N. Plum Grove Rd., Palatine, IL 60074
Ph:847-359-0746, Fax:847-705-9388

# ਪੰਜਾਬ ਨੂੰ ਸਿੱਧੀ ਹੋ ਕੇ ਟੱਕਰੀ ਮੋਦੀ ਸਰਕਾਰ

## ਵਿੱਤੀ ਤੇ ਸਿਆਸੀ ਘੇਰਾਬੰਦੀ ਲਈ ਲਾਇਆ ਟਿੱਲ





**ਚੰਡੀਗੜ੍ਹ:** ਮੋਦੀ ਸਰਕਾਰ ਨੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾ ਰਹੇ ਪੰਜਾਬ ਦੀ ਚੁਫਰਿਉਂ ਘੇਰਾਬੰਦੀ ਲਈ ਟਿੱਲ ਲਾਇਆ ਹੋਇਆ ਹੈ। ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਵਿੱਤੀ ਤੇ ਸਿਆਸੀ ਖੋਰਾ ਲਾਉਣ ਲਈ ਧੜਾ ਧੜ ਫੈਸਲੇ ਲਏ ਜਾ ਰਹੇ ਹਨ। ਇਥੋਂ ਤੱਕ ਕੇ ਪੰਜਾਬ ਦੇ ਕਿਸਾਨਾਂ ਦੇ ਅਕਸ ਨੂੰ ਢਾਹ ਲਾਉਣ ਲਈ ਸੂਬੇ ਵਿਚ 'ਬੰਧੂਆ ਮਜ਼ਦੂਰੀ' ਵਾਲਾ ਨਵਾਂ ਸ਼ੁਗੂਫ਼ਾ ਛੱਡ ਦਿੱਤਾ ਹੈ।

ਅੰਦੋਲਨ ਕਰ ਰਹੇ ਕਿਸਾਨਾਂ ਨੂੰ ਅਤਿਵਾਦੀ, ਸ਼ਹਿਰੀ ਨਕਸਲੀ ਤੇ ਖਾਲਿਸਤਾਨੀ ਦੱਸਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਇਕ ਪੱਤਰ ਰਾਹੀਂ ਇਹ ਦਾਅਵਾ ਕਰ ਦਿੱਤਾ ਹੈ ਕਿ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿਚ ਪਰਵਾਸੀ ਮਜ਼ਦੂਰਾਂ ਨੂੰ ਨਸ਼ਿਆਂ 'ਤੇ ਲਾ ਕੇ ਘੱਟ ਉਜਰਤ ਉਤੇ ਵੱਧ ਕੰਮ ਕਰਵਾਇਆ ਜਾਂਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਹ ਅੰਕੜੇ ਬੀ.ਐਸ.ਐਫ. ਵੱਲੋਂ ਦਿੱਤੀ ਰਿਪੋਰਟ ਦੇ ਆਧਾਰ ਹਨ, ਹਾਲਾਂਕਿ ਬੀ.ਐਸ.ਐਫ. ਨੇ ਸਾਫ ਆਖ ਦਿੱਤਾ ਹੈ ਕਿ ਉਸ ਵੱਲੋਂ ਨਾ ਹੀ ਅਜਿਹੇ ਅੰਕੜੇ ਤੇ ਨਾ ਹੀ ਇਹ ਰਿਪੋਰਟ ਜਮ੍ਹਾਂ ਕਰਵਾਈ ਗਈ ਹੈ।

ਇਸ ਸਮੇਂ ਸਭ ਤੋਂ ਵੱਧ ਟਕਰਾਅ ਕਣਕ ਦੀ ਫਸਲ ਦੀ ਖਰੀਦ ਤੋਂ ਬਣਿਆ ਹੋਇਆ ਹੈ। ਪੰਜਾਬ ਵਿਚ ਐਤਕੀਂ 10 ਅਪਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਹੋ ਰਹੀ ਹੈ ਤੇ ਖਰੀਦ ਦਾ ਕੰਮ 31 ਮਈ ਤੱਕ ਚੱਲੇਗਾ। ਕੇਂਦਰ ਸਰਕਾਰ ਵੱਲੋਂ ਆੜ੍ਹਤੀਆਂ ਦੀ ਥਾਂ ਕਿਸਾਨਾਂ ਨੂੰ ਸਿੱਧੀ ਅਦਾਇਗੀ, ਕਣਕ ਖਰੀਦ ਲਈ ਨਮੀ ਦੇ ਸਖਤ ਨਿਯਮ, ਬਾਰਦਾਨਾ ਸਣੇ ਨਿੱਤ ਨਵੇਂ ਅੜਿੱਕੇ ਡਾਹੇ ਜਾ ਰਹੇ ਹਨ।

ਕੇਂਦਰ ਨੇ ਫਸਲ ਵੇਚਣ ਵਾਲੇ ਹਰ ਕਿਸਾਨ ਨੂੰ ਆਪਣੀ ਭੌਂ ਮਾਲਕੀ ਜਾਂ ਜਮ੍ਹਾਂਬੰਦੀ ਦੀ ਨਕਲ ਐਫ.ਸੀ.ਆਈ. ਦੀ ਵੈੱਬਸਾਈਟ 'ਤੇ ਅਪਲੋਡ ਕਰਕੇ ਆਪਣਾ ਬੈਂਕ ਖਾਤਾ ਦੱਸਣਾ ਲਾਜ਼ਮੀ ਕਰ ਦਿੱਤਾ ਹੈ। ਇਹ ਫੈਸਲਾ ਬਹੁਗਿਣਤੀ ਕਿਸਾਨਾਂ ਲਈ ਫਸਲ ਵਿੱਕਰੀ ਦੇ ਰਾਹ ਵਿਚ ਇਹ ਰੋੜਾ ਬਣੇਗਾ। ਬਹੁਤ ਸਾਰੇ ਛੋਟੇ ਕਿਸਾਨਾਂ ਕੋਲ ਆਪਣੀ ਜ਼ਮੀਨ ਥੋੜ੍ਹੀ ਹੈ ਤੇ ਦੂਜਿਆਂ ਤੋਂ ਠੇਕੇ ਜਾਂ ਹਿੱਸੇ 'ਤੇ ਲੈ ਕੇ ਵਾਹੀ ਕਰਦੇ ਹਨ। ਉਹ ਆਪਣੀ ਉਪਜ ਕਿਵੇਂ ਵੇਚਣਗੇ, ਜਦ ਉਨ੍ਹਾਂ ਕੋਲ ਮਾਲਕੀ ਹੀ ਨਹੀਂ। ਜੇ ਉਹ ਮਾਲਕ ਦਾ ਬੈਂਕ ਖਾਤਾ ਦੇਣ ਦਾ ਤਰਲਾ ਕਰਨਗੇ ਤਾਂ ਮਾਲਕ ਉਨ੍ਹਾਂ ਦੀ ਛਿੱਲ ਲਾਹੇਗਾ। ਇਸੇ ਤਰ੍ਹਾਂ ਜਿਹੜੇ ਕਿਸਾਨ ਐਨ.ਆਰ.ਆਈ. ਦੀ ਜ਼ਮੀਨ ਵਾਹੁੰਦੇ ਹਨ, ਉਨ੍ਹਾਂ ਦੇ ਅਸਲ ਮਾਲਕ ਆਪਣੀ ਉਪਜ ਵੇਚਣ ਇਥੇ ਨਹੀਂ ਆ ਸਕਦੇ। ਉਹ ਆਪਣੀ ਉਪਜ ਏਜੰਸੀ ਨੂੰ ਕਿਵੇਂ ਵੇਚਣਗੇ? ਬਹੁਤ ਸਾਰੇ ਪਰਿਵਾਰਾਂ ਵਿਚ ਜ਼ਮੀਨ ਦੀ ਵੰਡ ਹੀ ਬਾਪ ਦੇ ਜਿਊਂਦੇ ਹੁੰਦਿਆਂ ਜ਼ਬਾਨੀ ਕਲਾਮੀ ਹੁੰਦੀ ਹੈ ਅਤੇ ਕਾਗਜ਼ਾਂ ਵਿਚ ਇਹ ਬਾਪ ਦੇ ਨਾਂ ਹੀ ਰਹਿੰਦੀ ਹੈ, ਜਿਨ੍ਹਾਂ ਦਾ ਕਈ ਵਾਰ ਕੋਈ ਬੈਂਕ ਖਾਤਾ ਵੀ ਨਹੀਂ ਹੁੰਦਾ।


ਏਜੰਸੀ ਦੇ ਇਕ ਹੋਰ ਫੈਸਲੇ ਅਨੁਸਾਰ ਵੇਚੀ ਜਾਣ ਵਾਲੀ ਕਣਕ ਦੀ ਨਮੀ ਦੀ ਮਾਤਰਾ ਜਿਹੜੀ ਹੁਣ ਤੱਕ 14 ਫੀਸਦੀ ਚਲੀ ਆ ਰਹੀ ਸੀ, ਅੱਗੇ ਤੋਂ ਇਹ ਘਟਾ ਕੇ 12 ਫੀਸਦੀ ਕੀਤੀ ਗਈ ਹੈ। ਇਸ ਫੈਸਲੇ ਨਾਲ ਕਣਕ ਦੀ ਉਪਜ ਖਰੀਦਣ ਵਾਲੇ ਵਪਾਰੀਆਂ ਤੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਬਾਂਹ ਮਰੋੜਨ ਦਾ ਮੌਕਾ ਮਿਲੇਗਾ। ਹੋਰ ਤਾਂ ਹੋਰ ਅੱਗੇ ਤੋਂ ਖੜ੍ਹੀ ਫਸਲ ਵਿਚ ਘਾਹ-ਫੂਸ ਦੀ ਮਾਤਰਾ ਵੀ ਜ਼ੀਰੋ ਪੁਆਇੰਟ ਚਾਰ ਫੀਸਦੀ ਹੀ ਪ੍ਰਵਾਨ ਹੋਵੇਗੀ, ਜਿਹੜੀ ਕਿ ਹੁਣ ਤੱਕ ਇਸ ਤੋਂ ਵੱਧ ਮਾਤਰਾ ਵਿਚ ਪ੍ਰਵਾਨ ਹੁੰਦੀ ਆਈ ਹੈ। ਅਸਲ ਵਿਚ, ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਉਤੇ ਕੇਂਦਰ ਦਾ ਕੋਈ ਪਹਿਲਾ ਹੱਲਾ ਨਹੀਂ। ਇਸ ਤੋਂ ਪਹਿਲਾਂ ਪੰਜਾਬ ਦੀ ਵਿੱਤੀ ਘੇਰਾਬੰਦੀ ਕਰਦੇ ਹੋਏ ਕੇਂਦਰ ਨੇ ਦਿਹਾਤੀ ਵਿਕਾਸ ਫੰਡ ਵਿਚ ਮੋਟਾ ਕੱਟ ਲਾ ਦਿੱਤਾ ਸੀ। ਚੇਤੇ ਰਹੇ ਕਿ ਪੰਜਾਬ ਸਰਕਾਰ ਦੀ ਦਿਹਾਤੀ ਵਿਕਾਸ ਫੰਡ ਦੀ ਰਾਸ਼ੀ ਕਰੀਬ 1200 ਕਰੋੜ ਰੁਪਏ ਬਣਦੀ ਸੀ ਜਿਸ 'ਚੋਂ ਕੇਂਦਰ ਸਰਕਾਰ ਨੇ ਸਿਰਫ 400 ਕਰੋੜ ਰੁਪਏ ਹੀ ਜਾਰੀ ਕੀਤੇ ਹਨ। ਕੇਂਦਰ ਖੁਰਾਕ ਮੰਤਰਾਲੇ ਨੇ ਸਾਲ 2018-19 ਤੋਂ ਲੈ ਕੇ 2020-21 ਤੱਕ ਦੇ

(ਬਾਕੀ ਸਫਾ 6 ਉਤੇ)

### ਕੇਂਦਰ ਦੀ ਅੜੀ ਨੇ ਬੁਰੀ ਫਸਾਈ ਕੈਪਟਨ ਸਰਕਾਰ

ਕੇਂਦਰ ਸਰਕਾਰ ਕਿਸਾਨਾਂ ਨੂੰ ਕਣਕ ਦੀ ਸਿੱਧੀ ਅਦਾਇਗੀ ਕਰਨ ਦੇ ਮਾਮਲੇ 'ਤੇ ਪੂਰੀ ਤਰ੍ਹਾਂ ਅੜ ਗਈ ਹੈ ਜਿਸ ਕਾਰਨ ਪੰਜਾਬ ਸਰਕਾਰ ਕਾਫੀ ਫਿਕਰਮੰਦ ਜਾਪਦੀ ਹੈ। ਮਾਹਿਰ ਮਹਿਸੂਸ ਕਰਦੇ ਹਨ ਕਿ ਕੇਂਦਰ ਦੇ ਵਤੀਰੇ ਨੂੰ ਦੇਖਦਿਆਂ ਸੂਬੇ 'ਚ ਕਿਸਾਨਾਂ ਨੂੰ ਸਿੱਧੀ ਅਦਾਇਗੀ ਕਰਨ ਲਈ ਪਲਾਨ-ਬੀ ਦੀ ਤਿਆਰੀ ਕਰਨੀ ਪਵੇਗੀ। ਉਂਜ, ਪੰਜਾਬ ਸਰਕਾਰ ਜਿਣਸ ਦੀ ਅਦਾਇਗੀ ਪੁਰਾਣੇ ਤਰੀਕੇ ਨਾਲ ਕਰਨ ਲਈ ਵੀ ਡਟੀ ਹੋਈ ਹੈ। ਪੰਜਾਬ 'ਚ 10 ਅਪਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਹੋਣੀ ਹੈ। ਸੂਤਰਾਂ ਅਨੁਸਾਰ ਜੇਕਰ ਕੇਂਦਰ ਸਰਕਾਰ ਨੇ ਸੁਰ ਨਰਮ ਨਾ ਕੀਤੇ ਤਾਂ ਪੰਜਾਬ ਸਰਕਾਰ ਕੋਲ ਸਿੱਧੀ ਅਦਾਇਗੀ ਕੀਤੇ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚੇਗਾ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਕੇਂਦਰੀ ਜਿੱਦ ਨੂੰ ਦੇਖਦਿਆਂ ਜਿਣਸ ਦੀ ਸਿੱਧੀ ਅਦਾਇਗੀ ਲਈ ਸਾਫਟਵੇਅਰ ਦੀ ਟੈਸਟਿੰਗ ਵੀ ਸ਼ੁਰੂ ਕਰ ਦਿੱਤੀ ਹੈ।

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ ਸਭਨਾਂ ਨੂੰ ਲੱਖ ਲੱਖ ਵਧਾਈ

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

## ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Time to buy new home in Tracy, Manteca, Lothrop and Stockton***

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 6765 E Sussex Way, Fresno, CA 93727
2. 2555 Elderberry Ave, Tracy, CA 95377
3. 451 Helen Dr, Ripon, CA 95366
4. 23915 Madeiros Ave, Hayward, CA 94541
5. 5132 Jetty Dr, Stockton, CA 95206
6. 288 S 12th St, San Jose, CA 95112
7. 83 Shenado Place, San Jose, CA 95136
8. 273 Granville Ct. San Jose, CA 95139
9. 139 Vivid Lane, Hayward, CA 94544
10. 315 Crest Dr. San Jose, CA 95127
11. 27471 Ponderosa Ct. Hayward, CA 94545
12. 27659 Persimmon Dr. Hayward, CA 94544

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# Purchase Loan and Refinance

15 & 30 Yr Fixed Rates Are Still Better!!! Refinance Now At Zero Cost

**Call Sukhveer (Sukhi) Gill** **Ph: 510-207-9067**
DHMS, Loan Broker

CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ



# ਕਿਸਾਨ ਜਥੇਬੰਦੀਆਂ ਨੇ ਆਰ-ਪਾਰ ਦੀ ਜੰਗ ਲਈ ਬਣਾਈ ਰਣਨੀਤੀ

## ਸੰਯੁਕਤ ਕਿਸਾਨ ਮੋਰਚੇ ਨੇ ਸੰਸਦ ਦੀ ਘੇਰਾਬੰਦੀ ਸਣੇ ਕੀਤੇ ਸਖਤ ਫੈਸਲੇ



**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਘੋਲ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ। ਸਰਕਾਰ ਨੂੰ ਘੇਰਨ ਲਈ ਸੰਯੁਕਤ ਕਿਸਾਨ ਮੋਰਚੇ ਨੇ ਸਖਤ ਫੈਸਲੇ ਲੈ ਲਏ ਹਨ। ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਵੱਲੋਂ ਹੁਣ ਦਿੱਲੀ ਦੇ ਦੁਆਲੇ ਦੀ ਪੈਰੀਫਰਲ ਰੋਡ 'ਕੁੰਡਲੀ ਮਾਨੇਸਰ-ਪਲਵਲ' ਅਤੇ 'ਕੁੰਡਲੀ-ਗਾਜ਼ੀਆਬਾਦ-ਪਲਵਲ' ਨੂੰ 10 ਅਪਰੈਲ ਨੂੰ 24 ਘੰਟੇ ਲਈ ਜਾਮ ਕਰਨ ਦਾ ਐਲਾਨ ਕੀਤਾ ਗਿਆ ਹੈ। 13 ਅਪਰੈਲ ਨੂੰ ਵਿਸਾਖੀ ਦਾ ਤਿਉਹਾਰ ਵੀ ਦਿੱਲੀ ਦੀਆਂ ਚਾਰੋਂ ਹੱਦਾਂ ਉਪਰ ਮਨਾਉਣ ਸਮੇਤ ਡਾ. ਬੀ. ਆਰ. ਅੰਬੇਦਕਰ ਦਾ ਜਨਮ ਦਿਨ 'ਸੰਵਿਧਾਨ ਬਚਾਓ ਦਿਵਸ' ਦੇ ਰੂਪ ਵਿਚ 14 ਅਪਰੈਲ ਨੂੰ ਮਨਾਇਆ ਜਾਵੇਗਾ।

ਮਜ਼ਦੂਰ ਦਿਵਸ ਮੌਕੇ 1 ਮਈ ਨੂੰ ਸਾਰਾ ਦਿਨ 'ਮਜ਼ਦੂਰ-ਕਿਸਾਨ ਏਕਤਾ' ਦੇ ਲੇਖੇ ਲਾਇਆ ਜਾਵੇਗਾ। ਮਈ ਦੇ ਪਹਿਲੇ ਹਫਤੇ ਸੰਸਦ ਵੱਲ ਮਾਰਚ ਵੀ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਮੋਰਚੇ ਦੀ ਅਗਵਾਈ ਹੇਠ 'ਸੰਸਦ ਮਾਰਚ' ਮਈ ਦੇ ਪਹਿਲੇ ਪੰਦਰਵਾੜੇ ਵਿਚ ਕੀਤਾ ਜਾਵੇਗਾ। ਇਸ ਵਿਚ ਔਰਤਾਂ, ਦਲਿਤ-ਆਦਿਵਾਸੀ-ਬਹੁਜਨ, ਬੇਰੁਜ਼ਗਾਰ ਨੌਜਵਾਨ ਅਤੇ ਸਮਾਜ ਦਾ ਹਰ ਵਰਗ ਸ਼ਾਮਲ ਹੋਵੇਗਾ। ਸ਼ਾਂਤਮਈ ਲੋਕ ਆਪਣੇ ਵਾਹਨਾਂ ਵਿਚ ਆਪਣੇ ਪਿੰਡਾਂ ਤੋਂ ਦਿੱਲੀ ਦੀਆਂ ਸਰਹੱਦਾਂ ਤੱਕ ਆਉਣਗੇ। ਇਸ ਤੋਂ ਬਾਅਦ ਦਿੱਲੀ ਦੀਆਂ ਕਈ ਹੱਦਾਂ ਤੋਂ ਸੰਸਦ ਤੱਕ ਪੈਦਲ ਮਾਰਚ ਕੀਤਾ ਜਾਵੇਗਾ। ਨਿਰਧਾਰਿਤ ਤਰੀਕ ਦਾ ਐਲਾਨ ਆਉਣ ਵਾਲੇ ਦਿਨਾਂ ਵਿਚ ਕੀਤਾ ਜਾਵੇਗਾ।

ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਆਗੂਆਂ ਦੇ ਘਰਾਂ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ, ਰੇਲਵੇ ਸਟੇਸ਼ਨਾਂ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਜਾਰੀ ਹਨ। ਇਨ੍ਹਾਂ ਇਕੱਠਾਂ ਦੌਰਾਨ ਬੁਲਾਰਿਆਂ ਨੇ ਆਉਂਦੇ ਦਿਨੀਂ ਅੰਦੋਲਨ ਹੋਰ ਮਘਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕਿਸਾਨੀ ਅੰਦੋਲਨ ਭਾਜਪਾ ਦੇ ਅੰਤ ਦਾ ਆਧਾਰ ਬਣੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਦਰਭ 'ਚ ਪਰਵਾਸੀ ਮਜ਼ਦੂਰਾਂ ਦੇ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਚਿੱਠੀ ਕਿਸਾਨੀ ਅੰਦੋਲਨ ਨੂੰ ਪ੍ਰਭਾਵਿਤ ਕਰਨ ਦੀ ਨਵੀਂ ਚਾਲ ਹੈ ਤੇ ਇਸ ਦਾ ਜਵਾਬ ਵੀ ਹਾਕਮਾਂ ਵੱਲੋਂ ਪਹਿਲਾਂ ਚੱਲੀਆਂ ਗਈਆਂ ਕੋਝੀਆਂ ਚਾਲਾਂ ਦੇ ਜਵਾਬ ਦੀ ਤਰ੍ਹਾਂ ਹੀ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਬੱਚੇ, ਨੌਜਵਾਨਾਂ ਤੇ ਬਜ਼ੁਰਗਾਂ ਦੇ ਕਾਫਲਿਆਂ ਦਾ ਦਿੱਲੀ ਦੇ ਕਿਸਾਨ ਮੋਰਚਿਆਂ 'ਤੇ ਜਾਣਾ ਜਾਰੀ ਹੈ। ਪਰਵਾਸੀ ਮਜ਼ਦੂਰਾਂ ਦੇ ਮਾਮਲੇ 'ਤੇ ਪੰਜਾਬ ਦੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਜਲਦ ਹੀ ਇਸ ਸਬੰਧੀ ਫੈਸਲਾ ਕਰ ਕੇ ਪਰਵਾਸੀ ਮਜ਼ਦੂਰਾਂ ਦਾ ਸੱਚ ਲੋਕਾਂ ਅਤੇ ਮੀਡੀਆ ਸਾਹਮਣੇ ਪੇਸ਼ ਕੀਤਾ ਜਾਵੇਗਾ। ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਢਾਹ ਲਾਉਣ ਲਈ ਇਹ ਨਵਾਂ ਪੈਂਤੜਾ ਲਿਆਂਦਾ ਹੈ। ਖੇਤਾਂ 'ਚ ਕਿਸਾਨਾਂ ਵੱਲੋਂ ਪਰਵਾਸੀ ਮਜ਼ਦੂਰਾਂ ਨੂੰ ਬੰਧੂਆ ਬਣਾਉਣ ਪਿੱਛੇ ਕੋਈ ਸੱਚਾਈ ਨਹੀਂ ਹੈ।

ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਕਿਸਾਨਾਂ ਦਾ ਪਰਵਾਸੀ ਮਜ਼ਦੂਰਾਂ ਨਾਲ ਚੰਗਾ ਨਾਤਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਵਿਗੜਨ ਨਹੀਂ ਦਿੱਤਾ ਜਾਵੇਗਾ ਅਤੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ 2020 ਤੇ ਪਰਾਲੀ ਆਰਡੀਨੈਂਸ ਰੱਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

## ਕਿਸਾਨ ਧਰਨੇ ਵਾਲੀਆਂ ਥਾਂਵਾਂ ਨਹੀਂ ਛੱਡ ਰਹੇ: ਟਿਕੈਤ

**ਅਹਿਮਦਾਬਾਦ:** ਕਿਸਾਨਾਂ ਵੱਲੋਂ ਦਿੱਲੀ ਦੀਆਂ ਹੱਦਾਂ ਖਾਲੀ ਕੀਤੇ ਜਾਣ ਸਬੰਧੀ ਕੀਤੇ ਦਾਅਵੇ ਖਾਰਜ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਖੇਤਾਂ ਦੇ ਕੰਮ ਨਿਬੇੜਨ ਲਈ ਗਏ ਹਨ ਅਤੇ ਜਦੋਂ ਕੇਂਦਰ ਸਰਕਾਰ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਵਿਹਲੀ ਹੋ ਜਾਵੇਗੀ ਤਾਂ ਉਹ ਵਾਪਸ ਆ ਜਾਣਗੇ। ਉਨ੍ਹਾਂ ਕਿਹਾ ਕਿ ਤਿੰਨੇਂ ਨਵੇਂ ਖੇਤੀ ਕਾਨੂੰਨ ਕਿਸਾਨਾਂ ਲਈ ਨਹੀਂ ਕਾਰੋਬਾਰੀਆਂ ਦੀ ਮਦਦ ਲਈ ਬਣਾਏ ਗਏ ਹਨ ਅਤੇ ਕਿਸਾਨ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਹ ਮੋਰਚਿਆਂ ਵਾਲੀਆਂ ਥਾਵਾਂ ਨਹੀਂ ਛੱਡਣਗੇ।

## ਔਰਤਾਂ ਨੇ ਦਿੱਲੀ ਵੱਲ ਵਹੀਰਾਂ ਘੱਤੀਆਂ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਵਾਢੀ ਦਾ ਸੀਜ਼ਨ ਸ਼ੁਰੂ ਹੋਣ ਕਾਰਨ ਕੌਮੀ ਰਾਜਧਾਨੀ 'ਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਲੱਗੇ ਮੋਰਚੇ 'ਚ ਸ਼ਮੂਲੀਅਤ ਲਈ ਕਿਸਾਨ ਬੀਬੀਆਂ ਨੇ ਦਿੱਲੀ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਲਗਾਤਾਰ ਔਰਤਾਂ ਦੇ ਜਥੇ ਦਿੱਲੀ ਪੁੱਜ ਰਹੇ ਹਨ, ਤਾਂ ਜੋ ਦਿੱਲੀ 'ਚ ਲੱਗੇ ਮੋਰਚਿਆਂ ਦਾ ਜੋਸ਼ ਮੱਠਾ ਨਾ ਪਵੇ। ਕਿਸਾਨ ਆਗੂਆਂ ਅਨੁਸਾਰ ਮਾਨਸਾ, ਬਰਨਾਲਾ ਤੇ ਮੋਗਾ ਜਿਲ੍ਹੇ 'ਚੋਂ ਔਰਤਾਂ ਦੇ ਕਾਫਲੇ ਸਿੰਘੂ ਤੇ ਟਿਕਰੀ ਪੁੱਜ ਰਹੇ ਹਨ। ਸੰਯੁਕਤ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਮੋਰਚੇ ਵੀ ਆਉਂਦੇ ਦਿਨਾਂ ਦੌਰਾਨ ਜਾਰੀ ਰਹਿਣਗੇ ਤੇ ਦਿੱਲੀ ਦੇ ਮੋਰਚੇ ਵਿਚ ਕਿਸਾਨਾਂ ਅਤੇ ਖਾਸਕਰ ਔਰਤਾਂ ਦੀ ਵੱਡੀ ਗਿਣਤੀ ਸ਼ਮੂਲੀਅਤ ਕੇਂਦਰ ਸਰਕਾਰ ਦੇ ਭੁਲੇਖੇ ਕੱਢ ਦੇਵੇਗੀ।

## ਦੇਸ਼ 'ਚ ਅੰਨ ਸੰਕਟ ਪੈਦਾ ਹੋ ਸਕਦਾ: ਰਾਜੇਵਾਲ

**ਅਬੋਹਰ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਇਥੋਂ ਦੀ ਅਨਾਜ ਮੰਡੀ 'ਚ ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਮਹਾਰੈਲੀ ਕੀਤੀ ਗਈ। ਇਸ ਮੌਕੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਤਿੰਨੋਂ ਕਾਲੇ ਕਾਨੂੰਨ ਜਲਦੀ ਵਾਪਸ ਨਾ ਲਏ ਗਏ ਤਾਂ ਪੂਰੇ ਦੇਸ਼ ਵਿਚ ਅੰਨ ਸੰਕਟ ਪੈਦਾ ਹੋ ਸਕਦਾ ਹੈ ਕਿਉਂਕਿ ਪਿਛਲੇ ਕਰੀਬ 6 ਮਹੀਨਿਆਂ ਤੋਂ ਦੇਸ਼ ਭਰ ਦੇ ਕਿਸਾਨ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੇ ਹਨ ਪਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਦੀ ਥਾਂ ਉਨ੍ਹਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਦੀ ਯੋਜਨਾਵਾਂ ਬਣਾ ਰਹੀ ਹੈ।

ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਸਾਲ 2014 ਤੋਂ ਸੱਤਾ ਵਿਚ ਪਹਿਲੀ ਵਾਰ ਆਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਕਈ ਕਾਨੂੰਨ ਲਾਗੂ ਕੀਤੇ ਹਨ ਜੋ ਕਾਫੀ ਵਿਰੋਧ ਦੇ ਬਾਵਜੂਦ ਰੱਦ ਨਹੀਂ ਕੀਤੇ ਗਏ ਪਰ ਇਹ ਖੇਤੀ ਕਾਨੂੰਨ ਸਰਕਾਰ ਨੂੰ ਰੱਦ ਕਰਨੇ ਹੀ ਪੈਣਗੇ। ਦਿੱਲੀ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਦੀਪ ਸਿੱਧੂ ਬਾਰੇ ਕਿਸਾਨ ਨੇਤਾਵਾਂ ਨੇ ਕਿਹਾ ਕਿ ਜੇਕਰ ਉਹ ਪੰਜਾਬ ਵਿਚ ਆ ਜਾਂਦਾ ਹੈ ਤਾਂ ਦਿੱਲੀ ਪੁਲਿਸ ਉਸ ਨੂੰ ਹੱਥ ਵੀ ਨਹੀਂ ਲਗਾ ਸਕਦੀ ਸੀ। ਉਨ੍ਹਾਂ ਕਿਹਾ ਕਿ ਅੱਜ ਪੂਰੇ ਦੇਸ਼ ਦਾ ਕਿਸਾਨ ਇਕਜੁੱਟ ਹੋ ਚੁੱਕਿਆ ਹੈ ਅਤੇ ਹੁਣ ਤਿੰਨੋਂ ਕਾਨੂੰਨ ਰੱਦ ਕਰਵਾ ਕੇ ਹੀ ਹਟਣਗੇ। ਰਾਕੇਸ਼ ਟਿਕੈਤ 'ਤੇ ਹੋਏ ਹਮਲੇ ਸਬੰਧੀ ਕਿਸਾਨ ਆਗੂਆਂ ਨੇ ਕਿਹਾ ਕਿ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕੇਂਦਰ ਸਰਕਾਰ ਹਿਲਾ ਕੇ ਰੱਖ ਦਿੱਤੀ ਸੀ। ਇਸੇ ਕਾਰਨ ਮੋਦੀ ਸਰਕਾਰ ਕਿਸਾਨ ਆਗੂਆਂ ਉੱਪਰ ਹਮਲੇ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਬੰਗਾਲ ਅੰਦਰ ਭਾਜਪਾ ਸਰਕਾਰ ਹਾਰਨ ਵਾਲੀ ਹੈ ਅਤੇ ਜਲਦੀ ਹੀ ਕਿਸਾਨ ਵਿਰੋਧੀ ਬਿੱਲ ਰੱਦ ਹੋਣਗੇ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS




Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



Low Interest Rates in History
No Cost Refinancing Available!



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਸੰਯੁਕਤ ਕਿਸਾਨ ਮੋਰਚੇ ਨੇ ਹੋਰਨਾਂ ਜਥੇਬੰਦੀਆਂ ਤੋਂ ਸਹਿਯੋਗ ਮੰਗਿਆ

**ਲੁਧਿਆਣਾ:** ਖੇਤੀ ਕਾਨੂੰਨਾਂ ਖਿਲਾਫ ਪਿਛਲੇ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਧਰਨਾ ਲਾ ਕੇ ਬੈਠੇ ਕਿਸਾਨਾਂ ਨੇ ਹੁਣ ਸੂਬੇ ਦੀਆਂ ਮੁਲਾਜ਼ਮ, ਟਰੇਡ ਤੇ ਮਜ਼ਦੂਰ ਜਥੇਬੰਦੀਆਂ ਨੂੰ ਕਿਸਾਨ ਅੰਦੋਲਨ ਵਿਚ ਸ਼ਮੂਲੀਅਤ ਵਧਾਉਣ



ਦੀ ਅਪੀਲ ਕੀਤੀ ਹੈ।

ਹਾੜ੍ਹੀ ਦੀ ਫਸਲ ਤਿਆਰ ਖੜ੍ਹੀ ਹੈ ਤੇ ਦਿੱਲੀ ਬਾਰਡਰਾਂ 'ਤੇ ਬੈਠੇ ਕਿਸਾਨਾਂ ਨੇ ਵਾਰੋ-ਵਾਰੀ ਫਸਲ ਕੱਟਣ ਤੇ ਮੰਡੀਆਂ ਵਿਚ ਵੇਚਣ ਜਾਣਾ ਹੈ। ਇਸ ਦੌਰਾਨ ਕਿਸਾਨ ਅੰਦੋਲਨ ਪਹਿਲਾਂ ਵਾਂਗ ਹੀ ਭਰਿਆ ਰਹੇ, ਇਸ ਕਾਰਨ ਸੰਯੁਕਤ ਕਿਸਾਨ ਮੋਰਚੇ ਨੇ ਹੁਣ ਇਸ ਵਿਚ ਬਾਕੀ ਜਥੇਬੰਦੀਆਂ ਦੀ ਸ਼ਮੂਲੀਅਤ ਵਧਾਉਣ 'ਤੇ ਜ਼ੋਰ ਦਿੱਤਾ ਹੈ। ਮੋਰਚੇ ਦੇ ਮੈਂਬਰ ਨੇ ਇਥੇ ਪੰਜਾਬ ਖੇਤੀਬਾੜੀ 'ਵਰਸਿਟੀ (ਪੀ.ਏ.ਯੂ.) ਵਿਚ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ, ਟਰੇਡ ਯੂਨੀਅਨਾਂ ਤੇ ਮਜ਼ਦੂਰ ਯੂਨੀਅਨਾਂ ਦੇ ਮੈਂਬਰਾਂ ਨਾਲ ਮੀਟਿੰਗ ਕਰਨ ਲਈ ਪੁੱਜੇ ਸਨ।

ਇਸ ਤੋਂ ਇਲਾਵਾ ਟੀਚਰਜ਼ ਐਸੋਸੀਏਸ਼ਨ, ਮੁਲਾਜ਼ਮ ਯੂਨੀਅਨ, ਵੱਖ-ਵੱਖ ਟਰੇਡ ਯੂਨੀਅਨਾਂ ਤੇ ਮਜ਼ਦੂਰ ਯੂਨੀਅਨਾਂ ਦੇ ਮੈਂਬਰ ਤੇ ਲੇਖਕ ਸਭਾ ਦੇ ਮੈਂਬਰ ਵੀ ਮੌਜੂਦ ਸਨ। ਸਾਰੇ ਆਗੂ ਇਸ ਗੱਲ 'ਤੇ ਸਹਿਮਤ ਹੋਏ ਕਿ ਕਿਸਾਨੀ ਘੋਲ ਨੂੰ ਜਨ ਅੰਦੋਲਨ ਬਣਾਉਣ ਨਾਲ ਹੀ ਸਰਕਾਰ 'ਤੇ ਇਸ ਦਾ ਕੋਈ ਅਸਰ ਹੋਵੇਗਾ। ਕਈ ਘੰਟੇ ਚੱਲੀ ਇਸ ਮੀਟਿੰਗ ਵਿਚ ਕਿਸਾਨ ਆਗੂਆਂ ਨੇ ਕਿਹਾ ਕਿ ਅਜਿਹੇ ਲੋਕਾਂ ਦੀ ਗਿਣਤੀ ਵਧਾਉਣ ਦੀ ਲੋੜ ਹੈ ਜੋ ਲੰਮੇ ਸਮੇਂ ਤੱਕ ਦਿੱਲੀ ਦੀਆਂ ਹੱਦਾਂ ਉਤੇ ਟਿਕ ਕੇ ਕਿਸਾਨੀ ਅੰਦੋਲਨ ਵਿਚ ਸਹਿਯੋਗ ਪਾ ਸਕਣ। ਇਸ ਤੋਂ ਪਹਿਲਾਂ ਵੀ ਲੁਧਿਆਣਾ ਵਿਚ ਕਿਸਾਨ-ਮਜ਼ਦੂਰ ਮਹਾਪੰਚਾਇਤ ਕੀਤੀ ਗਈ ਸੀ, ਜਿਸ ਵਿਚ ਦਲਿਤ ਭਾਈਚਾਰੇ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਦਾ ਸਾਥ ਦੇਣ। ਇਸੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਫਸਲ ਦੀ ਕੀਮਤ ਸਿੱਧੇ ਕਿਸਾਨਾਂ ਦੇ ਖਾਤਿਆਂ 'ਚ ਪਾਉਣ ਦੀ ਗੱਲ ਕਹਿ ਰਹੀ ਹੈ, ਜੋ ਕਿ ਕਿਸੇ ਹਾਲਤ 'ਚ ਸੰਭਵ ਨਹੀਂ ਹੈ ਕਿਉਂਕਿ ਕਿਸਾਨਾਂ ਦਾ ਪੈਸਾ ਜ਼ਮੀਨ ਦੀ ਜਮ੍ਹਾਂਬੰਦੀ ਦੇ ਹਿਸਾਬ ਨਾਲ ਦਿੱਤਾ ਜਾਵੇਗਾ।

ਪੰਜਾਬ 'ਚ ਕਈ ਥਾਵਾਂ 'ਤੇ ਤਿੰਨ ਪੀੜ੍ਹੀਆਂ 'ਚ ਹਾਲੇ ਤੱਕ ਜ਼ਮੀਨ ਦੀ ਵੰਡ ਨਹੀਂ ਹੋਈ ਹੈ। 40 ਫੀਸਦੀ ਜ਼ਮੀਨ ਮਾਲਕ ਇਸ ਵੇਲੇ ਵਿਦੇਸ਼ਾਂ 'ਚ ਰਹਿੰਦੇ ਹਨ। ਜਿੰਨੇ ਵੀ ਮੁਲਾਜ਼ਮ ਹਨ, ਉਹ ਖੁਦ ਖੇਤੀ ਨਹੀਂ ਕਰਦੇ ਹਨ। ਉਹ ਆਪਣੀ ਜ਼ਮੀਨ ਠੇਕੇ 'ਤੇ ਦੇ ਕੇ ਕੰਮ ਕਰਵਾਉਂਦੇ ਹਨ। ਅਜਿਹੇ 'ਚ ਕਿਵੇਂ ਸੰਭਵ ਹੈ ਕਿ ਸਰਕਾਰ ਸਿੱਧਾ ਕਿਸਾਨਾਂ ਨੂੰ ਪੈਸੇ ਦੇਵੇਗੀ? ਉਨ੍ਹਾਂ ਦੋਸ਼ ਲਾਇਆ ਕਿ ਇਸ ਵੇਲੇ ਕੇਂਦਰ ਸਰਕਾਰ ਕਣਕ ਦੀ ਖਰੀਦ 'ਚ ਜਾਣਬੁੱਝ ਕੇ ਨਵੇਂ-ਨਵੇਂ ਅੜਿੱਕੇ ਪਾ ਰਹੀ ਹੈ, ਜਿਸ ਦਾ ਸਿੱਧਾ ਮਕਸਦ ਹੈ ਕਿ ਕਿਸਾਨ ਕਣਕ ਨੂੰ ਵੇਚਣ 'ਚ ਫਸ ਜਾਣ ਅਤੇ ਕਿਸਾਨ ਅੰਦੋਲਨ ਕਿਸੇ ਤਰ੍ਹਾਂ ਕਮਜ਼ੋਰ ਹੋ ਜਾਵੇ। ਉਨ੍ਹਾਂ ਕਿਹਾ ਕਿ ਫਸਲ ਦੀ ਵਾਢੀ ਵੇਲੇ ਅੰਦੋਲਨ 'ਚ ਕੋਈ ਕਮੀ ਨਹੀਂ ਆਵੇਗੀ, ਜ਼ਿਆਦਾਤਰ ਪਿੰਡ ਫੈਸਲਾ ਕਰ ਚੁੱਕੇ ਹਨ ਕਿ ਵਾਢੀ ਵੇਲੇ ਅੱਧੇ ਕਿਸਾਨ ਮੋਰਚੇ 'ਤੇ ਰਹਿਣਗੇ।

ਸ. ਰਾਜੇਵਾਲ ਨੇ ਨਾਲ ਹੀ ਕਿਹਾ ਕਿ ਹੁਣ ਕੇਂਦਰ ਸਰਕਾਰ ਚੌਲਾਂ 'ਚ ਪ੍ਰੋਟੀਨ ਨੂੰ ਲੈ ਕੇ ਨਵਾਂ ਅੜਿੱਕਾ ਖੜ੍ਹਾ ਕਰ ਰਹੀ ਹੈ। ਕਿਸਾਨ ਨੇਤਾ ਟਿਕੈਤ 'ਤੇ ਹਮਲੇ ਬਾਰੇ ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਕਾਰ 'ਤੇ ਸਿਰਫ਼ ਪੱਥਰ ਨਹੀਂ ਮਾਰੇ ਗਏ, ਬਲਕਿ ਗੋਲੀ ਵੀ ਚੱਲੀ ਹੈ। ਕਿਸਾਨ ਆਗੂ ਨੇ ਕਿਹਾ ਕਿ ਭਾਜਪਾ ਇਸ ਸਮੇਂ ਬੁਖਲਾਹਟ 'ਚ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਖੇਤੀ ਕਾਨੂੰਨ ਵਾਪਸ ਨਹੀਂ ਹੋਣਗੇ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

## 'ਕੇਂਦਰ ਕਿਸਾਨਾਂ ਨਾਲ ਗੱਲਬਾਤ ਦੀ ਪਹਿਲ ਕਰੇ'

**ਲੌਂਗੋਵਾਲ:** ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 26 ਜਨਵਰੀ ਤੋਂ ਬਾਅਦ ਕੇਂਦਰ ਸਰਕਾਰ ਨੇ ਕਿਸਾਨਾਂ ਨਾਲੋਂ ਬਿਲਕੁਲ ਹੀ ਸੰਪਰਕ ਤੋੜ ਰੱਖਿਆ ਹੈ, ਜਦਕਿ ਵੱਡੇ ਤੋਂ ਵੱਡੇ ਮਸਲਿਆਂ ਦਾ ਹੱਲ ਆਪਸੀ ਗੱਲਬਾਤ ਨਾਲ ਹੀ ਸੰਭਵ ਹੈ। ਇਸ ਲਈ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਖ਼ੁਦ ਪਹਿਲ ਕਦਮੀ ਕਰ ਕੇ ਕਿਸਾਨੀ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਰਤਾਰਪੁਰ ਲਾਂਘੇ ਨੂੰ ਤੁਰਤ ਖੋਲ੍ਹੇ ਜਾਣ ਦੀ ਮੰਗ ਕਰਦਿਆਂ ਕਿਹਾ ਕਿ ਅਨੇਕਾਂ ਵਾਰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਵੀ ਕੇਂਦਰ ਸਰਕਾਰ ਤੋਂ ਮੰਗ ਕਰ ਚੁੱਕੀ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਕਰਤਾਰਪੁਰ ਲਾਂਘੇ ਨੂੰ ਤੁਰਤ ਖੋਲ੍ਹਿਆ ਜਾਣਾ ਚਾਹੀਦਾ ਹੈ।

# ਖੇਤੀ ਕਾਨੂੰਨ: ਕੇਜਰੀਵਾਲ ਨੇ ਮੋਦੀ ਸਰਕਾਰ ਨੂੰ ਵੰਗਾਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੇ ਜੀਂਦ ਵਿਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦਾ ਕਿਸਾਨ ਤਿੰਨੋਂ ਖੇਤੀ ਕਾਨੂੰਨਾਂ ਖਿਲਾਫ ਲੜਾਈ ਲੜ ਰਿਹਾ ਹੈ। ਕੇਂਦਰ ਸਰਕਾਰ ਦੇਸ਼ ਦੇ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਵੰਡਣ ਲੱਗੀ ਹੋਈ ਹੈ ਅਤੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਖਿਲਾਫ ਬਦਲਾਖੋਰੀ ਦੀ ਭਾਵਨਾ ਨਾਲ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪਹਿਲੇ ਦਿਨ ਤੋਂ ਹੀ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੀ ਹੈ। ਇਸੇ ਕਰਕੇ ਕੇਂਦਰ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਦੀਆਂ ਸਾਰੀਆਂ ਸ਼ਕਤੀਆਂ ਖੋਹ ਕੇ ਉਪ ਰਾਜਪਾਲ ਨੂੰ ਦੇ ਦਿੱਤੀਆਂ ਹਨ। 'ਆਪ' ਕਿਸਾਨਾਂ ਦੀ ਹਮਾਇਤ ਵਿਚ ਹਰ ਕੀਮਤ ਚੁਕਾਉਣ ਲਈ ਤਿਆਰ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲਾ ਅਸਲੀ ਦੇਸ਼ ਭਗਤ ਹੈ ਜਦਕਿ ਅੰਦੋਲਨ ਦਾ ਵਿਰੋਧ ਕਰਨ ਵਾਲਾ ਦੇਸ਼ ਦਾ ਗੱਦਾਰ ਹੋਵੇਗਾ।

'ਆਪ' ਦੇ ਕੌਮੀ ਪ੍ਰਧਾਨ ਨੇ ਕਿਹਾ ਕਿ ਆਪਣੇ ਹੱਕਾਂ ਦੀ ਲੜਾਈ ਲੜਦੇ ਹੋਏ 300 ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਸਾਨਾਂ ਨੂੰ ਤਿੰਨੋਂ ਖੇਤੀ ਕਾਨੂੰਨ ਰੱਦ ਹੋਣ ਤੱਕ ਡਟੇ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੰਦੋਲਨ ਦੇ ਕਿਸਾਨਾਂ ਦੀ ਸ਼ਹਾਦਤ ਬੇਕਾਰ ਨਾ ਜਾਣ ਦਿੱਤੀ ਜਾਵੇ। ਰੋਹਤਕ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਸਮਾਗਮ ਦੌਰਾਨ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਵਿਚ ਸਾਰੀ ਸਿਆਸੀ ਪਾਰਟੀਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ ਤਾਂ ਲੋਕ 'ਆਪ' ਆਗੂਆਂ ਦਾ ਸਵਾਗਤ ਕਰ ਰਹੇ ਹਨ।

ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦਾ ਕਿਸਾਨ ਮੁਸ਼ਕਲ ਵਿਚ ਹੈ। ਦੇਸ਼ ਵਿਚ ਜਦੋਂ ਕਦੇ ਵੀ ਕੋਈ ਲਹਿਰ ਪੈਦਾ ਹੋਈ ਹੈ ਤਾਂ ਉਸ ਦੀ ਅਗਵਾਈ ਪੰਜਾਬ ਦੇ ਲੋਕਾਂ ਨੇ ਕੀਤੀ ਹੈ। ਕਿਸਾਨਾਂ ਦੀ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੀ ਅਗਵਾਈ ਹੇਠ ਸ਼ੁਰੂ ਹੋਇਆ ਅੰਦੋਲਨ ਲੋਕ ਅੰਦੋਲਨ ਦਾ ਰੂਪ ਧਾਰ ਚੁੱਕਿਆ ਹੈ ਜਿਸ ਵਿਚ ਹਰ ਤਬਕੇ ਦੇ ਲੋਕ ਹਿੱਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਬੰਦੀ ਬਣਾਉਣ ਲਈ 9 ਸਟੇਡੀਅਮ ਆਰਜ਼ੀ ਜੇਲ੍ਹ ਬਣਾਉਣ ਲਈ ਦਿੱਲੀ ਸਰਕਾਰ ਤੋਂ ਮੰਗੇ ਸੀ ਪਰ ਦਿੱਲੀ ਸਰਕਾਰ ਨੇ ਇਜਾਜ਼ਤ ਨਹੀਂ ਦਿੱਤੀ।

'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੇਸ਼ 'ਤੇ 75 ਸਾਲ ਦੇ ਰਾਜ ਦੌਰਾਨ ਕਾਂਗਰਸ ਅਤੇ ਭਾਜਪਾ ਨੇ ਲੋਕਾਂ ਨੂੰ ਗੁਮਰਾਹ ਕਰਨ ਅਤੇ ਆਪਣੀਆਂ ਜੇਬਾਂ ਭਰਨ ਤੋਂ ਇਲਾਵਾ ਕੁਝ ਨਹੀਂ ਕੀਤਾ। 'ਆਪ' ਸਰਕਾਰ ਨੇ ਦਿੱਲੀ ਵਿਚ 6 ਸਾਲਾਂ ਦੌਰਾਨ ਉਹ ਸਭ ਕੁਝ ਕਰ ਦਿਖਾਇਆ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। 'ਆਪ' ਆਗੂ ਨੇ ਤਿੰਨੋਂ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨੋਂ ਖੇਤੀ ਕਾਨੂੰਨ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣ ਲਈ ਤਿਆਰ ਕੀਤੇ ਹਨ।


ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924


13-16+



Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

We sell and ship homeopathic remedies through out North America.



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES

- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਫੇਲ ਸੌਦੇ 'ਚ ਘਪਲੇ ਦੇ ਮਾਮਲੇ ਉਤੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਫਰਾਂਸੀਸੀ ਮੀਡੀਆ ਦੀ ਇਕ ਰਿਪੋਰਟ 'ਚ ਰਾਫੇਲ ਸੌਦੇ 'ਚ ਇਕ ਵਿਚੋਲੇ ਨੂੰ 11 ਲੱਖ ਯੂਰੋ (ਕਰੀਬ 9.5 ਕਰੋੜ ਰੁਪਏ) ਦਾ ਭੁਗਤਾਨ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਚ ਰਾਫੇਲ ਘੁਟਾਲਾ ਵੀ ਟਾਪ ਟਰੇਂਡ ਕਰ ਰਿਹਾ ਹੈ। ਕਾਂਗਰਸ ਨੇ ਰਾਫੇਲ ਜਹਾਜ਼ ਸੌਦੇ ਦਾ ਮੁੱਦਾ ਫਿਰ ਚੁੱਕਦਿਆਂ ਇਸ ਖਬਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਸ ਜਹਾਜ਼ ਸੌਦੇ ਦੀ ਨਿਰਪੱਖ ਤੇ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਫਰਾਂਸ ਦੇ ਇਕ ਸਮਾਚਾਰ ਪੋਰਟਲ ਨੇ ਆਪਣੇ ਨਵੇਂ ਖੁਲਾਸੇ ਨਾਲ ਕਾਂਗਰਸ ਦੇ ਸਾਬਕਾ ਚੇਅਰਮੈਨ ਰਾਹੁਲ ਗਾਂਧੀ ਦੇ ਇਸ ਰੁਖ ਨੂੰ ਸਹੀ ਸਾਬਤ ਕੀਤਾ ਹੈ ਕਿ ਰਾਫੇਲ ਜਹਾਜ਼ ਸੌਦੇ 'ਚ ਭ੍ਰਿਸ਼ਟਾਚਾਰ ਹੋਇਆ ਹੈ। ਸੂਰਜੇਵਾਲਾ ਨੇ ਕਿਹਾ ਕਿ ਫਰਾਂਸੀਸੀ ਪੋਰਟਲ ਦੀ ਖਬਰ ਅਨੁਸਾਰ ਫਰਾਂਸੀਸੀ ਭ੍ਰਿਸ਼ਟਾਚਾਰ ਰੋਕੂ ਏਜੰਸੀ ਨੇ ਖੁਲਾਸਾ ਕੀਤਾ ਹੈ ਕਿ 2016 'ਚ ਇਕ ਜਹਾਜ਼ ਸੌਦੇ ਉਤੇ ਦਸਤਖ਼ਤ ਹੋਣ ਦੇ ਬਾਅਦ ਰਾਫੇਲ ਦੀ ਨਿਰਮਾਤਾ ਕੰਪਨੀ ਦਸਾਲਟ ਨੇ ਇਕ ਭਾਰਤੀ ਵਿਚੋਲਾ ਇਕਾਈ ਡੇਫਸਿਸ ਸਲਿਊਸ਼ਨਸ ਨੂੰ 11 ਲੱਖ ਰੁਪਏ ਯੂਰੋ ਦਾ ਭੁਗਤਾਨ ਕੀਤਾ ਸੀ।

ਉਨ੍ਹਾਂ ਇਹ ਵੀ ਪੁੱਛਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਦੇਸ਼ ਨੂੰ ਜਵਾਬ ਦੇਣਗੇ? ਕਾਂਗਰਸ 'ਤੇ ਪਲਟਵਾਰ ਕਰਦਿਆਂ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਰਾਫੇਲ ਸੌਦੇ 'ਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਪੂਰੀ ਤਰਾਂ ਬੇਬੁਨਿਆਦ ਦੱਸਿਆ।

# ਗੁਰੂ ਤੇਗ ਬਹਾਦਰ ਦਾ ਬੁੱਤ ਸਥਾਪਤ ਕਰਨ ਦੀ ਤਜਵੀਜ਼ ਦਾ ਵਿਰੋਧ

**ਨਵੀਂ ਦਿੱਲੀ:** ਸ੍ਰੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ 'ਚ ਗੁਰਦੁਆਰਾ ਸੀਸਗੰਜ ਸਾਹਿਬ ਦੇ ਬਾਹਰ ਗੁਰੂ ਸਾਹਿਬ ਦੀ ਯਾਦ ਵਿਚ ਸਮਾਰਕ ਬਣਾਉਣ ਜਾਂ ਕੁਝ ਹੋਰ ਬਣਾਉਣ ਦੇ ਮਾਮਲੇ ਦਾ ਦਿੱਲੀ ਕਮੇਟੀ ਨੇ ਵਿਰੋਧ ਕਰਦਿਆਂ ਇਸ ਸਬੰਧੀ ਪ੍ਰਧਾਨ ਮੰਤਰੀ ਦਫਤਰ ਨੂੰ ਪੱਤਰ ਭੇਜ ਕੇ ਆਪਣਾ ਰੋਸ ਦਰਜ ਕਰਾਇਆ ਹੈ। ਸ਼੍ਰੋਮਣੀ ਕਮੇਟੀ ਨੇ ਵੀ ਇਸ ਸਬੰਧੀ ਰੋਸ ਪ੍ਰਗਟਾਇਆ ਹੈ।

ਸਿੱਖ ਹਲਕਿਆਂ 'ਚ ਇਹ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਗੁਰਦੁਆਰਾ ਸੀਸਗੰਜ ਦੇ ਬਾਹਰ ਗੁਰੂ ਸਾਹਿਬ ਦਾ ਬੁੱਤ ਸਥਾਪਤ ਕੀਤਾ ਜਾਵੇਗਾ ਜਾਂ ਫਿਰ ਕੋਈ ਹੋਰ ਸਮਾਰਕ ਬਣਾਇਆ ਜਾਵੇਗਾ। ਇਸ ਸਬੰਧੀ ਪ੍ਰਕਾਸ਼ਿਤ ਹੋਈ ਇਕ ਖਬਰ ਨੇ ਵੀ ਮਾਮਲੇ ਨੂੰ ਹੋਰ ਭਖਾਇਆ ਹੈ। ਇਸ ਖਬਰ ਬਾਰੇ ਬਾਅਦ ਵਿਚ ਸਪੱਸ਼ਟੀਕਰਨ ਦਿੱਤਾ ਗਿਆ ਹੈ ਪਰ ਇਹ ਮੁੱਦਾ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੋਸ਼ਲ ਮੀਡੀਆ 'ਤੇ ਚੱਲ ਰਹੀ ਇਸ ਸਬੰਧੀ ਚਰਚਾ ਦਾ ਸਖਤ ਵਿਰੋਧ ਕਰਦਿਆਂ ਰੋਸ ਦਰਜ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਦੀ ਬੁੱਤ ਸਥਾਪਤ ਕਰਨ ਦੀ ਯੋਜਨਾ ਹੈ ਤਾਂ ਇਹ ਸਿੱਖ ਧਰਮ ਵਿਰੁੱਧ ਮਨਮਤ ਹੈ ਅਤੇ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇ। ਸਿੱਖ ਧਰਮ 'ਚ ਮੂਰਤੀ ਪੂਜਾ ਲਈ ਕੋਈ ਥਾਂ ਨਹੀਂ ਹੈ ਅਤੇ ਇਹ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਇਕ ਪੱਤਰ ਭੇਜ ਕੇ ਗੁਰਦੁਆਰਾ ਸੀਸਗੰਜ ਦੇ ਨੇੜੇ ਗੁਰੂ ਸਾਹਿਬ ਦਾ ਬੁੱਤ ਲਾਉਣ ਦੀ ਯੋਜਨਾ ਦਾ ਵਿਰੋਧ ਕੀਤਾ ਹੈ।

ਉਧਰ, ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ ਪੁਰਬ ਸਮਾਗਮਾਂ ਦੇ ਆਖਰੀ ਦਿਨ 1 ਮਈ ਨੂੰ ਚਾਂਦਨੀ ਚੌਕ 'ਚ ਉਨ੍ਹਾਂ ਦੀ ਯਾਦਗਾਰ ਬਣਾਉਣ ਦੀ ਤਜਵੀਜ਼ ਹੈ। ਕੁਝ ਸਿਆਸੀ ਲੋਕ ਇਸ ਪ੍ਰੋਗਰਾਮ ਬਾਰੇ ਪ੍ਰਚਾਰ ਕਰ ਰਹੇ ਹਨ ਕਿ ਉਥੇ ਇਕ ਬੁੱਤ ਲਗਾਇਆ ਜਾ ਰਿਹਾ ਹੈ। ਦਿੱਲੀ ਭਾਜਪਾ ਦੇ ਮੀਤ ਪ੍ਰਧਾਨ ਰਾਜੀਵ ਬੱਬਰ ਅਤੇ ਸਕੱਤਰ ਇੰਮਪ੍ਰੀਤ ਸਿੰਘ ਬਖਸ਼ੀ ਨੇ ਕਿਹਾ ਹੈ ਕਿ ਜੋ ਲੋਕ ਇਹ ਪ੍ਰਚਾਰ ਕਰ ਰਹੇ ਹਨ, ਉਹ ਸਿੱਖਾਂ ਪ੍ਰਤੀ ਸੁਹਿਰਦ ਨਹੀਂ ਹਨ। ਉਨ੍ਹਾਂ ਦਾ ਮਕਸਦ ਸਿਰਫ ਸਮਾਜਿਕ ਸਦਭਾਵਨਾ ਨੂੰ ਭੰਗ ਕਰਨਾ ਹੈ।

# ਨਕਸਲੀਆਂ ਨਾਲ ਮੁਕਾਬਲੇ 'ਚ 22 ਜਵਾਨ ਸ਼ਹੀਦ

**ਰਾਏਪੁਰ:** ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਬੀਜਾਪੁਰ ਤੇ ਸੁਕਮਾ ਜਿਲ੍ਹੇ ਦੀ ਹੱਦ 'ਤੇ ਹੋਏ ਮੁਕਾਬਲੇ 'ਚ ਸੁਰੱਖਿਆ ਬਲਾਂ ਦੇ 22 ਜਵਾਨ ਸ਼ਹੀਦ ਹੋ ਗਏ ਹਨ। ਸੁਰੱਖਿਆ ਬਲਾਂ ਨੇ ਲਾਪਤਾ 17 ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਸੂਬੇ ਦੇ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਘਟਨਾ ਵਾਲੀ ਥਾਂ ਤੋਂ ਲਾਪਤਾ 17 ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਸੁਕਮਾ ਜਿਲ੍ਹੇ ਦੇ ਜਗਰਗੁੰਡਾ ਥਾਣੇ ਅਧੀਨ ਪੈਂਦੇ ਜੋਨਾਗੁੜਾ ਪਿੰਡ ਨੇੜੇ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਾਲੇ ਹੋਏ ਮੁਕਾਬਲੇ 'ਚ ਪੰਜ ਜਵਾਨਾਂ ਦੇ ਸ਼ਹੀਦ ਹੋਣ ਤੇ 30 ਹੋਰ ਦੇ ਜ਼ਖਮੀ ਹੋਣ ਦੀ ਜਾਣਕਾਰੀ ਮਿਲੀ ਸੀ।

# ਮਹਿੰਗੀ ਬਿਜਲੀ ਖਰੀਦਣ ਦੇ ਮਾਮਲੇ ਉਤੇ ਕੈਪਟਨ ਸਰਕਾਰ ਨੂੰ ਘੇਰਾ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਿੰਗੀ ਬਿਜਲੀ ਖਰੀਦਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਜਵਾਬ ਮੰਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਪਿਛਲੇ ਚਾਰ ਸਾਲਾਂ ਤੋਂ ਸਰਕਾਰ ਹੈ ਪਰ ਉਨ੍ਹਾਂ ਵਾਅਦੇ ਅਨੁਸਾਰ ਇਸ ਦੀ ਜਾਂਚ ਕਿਉਂ ਨਹੀਂ ਕਰਵਾਈ। ਉਨ੍ਹਾਂ ਨਡਾਲਾ ਦਾਣਾ ਮੰਡੀ ਵਿਚ ਬੀਬੀ ਜਗੀਰ ਕੌਰ ਵੱਲੋਂ ਕਰਵਾਈ 'ਪੰਜਾਬ ਮੰਗਦਾ ਹੈ ਜਵਾਬ' ਰੈਲੀ ਨੂੰ ਸੰਬੋਧਨ ਕੀਤਾ। ਸੁਖਬੀਰ ਨੇ ਦਾਅਵਾ ਕੀਤਾ ਕਿ ਸਰਕਾਰ 2 ਰੁਪਏ 80 ਪ੍ਰਤੀ ਯੂਨਿਟ ਬਿਜਲੀ ਖਰੀਦ ਰਹੀ ਹੈ ਤੇ ਲੋਕਾਂ ਨੂੰ 7 ਰੁਪਏ ਤੋਂ ਵੱਧ ਅਤੇ ਸਨਅਤਕਾਰਾਂ ਨੂੰ 10 ਰੁਪਏ ਪ੍ਰਤੀ ਯੂਨਿਟ ਦੇ ਰਹੀ ਹੈ।

ਜ਼ਿਕਰਯੋਗ ਹੈ ਕਿ ਸਤੰਬਰ 2016 ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕੀਤਾ ਸੀ ਕਿ ਕਾਂਗਰਸ ਸੱਤਾ ਵਿਚ ਆਈ ਤਾਂ ਬਿਜਲੀ ਕੰਪਨੀਆਂ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇਗੀ ਕਿਉਂਕਿ ਇਸ ਵਿਚ ਇਕ ਹਜ਼ਾਰ ਕਰੋੜ ਤੋਂ ਵੱਧ ਦਾ ਘਪਲਾ ਹੈ।

ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਐਕਟ ਲਿਆਉਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਬਿੱਲ ਸ਼੍ਰੋਮਣੀ ਅਕਾਲੀ ਦਲ ਲਿਆਉਣ ਨਹੀਂ ਦੇਵੇਗਾ ਕਿਉਂਕਿ ਇਕ ਵੀ ਸੂਬਾ ਇਸ ਦੇ ਹੱਕ ਵਿਚ ਨਹੀਂ ਹੈ। ਸ੍ਰੀ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸੀਆਂ ਨੇ ਸ਼ਰਾਬ ਤੇ ਰੇਤ ਮਾਫੀਆ ਨਾਲ ਰਲ ਕੇ ਸਰਕਾਰੀ ਖਜ਼ਾਨੇ ਦੇ ਹਜ਼ਾਰਾਂ ਕਰੋੜਾਂ ਰੁਪਏ ਲੁੱਟ ਲਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਗੈਂਗਸਟਰਾਂ ਦਾ ਰਾਜ ਹੈ।

# ਪੰਜਾਬ ਨੂੰ ਸਿੱਧੀ ਹੋ ਕੇ ਟੱਕਰੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਦਿਹਾਤੀ ਵਿਕਾਸ ਫੰਡ ਪ੍ਰਾਪਤੀ ਅਤੇ ਖਰਚਿਆਂ ਦਾ ਹਿਸਾਬ ਕਿਤਾਬ ਵੀ ਮੰਗਿਆ ਸੀ। ਪੰਜਾਬ ਸਰਕਾਰ ਨੇ ਇਹ ਸੂਚਨਾ ਵੀ ਨਿਰਧਾਰਤ ਪ੍ਰੋਫਾਰਮੇ 'ਚ 17 ਮਾਰਚ 2021 ਨੂੰ ਭੇਜ ਦਿੱਤੀ ਸੀ। ਪੰਜਾਬ ਸਰਕਾਰ ਮੁਤਾਬਕ ਦਿਹਾਤੀ ਫੰਡ ਵਿਚ ਕਟੌਤੀ ਪੰਜਾਬ ਰੂਰਲ ਡਿਵੈਲਪਮੈਂਟ ਐਕਟ, 1987 ਦੀ ਧਾਰਾ 5 ਦੀਆਂ ਕਾਨੂੰਨੀ ਧਾਰਾਵਾਂ ਦੇ ਉਲਟ ਹੈ।

ਅਸਲ ਵਿਚ, ਹੁਣ ਇਹ ਗੱਲ ਲੁਕੀ ਨਹੀਂ ਰਹੀ ਕਿ ਕੇਂਦਰ ਸਰਕਾਰ ਨੂੰ ਸੰਵਿਧਾਨ ਵਿਚ ਸੂਬਿਆਂ ਨੂੰ ਦਿੱਤੇ ਹੋਏ ਹੱਕ ਰੜਕ ਰਹੇ ਹਨ ਤੇ ਹੁਣ ਸਾਰਾ ਟਿੱਲ ਇਨ੍ਹਾਂ ਨੂੰ ਖੋਰਾ ਲਾਉਣ ਉਤੇ ਲੱਗਿਆ ਹੋਇਆ ਹੈ। ਕਰੋਨਾ ਦੀ ਆੜ ਵਿਚ ਲਿਆਂਦੇ ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ ਤੇ ਹੁਣ ਫਸਲ ਦੀ ਸਿੱਧੀ ਅਦਾਇਗੀ ਸੂਬਿਆਂ ਨੂੰ ਆਰਥਿਕ ਤੌਰ ਉਤੇ ਨਿਹੱਥੇ ਕਰਨ ਦੇ ਹੀ ਹੱਲੇ ਹਨ।

ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ ਕੀਤੇ ਜਾ ਰਹੇ ਅੰਦੋਲਨ ਵਿਚ ਮੁੱਖ ਕਾਨੂੰਨੀ ਨੁਕਤਾ ਇਹੀ ਹੈ ਕਿ ਸੰਵਿਧਾਨ ਅਨੁਸਾਰ ਖੇਤੀ ਦਾ ਵਿਸ਼ਾ ਬੁਨਿਆਦੀ ਤੌਰ 'ਤੇ ਸੂਬਿਆਂ ਦੇ ਅਧਿਕਾਰ ਖੇਤਰ ਦਾ ਵਿਸ਼ਾ ਹੈ। ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਪਹਿਲੀ ਸੂਚੀ ਵਿਚਲੇ ਵਿਸ਼ਿਆਂ 'ਤੇ ਸਿਰਫ ਕੇਂਦਰ ਸਰਕਾਰ ਕਾਨੂੰਨ ਬਣਾ ਸਕਦੀ ਹੈ; ਦੂਸਰੀ ਸੂਚੀ ਵਿਚਲੇ ਵਿਸ਼ਿਆਂ 'ਤੇ ਸਿਰਫ ਸੂਬਾ ਸਰਕਾਰਾਂ ਕਾਨੂੰਨ ਬਣਾ ਸਕਦੀਆਂ ਹਨ ਅਤੇ ਤੀਸਰੀ ਸੂਚੀ, ਜਿਸ ਨੂੰ ਸਮਵਰਤੀ ਸੂਚੀ ਕਿਹਾ ਜਾਂਦਾ ਹੈ, ਵਿਚਲੇ ਵਿਸ਼ਿਆਂ 'ਤੇ ਕੇਂਦਰ ਅਤੇ ਸੂਬਾ ਸਰਕਾਰਾਂ ਦੋਵੇਂ ਕਾਨੂੰਨ ਬਣਾ ਸਕਦੀਆਂ ਹਨ ਪਰ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਨੂੰ ਕਿਸੇ ਸੂਬੇ ਦੇ ਕਾਨੂੰਨ (ਜੇ ਸੂਬੇ ਦਾ ਉਸ ਵਿਸ਼ੇ 'ਤੇ ਕਾਨੂੰਨ ਹੋਵੇ) ਤੋਂ ਪਹਿਲ ਮਿਲੇਗੀ ਤੇ ਕੇਂਦਰ ਦਾ ਕਾਨੂੰਨ ਹੀ ਲਾਗੂ ਕੀਤਾ ਜਾਵੇਗਾ। ਮੁੱਖ ਸੰਵਿਧਾਨਕ ਨੁਕਤਾ ਇਹ ਹੈ ਕਿ ਕੇਂਦਰ ਸਰਕਾਰ ਵਾਲੀ ਸਾਰੀ ਸੂਚੀ ਵਿਚ ਕਿਤੇ ਵੀ ਖੇਤੀ ਖੇਤਰ ਤਾਂ ਕੀ, 'ਖੇਤੀ' ਸ਼ਬਦ ਦਾ ਵੀ ਨਾਂ ਨਹੀਂ ਹੈ। ਇਸ ਤਰ੍ਹਾਂ ਸੰਵਿਧਾਨ ਪੂਰੀ ਤਰ੍ਹਾਂ ਸਵੀਕਾਰ ਕਰਦਾ ਹੈ ਕਿ ਖੇਤੀ ਸੂਬਿਆਂ ਦੇ ਅਧਿਕਾਰ ਖੇਤਰ ਦਾ ਵਿਸ਼ਾ ਹੈ।

ਕੇਂਦਰ ਸਰਕਾਰ ਨੇ ਸਮਵਰਤੀ ਸੂਚੀ ਦੀ 33ਵੀਂ ਮੱਦ, ਜਿਸ ਅਨੁਸਾਰ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਦੋਵੇਂ ਖਾਧ ਪਦਾਰਥਾਂ ਬਾਰੇ ਕਾਨੂੰਨ ਬਣਾ ਸਕਦੀਆਂ ਹਨ, ਨੂੰ ਵਰਤ ਕੇ ਦੋ ਖੇਤੀ ਕਾਨੂੰਨ ਬਣਾਏ ਅਤੇ ਜਰੂਰੀ ਵਸਤਾਂ ਬਾਰੇ ਕਾਨੂੰਨ ਵਿਚ ਸੋਧ ਕੀਤੀ। ਖੇਤੀ ਕਾਨੂੰਨ ਸੂਬੇ ਦੀਆਂ ਖੇਤੀ ਮੰਡੀਆਂ ਨੂੰ ਖਤਮ ਕਰਨ ਅਤੇ ਖੇਤੀ ਖੇਤਰ ਵਿਚ ਕਾਰਪੋਰੇਟ ਅਦਾਰਿਆਂ ਦਾ ਦਖਲ ਵਧਾਉਣ ਵੱਲ ਸੇਧਿਤ ਹਨ ਅਤੇ ਇਸ ਤਰ੍ਹਾਂ ਖੇਤੀ ਖੇਤਰ, ਜਿਹੜਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਦਾ ਵਿਸ਼ਾ ਨਹੀਂ ਹੈ, 'ਤੇ ਵੱਡਾ ਅਸਰ ਪਾਉਂਦੇ ਹਨ। ਕਾਨੂੰਨੀ ਮਾਹਿਰਾਂ ਅਨੁਸਾਰ ਕੇਂਦਰ ਸਰਕਾਰ ਦੀ ਇਹ ਕਾਰਵਾਈ ਫੈਡਰਲਿਜਮ ਦੇ ਸਿਧਾਂਤ ਦੇ ਵਿਰੁੱਧ ਹੋਣ ਕਾਰਨ ਅਸੰਵਿਧਾਨਕ ਹੈ।

ਅਸਲ ਵਿਚ, ਕੇਂਦਰ ਵਿਚ ਬੈਠੀ ਭਾਜਪਾ ਦੇ ਇਰਾਦੇ ਹੁਣ ਬੜੇ ਸਪਸ਼ਟ ਹਨ। ਜਨਤਕ ਅਦਾਰਿਆਂ ਦਾ ਨਿੱਜੀਕਰਨ, ਸਰਕਾਰੀ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਦੇਸ਼-ਧ੍ਰੋਹੀ, ਗੱਦਾਰ, ਸ਼ਹਿਰੀ ਨਕਸਲੀ ਅਤੇ ਟੁਕੜੇ ਟੁਕੜੇ ਗੈਂਗ ਕਹਿਣਾ ਤੇ ਉਨ੍ਹਾਂ ਦੇ ਮੂੰਹ ਬੰਦ ਕਰਾਉਣ ਲਈ ਹਰ ਤਰ੍ਹਾਂ ਦੇ ਕਾਨੂੰਨ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵਰਤਣਾ, ਲੋਕਾਂ ਨੂੰ ਫਿਰਕੂ ਆਧਾਰ 'ਤੇ ਵੰਡ ਕੇ ਸੱਤਾਧਾਰੀ ਪਾਰਟੀ ਦੀ ਤਾਕਤ ਮਜ਼ਬੂਤ ਕਰਨਾ, ਅਜਿਹੇ ਹਥਕੰਡੇ ਹਨ ਜਿਨ੍ਹਾਂ ਰਾਹੀਂ ਇਹ ਭਗਵਾ ਧਿਰ ਪੂਰੇ ਮੁਲਕ ਦੀ ਸਿਆਸੀ ਤੇ ਵਿੱਤੀ ਤਾਕਤ ਆਪਣੀ ਮੁੱਠੀ ਵਿਚ ਕਰਨ ਉਤੇ ਉਤਾਰੂ ਹੈ ਤੇ ਇਸ ਵਿਚ ਸਫਲ ਵੀ ਹੁੰਦੀ ਜਾਪ ਰਹੀ ਹੈ। ਹਾਲਾਂਕਿ ਖੇਤੀ ਕਾਨੂੰਨਾਂ ਵਾਲਾ ਫੈਸਲਾ ਲੈ ਕੇ ਉਹ ਕਿਸਾਨਾਂ ਨਾਲ ਸਿੱਧਾ ਮੱਥਾ ਲਾ ਬੈਠਾ।

ਇਨ੍ਹਾਂ ਕਾਨੂੰਨਾਂ ਖਿਲਾਫ ਸਿਖਰਾਂ ਉਤੇ ਪੁੱਜੇ ਅੰਦੋਲਨ ਪਿੱਛੋਂ ਕੇਂਦਰ ਸਰਕਾਰ ਗੋਡੇ ਪਰਨੇ ਹੈ ਪਰ ਇਸ ਫੈਸਲੇ ਤੋਂ ਪਿੱਛੇ ਹਟ ਕੇ ਉਹ 'ਦਲੇਰੀ' ਵਾਲੇ ਫੈਸਲੇ ਲੈਣ ਵਾਲੀ ਸਰਕਾਰ ਦਾ ਰੁਤਬਾ ਗਵਾਉਣਾ ਨਹੀਂ ਚਾਹੁੰਦੀ।

ਇਸ ਲਈ ਉਹ ਕਾਨੂੰਨ ਸਿੱਧੇ ਤੌਰ ਉਤੇ ਰੱਦ ਕਰਨ ਦੀ ਥਾਂ ਕਿਸਾਨਾਂ ਨੂੰ ਜਿੰਨੀਆਂ ਮਰਜ਼ੀ ਸੋਧਾਂ ਕਰਵਾਉਣ ਦੀ ਪੇਸ਼ਕਸ਼ ਕਰ ਰਹੀ ਹੈ। ਪਰ ਕਿਸਾਨਾਂ ਦੀ ਇਕੋ ਇਕ ਮੰਗ ਕਾਨੂੰਨਾਂ ਨੂੰ ਮੁੱਢੋਂ ਰੱਦ ਕਰਨ ਦੀ ਹੈ। ਇਹੀ ਕਾਰਨ ਹੈ ਕਿ ਪਿਛਲੇ ਤਕਰੀਬਨ ਢਾਈ ਮਹੀਨਿਆਂ ਤੋਂ ਕਿਸਾਨਾਂ ਨਾਲ ਗੱਲਬਾਤ ਕਰਨ ਤੋਂ ਭੱਜ ਰਹੀ ਹੈ ਤੇ ਅੰਦਰੋਂ ਅੰਦਰੀ ਅੰਦੋਲਨ ਨੂੰ ਖੋਰਾ ਲਾਉਣ ਦੀਆਂ ਰਣਨੀਤੀਆਂ ਘੜੀਆਂ ਜਾ ਰਹੀਆਂ ਹਨ।

# ਪੰਜਾਬ ਦੀ ਲੱਸੀ ਬਣੀ ਭਾਰਤੀ ਫੌਜ ਦੀ ਪਹਿਲੀ ਪਸੰਦ

**ਚੰਡੀਗੜ੍ਹ:** ਭਾਰਤੀ ਫੌਜ ਦੇ ਅਫਸਰਾਂ ਤੇ ਜਵਾਨਾਂ ਲਈ ਪੰਜਾਬ ਦੀ ਲੱਸੀ ਪਹਿਲੀ ਪਸੰਦ ਬਣਨ ਲੱਗੀ ਹੈ। ਭਾਰਤੀ ਫੌਜ ਵੱਲੋਂ ਸਪੈਸ਼ਲ ਰਾਸ਼ਨ ਤਹਿਤ ਐਤਕੀਂ ਜੋ ਲੱਸੀ ਦੀ ਖਰੀਦ ਦੇ ਟੈਂਡਰ ਲਾਏ ਗਏ ਸਨ, ਉਨ੍ਹਾਂ ਵਿਚ ਵੇਰਕਾ ਨੂੰ ਸਭ ਤੋਂ ਵੱਡਾ ਆਰਡਰ ਮਿਲਿਆ ਹੈ। ਵੇਰਕਾ ਵੱਲੋਂ ਕਰੀਬ ਦਰਜਨ ਸੂਬਿਆਂ ਵਿਚ ਭਾਰਤੀ ਫੌਜ ਨੂੰ ਚਾਲੂ ਮਾਲੀ ਵਰ੍ਹੇ ਦੌਰਾਨ ਲੱਸੀ ਸਪਲਾਈ ਕੀਤੀ ਜਾਵੇਗੀ। ਲੱਸੀ ਦੇ ਆਰਡਰ ਮਿਲਣ ਮਗਰੋਂ ਵੇਰਕਾ ਨੂੰ ਚੰਗਾ ਹੁਲਾਰਾ ਮਿਲਿਆ ਹੈ।

ਵੇਰਵਿਆਂ ਅਨੁਸਾਰ ਵੇਰਕਾ ਵੱਲੋਂ ਚਾਲੂ ਮਾਲੀ ਵਰ੍ਹੇ ਦੌਰਾਨ ਭਾਰਤੀ ਫੌਜ ਨੂੰ 16.35 ਲੱਖ ਲਿਟਰ ਲੱਸੀ ਦੀ ਸਪਲਾਈ ਦਿੱਤੀ ਜਾਵੇਗੀ ਜਦਕਿ ਲੰਘੇ ਵਰ੍ਹੇ ਭਾਰਤੀ ਫੌਜ ਨੂੰ ਵੇਰਕਾ ਨੇ 7.18 ਲੱਖ ਲਿਟਰ ਲੱਸੀ ਸਪਲਾਈ ਕੀਤੀ ਸੀ। ਵੇਰਕਾ ਵੱਲੋਂ ਇਸ ਸਾਲ ਪਿਛਲੇ ਵਰ੍ਹੇ ਨਾਲੋਂ 9.2 ਲੱਖ ਲਿਟਰ ਲੱਸੀ ਵੱਧ ਸਪਲਾਈ ਕੀਤੀ ਜਾਵੇਗੀ ਅਤੇ ਇਹ ਵਾਧਾ ਕਰੀਬ 130 ਫੀਸਦ ਬਣਦਾ ਹੈ। ਕੁੱਲ ਟੈਂਡਰਾਂ 'ਚ 89 ਫੀਸਦੀ ਸਪਲਾਈ ਆਰਡਰ ਵੇਰਕਾ ਨੂੰ ਮਿਲਿਆ ਹੈ।

ਗੁਜਰਾਤ 'ਚ ਵੇਰਕਾ ਨੂੰ ਆਰਡਰ ਨਹੀਂ ਮਿਲਿਆ। ਗੁਜਰਾਤ ਦੇ ਅਦਾਰੇ ਅਮੂਲ ਨੂੰ ਕੁੱਲ ਟੈਂਡਰਾਂ ਵਿਚੋਂ 11 ਫੀਸਦੀ ਸਪਲਾਈ ਆਰਡਰ ਮਿਲਿਆ ਹੈ। ਵੇਰਕਾ ਤਰਫੋਂ ਸਾਲ ਭਰ ਦੌਰਾਨ ਕਰੀਬ 9 ਕਰੋੜ ਰੁਪਏ ਦੀ ਲੱਸੀ ਭਾਰਤੀ ਫੌਜ ਨੂੰ ਸਪਲਾਈ ਕੀਤੀ ਜਾਵੇਗੀ, ਜਿਸ ਵਿੱਚੋਂ ਵੇਰਕਾ ਨੂੰ ਕਰੀਬ 94 ਲੱਖ ਰੁਪਏ ਦਾ ਮੁਨਾਫਾ ਹੋਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੁੱਕ ਕਾਊਂਟੀ ਨੇ ਵੀ ਸਿੱਖਾਂ ਨੂੰ ਦਿੱਤੀ ਵਧਾਈ

**ਸ਼ਿਕਾਗੋ (ਬਿਊਰੋ):** ਅਮਰੀਕਾ ਵਿਚ ਇਲੀਨਾਏ ਸਟੇਟ ਦੀ ਸਭ ਤੋਂ ਵੱਧ ਜਨਗਣਨਾ ਵਾਲੀ ਕੁੱਕ ਕਾਊਂਟੀ ਦੇ 14ਵੇਂ ਜਿਲੇ ਦੇ ਕਮਿਸ਼ਨਰ ਸਕਾਟ ਬਰੀਟਨ ਬੀਤੇ ਐਤਵਾਰ ਗੁਰਦੁਆਰਾ ਪੈਲਾਟਾਈਨ ਵਿਖੇ ਕੁੱਕ ਕਾਊਂਟੀ ਦੇ 'ਸਿੱਖ ਅਵੇਅਰਨੈਸ ਤੇ ਐਪਰੀਸੀਏਸ਼ਨ' ਰੈਜ਼ੂਲੇਸ਼ਨ ਲੈ ਕੇ ਪਹੁੰਚੇ, ਜੋ ਉਨ੍ਹਾਂ ਨੇ ਦੀਵਾਨ ਹਾਲ ਵਿਚ ਪੜ੍ਹ ਕੇ ਸੁਣਾਇਆ ਤੇ ਕੁੱਕ ਕਾਊਂਟੀ ਦੀ ਤਰਫੋਂ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ।



ਕਮਿਸ਼ਨਰ ਦੀ ਜਾਣ-ਪਛਾਣ ਮੈਟ ਫਰੈਮ ਨੇ ਕਰਵਾਈ, ਜੋ ਪੈਲਾਟਾਈਨ ਟਾਊਨਸ਼ਿਪ ਵਿਚ ਹਾਈਵੇ ਕਮਿਸ਼ਨਰ ਦੀ ਚੋਣ ਲੜ ਰਿਹਾ ਹੈ। ਮੈਟ ਫਰੈਮ ਬਹੁਤ ਸਮੇਂ ਤੋਂ ਗੁਰਦੁਆਰਾ ਪੈਲਾਟਾਈਨ ਆਉਂਦਾ-ਜਾਂਦਾ ਰਿਹਾ ਹੈ। ਉਸ ਦੀ ਪਛਾਣ ਠਾਕਰ ਸਿੰਘ ਬਸਾਤੀ ਨੇ ਕਰਵਾਈ। ਜ਼ਿਕਰਯੋਗ ਹੈ ਕਿ ਕੁੱਕ ਕਾਊਂਟੀ ਅਮਰੀਕਾ ਦੀ ਦੂਜੀ ਵੱਡੀ ਕਾਊਂਟੀ ਹੈ। ਪਹਿਲੇ ਨੰਬਰ 'ਤੇ ਲਾਸ ਏਂਜਲਸ ਹੈ। ਕੁੱਕ ਕਾਊਂਟੀ ਵਿਚ ਮਿਲੀਅਨ ਤੋਂ ਵੱਧ ਲੋਕ ਵੱਸਦੇ ਹਨ। ਕਮਿਸ਼ਨਰ ਪਹਿਲੀ ਵਾਰ ਗੁਰਦੁਆਰਾ ਪੈਲਾਟਾਈਨ ਆਇਆ ਸੀ। ਉਸ ਨਾਲ ਉਸ ਦੀ ਮੈਨੇਜਰ ਬਾਰਬਰ ਕੌਰਨਿਊ ਵੀ ਸੀ।



ਕੁੱਕ ਕਾਊਂਟੀ ਵਿਚ ਕੁੱਲ 17 ਕਮਿਸ਼ਨਰ ਹਨ ਤੇ ਕਰੀਬ ਹਰ ਕਮਿਸ਼ਨਰ ਕੋਈ ਤਿੰਨ ਲੱਖ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਪਹਿਲਾਂ ਵੀ ਬਨਿਸਬਤ ਕੁੱਕ ਕਾਊਂਟੀ ਦਾ ਪ੍ਰਭਾਵ ਕਾਫੀ ਅੱਛਾ ਚੱਲ ਰਿਹਾ ਹੈ। ਉਂਜ ਪਹਿਲਾਂ ਹੇਰਾ-ਫੇਰੀ ਲਈ ਬਦਨਾਮ ਹੋ ਗਈ ਸੀ, ਹੁਣ ਜਦੋਂ ਦੀ ਟੋਨੀ ਪ੍ਰੈਕਵਿੰਕਲ ਪ੍ਰਧਾਨ ਬਣੀ ਹੈ, ਕਾਫੀ ਨਾਮਣਾ ਖੱਟ ਗਈ ਹੈ। ਕਾਊਂਟੀ ਸਾਰੇ ਫਾਰੈਸਟ ਪ੍ਰੀਜ਼ਰਵ ਦੀ ਦੇਖਭਾਲ ਵੀ ਕਰਦੀ ਹੈ। ਕਾਊਂਟੀ ਦੀਆਂ ਨੌਕਰੀਆਂ ਵਿਚ ਸਿੱਖਾਂ ਦੀ ਗਿਣਤੀ ਬਹੁਤ ਹੀ ਘੱਟ ਹੈ, ਜਦੋਂਕਿ ਹਿੰਦੂ, ਮੁਸਲਿਮ ਭਾਈਚਾਰਿਆਂ ਦੇ ਲੋਕਾਂ ਦੀ ਭਰਤੀ ਵਧੇਰੇ ਹੈ, ਕਿਉਂਕਿ ਉਹ ਪਹਿਲਾਂ ਤੋਂ ਜੁੜੇ ਹਨ। ਹੁਣ ਰਾਹ ਖੁੱਲ੍ਹਣ ਦੀ ਉਮੀਦ ਹੈ।

ਇਹ ਰੈਜ਼ੂਲੇਸ਼ਨ ਸਕਾਟ ਬਰੀਟਨ ਨੇ ਪੇਸ਼ ਕੀਤਾ ਸੀ ਤੇ ਸਰਬਸੰਮਤੀ ਨਾਲ ਪਾਸ ਹੋ ਗਿਆ।

ਦੂਜੇ ਕਮਿਸ਼ਨਰ ਕੇਵਿਨ ਮੋਰੀਸਨ ਨੇ ਵੀ ਬਹੁਤ ਸਹਿਯੋਗ ਦਿੱਤਾ। ਪੈਲਾਟਾਈਨ ਸ਼ਹਿਰ ਇਨ੍ਹਾਂ ਦੋਹਾਂ ਦੇ ਕਾਰਜ ਖੇਤਰ ਅਧੀਨ ਆਉਂਦਾ ਹੈ।

ਜਾਣ ਤੋਂ ਪਹਿਲਾਂ ਸਕਾਟ ਨੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਆਊਟਰੀਚ ਡਾਇਰੈਕਟਰ ਸ. ਪ੍ਰੇਮਪਾਲ ਸਿੰਘ ਨੂੰ ਕਿਹਾ ਕਿ ਜੇ ਕੋਵਿਡ-19 ਦੀ ਵੈਕਸੀਨ 'ਚ ਕੋਈ ਦਿੱਕਤ ਆਵੇ ਤਾਂ ਉਨ੍ਹਾਂ ਨੂੰ ਸੰਪਰਕ ਕਰਨ, ਉਨ੍ਹਾਂ ਨੇ ਆਪਣੇ ਦਫਤਰ ਵਿਚ ਇਸ ਕੰਮ ਲਈ ਖਾਸ ਡਿਊਟੀ ਲਾਈ ਹੋਈ ਹੈ। ਪੇਸ਼ੇ ਵਜੋਂ ਸਕਾਟ ਵਕੀਲ ਹੈ ਅਤੇ ਪਹਿਲਾਂ ਸਕੂਲ ਬੋਰਡ ਤੇ ਵਿਲੇਜ ਟਰੱਸਟੀ ਵੀ ਰਹਿ ਚੁਕਾ ਹੈ। ਅੱਜ ਕੱਲ੍ਹ ਗਲੈਨਵਿਊ ਸ਼ਹਿਰ 'ਚ ਵੱਸਦਾ ਹੈ।

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

---

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453

*13-16*

## ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437

*14-17*

## ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com

*14-18*

---

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624


# ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ**

*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 608-886-2500**

*12+*



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker)
**Ph: 317-809-1818**
midlandrealtygroup@yahoo.com

Kamaljeet Kaur (Realtor/Broker)
**Ph: 317-909-9295**
kahlonkamaljeet@gmail.com



*Kamaljeet Kaur*

*Mortgage rates available from 2.1% to 3%*

**Midland Realty Group-Company You Trust**



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

**SAME DAY** ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ੴ ਸਤਿਗੁਰ ਪ੍ਰਸਾਦਿ ॥



ਗਾਖ਼ਲ ਭਰਾਵਾਂ ਤੇ ਏ ਐਂਡ ਆਈ ਟਰੱਕਿੰਗ ਵਲੋਂ

ਖਾਲਸਾ ਪੰਥ ਦੇ ਜਨਮ ਦਿਹਾੜੇ

# ਵਿਸਾਖੀ

ਦੀਆਂ ਸਮੂਹ ਸੰਗਤਾਂ ਨੂੰ

## ਲੱਖ ਲੱਖ ਮੁਬਾਰਕਾਂ

GAKHAL GROUP

GB Entertainment




ਸਵ. ਨਸੀਬ ਸਿੰਘ ਗਾਖ਼ਲ



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

ਜਾਰੀ ਕਰਤਾ: ਜੀ.ਬੀ. ਐਂਟਰਟੇਨਮੈਂਟ

# ਸੰਘ ਖਿਲਾਫ ਮਤੇ ਪਿੱਛੋਂ ਸ਼੍ਰੋਮਣੀ ਕਮੇਟੀ ਤੇ ਭਾਜਪਾ ਦਰਮਿਆਨ ਵਿਵਾਦ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਬਜਟ ਇਜਲਾਸ ਦੌਰਾਨ ਆਰ.ਐਸ.ਐਸ. (ਰਾਸ਼ਟਰੀ ਸਵੈਮ ਸੇਵਕ ਸੰਘ) ਖਿਲਾਫ ਪਾਸ ਕੀਤੇ ਮਤੇ ਪਿੱਛੋਂ ਸ਼੍ਰੋਮਣੀ ਕਮੇਟੀ ਅਤੇ ਭਾਜਪਾ ਵਿਚਾਲੇ ਵਿਵਾਦ ਭਖ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਸੰਘ ਖਿਲਾਫ ਮਤਾ ਪਾਸ ਕਰਕੇ ਦੋਸ਼ ਲਾਇਆ ਸੀ ਕਿ ਉਹ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਮਤੇ ਤੋਂ ਬਾਅਦ ਭਾਜਪਾ ਨੇ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਨੂੰ ਇਸਾਈ ਧਰਮ ਵਿਚ ਜਾਣ ਤੋਂ ਰੋਕਣ ਵਿਚ ਨਾਕਾਮ ਰਹੀ ਹੈ ਅਤੇ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਹਿੰਦੂ ਰਾਸ਼ਟਰ ਦਾ ਢਿੰਡੋਰਾ ਪਿੱਟ ਰਹੀ ਹੈ।



ਭਾਜਪਾ ਦੇ ਬੁਲਾਰੇ ਆਰ.ਪੀ. ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਇਸ ਮਤੇ ਖਿਲਾਫ ਦਿੱਤੇ ਬਿਆਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਖਤ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਭਾਜਪਾ ਆਗੂ ਦਾ ਇਹ ਬਿਆਨ ਬੇਹੱਦ ਗੈਰ-ਜ਼ਿੰਮੇਵਾਰਾਨਾ ਅਤੇ ਨਾ-ਸਮਝੀ ਦਾ ਸਬੂਤ ਹੈ। ਸੰਸਥਾ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਨੇ ਕਿਹਾ ਕਿ ਇਕ ਸਿੱਖ ਹੋਣ ਦੇ ਨਾਤੇ ਆਰ.ਪੀ. ਸਿੰਘ ਨੂੰ ਇਹ ਇਲਮ ਹੋਣਾ ਚਾਹੀਦਾ ਹੈ ਕਿ ਸਿੱਖ ਧਰਮ ਸਰਬ-ਸਾਂਝੀਵਾਲਤਾ ਦਾ ਮੁਦਈ ਹੈ ਜਿਸ ਵਿਚ ਸਾਰੇ ਮਨੁੱਖਾਂ ਨੂੰ ਇਕ ਅਕਾਲ ਪੁਰਖ ਦੀ ਸੰਤਾਨ ਸਮਝਿਆ ਜਾਂਦਾ ਹੈ ਅਤੇ ਦੇਸ਼, ਸਮਾਜ ਅੰਦਰ ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ ਦੇ ਪਾੜੇ ਮਿਟਾ ਕੇ ਸਭ ਨਾਲ ਪਿਆਰ ਕਰਨ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਨੇ ਜੇ ਇਤਿਹਾਸ ਨਹੀਂ ਪੜ੍ਹਿਆ ਤਾਂ ਇਕ ਵਾਰ ਪੜ੍ਹ ਲੈਣਾ ਚਾਹੀਦਾ ਹੈ। ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਭਾਰਤ ਨੂੰ ਇਸਲਾਮ ਦੀ ਧਰਤੀ ਬਣਾ ਰਿਹਾ ਸੀ ਅਤੇ ਉਸ ਵੇਲੇ ਹਿੰਦੂ ਧਰਮ ਖਤਰੇ ਵਿਚ ਸੀ ਤਾਂ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਹਿੰਦੂ ਧਰਮ ਦੀ ਅਜ਼ਾਦੀ ਲਈ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਦਿੱਲੀ ਜਾ ਕੇ ਸ਼ਹਾਦਤ ਦਿੱਤੀ ਸੀ। ਅੱਜ ਭਾਜਪਾ ਅਤੇ ਆਰ.ਐਸ.ਐਸ. ਦੇ ਰਾਜ ਵਿਚ ਵੀ ਘੱਟ ਗਿਣਤੀ ਧਰਮ ਆਪਣੇ ਆਪ ਨੂੰ ਖਤਰੇ ਅਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿਉਂਕਿ ਮੌਜੂਦਾ ਹੁਕਮਰਾਨ ਮੁਗਲ ਬਾਦਸ਼ਾਹ ਦੀਆਂ ਪੈੜਾਂ ਉਪਰ ਚੱਲ ਰਹੇ ਹਨ। ਫਰਕ ਸਿਰਫ ਇੰਨਾ ਹੈ ਕਿ ਉਹ ਭਾਰਤ ਨੂੰ ਇਸਲਾਮੀ ਮੁਲਕ ਬਣਾਉਣਾ ਚਾਹੁੰਦਾ ਸੀ ਅਤੇ ਇਹ ਹਿੰਦੂ ਰਾਸ਼ਟਰ ਬਣਾਉਣ ਦੇ ਚਾਹਵਾਨ ਹਨ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਮਤੇ ਵਿਚ ਦੁੱਖ ਦਾ ਪ੍ਰਗਟਾਵਾ ਕਰਦਿਆਂ ਆਰ.ਐਸ.ਐਸ. 'ਤੇ ਦੋਸ਼ ਲਾਇਆ ਸੀ ਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਦੂਜੇ ਧਰਮਾਂ ਦੀ ਧਾਰਮਿਕ ਆਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ।

## ਭਾਜਪਾ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼

ਸ਼੍ਰੋਮਣੀ ਕਮੇਟੀ ਨੇ ਦੋਸ਼ ਲਾਇਆ ਕਿ ਭਾਜਪਾ ਦੂਜਿਆਂ ਦਾ ਧਰਮ, ਸੱਭਿਆਚਾਰ, ਭਾਸ਼ਾ ਆਦਿ ਕੁਝ ਵੀ ਬਰਦਾਸ਼ਤ ਨਹੀਂ ਕਰ ਰਹੀ। ਇਨ੍ਹਾਂ ਵੱਲੋਂ ਆਏ ਦਿਨ ਸਿੱਖ ਧਰਮ ਦੇ ਇਤਿਹਾਸ ਅਤੇ ਸਿਧਾਂਤਾਂ ਨਾਲ ਲੁਕਵੇਂ ਰੂਪ ਵਿਚ ਛੇੜ-ਛਾੜ ਕੀਤੀ ਜਾ ਰਹੀ ਹੈ। ਅੱਜ ਜਦੋਂ ਸਮੁੱਚਾ ਸਿੱਖ ਜਗਤ ਗੁਰੂ ਤੇਗ ਬਹਾਦਰ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ ਤਾਂ ਅਜਿਹੇ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕੀਤਾ ਇਹ ਮਤਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਹੱਕ ਵਿਚ ਹੈ। ਸ਼੍ਰੋਮਣੀ ਕਮੇਟੀ ਸਿੱਖ ਧਰਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ ਅਤੇ ਇਹ ਮਤਾ ਸਮੁੱਚੀ ਸਿੱਖ ਕੌਮ ਦੀ ਸਾਂਝੀ ਆਵਾਜ਼ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਦੂਜੇ ਧਰਮਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰਕੇ ਘੱਟ ਗਿਣਤੀਆਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ।

## ਸ਼੍ਰੋਮਣੀ ਕਮੇਟੀ ਝੂਠ ਘੜਦੀ ਰਹਿੰਦੀ: ਭਾਜਪਾ ਆਗੂ

**ਨਵੀਂ ਦਿੱਲੀ:** ਭਾਜਪਾ ਆਗੂ ਨੇ ਕਿਹਾ ਕਿ ਆਪਣੀ ਨਾਕਾਮੀ ਨੂੰ ਛਿਪਾਉਣ ਲਈ ਸ਼੍ਰੋਮਣੀ ਕਮੇਟੀ ਹਿੰਦੂ ਰਾਸ਼ਟਰ ਦਾ ਝੂਠਾ ਫਰੇਬ ਘੜਦੀ ਰਹਿੰਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੂੰ ਚੁਣੌਤੀ ਦਿੱਤੀ ਕਿ ਉਹ ਅਜਿਹਾ ਇਕ ਵੀ ਕੇਸ ਪੇਸ਼ ਕਰਨ ਜਿਸ 'ਚ ਸਿੱਖਾਂ ਨੂੰ ਭਰਮਾ ਕੇ ਹਿੰਦੂ ਬਣਾਇਆ ਗਿਆ ਹੋਵੇ। ਭਾਜਪਾ ਤਰਜਮਾਨ ਆਰ.ਪੀ. ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਆਰ.ਐਸ.ਐਸ. ਖਿਲਾਫ ਮਤਾ ਪਾਸ ਕੀਤੇ ਜਾਣ 'ਤੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਛਤਰ ਛਾਇਆ ਹੇਠਲੀ ਸ਼੍ਰੋਮਣੀ ਕਮੇਟੀ ਸਿੱਖਾਂ ਨੂੰ ਈਸਾਈ ਬਣਨ ਤੋਂ ਰੋਕਣ 'ਚ ਨਾਕਾਮ ਰਹੀ ਹੈ ਜਦਕਿ ਸੰਘ ਨੇ ਧਰਮ ਪਰਿਵਰਤਨ ਕਰਨ ਵਾਲਿਆਂ ਦੀ 'ਘਰ ਵਾਪਸੀ' ਦਾ ਪ੍ਰੋਗਰਾਮ ਚਲਾਇਆ ਸੀ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਸੰਘ ਖਿਲਾਫ ਮਤਾ ਪਾਸ ਕਰਕੇ ਦੋਸ਼ ਲਾਇਆ ਸੀ ਕਿ ਉਹ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

# ਫੰਡਾਂ ਦੀ ਦੁਰਵਰਤੋਂ ਦੇ ਕਥਿਤ ਦੋਸ਼ 'ਚ ਸੀਨੀਅਰ ਅਕਾਲੀ ਆਗੂ ਤਾਰਾ ਸਿੰਘ ਸ਼ੇਖੂਪੁਰ ਗ੍ਰਿਫਤਾਰ

**ਜਾਡਲਾ (ਬਿਊਰੋ):** ਸਬ ਡਵੀਜ਼ਨ ਬਲਾਚੌਰ ਦੇ ਪਿੰਡ ਮਹਿਤਪੁਰ ਦੇ 'ਸ਼੍ਰੀਮਾਨ 108 ਸੰਤ ਓਅੰਕਾਰ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਮਹਿਤਪੁਰ ਉਲੱਧਣੀ' ਦੇ ਪ੍ਰਧਾਨ ਤਾਰਾ ਸਿੰਘ ਸ਼ੇਖੂਪੁਰ ਨੂੰ ਫੰਡਾਂ ਦੀ ਦੁਰਵਰਤੋਂ ਅਤੇ ਧੋਖਾਧੜੀ ਦੇ ਇਕ ਮਾਮਲੇ ਵਿਚ ਪੁਲਿਸ ਥਾਣਾ ਸਦਰ ਬਲਾਚੌਰ ਦੇ ਏ. ਐਸ. ਆਈ. ਵਰਿੰਦਰ ਕੁਮਾਰ ਵਲੋਂ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕਰਨ ਉਪਰੰਤ ਤਾਰਾ ਸਿੰਘ ਸ਼ੇਖੂਪੁਰ ਨੂੰ ਹੋਰ ਪੁੱਛ-ਗਿੱਛ ਲਈ ਰਿਮਾਂਡ 'ਤੇ ਲੈ ਲਿਆ ਗਿਆ ਹੈ।



ਪੁਲਿਸ ਮੁਤਾਬਕ ਟਰੱਸਟ ਦੇ ਉਪ ਪ੍ਰਧਾਨ ਅਜਮੇਰ ਸਿੰਘ ਵਾਸੀ ਮਹਿਤਪੁਰ ਉਲੱਧਣੀ ਅਤੇ ਖਜਾਨਚੀ ਬਲਵੰਤ ਸਿੰਘ ਵਾਸੀ ਪਿੰਡ ਸੋਇਤਾ ਵਲੋਂ ਟਰੱਸਟ ਦੇ ਪ੍ਰਧਾਨ ਤਾਰਾ ਸਿੰਘ ਵਾਸੀ ਪਿੰਡ ਸ਼ੇਖੂਪੁਰ ਖਿਲਾਫ ਫੰਡਾਂ ਦੀ ਦੁਰਵਰਤੋਂ ਕਰਨ ਦੇ ਕਥਿਤ ਦੋਸ਼ ਤਹਿਤ ਦਿੱਤੀ ਦਰਖਾਸਤ ਦੀ ਪੜਤਾਲ ਉਪਰੰਤ ਸਿਟੀ ਥਾਣਾ ਸਦਰ ਬਲਾਚੌਰ ਵਿਖੇ ਐਫ. ਆਈ. ਆਰ. ਨੰ 0121, ਅੰਡਰ ਸ਼ੈਕਸ਼ਨ 406 ਦਰਜ ਕੀਤੀ ਗਈ ਸੀ। ਇਸ ਮਾਮਲੇ ਵਿਚ ਤਾਰਾ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸ਼ਿਕਾਇਤ ਕਰਤਾਵਾਂ ਅਨੁਸਾਰ ਟਰੱਸਟ ਦੇ ਪਹਿਲੇ ਪ੍ਰਧਾਨ ਕੋਲੋਂ ਸਾਜ਼ਿਸ਼ ਅਧੀਨ ਅਸਤੀਫਾ ਲੈ ਕੇ ਤਾਰਾ ਸਿੰਘ ਟਰੱਸਟ ਦਾ ਪ੍ਰਧਾਨ ਬਣ ਗਿਆ ਸੀ। ਇਸ ਸਮੇਂ ਦੌਰਾਨ ਆਮ ਲੋਕਾਂ ਨਾਲ ਉਨ੍ਹਾਂ ਦਾ ਵਰਤਾਓ ਠੀਕ ਨਾ ਹੋਣ ਕਾਰਨ ਟਰੱਸਟ ਨੂੰ ਆਉਂਦਾ ਦੇਸ਼-ਵਿਦੇਸ਼ ਤੋਂ ਦਾਨ ਬੰਦ ਹੋ ਗਿਆ ਸੀ। ਤਾਰਾ ਸਿੰਘ ਦਾ ਸਟਾਫ ਨਾਲ ਵਤੀਰਾ ਵੀ ਠੀਕ ਨਾ ਹੋਣ ਕਾਰਨ ਤਜਰਬੇਕਾਰ ਸਟਾਫ ਵੀ ਅਸਤੀਫੇ ਦੇ ਕੇ ਹਸਪਤਾਲ ਨੂੰ ਅਲਵਿਦਾ ਆਖ ਗਿਆ।


ਆਪਣੇ ਭੂਤਕਾਲ ਵਿਚ ਕੀਤੇ ਗਏ ਗਲਤ ਕੰਮਾਂ ਕਾਰਨ ਚਰਚਾ ਵਿਚ ਰਹੇ ਇਸ ਪ੍ਰਧਾਨ ਵਲੋਂ ਟਰੱਸਟ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਕਥਿਤ ਤੌਰ 'ਤੇ ਮਨਮਾਨੀਆਂ ਅਤੇ ਬੇਨਿਯਮੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਹਸਪਤਾਲ ਦੇ ਫੰਡਾਂ, ਗੱਡੀਆਂ ਦੀ ਕਥਿਤ ਤੌਰ 'ਤੇ ਦੁਰਵਰਤੋਂ ਕਰਨੀ ਟਰੱਸਟੀਆਂ ਅਤੇ ਇਲਾਕਾ ਵਾਸੀਆਂ ਦੇ ਸਾਹਮਣੇ ਆਈ। ਇਸ ਵਿਅਕਤੀ ਵਲੋਂ ਟਰੱਸਟ ਦੀ ਮੀਟਿੰਗ ਨਾ ਬੁਲਾ ਕੇ ਕੁਝ ਟਰੱਸਟੀਆਂ ਨਾਲ ਮਿਲ ਕੇ ਟਰੱਸਟ ਦੇ ਕਾਇਦੇ ਕਾਨੂੰਨ ਨੂੰ ਛਿਕੇ ਟੰਗ ਕੇ ਟਰੱਸਟ ਦੀ ਬਣਤਰ ਵਿਚ ਹੀ ਤਬਦੀਲੀ ਕਰ ਦਿੱਤੀ ਗਈ। ਬਿਨਾ ਕਿਸੇ ਏਜੰਡੇ ਤੇ ਕਿਸੀ ਮੀਟਿੰਗ ਦੇ ਘਰੇ ਹੀ ਮਤੇ ਪਾ ਕੇ ਬਾਕੀ ਟਰੱਸਟੀਆਂ ਦੇ ਉਨ੍ਹਾਂ ਦੇ ਘਰ ਜਾ ਕੇ ਦਸਤਖਤ ਕਰਵਾ ਕੇ ਆਪਣੀ ਸਹਿਮਤੀ ਵਾਲੇ ਮੈਂਬਰਾਂ ਦੀ ਨਿਯੁਕਤੀ ਕਰਕੇ ਟਰੱਸਟ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ।

ਮਾਮਲਾ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਜਗਜੀਤ ਸਿੰਘ ਸੁਲਤਾਨਪੁਰ ਲੋਧੀ ਵਾਲਿਆਂ ਦੇ ਧਿਆਨ ਵਿਚ ਵੀ ਲਿਆਂਦਾ ਗਿਆ। ਦਰਜ ਐਫ. ਆਰ. ਆਈ. ਵਿਚ ਤਾਰਾ ਸਿੰਘ ਸ਼ੇਖੂਪੁਰ ਵਲੋਂ ਕੀਤੇ ਗਏ ਫੰਡਾਂ ਦੀ ਦੁਰਵਰਤੋਂ, ਧੋਖਾਧੜੀ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ।

# ਕਰੋਨਾ 'ਤੇ ਕਾਬੂ ਪੈਂਦਿਆਂ ਹੀ ਹੋਵੇਗਾ 16ਵਾਂ ਵਿਸ਼ਵ ਕਬੱਡੀ ਕੱਪ: ਗਾਖਲ

**ਸੈਨ ਫਰਾਂਸਿਸਕੋ (ਬਿਊਰੋ):** ਯੁਨਾਈਟਿਡ ਸਪੋਰਟਸ ਕਲੱਬ ਅਤੇ ਵਿਸ਼ਵ ਕਬੱਡੀ ਕੱਪ ਕੈਲੀਫੋਰਨੀਆ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਰੂਪ ਵਿਚ ਕੁਦਰਤੀ ਆਫਤ ਨੇ ਸਾਡੀਆਂ ਖੇਡ ਸਰਗਰਮੀਆਂ 'ਤੇ ਵੀ ਬਹੁਤ ਬੁਰੀ ਤਰ੍ਹਾਂ ਮਾਰ ਪਈ ਹੈ। ਇਸੇ ਕਰਕੇ ਅਸੀਂ ਚਾਹੁੰਦਿਆਂ ਵੀ ਪਿਛਲੇ ਸਾਲ ਵਿਸ਼ਵ ਕਬੱਡੀ ਕੱਪ ਨਹੀਂ ਕਰਵਾ ਸਕੇ। ਉਨ੍ਹਾਂ ਦੁਆ ਕੀਤੀ ਕਿ ਵਕਤ ਸਾਥ ਦੇਵੇ ਤੇ ਅਸੀਂ 16ਵਾਂ ਵਿਸ਼ਵ ਕਬੱਡੀ ਕੱਪ ਕੈਲੀਫੋਰਨੀਆ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਪਹਿਲਾਂ ਨਾਲੋਂ ਵੀ ਵਧੇਰੇ ਉਤਸ਼ਾਹ ਨਾਲ ਕਰਵਾਵਾਂਗੇ ਅਤੇ ਉਨ੍ਹਾਂ ਕਬੱਡੀ ਪ੍ਰੇਮੀਆਂ ਦੀਆਂ ਆਸਾਂ 'ਤੇ ਪੂਰਾ ਉਤਰਾਂਗੇ, ਜੋ ਪਹਿਲਾਂ ਵੀ ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਕਰਵਾਏ ਗਏ ਕਬੱਡੀ ਕੱਪਾਂ ਵਿਚ ਪੂਰਨ ਸਹਿਯੋਗ ਵੀ ਦਿੰਦੇ ਰਹੇ ਹਨ ਤੇ ਮਾਣ ਸਤਿਕਾਰ ਵੀ।

ਸ. ਅਮੋਲਕ ਸਿੰਘ ਗਾਖਲ ਨੇ ਹੋਰ ਕਿਹਾ ਕਿ ਕਬੱਡੀ ਪੰਜਾਬੀਆਂ ਦੀ ਮਾਂ ਖੇਡ ਹੀ ਨਹੀਂ, ਸਗੋਂ ਅਜਿਹੇ ਖੇਡ ਮੇਲਿਆਂ ਦੇ ਅਯੋਜਨ ਨਾਲ ਦਰਸ਼ਕਾਂ ਦਾ ਸਿਹਤਮੰਦ ਮਨੋਰੰਜਨ ਹੁੰਦਾ ਹੈ ਅਤੇ ਬਹੁਤਿਆਂ ਨੂੰ ਰੁਜ਼ਗਾਰ ਮਿਲਦਾ ਹੈ ਤੇ ਕਬੱਡੀ ਖਿਡਾਰੀਆਂ ਦੀ ਆਰਥਿਕ ਮਦਦ ਹੁੰਦੀ ਹੈ। ਅਜਿਹਾ



ਹੋਣ ਨਾਲ ਅਨੇਕਾਂ ਪਰਿਵਾਰਾਂ ਦੇ ਚਿਹਰਿਆਂ 'ਤੇ ਰੌਣਕ ਆਉਂਦੀ ਹੈ। ਇਸ ਮੌਕੇ ਉਨ੍ਹਾਂ ਨਾਲ ਉੱਘੇ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਸਪੋਰਟਸ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਜਨਰਲ ਸਕੱਤਰ ਐੱਸ. ਅਸ਼ੋਕ ਭੌਰਾ ਵੀ ਹਾਜ਼ਰ ਸਨ।

# 'ਫੇਥ ਫਾਰ ਰਾਈਟਸ' ਦੇ ਵੀਡੀਓ ਵਿਚ ਗੁਰਬਾਣੀ ਦਾ ਸ਼ਬਦ ਸ਼ਾਮਲ

**ਅੰਮ੍ਰਿਤਸਰ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਸੰਗਠਨ ਨੇ 'ਫੇਥ ਫਾਰ ਰਾਈਟਸ' ਦੇ ਨਾਂ ਹੇਠ ਕਰਵਾਏ ਗਏ ਸਾਲਾਨਾ ਸਮਾਗਮ ਵਿਚ ਮਨੁੱਖੀ ਬਰਾਬਰੀ ਅਤੇ ਔਰਤ-ਮਰਦ ਸਮਾਨਤਾ ਮੁੱਦੇ 'ਤੇ ਬਣਾਈ ਇਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਕ ਸ਼ਬਦ ਸ਼ਾਮਲ ਕੀਤਾ ਗਿਆ ਹੈ।

ਸੰਯੁਕਤ ਰਾਸ਼ਟਰ ਵਲੋਂ ਗੁਰਬਾਣੀ ਨੂੰ ਇਸ ਪੱਧਰ 'ਤੇ ਮਾਨਤਾ ਦਿੱਤੇ ਜਾਣ ਦੀ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਸ਼ਲਾਘਾ ਕੀਤੀ ਹੈ। ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸੰਯੁਕਤ ਰਾਸ਼ਟਰ ਵਲੋਂ ਇਹ ਵੀਡੀਓ 30 ਮਾਰਚ ਨੂੰ ਜਨੇਵਾ 'ਚ ਮੁੱਖ ਦਫਤਰ ਤੋਂ ਜਾਰੀ ਕੀਤੀ ਗਈ ਹੈ। ਇਸ ਦੌਰਾਨ ਯੂ.ਐਨ. ਹਾਈ ਕਮਿਸ਼ਨ ਆਨ ਹਿਊਮਨ ਰਾਈਟਸ ਦੀ ਆਗੂ ਮਿਸ਼ੇਲ ਬੈਸ਼ਲੈਟ ਨੇ ਇਸ ਵੀਡੀਓ ਨੂੰ ਦੇਖਿਆ ਅਤੇ ਸੁਣਿਆ। ਬੈਸ਼ਲੈਟ ਦੋ ਵਾਰ ਚਿੱਲੀ ਦੀ ਰਾਸ਼ਟਰਪਤੀ ਰਹਿ ਚੁੱਕੇ ਹਨ। ਵਿਸ਼ਵ ਪੱਧਰੀ ਕਾਨਫਰੰਸ ਵਿਚ ਵਿਸ਼ਵ ਭਰ ਤੋਂ ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ, ਕਾਰੋਬਾਰੀਆਂ, ਬੁੱਧੀਜੀਵੀਆਂ ਆਦਿ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਮੌਕੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਸੰਸਥਾ ਦੇ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਡਾ. ਇਕਤਦਾਰ ਚੀਮਾ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਦੱਸਿਆ ਕਿ ਵੀਡੀਓ ਵਿਚ ਗੁਰਬਾਣੀ ਦਾ ਇਕ ਸ਼ਬਦ ਡਾ. ਚੀਮਾ ਨੇ ਹੀ ਗਾਇਨ ਕੀਤਾ ਹੈ ਅਤੇ ਉਨ੍ਹਾਂ ਵੀਡੀਓ ਵਿਚ ਸ਼ਬਦ ਦੀ ਸ਼ਮੂਲੀਅਤ ਲਈ ਅਹਿਮ ਭੂਮਿਕਾ ਨਿਭਾਈ ਹੈ।

ਡਾ. ਚੀਮਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਨੂੰ ਸੇਧ ਦੇਣ ਵਾਲੇ ਸੰਦੇਸ਼ ਹਨ। ਇਸ ਵਿਚ ਔਰਤ ਅਤੇ ਮਰਦ ਨੂੰ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਚੀਮਾ ਨੇ ਕਿਹਾ ਕਿ ਗੁਰੂ ਸਾਹਿਬ ਦੇ ਵੇਲੇ ਔਰਤਾਂ ਕੋਲ ਆਪਣੇ ਹੱਕ ਨਹੀਂ ਸਨ ਅਤੇ ਉਨ੍ਹਾਂ ਔਰਤਾਂ ਦੇ ਹੱਕਾਂ ਦੀ ਨਾ ਸਿਰਫ ਰਾਖੀ ਕੀਤੀ ਸਗੋਂ ਔਰਤ ਨੂੰ ਸਮਾਜ ਵਿਚ ਉੱਚਾ ਰੁਤਬਾ ਵੀ ਦਿੱਤਾ। ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਚਾਰਟਰ ਵਿਚ ਪਹਿਲਾਂ ਵੀ ਗੁਰਬਾਣੀ ਦੇ ਤਿੰਨ ਸ਼ਬਦ ਸ਼ਾਮਲ ਕਰਵਾਏ ਹਨ।

## ਕੀਰਤਨ ਦਾ ਸਿੱਧਾ ਪ੍ਰਸਾਰਨ ਸ਼ੁਰੂ

**ਅੰਮ੍ਰਿਤਸਰ:** ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਨੇ ਇਕ ਟੀਵੀ ਚੈਨਲ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਰੋਜ਼ਾਨਾ ਸਵੇਰੇ 10 ਤੋਂ 12 ਵਜੇ ਤੱਕ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੀ ਸ਼ੁਰੂਆਤ ਕੀਤੀ, ਜੋ ਇਕ ਮਹੀਨਾ ਚੱਲੇਗੀ। ਇਸ ਮੌਕੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸੰਗਤ ਨੂੰ ਗੁਰੂ ਤੇਗ ਬਹਾਦਰ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਸਮੁੱਚੀਆਂ ਸਿੱਖ ਜਥੇਬੰਦੀਆਂ, ਸਭਾ-ਸੁਸਾਇਟੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਪਹਿਲੀ ਮਈ ਨੂੰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਗਤਾਂ ਅੱਜ ਤੋਂ 1 ਮਈ ਤੱਕ ਸਵੇਰੇ 10 ਤੋਂ 12 ਵਜੇ ਤੱਕ 'ਪੀ.ਟੀ.ਸੀ. ਸਿਮਰਨ' 'ਤੇ ਗੁਰਬਾਣੀ ਕੀਰਤਨ ਸਰਵਣ ਕਰ ਸਕਣਗੀਆਂ।

# ਚੀਫ ਖਾਲਸਾ ਦੀਵਾਨ ਨੇ ਲੋੜੀਂਦੇ ਦਸਤਾਵੇਜ਼ ਸੌਂਪੇ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਨੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਆਪਣਾ ਸਪੱਸ਼ਟੀਕਰਨ ਅਤੇ ਸੰਸਥਾ ਦੇ ਮੈਂਬਰਾਂ ਦੇ ਉਹ ਫਾਰਮ ਸੌਂਪ ਦਿੱਤੇ ਹਨ ਜਿਸ ਰਾਹੀਂ ਉਨ੍ਹਾਂ ਦੇ ਅੰਮ੍ਰਿਤਧਾਰੀ ਹੋਣ ਬਾਰੇ ਖੁਲਾਸਾ ਹੁੰਦਾ ਹੈ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਨੁਮਾਇੰਦੇ ਨੇ ਪੱਤਰ ਅਤੇ 411 ਮੈਂਬਰਾਂ ਦੇ ਫਾਰਮ ਸਕੱਤਰੇਤ ਵਿਖੇ ਸੌਂਪ ਦਿੱਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਸੰਸਥਾ ਦੇ 496 ਮੈਂਬਰ ਹਨ ਜਿਨ੍ਹਾਂ ਵਿਚੋਂ 411 ਦੇ ਫਾਰਮ ਮੌਜੂਦ ਸਨ ਅਤੇ ਬਾਕੀ 85 ਮੈਂਬਰਾਂ ਦੇ ਫਾਰਮ ਵੀ ਜਲਦੀ ਸੌਂਪ ਦਿੱਤੇ ਜਾਣਗੇ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵਲੋਂ ਦੀਵਾਨ ਕੋਲੋਂ ਅੰਮ੍ਰਿਤਧਾਰੀ ਮੈਂਬਰਾਂ ਬਾਰੇ ਰਿਕਾਰਡ ਮੰਗਿਆ ਗਿਆ ਸੀ। ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੀ 31 ਮਾਰਚ ਨੂੰ ਹੋਈ ਇਕੱਤਰਤਾ ਸਮੇਂ ਉਨ੍ਹਾਂ ਨੂੰ ਇਹ ਰਿਕਾਰਡ ਪੇਸ਼ ਕਰਨ ਲਈ ਦੋ ਦਿਨ ਦਾ ਸਮਾਂ ਦਿੱਤਾ ਸੀ। ਇਸ ਤੋਂ ਇਲਾਵਾ ਕੁਝ ਸਪੱਸ਼ਟੀਕਰਨ ਵੀ ਮੰਗੇ ਗਏ ਸਨ।

ਇਸ ਸਬੰਧੀ ਸੌਂਪੇ ਸਪੱਸ਼ਟੀਕਰਨ ਵਾਲੇ ਪੱਤਰ ਵਿਚ ਦੀਵਾਨ ਦੇ ਪ੍ਰਧਾਨ ਵੱਲੋਂ ਦੱਸਿਆ ਗਿਆ ਹੈ ਕਿ ਸੰਸਥਾ ਦਾ ਮੈਂਬਰ ਬਣਨ ਸਮੇਂ ਨਵੇਂ ਮੈਂਬਰ ਵੱਲੋਂ ਇਕਰਾਰਨਾਮੇ ਦੇ ਰੂਪ ਵਿਚ 'ਓ' ਅਤੇ 'ਓਓ' ਫਾਰਮ ਭਰੇ ਜਾਂਦੇ ਹਨ, ਜਿਸ ਵਿਚ ਮੈਂਬਰ ਆਪਣੇ ਅੰਮ੍ਰਿਤਧਾਰੀ ਹੋਣ ਬਾਰੇ ਖੁਲਾਸਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਸੰਸਥਾ ਦੇ ਕਿਸੇ ਵੀ ਮੈਂਬਰ ਦੇ ਗੈਰ ਅੰਮ੍ਰਿਤਧਾਰੀ ਹੋਣ ਬਾਰੇ ਜਾਣਕਾਰੀ ਹੈ ਤਾਂ ਉਹ ਇਸ ਸਬੰਧੀ ਸਬੂਤਾਂ ਸਮੇਤ ਜਾਣਕਾਰੀ ਸ੍ਰੀ ਅਕਾਲ ਤਖਤ ਵਿਖੇ ਜਾਂ ਚੀਫ ਖਾਲਸਾ ਦੀਵਾਨ ਨੂੰ ਦੇ ਸਕਦਾ ਹੈ। ਸਬੂਤ ਮਿਲਣ 'ਤੇ ਮੈਂਬਰ ਖਿਲਾਫ ਕਾਰਵਾਈ ਹੋਵੇਗੀ।

## ਸੈਣੀ, ਉਮਰਾਨੰਗਲ ਸਣੇ ਸਾਰੇ ਮੁਲਜ਼ਮ ਅਦਾਲਤ 'ਚ ਪੇਸ਼

**ਫਰੀਦਕੋਟ:** ਇਥੇ ਅਦਾਲਤ ਵਿਚ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੋਈ। ਪੜਤਾਲ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਪਹਿਲੀ ਵਾਰ ਅਜਿਹਾ ਹੋਇਆ ਜਦੋਂ ਸਾਰੇ ਮੁਲਜ਼ਮ ਇਕੱਠੇ ਅਦਾਲਤ ਸਾਹਮਣੇ ਪੇਸ਼ ਹੋਏ। ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਹੋ ਸਕੀ। ਇਹ ਕੇਸ ਪਹਿਲਾਂ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਅਦਾਲਤ ਵਿਚ ਚੱਲ ਰਿਹਾ ਸੀ ਪਰ ਪ੍ਰਬੰਧਕੀ ਕਾਰਨਾਂ ਕਰਕੇ ਇਹ ਕੇਸ ਹੁਣ ਸੈਸ਼ਨ ਜੱਜ ਦੀ ਅਦਾਲਤ 'ਚੋਂ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਸੁਣਵਾਈ ਦੌਰਾਨ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਮੁਅੱਤਲੀ ਅਧੀਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ, ਐਸ.ਪੀ. ਬਿਕਰਮ ਸਿੰਘ, ਥਾਣਾ ਬਾਜਾਖਾਨਾ ਦੇ ਸਾਬਕਾ ਐੱਸ.ਐੱਚ.ਓ. ਅਮਰਜੀਤ ਸਿੰਘ ਕੁਲਾਰ, ਅਕਾਲੀ ਆਗੂ ਮਨਤਾਰ ਸਿੰਘ ਬਰਾੜ, ਸੁਹੇਲ ਸਿੰਘ ਬਰਾੜ ਅਤੇ ਪੰਕਜ ਬਾਂਸਲ ਅਦਾਲਤ ਵਿਚ ਹਾਜਰ ਸਨ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 27 ਅਪਰੈਲ ਤੱਕ ਮੁਲਤਵੀ ਕਰ ਦਿੱਤੀ।


ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ
ਖਾਲਸੇ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਦੇਸ਼ ਵਿਦੇਸ਼ ਵਸਦੀ ਸਿੱਖ ਸੰਗਤ ਨੂੰ
ਲੱਖ ਲੱਖ ਮੁਬਾਰਕਾਂ
ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ, ਅਮਰੀਕਾ
UNITED SPORTS CLUB CALIFORNIA, AMERICA
ਅਮੋਲਕ ਸਿੰਘ ਗਾਖਲ
ਚੀਫ ਪੈਟਰਨ
ਵਕਤ ਨੇ ਸਾਥ ਦਿੱਤਾ ਤਾਂ ਕਲੱਬ ਵਲੋਂ
ਮੇਜਰ ਲੀਗ ਕਬੱਡੀ ਫੈਡਰੇਸ਼ਨ
ਦੇ ਸਹਿਯੋਗ ਨਾਲ
16ਵਾਂ ਵਿਸ਼ਵ ਕਬੱਡੀ ਕੱਪ
ਅਗਲੇ ਵਰ੍ਹੇ ਸ਼ਾਨੋ ਸ਼ੌਕਤ
ਨਾਲ ਅਯੋਜਿਤ ਕੀਤਾ ਜਾਵੇਗਾ।
ਤੀਰਥ ਗਾਖਲ
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Mike Boparai Advisor
Inder Dosanjh Advisor
Sadhu Singh Khlaur Advisor
Natha Singh Gakhal Advisor
Makhan Singh Dhaliwal Advisor
Jagir Singh Sabzi Mandi Advisor
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Balvir Singh Bhatia Director
Jagjit Singh Rakkar Advisor
Kuljeet Singh Nijjar Advisor
Lakha Gazipur Advisor
Jaswant Srai Advisor
Sewa Singh Randhawa Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kala Gakhal Advisor
ਜਾਰੀ ਕਰਤਾ: ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆਂ


ੴ ਸਤਿਗੁਰ ਪ੍ਰਸਾਦਿ॥
ਸਹੋਤਾ ਭਰਾਵਾਂ
ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ
ਵਲੋਂ
ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ
ਦੀਆਂ ਸਮੂਹ ਸਿੱਖ ਸੰਗਤ ਨੂੰ
ਲੱਖ ਲੱਖ ਵਧਾਈਆਂ
ਜੁਗਰਾਜ ਸਿੰਘ ਸਹੋਤਾ
ਨਰਿੰਦਰ ਸਿੰਘ ਸਹੋਤਾ
J & N Petroleum Inc.
Sahota Petroleum Inc.

# ਮੋਦੀ ਸਰਕਾਰ ਨੇ ਹੁਣ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਘੋਲ ਨੂੰ ਪੈਰੋਂ ਕੱਢਣ ਲਈ ਹੁਣ ਨਵੀਂ ਚਾਲ ਚੱਲੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁੱਖ ਸਕੱਤਰ ਪੰਜਾਬ ਨੂੰ ਜਾਰੀ ਗੁਪਤ ਪੱਤਰ ਰਾਹੀਂ ਪੰਜਾਬ ਦੇ ਕਿਸਾਨਾਂ ਉਤੇ ਸਿੱਧਾ ਹੱਲਾ ਬੋਲਿਆ ਹੈ।

ਪੱਤਰ 'ਚ ਬਿਹਾਰ ਅਤੇ ਉਤਰ ਪ੍ਰਦੇਸ਼ ਦੇ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਦੇ ਕਿਸਾਨਾਂ ਵੱਲੋਂ ਬੰਧੂਆ ਮਜ਼ਦੂਰ ਬਣਾਏ ਜਾਣ ਦੀ ਗੱਲ ਉਭਾਰੀ ਗਈ ਹੈ ਅਤੇ ਕਿਸਾਨਾਂ ਨੂੰ ਇਸ ਮਾਮਲੇ 'ਤੇ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਹੈ। ਕੇਂਦਰ ਨੇ ਦਾਅਵਾ ਕੀਤਾ ਹੈ ਕਿ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਹ ਸੂਚਨਾ ਦਿੱਤੀ ਹੈ ਕਿ ਬੀ.ਐਸ.ਐਫ. ਨੇ ਸਾਲ 2019 ਅਤੇ ਸਾਲ 2020 ਦੌਰਾਨ ਸਰਹੱਦੀ ਇਲਾਕੇ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਅਬੋਹਰ 'ਚੋਂ 58 ਭਾਰਤੀ ਨਾਗਰਿਕ ਗ੍ਰਿਫਤਾਰ ਕੀਤੇ ਹਨ। ਬੀ.ਐਸ.ਐਫ. ਦੀ ਪੁੱਛ ਪੜਤਾਲ 'ਚ ਇਹ ਗੱਲ ਉਭਰੀ ਦੱਸੀ ਗਈ ਹੈ ਕਿ ਇਨ੍ਹਾਂ ਗ੍ਰਿਫਤਾਰ ਵਿਅਕਤੀਆਂ 'ਚੋਂ ਬਹੁਤੇ ਕਮਜ਼ੋਰ ਦਿਮਾਗ ਦੇ ਸਨ ਜਾਂ ਫਿਰ ਮਾਨਸਿਕ ਤੌਰ 'ਤੇ ਠੀਕ ਨਹੀਂ ਸੀ ਅਤੇ ਇਹ ਕਿਸਾਨਾਂ ਨਾਲ ਬੰਧੂਆ ਮਜ਼ਦੂਰੀ ਕਰ ਰਹੇ ਸਨ।



ਪੱਤਰ ਅਨੁਸਾਰ ਇਹ ਫੜੇ ਗਏ ਮਜ਼ਦੂਰ ਬਿਹਾਰ ਤੇ ਯੂਪੀ ਦੇ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਬੀ.ਐਸ.ਐਫ. ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਮਨੁੱਖੀ ਤਸਕਰੀ ਸਿੰਡੀਕੇਟ ਵੱਲੋਂ ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਚੰਗੀ ਤਨਖਾਹ ਦਾ ਲਾਲਚ ਦੇ ਕੇ ਲਿਆਂਦਾ ਜਾਂਦਾ ਹੈ ਪਰ ਪੰਜਾਬ ਪੁੱਜਣ ਮਗਰੋਂ ਇਨ੍ਹਾਂ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਘੱਟ ਤਨਖਾਹ ਦੇਣ ਤੋਂ ਇਲਾਵਾ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾਂਦਾ ਹੈ। ਇਨ੍ਹਾਂ ਮਜ਼ਦੂਰਾਂ ਤੋਂ ਖੇਤਾਂ ਵਿਚ ਵੱਧ ਘੰਟੇ ਕੰਮ ਕਰਾਇਆ ਜਾਂਦਾ ਹੈ ਅਤੇ ਅਕਸਰ ਇਨ੍ਹਾਂ ਨੂੰ ਨਸ਼ੇ ਵੀ ਦਿੱਤੇ ਜਾਂਦੇ ਹਨ ਜਿਸ ਕਰਕੇ ਇਨ੍ਹਾਂ ਮਜ਼ਦੂਰਾਂ ਦੀ ਮਾਨਸਿਕ ਸਥਿਤੀ ਵਿਗੜ ਜਾਂਦੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਨੂੰ ਮਨੁੱਖੀ ਤਸਕਰੀ ਦਾ ਮਾਮਲਾ ਦੱਸਦੇ ਹੋਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਕਰਾਰ ਦਿੱਤਾ ਹੈ। ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਇਸ 'ਤੇ ਕਾਰਵਾਈ ਕਰਨ ਲਈ ਆਖਿਆ ਹੈ ਅਤੇ ਇਸ ਤੋਂ ਕੇਂਦਰ ਸਰਕਾਰ ਨੂੰ ਜਾਣੂ ਕਰਾਉਣ ਲਈ ਵੀ ਕਿਹਾ ਹੈ। ਗ੍ਰਹਿ ਮੰਤਰਾਲੇ ਨੇ ਇਸ ਦੇ ਨਾਲ ਹੀ ਕੇਂਦਰੀ ਕਿਰਤ ਮੰਤਰਾਲੇ ਨੂੰ ਆਖ ਦਿੱਤਾ ਹੈ ਕਿ ਪਰਵਾਸੀ ਮਜ਼ਦੂਰਾਂ ਦੇ ਜੱਦੀ ਸੂਬਿਆਂ 'ਚ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਤਾਂ ਜੋ ਮਜ਼ਦੂਰ ਗੁੰਮਰਾਹ ਨਾ ਹੋ ਸਕਣ।

ਗ੍ਰਹਿ ਮੰਤਰਾਲੇ ਵੱਲੋਂ 'ਬੰਧੂਆ ਮਜ਼ਦੂਰਾਂ' ਬਾਰੇ ਭੇਜੇ ਗਏ ਪੱਤਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਹਾਸੋਹੀਣਾ ਦੱਸਦਿਆਂ ਕਿਹਾ ਕਿ ਇਸ ਪੱਤਰ ਦਾ ਮਕਸਦ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨਾ ਹੈ। ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਤੋਂ ਮਿਲੀ ਚਿੱਠੀ ਆਪਣੇ ਆਪ ਵਿਚ ਆਪਾ ਵਿਰੋਧੀ ਹੈ। ਇਕ ਪਾਸੇ ਤਾਂ ਚਿੱਠੀ ਵਿਚ ਦਾਅਵਾ ਕੀਤਾ ਗਿਆ ਹੈ ਕਿ ਬੀ.ਐਸ.ਐਫ. ਨੇ 58 ਵਿਅਕਤੀ ਕਾਬੂ ਕੀਤੇ ਹਨ, ਜੋ ਮਾਨਸਿਕ ਤੌਰ 'ਤੇ ਬਿਮਾਰ ਹਨ। ਦੂਜੇ ਪਾਸੇ ਕਿਹਾ ਜਾ ਰਿਹਾ ਹੈ ਕਿ ਅਜਿਹੇ ਵਿਅਕਤੀਆਂ ਨੂੰ ਮਨੁੱਖੀ ਤਸਕਰੀ ਕਰ ਕੇ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਅਬੋਹਰ ਇਲਾਕਿਆਂ ਵਿਚ ਚੰਗੀ ਤਨਖਾਹ ਦਾ ਲਾਲਚ ਦੇ ਕੇ ਲਿਆਂਦਾ ਜਾ ਰਿਹਾ ਹੈ ਪਰ ਇਥੇ ਆ ਕੇ ਉਨ੍ਹਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਲੁੱਟ-ਖਸੁੱਟ ਕੀਤੀ ਜਾ ਰਹੀ ਹੈ।

## ਬੰਧੂਆ ਮਜ਼ਦੂਰੀ ਦੇ ਇਲਜ਼ਾਮ ਗਲਤ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਦੇ ਖੇਤਾਂ 'ਚ ਬੰਧੂਆ ਮਜ਼ਦੂਰਾਂ ਤੋਂ ਕੰਮ ਲੈਣ ਦੇ ਲਾਏ ਇਲਜ਼ਾਮਾਂ ਨੂੰ ਪੜਤਾਲ ਮਗਰੋਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ 'ਤੇ ਉਲਟਵਾਰ ਕਰਦਿਆਂ ਕੇਂਦਰ ਸਰਕਾਰ ਵੱਲੋਂ ਲਾਏ ਦੋਸ਼ਾਂ ਨੂੰ ਕਿਸਾਨਾਂ ਖਿਲਾਫ ਕੀਤਾ ਜਾ ਰਿਹਾ ਕੂੜ ਪ੍ਰਚਾਰ ਕਰਾਰ ਦਿੱਤਾ। ਦੱਸਣਯੋਗ ਹੈ ਕਿ ਬੀ.ਐਸ.ਐਫ. ਦੇ ਹਵਾਲੇ ਨਾਲ ਗ੍ਰਹਿ ਮੰਤਰਾਲੇ ਨੇ ਮੁੱਖ ਸਕੱਤਰ ਪੰਜਾਬ ਨੂੰ ਪੱਤਰ ਲਿਖਿਆ ਸੀ ਕਿ ਪੰਜਾਬ ਦੇ ਕਿਸਾਨ ਬਿਹਾਰ ਤੇ ਯੂਪੀ ਦੇ ਪ੍ਰਵਾਸੀ ਮਜ਼ਦੂਰਾਂ ਨੂੰ ਲਿਆ ਕੇ ਬੰਧੂਆ ਮਜ਼ਦੂਰ ਬਣਾ ਕੇ ਉਨ੍ਹਾਂ ਤੋਂ ਖੇਤਾਂ ਦਾ ਕੰਮ ਕਰਾਉਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦਾ ਪੱਤਰ ਕਿਸਾਨਾਂ ਦੇ ਅਕਸ ਨੂੰ ਢਾਹ ਲਾਉਣ ਦਾ ਯਤਨ ਹੈ।

## ਵਿਰੋਧ ਪਿੱਛੋਂ ਨਰਮ ਪਿਆ ਗ੍ਰਹਿ ਮੰਤਰਾਲਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਤੋਂ ਬਚਾਏ ਗਏ 58 'ਬੰਧੂਆ ਮਜ਼ਦੂਰਾਂ' ਦੀ ਮਾੜੀ ਹਾਲਤ ਸਬੰਧੀ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਨੂੰ ਕਿਸਾਨ ਅੰਦੋਲਨ ਨਾਲ ਜੋੜਨ ਬਾਰੇ ਮੀਡੀਆ 'ਚ ਆਈਆਂ ਖ਼ਬਰਾਂ ਨੂੰ 'ਤੋੜ-ਮਰੋੜ ਕੇ ਪੇਸ਼ ਕਰਨ' ਅਤੇ 'ਗੁੰਮਰਾਹ' ਕਰਨ ਵਾਲੀਆਂ ਕਰਾਰ ਦਿੱਤਾ ਤੇ ਕਿਹਾ ਕਿ ਕਾਨੂੰਨ ਪ੍ਰਬੰਧ ਦੇ ਮੁੱਦੇ 'ਤੇ ਆਮ ਵਾਰਤਾ ਦਾ ਗਲਤ ਮਤਲਬ ਨਹੀਂ ਕੱਢਿਆ ਜਾਣਾ ਚਾਹੀਦਾ। ਮੰਤਰਾਲੇ ਨੇ ਕਿਹਾ ਕਿ ਮੀਡੀਆ ਦੇ ਇਕ ਧੜੇ ਨੇ ਗਲਤ ਢੰਗ ਨਾਲ ਖ਼ਬਰ ਦਿੱਤੀ ਹੈ ਕਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਸੂਬੇ ਦੇ ਕਿਸਾਨਾਂ ਖਿਲਾਫ ਗੰਭੀਰ ਦੋਸ਼ ਲਗਾਏ ਹਨ।

## ਪੰਜਾਬ ਸਰਕਾਰ ਦੇ ਮਾਲੀਏ ਵਿਚ 31.91 ਫੀਸਦ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਵਿੱਤੀ ਸਾਲ 2020-2021 ਦੌਰਾਨ ਮਾਲੀਆ ਇਕੱਤਰ ਕਰਨ ਵਿਚ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 10,382.08 ਕਰੋੜ ਰੁਪਏ ਵਾਧਾ ਦਰਜ ਕੀਤਾ ਗਿਆ ਹੈ ਜੋ 31.91 ਫੀਸਦ ਬਣਦਾ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ 2020-21 ਦੌਰਾਨ ਕੁੱਲ 42918.34 ਕਰੋੜ ਰੁਪਏ ਮਾਲੀਆ ਇਕੱਠਾ ਹੋਇਆ ਜੋ 31.91 ਫੀਸਦੀ ਦੇ ਵਾਧੇ ਨੂੰ ਦਰਸਾਉਂਦਾ ਹੈ ਜਦਕਿ ਵਿੱਤੀ ਸਾਲ 2019-20 ਦੌਰਾਨ 32536.26 ਕਰੋੜ ਰੁਪਏ ਇਕੱਤਰ ਹੋਏ ਸਨ। 2020-21 ਦੌਰਾਨ ਵੈਟ ਅਤੇ ਸੀ.ਐਸ.ਟੀ. ਤੋਂ 6113.54 ਕਰੋੜ ਰੁਪਏ ਇਕੱਠੇ ਹੋਏ ਜਦਕਿ ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ ਇਹ ਰਾਸ਼ੀ 5408.12 ਕਰੋੜ ਰੁਪਏ ਤੱਕ ਹੀ ਅੱਪੜ ਸਕੀ ਸੀ। ਇਸ ਤਰ੍ਹਾਂ 705.42 ਕਰੋੜ (13.04 ਫੀਸਦੀ) ਦਾ ਵਾਧਾ ਦਰਜ ਕੀਤਾ ਗਿਆ।

# ਕਰੋਨਾ ਦੇ ਬਹਾਨੇ ਸਕੂਲ ਬੰਦ ਕਰਨ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਬਹਾਨੇ ਸਖਤੀ ਕਾਰਨ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਾ ਜਾਪ ਰਿਹਾ ਹੈ। ਸਾਲ 2020 ਵਿਚ 2-3 ਮਹੀਨੇ ਹੀ ਪੜ੍ਹਾਈ ਹੋ ਸਕੀ, ਪਰ ਜਦੋਂ ਪ੍ਰੀਖਿਆ ਦਾ ਸਮਾਂ ਆਇਆ ਤਾਂ ਇਕ ਵਾਰ ਸਕੂਲਾਂ ਨੂੰ 10 ਅਪਰੈਲ ਤੱਕ ਬੰਦ ਕਰ ਦਿੱਤਾ ਗਿਆ ਹੈ।

ਇਸ ਨੂੰ ਲੈ ਕੇ ਲੋਕਾਂ ਵਿਚ ਰੋਸ ਵਧ ਗਿਆ ਹੈ। ਇਸ ਵਾਰ ਸੰਗਰੂਰ, ਮਾਨਸਾ, ਫਿਰੋਜ਼ਪੁਰ, ਫਾਜ਼ਿਲਕਾ, ਅੰਮ੍ਰਿਤਸਰ, ਮੋਗਾ ਅਤੇ ਕਈ ਹੋਰ ਜ਼ਿਲ੍ਹਿਆਂ ਤੋਂ ਮਾਪੇ ਅਤੇ ਅਧਿਆਪਕ ਸਕੂਲ ਖੋਲ੍ਹਣ ਦੇ ਹੱਕ ਵਿਚ ਸੜਕਾਂ ਉਤੇ ਆ ਗਏ ਹਨ। ਮਾਪਿਆਂ ਤੇ ਅਧਿਆਪਕਾਂ ਦਾ ਤਰਕ ਹੈ ਕਿ ਹਜ਼ਾਰਾਂ ਦੇ ਇਕੱਠ ਦੀਆਂ ਸਿਆਸੀ ਰੈਲੀਆਂ, ਵਿਆਹ, ਭੋਗ, ਸੜਕਾਂ, ਬਾਜ਼ਾਰਾਂ ਆਦਿ ਵਿਚ ਖੁੱਲ੍ਹੀ ਛੁੱਟੀ ਹੈ ਪਰ ਸਕੂਲ, ਕੋਚਿੰਗ ਕੇਂਦਰ ਤੇ ਅਕੈਡਮੀਆਂ ਬੰਦ ਹੋਣ ਕਾਰਨ ਲੱਖਾਂ ਵਿਦਿਆਰਥੀ ਘਰ ਬੈਠ ਗਏ ਹਨ। ਜੇ ਇਹ ਵਿੱਦਿਅਕ ਵਰ੍ਹਾ ਵੀ ਇਸ ਤਰ੍ਹਾਂ ਹੀ ਨਿਕਲਦਾ ਹੈ ਤਾਂ ਪੰਜਾਬ ਦੇ ਵਿੱਦਿਅਕ ਪ੍ਰਬੰਧ ਅਤੇ ਪੜ੍ਹਾਈ ਦਾ ਮਿਆਰ 20 ਸਾਲ ਪਿੱਛੇ ਪੈ ਜਾਵੇਗਾ।

ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਦੇ ਸੱਦੇ 'ਤੇ ਵਿਦਿਆਰਥੀਆਂ ਦੇ ਮਾਪਿਆਂ, ਅਧਿਆਪਕਾਂ, ਨਿੱਜੀ ਸਕੂਲਾਂ ਨਾਲ ਸਬੰਧਤ ਬੱਸਾਂ ਦੇ ਅਮਲੇ ਅਤੇ ਦਰਜਾ ਚਾਰ ਕਰਮਚਾਰੀਆਂ ਨੇ ਸਕੂਲ ਬੰਦ ਕਰਨ ਦੇ ਸਰਕਾਰੀ ਫੈਸਲੇ ਨੂੰ 'ਸਿਆਸੀ ਕਰੋਨਾ' ਕਰਾਰ ਦਿੰਦਿਆਂ ਸਰਕਾਰ ਖਿਲਾਫ ਰੋਸ ਮਾਰਚ ਕੀਤਾ। ਡੀ.ਸੀ. ਦਫਤਰ ਅੱਗੇ ਪ੍ਰਦਰਸ਼ਨ ਮਗਰੋਂ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਸੌਂਪਦਿਆਂ ਪ੍ਰਦਰਸ਼ਨਕਾਰੀਆਂ ਨੇ ਕਰੋਨਾ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕਰਦਿਆਂ ਮੁੜ ਸਕੂਲ ਖੋਲ੍ਹਣ ਦੀ ਮੰਗ ਕੀਤੀ।

ਜ਼ਿਲ੍ਹੇ ਦੇ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੇ ਮਾਪੇ, ਅਧਿਆਪਕ, ਟਰਾਂਸਪੋਰਟਰ, ਡਰਾਈਵਰ, ਕੰਡਕਟਰ ਅਤੇ ਦਰਜਾ ਚਾਰ ਕਰਮਚਾਰੀ ਸਥਾਨਕ ਅਨਾਜ ਮੰਡੀ ਵਿਚ ਇਕੱਠੇ ਹੋਏ ਜਿਥੋਂ ਡੀ.ਸੀ. ਦਫਤਰ ਤੱਕ ਰੋਸ ਮਾਰਚ ਕੱਢਿਆ ਗਿਆ। ਡੀ.ਸੀ. ਦਫਤਰ ਅੱਗੇ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਨੇ ਕਿਹਾ ਕਿ ਸਰਕਾਰ ਦੇ ਸਕੂਲ ਬੰਦ ਕਰਨ ਦੇ ਫੈਸਲੇ ਖਿਲਾਫ ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਅੱਗੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਾਂਗ ਜੇਕਰ ਮੁੜ ਸਕੂਲ ਬੰਦ ਹੋ ਗਏ ਤਾਂ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਸਕੂਲਾਂ ਨਾਲ ਜੁੜੇ ਟਰਾਂਸਪੋਰਟਰਾਂ, ਕੰਡਕਟਰਾਂ, ਡਰਾਈਵਰਾਂ ਅਤੇ ਹੋਰ ਮੁਲਾਜ਼ਮਾਂ ਦੀ ਆਰਥਿਕ ਹਾਲਤ ਬਦਤਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਕਰੀਬ ਸਾਰਾ ਸਾਲ ਹੀ ਸਕੂਲ ਬੰਦ ਰਹਿਣ ਕਾਰਨ ਸਿਰਫ ਸਕੂਲ ਹੀ ਨਹੀਂ ਸਗੋਂ ਸਕੂਲਾਂ ਨਾਲ ਜੁੜਿਆ ਹਰ ਵਰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੂੰ ਵਿਦਿਆਰਥੀਆਂ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ ਕਿਉਂਕਿ ਜੇਕਰ ਇਕ ਵਾਰ ਫਿਰ ਵਿਦਿਆਰਥੀ ਸਕੂਲਾਂ ਤੋਂ ਦੂਰ ਹੋ ਗਏ ਤਾਂ ਇਸ ਘਾਟ ਨੂੰ ਕਈ ਸਾਲਾਂ ਤੱਕ ਪੂਰਿਆ ਨਹੀਂ ਜਾ ਸਕੇਗਾ।

# ਸਿੱਧੀ ਅਦਾਇਗੀ: ਕੈਪਟਨ ਸਰਕਾਰ ਵੱਲੋਂ ਕੇਂਦਰ ਦੀ ਘੂਰੀ ਨਜ਼ਰ-ਅੰਦਾਜ਼

## ਆੜ੍ਹਤੀਆਂ ਰਾਹੀਂ ਹੀ ਕਣਕ ਦੀ ਅਦਾਇਗੀ ਕਰਨ ਦਾ ਫੈਸਲਾ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਸਖਤ ਰੁਖ ਦੇ ਬਾਵਜੂਦ ਪੰਜਾਬ ਸਰਕਾਰ ਨੇ ਕਣਕ ਦੀ ਖਰੀਦ ਲਈ 'ਖਰੀਦ ਨੀਤੀ' ਜਾਰੀ ਕਰ ਦਿੱਤੀ ਹੈ, ਜਿਸ ਵਿਚ ਸਾਫ ਹੋ ਗਿਆ ਹੈ ਕਿ ਪੰਜਾਬ ਵਿਚ ਕਿਸਾਨਾਂ ਨੂੰ ਕਣਕ ਦੀ ਫਸਲ ਲਈ ਅਦਾਇਗੀ ਆੜ੍ਹਤੀ ਰਾਹੀਂ ਹੀ ਹੋਵੇਗੀ। ਖਰੀਦ ਏਜੰਸੀ ਵਿਚ ਕਿਧਰੇ ਵੀ ਕਿਸਾਨਾਂ ਨੂੰ ਜਿਣਸ ਦੀ ਸਿੱਧੀ ਅਦਾਇਗੀ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਨੇ ਨੀਤੀ ਜਾਰੀ ਕਰ ਕੇ ਸੂਬਾ ਸਰਕਾਰ ਦੇ 'ਅਨਾਜ ਖਰੀਦ ਪੋਰਟਲ' ਉਤੇ ਖਰੀਦ ਸਬੰਧੀ ਸਾਰੇ ਵੇਰਵੇ ਦਰਜ ਕਰਨ ਵਾਸਤੇ ਆਖ ਦਿੱਤਾ ਹੈ।

ਕੇਂਦਰ ਸਰਕਾਰ ਨਾਲ ਸਿੱਧੀ ਅਦਾਇਗੀ ਦੇ ਮਾਮਲੇ 'ਤੇ ਖਿੱਚੋਤਾਣ ਦੌਰਾਨ ਪੰਜਾਬ ਸਰਕਾਰ ਨੇ ਆੜ੍ਹਤੀਆਂ ਰਾਹੀਂ ਅਦਾਇਗੀ ਕਰਨ ਦਾ ਦੋ-ਟੁੱਕ ਫੈਸਲਾ ਲੈ ਲਿਆ ਹੈ ਜਦੋਂ ਕਿ ਕੇਂਦਰ ਸਰਕਾਰ ਵੱਲੋਂ ਇਸ ਮਾਮਲੇ 'ਤੇ ਹਾਲੇ ਕੋਈ ਹੁੰਗਾਰਾ ਨਹੀਂ ਭਰਿਆ ਗਿਆ ਹੈ। ਖਰੀਦ ਨੀਤੀ ਅਨੁਸਾਰ ਭਾਰਤੀ ਖੁਰਾਕ ਨਿਗਮ ਵੱਲੋਂ 26 ਲੱਖ ਮੀਟਰਕ ਟਨ (20 ਫੀਸਦੀ) ਫਸਲ ਦੀ ਖਰੀਦ ਕੀਤੀ ਜਾਣੀ ਹੈ ਜਿਸ ਦਾ ਮਤਲਬ ਹੈ ਕਿ ਪੰਜਾਬ ਦੀਆਂ ਕਰੀਬ 800 ਮੰਡੀਆਂ ਭਾਰਤੀ ਖੁਰਾਕ ਨਿਗਮ ਕੋਲ ਹੋਣਗੀਆਂ।

ਵੱਡਾ ਸੰਕਟ ਉਦੋਂ ਬਣਨ ਦਾ ਖਦਸ਼ਾ ਹੈ ਜਦੋਂ ਭਾਰਤੀ ਖੁਰਾਕ ਨਿਗਮ ਨੇ ਸਿੱਧੀ ਅਦਾਇਗੀ ਦਾ ਪੇਚ ਫਸਾ ਲੈਣਾ ਹੈ। ਪਤਾ ਲੱਗਾ ਹੈ ਕਿ ਆੜ੍ਹਤੀਆਂ ਨੇ ਪੰਜਾਬ ਦੀਆਂ ਖਰੀਦ ਏਜੰਸੀਆਂ ਦੀ ਮੰਗ ਸ਼ੁਰੂ ਕਰ ਦਿੱਤੀ ਹੈ। ਸੂਤਰ ਦੱਸਦੇ ਹਨ ਕਿ ਭਾਰਤੀ ਖੁਰਾਕ ਨਿਗਮ ਨੇ ਲੰਘੇ ਜੀਰੀ ਦੇ ਸੀਜ਼ਨ ਦੇ ਆੜ੍ਹਤੀਆਂ ਦੇ ਕਰੀਬ 131 ਕਰੋੜ ਰੁਪਏ ਦੇ ਬਕਾਏ ਹਾਲੇ ਤੱਕ ਨਹੀਂ ਦਿੱਤੇ ਹਨ ਜਿਸ ਕਰ ਕੇ ਆੜ੍ਹਤੀ ਭਾਰਤੀ ਖੁਰਾਕ ਨਿਗਮ ਤੋਂ ਪਾਸਾ ਵੱਟਣ ਲੱਗੇ ਹਨ। ਨੀਤੀ ਅਨੁਸਾਰ ਪੰਜਾਬ ਵਿਚ ਕਣਕ ਦੇ ਸੀਜ਼ਨ ਲਈ 1871 ਮੁੱਖ ਮੰਡੀ ਯਾਰਡ/ਸਬ ਯਾਰਡ ਐਲਾਨੇ ਗਏ ਹਨ ਜਦੋਂ ਕਿ 2800 ਵਾਧੂ ਆਰਜ਼ੀ ਕੇਂਦਰ ਖੋਲ੍ਹੇ ਗਏ ਹਨ। ਨੀਤੀ ਵਿਚ ਆੜ੍ਹਤੀਆਂ ਨੂੰ ਫਸਲ ਦੀ ਸਫਾਈ, ਤੁਲਾਈ ਆਦਿ ਦਾ ਪਹਿਲਾਂ ਵਾਂਗ ਹੀ ਕੰਮ ਸੌਂਪਿਆ ਗਿਆ ਹੈ। ਖਰੀਦ ਦਾ ਕੰਮ 10 ਅਪਰੈਲ ਤੋਂ ਸ਼ੁਰੂ ਹੋਵੇਗਾ ਅਤੇ ਰੋਜ਼ਾਨਾ 10 ਵਜੇ ਸਵੇਰ ਤੋਂ ਸ਼ਾਮ 6 ਵਜੇ ਤੱਕ ਬੋਲੀ ਲੱਗੇਗੀ। 31 ਮਈ ਤੱਕ ਖਰੀਦ ਦਾ ਕੰਮ ਚੱਲੇਗਾ। ਸਰਕਾਰ ਵੱਲੋਂ 130 ਲੱਖ ਮੀਟਰਕ ਟਨ ਕਣਕ ਦੀ ਖਰੀਦ ਦਾ ਟੀਚਾ ਮਿਥਿਆ ਗਿਆ ਹੈ। ਖਰੀਦ ਏਜੰਸੀਆਂ ਦੇ ਮੁਲਾਜ਼ਮਾਂ ਦੀਆਂ ਛੁੱਟੀਆਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਕਣਕ ਦੀ ਖਰੀਦ ਦੇ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਖਰੀਦ ਕਮੇਟੀ ਬਣੇਗੀ ਅਤੇ ਝਗੜਾ ਨਿਪਟਾਊ ਕਮੇਟੀਆਂ ਦਾ ਗਠਨ ਵੀ ਹੋਵੇਗਾ।





ਸਰਕਾਰ ਨੇ ਛੁੱਟੀ ਵਾਲੇ ਦਿਨ ਵੀ ਕਣਕ ਦੀ ਖਰੀਦ ਕਰਨ ਦਾ ਫੈਸਲਾ ਲਿਆ ਹੈ। ਨੀਤੀ ਵਿਚ ਕੋਵਿਡ ਹੈਲਥ ਪ੍ਰੋਟੋਕਾਲ ਵੀ ਜਾਰੀ ਕਰ ਦਿੱਤਾ ਗਿਆ ਹੈ। ਕਿਸਾਨਾਂ ਨੂੰ ਫਸਲ ਲਿਆਉਣ ਲਈ ਕੂਪਨ ਜਾਰੀ ਕੀਤੇ ਜਾਣਗੇ। ਲੋੜ ਅਨੁਸਾਰ ਹਰ ਮੰਡੀ ਨੂੰ ਰੋਜ਼ਾਨਾ ਬਾਰਦਾਨਾ ਜਾਰੀ ਕੀਤਾ ਜਾਵੇਗਾ। ਨੀਤੀ ਅਨੁਸਾਰ ਉਸ ਆੜ੍ਹਤੀਏ 'ਤੇ ਪੁਲਿਸ ਕੇਸ ਵੀ ਦਰਜ ਹੋ ਸਕੇਗਾ ਜੋ ਕਿਸਾਨਾਂ ਤੋਂ ਕਣਕ ਦੀ ਖਰੀਦ ਵਿਚ ਨਾਜਾਇਜ਼ ਕਟੌਤੀ ਕਰੇਗਾ।

ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿੱਧੀ ਅਦਾਇਗੀ ਦੇ ਮੁੱਦੇ ਉਤੇ ਆਪਸੀ ਸਹਿਮਤੀ ਬਣਾਉਣ ਤੱਕ ਕਿਸਾਨਾਂ ਨੂੰ ਅਦਾਇਗੀ ਕੀਤੇ ਜਾਣ ਦੀ ਮੌਜੂਦਾ ਪ੍ਰਣਾਲੀ ਜਾਰੀ ਰੱਖਣ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਕੈਪਟਨ ਨੇ ਉਨ੍ਹਾਂ ਪਾਸੋਂ ਮੌਜੂਦਾ ਪ੍ਰਣਾਲੀ ਨੂੰ ਬਦਲਣ ਨਾਲ ਸਥਿਤੀ ਹੱਥੋਂ ਬਾਹਰ ਨਿਕਲਣ ਤੋਂ ਪਹਿਲਾਂ ਵੱਖ-ਵੱਖ ਧਿਰਾਂ ਦੀਆਂ ਚਿੰਤਾਵਾਂ ਬਾਰੇ ਜਾਣੂ ਕਰਵਾਉਣ ਲਈ ਮੁਲਾਕਾਤ ਦੀ ਵੀ ਮੰਗ ਕੀਤੀ।

## ਪੰਜਾਬ ਦੀ ਆਰਥਿਕਤਾ ਤਬਾਹ ਕਰੇਗੀ ਸਿੱਧੀ ਅਦਾਇਗੀ: ਸਿੱਧੂ

**ਪਟਿਆਲਾ:** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿਚ ਸਿੱਧੀ ਅਦਾਇਗੀ ਨੂੰ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲਾਗੂ ਕਰਨ ਦਾ ਜਰੀਆ ਦੱਸਿਆ ਹੈ, ਪਰ ਅਸਲ ਵਿਚ ਇਹ ਸੁਚੱਜੇ ਮੰਡੀ ਪ੍ਰਬੰਧ 'ਚ ਵਿਘਨ ਪਾਉਣ ਦਾ ਕਾਰਨ ਬਣੇਗੀ। ਉਨ੍ਹਾਂ ਇਸ ਨੂੰ ਅੰਦੋਲਨ ਖਤਮ ਕਰਵਾਉਣ ਦੀ ਸਾਜ਼ਿਸ਼ ਦੱਸਿਆ ਤੇ ਕਿਹਾ ਕਿ ਸਿੱਧੀ ਅਦਾਇਗੀ ਦਾ ਮੰਤਵ ਖਰੀਦ 'ਚ ਵਿਘਨ ਪਾਉਣਾ ਤੇ ਖੇਤੀ ਆਰਥਿਕਤਾ ਨੂੰ ਬਰਬਾਦ ਕਰਨਾ ਹੈ। ਸਿੱਧੂ ਨੇ ਕਿਹਾ ਕਿਸਾਨਾਂ ਦੇ ਸੰਘਰਸ਼ ਤੋਂ ਬੁਖਲਾਇਆ ਕੇਂਦਰ ਪੰਜਾਬ 'ਚ ਮਾਹੌਲ ਖਰਾਬ ਕਰਨਾ ਚਾਹੁੰਦਾ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਮਿਲ ਕੇ ਕੇਂਦਰ ਸਰਕਾਰ ਦੇ ਹੱਲਿਆਂ ਦਾ ਸਾਹਮਣਾ ਕਰਨਾ ਪਵੇਗਾ।

## ਸਿੱਧੀ ਅਦਾਇਗੀ ਕੇਂਦਰ ਦਾ ਕਿਸਾਨਾਂ 'ਤੇ ਹੋਰ ਹਮਲਾ: ਚੜੂਨੀ

**ਸ਼ਾਹਬਾਦ ਮਾਰਕੰਡਾ:** ਭਾਰਤੀ ਕਿਸਾਨ ਯੂਨੀਅਨ (ਹਰਿਆਣਾ) ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਦੌਰਾਨ ਕਿਸਾਨਾਂ ਨੂੰ ਕਣਕ ਦੀ ਸਿੱਧੀ ਅਦਾਇਗੀ ਕਰਨ ਸਬੰਧੀ ਕੇਂਦਰ ਦਾ ਫੈਸਲਾ ਸੋਚੀ ਸਮਝੀ ਸਾਜ਼ਿਸ਼ ਹੈ। ਇਸ ਨਾਲ ਕੇਂਦਰ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਵਿਚਾਲੇ ਚੱਲੀ ਆ ਰਹੀ ਸਾਂਝ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਕਿਸਾਨ ਜਥੇਬੰਦੀਆਂ ਇਸ ਨੂੰ ਸਫਲ ਨਹੀਂ ਹੋਣ ਦੇਣਗੀਆਂ। ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਥਾਂ ਉਨ੍ਹਾਂ 'ਤੇ ਹੋਰ ਕਾਨੂੰਨ ਥੋਪ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਤੇ ਆੜ੍ਹਤੀ ਦਾ ਪੱਕਾ ਰਿਸ਼ਤਾ ਹੈ, ਕਿਉਂਕਿ ਹਰ ਮੁਸ਼ਕਲ ਸਮੇਂ ਆੜ੍ਹਤੀ ਹੀ ਕਿਸਾਨ ਦੇ ਕੰਮ ਆਉਂਦਾ ਹੈ ਪਰ ਸਰਕਾਰ ਇਹ ਰਿਸ਼ਤਾ ਤੋੜ ਕੇ ਕਿਸਾਨੀ ਨੂੰ ਢਾਹ ਲਾਉਣ ਦਾ ਯਤਨ ਕਰ ਰਹੀ ਹੈ।

# ਕੈਪਟਨ ਦੀ ਮੁਫਤ ਬੱਸ ਸਫਰ ਸਕੀਮ ਸ਼ੁਰੂ ਹੁੰਦਿਆਂ ਹੀ ਵਿਵਾਦਾਂ ਵਿਚ ਘਿਰੀ




**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਔਰਤਾਂ ਲਈ ਸਰਕਾਰੀ ਬੱਸਾਂ ਵਿਚ ਮੁਫਤ ਸਫਰ ਦੀ ਸਹੂਲਤ ਵਿਵਾਦਾਂ ਵਿਚ ਘਿਰਦੀ ਨਜ਼ਰ ਆ ਰਹੀ ਹੈ। ਸਰਕਾਰ ਦੇ ਇਸ ਐਲਾਨ ਪਿੱਛੋਂ ਜਿਥੇ ਸਰਕਾਰੀ ਬੱਸ ਚਾਲਕ ਔਰਤਾਂ ਨੂੰ ਬੱਸਾਂ ਵਿਚ ਚੜ੍ਹਾਉਣ ਤੋਂ ਟਲਣ ਲੱਗੇ ਹਨ, ਉਥੇ ਲੜਾਈ-ਝਗੜੇ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ।

ਅਜਿਹਾ ਹੀ ਇਕ ਮਾਮਲਾ ਰੂਪਨਗਰ ਵਿਚ ਸਾਹਮਣੇ ਆਇਆ ਹੈ, ਜਿਥੇ ਇਕ ਲੜਕੀ ਦੇ ਪਿਤਾ ਅਤੇ ਬੱਸ ਕੰਡਕਟਰ ਵਿਚਕਾਰ ਲੜਕੀ ਦੀ ਟਿਕਟ ਕੱਟਣ ਦੇ ਮਾਮਲੇ ਨੂੰ ਲੈ ਕੇ ਹੱਥੋਪਾਈ ਹੋ ਗਈ, ਜਿਸ ਦੌਰਾਨ ਲੜਕੀ ਦੇ ਪਿਤਾ ਤੇ ਪਿੰਡ ਖੁਆਸਪੁਰਾ ਦੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਦੀ ਪੱਗ ਵੀ ਉਤਰ ਗਈ। ਇਸ ਤਰ੍ਹਾਂ ਦੀਆਂ ਕਈ ਵੀਡੀਓ ਸਾਹਮਣੇ ਆ ਰਹੀਆਂ ਹਨ ਜਦੋਂ ਸਰਕਾਰੀ ਬੱਸਾਂ ਦੀ ਡਰਾਇਵਰ ਮਹਿਲਾ ਸਵਾਰੀਆਂ ਨੂੰ ਵੇਖ ਬੱਸਾਂ ਭਜਾ ਲੈਂਦੇ ਹਨ।

ਇਹ ਵੀ ਸਵਾਲ ਉਠ ਰਹੇ ਹਨ ਕਿ ਪੇਂਡੂ ਸੜਕਾਂ 'ਤੇ ਸਰਕਾਰੀ ਬੱਸਾਂ ਦੇ ਟਾਵੇਂ-ਟਾਵੇਂ ਰੂਟ ਪਰਮਿਟ ਹਨ ਜਿਸ ਕਰ ਕੇ ਪੇਂਡੂ ਔਰਤਾਂ ਨੂੰ ਮੁਫਤ ਸਫਰ ਦਾ ਵਧੇਰਾ ਫਾਇਦਾ ਨਹੀਂ ਮਿਲ ਸਕੇਗਾ। ਇਹ ਸਹੂਲਤ ਸਿਰਫ ਪੰਜਾਬ ਵਿਚ ਲਾਗੂ ਕੀਤੀ ਗਈ ਹੈ ਜਦੋਂ ਕਿ ਚੰਡੀਗੜ੍ਹ ਪੁੱਜੀਆਂ ਮਹਿਲਾਵਾਂ ਨੂੰ ਟਿਕਟ ਲੈਣੀ ਪਵੇਗੀ। ਉਂਜ ਵੀ ਸੂਬੇ 'ਚ ਔਰਤਾਂ ਲਈ ਸ਼ੁਰੂ ਕੀਤੀ ਮੁਫਤ ਸਫਰ ਦੀ ਸਹੂਲਤ ਪੰਜਾਬ ਸਰਕਾਰ ਨੂੰ ਹਰ ਸਾਲ 471 ਕਰੋੜ ਰੁਪਏ 'ਚ ਪਏਗੀ। ਇਹ ਸਹੂਲਤ ਪੀ.ਆਰ.ਟੀ.ਸੀ, ਪੰਜਾਬ ਰੋਡਵੇਜ਼ ਤੇ ਪਨਬੱਸ ਦੀਆਂ ਸਾਧਾਰਨ ਬੱਸਾਂ 'ਚ ਉਪਲਬਧ ਹੈ। ਸਰਕਾਰੀ ਅੰਕੜਿਆਂ ਮੁਤਾਬਕ ਉਕਤ ਤਿੰਨਾਂ ਅਦਾਰਿਆਂ ਦੇ ਮਾਲੀਏ 'ਤੇ ਰੋਜ਼ਾਨਾ 1.31 ਕਰੋੜ, ਪ੍ਰਤੀ ਮਹੀਨਾ ਕਰੀਬ 39 ਕਰੋੜ ਅਤੇ ਸਾਲਾਨਾ ਕਰੀਬ 471 ਕਰੋੜ ਦਾ ਅਸਰ ਪਵੇਗਾ। ਪਹਿਲਾਂ ਮੁਫਤ ਬੱਸ ਸਫਰ ਕਰਨ ਵਾਲੇ 18 ਵਰਗਾਂ ਦੇ ਕਿਰਾਏ ਦੀ ਭਰਪਾਈ ਤਾਂ ਸਰਕਾਰ ਕਰਦੀ ਹੈ ਪਰ ਨਵੀਂ ਸਕੀਮ ਦੇ ਕਿਰਾਏ ਦੀ ਭਰਪਾਈ ਬਾਬਤ ਸਰਕਾਰ ਨੇ ਅਜੇ ਸਥਿਤੀ ਸਪੱਸ਼ਟ ਨਹੀਂ ਕੀਤੀ।

ਪਟਿਆਲਾ ਸਥਿਤ ਮੁੱਖ ਦਫਤਰ ਵਾਲੀ ਪੀ.ਆਰ.ਟੀ.ਸੀ. ਨੂੰ 1107 ਬੱਸਾਂ ਚਲਾ ਕੇ ਰੋਜ਼ਾਨਾ ਸਵਾ ਕਰੋੜ ਦਾ ਮਾਲੀਆ ਇਕੱਤਰ ਹੁੰਦਾ ਹੈ। ਜਿਸ ਵਿਚੋਂ 60 ਲੱਖ ਤਾਂ ਡੀਜ਼ਲ 'ਤੇ ਖਰਚ ਹੋ ਜਾਂਦਾ ਹੈ। ਜਦਕਿ ਹੁਣ ਔਰਤਾਂ ਲਈ ਮੁਫਤ ਬੱਸ ਸਫਰ ਤਹਿਤ ਰੋਜ਼ਾਨਾ ਦੇ ਮਾਲੀਏ ਵਿਚੋਂ 50 ਲੱਖ ਹੋਰ ਘਟਿਆ ਕਰਨਗੇ ਤੇ ਰੋਜ਼ਾਨਾ ਵੀਹ ਲੱਖ ਹੀ ਪੱਲੇ ਪਿਆ ਕਰੇਗਾ।

ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝਦੀ ਆ ਰਹੀ ਪੀ.ਆਰ.ਟੀ.ਸੀ. ਦਾ ਪਹਿਲਾਂ ਹੀ 18 ਵਰਗਾਂ ਨੂੰ ਮੁਫਤ ਬੱਸ ਸਫਰ ਦੀ ਸਹੂਲਤ ਦੇਣ ਕਾਰਨ ਸਰਕਾਰ ਵੱਲ ਸੌ ਕਰੋੜ (ਇਕ ਅਰਬ) ਤੋਂ ਵੀ ਵੱਧ ਦਾ ਬਕਾਇਆ ਖੜ੍ਹਾ ਹੈ। ਇਸ ਬਕਾਇਆ ਰਾਸ਼ੀ ਵਿਚੋਂ ਸਭ ਤੋਂ ਵੱਧ 70 ਕਰੋੜ ਡੀ.ਪੀ.ਆਈ. (ਸਕੂਲਜ਼) ਦਾ ਹੈ, 50 ਕਰੋੜ ਡੀ.ਪੀ.ਆਈ. ਕਾਲਜਾਂ ਅਤੇ 11.86 ਕਰੋੜ ਮੈਡੀਕਲ ਕਾਲਜਾਂ ਦਾ ਹੈ। ਪੁਲਿਸ ਵਿਭਾਗ ਅਤੇ ਅਪਾਹਜਾਂ ਦਾ ਦੋ-ਦੋ ਕਰੋੜ ਜਦਕਿ 60 ਸਾਲਾ ਔਰਤਾਂ ਦੇ ਸਫਰ ਦਾ ਇਕ ਕਰੋੜ ਬਕਾਇਆ ਹੈ। ਅਜ਼ਾਦੀ ਘੁਲਾਟੀਆਂ ਅਤੇ ਹੋਰ ਵਰਗਾਂ ਦੇ ਸਫਰ ਦਾ ਬਕਾਇਆ ਵੀ ਰਹਿੰਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰੀ ਬੱਸਾਂ ਵਿਚ ਔਰਤਾਂ ਦੇ ਮੁਫਤ ਸਫਰ ਦੀ ਸਹੂਲਤ ਦਾ ਆਗਾਜ਼ ਕੀਤਾ। ਤਕਰੀਬਨ ਚਾਰ ਵਰ੍ਹਿਆਂ ਦੀ ਉਡੀਕ ਮਗਰੋਂ ਔਰਤਾਂ ਨੇ ਸਰਕਾਰੀ ਬੱਸਾਂ ਵਿਚ ਮੁਫਤ ਸਫਰ ਕੀਤਾ। ਦੂਜੇ ਪਾਸੇ ਦਰਮਿਆਨੇ ਪ੍ਰਾਈਵੇਟ ਬੱਸ ਮਾਲਕਾਂ ਨੂੰ ਇਸ ਨਵੀਂ ਸਕੀਮ ਕਰ ਕੇ ਵਿੱਤੀ ਘਾਟਾ ਪੈਣ ਦਾ ਤੌਖਲਾ ਬਣ ਗਿਆ ਹੈ। ਪੰਜਾਬ ਸਰਕਾਰ ਦੀ ਇਸ ਮੁਫਤ ਬੱਸ ਸਫਰ ਸਕੀਮ ਦਾ ਵੱਡੇ ਘਰਾਣਿਆਂ ਦੀ ਪ੍ਰਾਈਵੇਟ ਬੱਸ ਸੇਵਾ 'ਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਸਰਕਾਰ ਦੀ ਇਹ ਸਕੀਮ ਸਰਕਾਰੀ ਏਸੀ ਬੱਸਾਂ 'ਤੇ ਲਾਗੂ ਨਹੀਂ ਕੀਤੀ ਗਈ ਹੈ। ਮੁਫਤ ਬੱਸ ਸਫਰ ਸਹੂਲਤ ਦਾ ਵੱਡਾ ਲਾਹਾ ਸਰਕਾਰੀ ਤੇ ਪ੍ਰਾਈਵੇਟ ਮਹਿਲਾ ਮੁਲਾਜ਼ਮਾਂ ਨੂੰ ਵੀ ਮਿਲੇਗਾ। ਪੰਜਾਬ ਸਰਕਾਰ ਵੱਲੋਂ ਪਹਿਲਾਂ ਔਰਤਾਂ ਦੀ ਅੱਧੀ ਟਿਕਟ ਮੁਆਫ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਮਗਰੋਂ ਹੁਣ ਔਰਤਾਂ ਲਈ ਮੁਫਤ ਸਫਰ ਦੀ ਸਹੂਲਤ ਐਲਾਨ ਦਿੱਤੀ ਗਈ ਜਿਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਸਾਰੀਆਂ ਮਹਿਲਾਵਾਂ ਸਿਰਫ ਆਧਾਰ ਜਾਂ ਵੋਟਰ ਜਾਂ ਕੋਈ ਵੀ ਯੋਗ ਸ਼ਨਾਖਤੀ ਕਾਰਡ ਦਿਖਾ ਕੇ ਸੂਬੇ ਅੰਦਰ ਚੱਲਣ ਵਾਲੀਆਂ ਸਾਰੀਆਂ ਨਾਨ-ਏਸੀ ਬੱਸਾਂ ਵਿਚ ਮੁਫਤ ਸਫਰ ਕਰ ਸਕਦੀਆਂ ਹਨ।

## ਔਰਤਾਂ ਲਈ ਮੁਫ਼ਤ ਬੱਸ ਸਫਰ ਦਾ ਐਲਾਨ ਖੋਖਲਾ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਕੈਪਟਨ ਸਰਕਾਰ ਵੱਲੋਂ ਔਰਤਾਂ ਲਈ ਮੁਫਤ ਬੱਸ ਸਫਰ ਦੇ ਐਲਾਨ ਨੂੰ ਖੋਖਲਾ ਵਾਅਦਾ ਕਰਾਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਨ। ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਦਿੱਲੀ ਦੀ ਕੇਜਰੀਵਾਲ ਸਰਕਾਰ ਦੀਆਂ ਯੋਜਨਾਵਾਂ ਦੀ ਨਕਲ ਕਰਦੇ ਹੋਏ ਪੰਜਾਬ ਦੀਆਂ ਔਰਤਾਂ ਲਈ ਮੁਫ਼ਤ ਬੱਸ ਸਫਰ ਦਾ ਐਲਾਨ ਕੀਤਾ ਹੈ ਪਰ ਪੰਜਾਬ ਦੇ ਜ਼ਿਆਦਾਤਰ ਰੂਟਾਂ 'ਤੇ ਨਿੱਜੀ ਬੱਸਾਂ ਦਾ ਕਬਜ਼ਾ ਹੈ। ਸਰਕਾਰ ਨੇ ਪ੍ਰਾਈਵੇਟ ਬੱਸਾਂ 'ਚ ਮੁਫ਼ਤ ਸਫਰ ਦੀ ਸਹੂਲਤ ਨਹੀਂ ਦਿੱਤੀ ਅਤੇ ਨਾ ਹੀ ਉਨ੍ਹਾਂ ਦੇ ਕਿਰਾਏ ਵਿਚ ਘਟਾਉਣ ਦਾ ਐਲਾਨ ਕੀਤਾ ਹੈ। ਸਰਕਾਰੀ ਬੱਸਾਂ ਵਿਚੋਂ ਵੀ ਏਸੀ ਅਤੇ ਵੋਲਵੋ ਬੱਸਾਂ ਨੂੰ 'ਚ ਮੁਫਤ ਸਫਰ ਦੀ ਸਹੂਲਤ ਨਹੀਂ ਦਿੱਤੀ। ਏਸੀ ਰਹਿਤ ਸਰਕਾਰੀ ਬੱਸਾਂ 'ਚ ਔਰਤਾਂ ਲਈ ਮੁਫਤ ਸਫਰ ਦੀ ਸਹੂਲਤ ਦੇ ਕੇ ਕੈਪਟਨ ਸਰਕਾਰ ਖੁਦ ਨੂੰ ਥਾਪੜਾ ਦੇ ਰਹੀ ਹੈ।

# ਪੰਜਾਬ ਦੀਆਂ ਨੌਂ ਪੰਚਾਇਤਾਂ ਨੂੰ ਕੌਮੀ ਇਨਾਮ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਐਲਾਨੇ ਕੌਮੀ ਐਵਾਰਡਾਂ ਵਿਚੋਂ ਪੰਜਾਬ ਦੇ ਪਿੰਡ ਮਾਣਕਖਾਨਾ (ਬਠਿੰਡਾ) ਦੀ ਗਰਾਮ ਪੰਚਾਇਤ ਦੀ ਝੋਲੀ ਦੋ ਕੌਮੀ ਐਵਾਰਡ ਪਏ ਹਨ। ਪੰਜਾਬ ਦੀ ਐਤਕੀਂ ਇਹ ਇਕਲੌਤੀ ਗਰਾਮ ਪੰਚਾਇਤ ਹੈ, ਜਿਸ ਨੂੰ ਇਕੋ ਵੇਲੇ ਦੋ ਕੌਮੀ ਐਵਾਰਡ ਮਿਲੇ ਹਨ। ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰਾਲੇ ਵੱਲੋਂ ਜ਼ਿਲ੍ਹਾ ਬਠਿੰਡਾ ਦੀ ਮਾਣਕਖਾਨਾ ਗ੍ਰਾਮ ਪੰਚਾਇਤ ਦੀ 'ਨਾਨਾ ਜੀ ਦੇਸ਼ਮੁਖ ਗੌਰਵ ਗ੍ਰਾਮ ਸਭਾ ਪੁਰਸਕਾਰ' ਅਤੇ 'ਦੀਨ ਦਿਆਲ ਉਪਾਧਿਆਇ ਪੰਚਾਇਤ ਸਸ਼ਕਤੀਕਰਨ ਪੁਰਸਕਾਰ' ਲਈ ਚੋਣ ਕੀਤੀ ਗਈ ਹੈ।

ਪਿੰਡ ਮਾਣਕਖਾਨਾ ਦੀ ਮਹਿਲਾ ਸਰਪੰਚ ਸੈਸ਼ਨਦੀਪ ਕੌਰ ਉਚੇਰੀ ਵਿੱਦਿਆ ਵੀ ਹਾਸਲ ਕਰ ਰਹੀ ਹੈ। ਸਰਪੰਚ ਸੈਸ਼ਨਦੀਪ ਕੌਰ ਅਤੇ ਗਰਾਮ ਸੇਵਕ ਪਰਮਜੀਤ ਭੁੱਲਰ ਨੇ ਆਖਿਆ ਕਿ ਮਾਣਕਖਾਨਾ ਨੇ ਪੇਂਡੂ ਵਿਕਾਸ 'ਚ ਨਵਾਂ ਅਧਿਆਇ ਲਿਖਿਆ ਹੈ। ਪੰਜਾਬ ਦੀਆਂ ਨੌਂ ਗਰਾਮ ਪੰਚਾਇਤਾਂ ਦੀ ਝੋਲੀ ਕੌਮੀ ਐਵਾਰਡ ਪਏ ਹਨ। ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੀਮਾ ਜੈਨ ਨੇ ਦੱਸਿਆ ਕਿ ਮਾਣਕਖਾਨਾ ਪੰਚਾਇਤ ਤੋਂ ਇਲਾਵਾ ਕਪੂਰਥਲਾ ਦੀ ਗਰਾਮ ਪੰਚਾਇਤ ਸੰਘੋਜਾਲਾ, ਅੰਮ੍ਰਿਤਸਰ ਦੀ ਗਰਾਮ ਪੰਚਾਇਤ ਮਹਿਤਾ, ਫਰੀਦਕੋਟ ਦੀ ਗਰਾਮ ਪੰਚਾਇਤ ਮਚਾਕੀ ਕਲਾਂ, ਲੁਧਿਆਣਾ ਦੀ ਗਰਾਮ ਪੰਚਾਇਤ ਗੁਰੂਗੜ੍ਹ, ਪਟਿਆਲਾ ਦੀ ਗਰਾਮ ਪੰਚਾਇਤ ਦੇਵੀਨਗਰ ਅਤੇ ਫ਼ਾਜ਼ਿਲਕਾ ਦੀ ਗਰਾਮ ਪੰਚਾਇਤ ਸ਼ੇਰ ਕਲੰਦਰ ਦੀ 'ਦੀਨ ਦਿਆਲ ਉਪਾਧਿਆਇ ਪੰਚਾਇਤ ਸਸ਼ਕਤੀਕਰਨ ਪੁਰਸਕਾਰ ਲਈ' ਚੋਣ ਕੀਤੀ ਗਈ ਹੈ। ਇਸੇ ਤਰ੍ਹਾਂ ਕਪੂਰਥਲਾ ਦੀ ਨੂਰਪੁਰ ਲੁਬਾਣਾ ਗ੍ਰਾਮ ਪੰਚਾਇਤ ਨੂੰ 'ਬਾਲ-ਮਿੱਤਰਤਾਈ ਪੁਰਸਕਾਰ', ਗੁਰਦਾਸਪੁਰ ਦੀ ਛੀਨਾ ਗ੍ਰਾਮ ਪੰਚਾਇਤ ਨੂੰ 'ਗ੍ਰਾਮ ਪੰਚਾਇਤ ਵਿਕਾਸ ਵਿਉਂਤਬੰਦੀ ਪੁਰਸਕਾਰ' ਹਾਸਲ ਹੋਏ ਹਨ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਐਵਾਰਡ ਜੇਤੂਆਂ ਨੂੰ ਮੁਬਾਰਕਬਾਦ ਦਿੱਤੀ। ਅਧਿਕਾਰੀ ਡਾ. ਰੋਜ਼ੀ ਵੈਦ ਨੇ ਦੱਸਿਆ ਕਿ ਚੁਣੀਆਂ ਪੰਚਾਇਤਾਂ ਨੂੰ ਪੁਰਸਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਲੀ ਵਿਚ 'ਕੌਮੀ ਪੰਚਾਇਤੀ ਰਾਜ ਦਿਵਸ' ਮੌਕੇ 21 ਅਪਰੈਲ ਨੂੰ ਹੋਣ ਵਾਲੇ ਸਮਾਗਮ ਵਿਚ ਦਿੱਤੇ ਜਾਣਗੇ। ਜ਼ਿਲ੍ਹਾ ਪਰਿਸ਼ਦ ਨੂੰ ਤਕਰੀਬਨ 50 ਲੱਖ, ਬਲਾਕ ਸਮਿਤੀ ਨੂੰ 25 ਲੱਖ ਅਤੇ ਗਰਾਮ ਪੰਚਾਇਤ ਨੂੰ ਤਕਰੀਬਨ 10 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ।

# ਮਹਿੰਗੀ ਬਿਜਲੀ ਵਿਰੁੱਧ ਜਨ ਅੰਦੋਲਨ ਛੇੜੇਗੀ 'ਆਪ'

**ਜਲੰਧਰ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ 'ਚ ਮਹਿੰਗੀ ਬਿਜਲੀ ਵਿਰੁੱਧ ਜਨ ਅੰਦੋਲਨ ਛੇੜਨ ਦਾ ਐਲਾਨ ਕੀਤਾ ਹੈ। ਪਾਰਟੀ ਦੇ ਸੂਬਾ ਪ੍ਰਧਾਨ ਤੇ ਲੋਕ ਸਭਾ ਮੈਂਬਰ ਭਗਵੰਤ ਮਾਨ, ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਤੇ ਸਹਿ-ਇੰਚਾਰਜ ਰਾਘਵ ਚੱਢਾ ਨੇ ਕਿਹਾ ਕਿ ਕੈਪਟਨ ਸਰਕਾਰ ਦਿੱਲੀ ਦੀ ਤਰਜ਼ 'ਤੇ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਦੇਵੇ।



'ਆਪ' ਆਗੂਆਂ ਨੇ ਕਿਹਾ ਕਿ ਦਿੱਲੀ ਬਿਜਲੀ ਪੈਦਾ ਕਰਨ ਵਾਲਾ ਸੂਬਾ ਨਹੀਂ ਹੈ, ਫਿਰ ਵੀ ਉਥੇ ਮੁੱਲ ਖਰੀਦ ਕੇ ਵੀ ਲੋਕਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਜਦਕਿ ਪੰਜਾਬ ਬਿਜਲੀ ਪੈਦਾ ਕਰਨ ਵਾਲਾ ਸੂਬਾ ਹੈ, ਫਿਰ ਵੀ ਇਥੇ ਬਿਜਲੀ ਦੀਆਂ ਦਰਾਂ ਸਭ ਤੋਂ ਵੱਧ ਹਨ। ਭਗਵੰਤ ਮਾਨ ਨੇ ਕਿਹਾ ਕਿ ਬਿਜਲੀ ਕੰਪਨੀਆਂ ਨਾਲ ਜਿਹੜਾ ਇਕਰਾਰ ਕੀਤਾ ਸੀ, ਉਹ ਇਕ ਤਰ੍ਹਾਂ ਨਾਲ ਪੰਜਾਬ ਦੇ ਲੋਕਾਂ ਨੂੰ ਲੁੱਟਣ ਦੇ ਸਮਝੌਤੇ 'ਤੇ ਸਹੀ ਪਾਈ ਗਈ ਸੀ। ਜਰਨੈਲ ਸਿੰਘ ਅਤੇ ਰਾਘਵ ਚੱਢਾ ਨੇ ਦਿੱਲੀ ਅਤੇ ਪੰਜਾਬ ਦੇ ਲੋਕਾਂ ਦੇ ਘਰਾਂ ਦੇ ਬਿੱਲ ਬਿਜਲੀ ਦਿਖਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਉਹ ਦਿੱਲੀ ਵਾਂਗ ਬਿਜਲੀ ਬਿੱਲ ਘੱਟ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚ ਆਮ ਆਦਮੀ ਪਾਰਟੀ ਹਰ ਜ਼ਿਲ੍ਹੇ, ਹਰ ਪਿੰਡ, ਹਰ ਬਲਾਕ, ਹਰ ਸ਼ਹਿਰ, ਹਰ ਗਲੀ ਵਿਚ ਬਿੱਲ ਸਾੜੇਗੀ। ਇਸ ਮਗਰੋਂ 'ਆਪ' ਆਗੂਆਂ ਨੇ ਬਿਜਲੀ ਦੇ ਬਿੱਲ ਸਾੜ ਕੇ ਆਪਣਾ ਰੋਸ ਪ੍ਰਗਟਾਇਆ।

# ਕਰੋਨਾ ਦੇ ਦੂਜੇ ਹੱਲੇ ਦੀ ਮਾਰ ਹੇਠ ਆਇਆ ਪੰਜਾਬ



**ਨਵੀਂ ਦਿੱਲੀ:** ਪੰਜਾਬ ਕਰੋਨਾ ਦੀ ਦੂਜੀ ਲਹਿਰ ਦੇ ਲਪੇਟੇ ਵਿਚ ਆਇਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ, ਪੰਜਾਬ ਅਤੇ ਛੱਤੀਸਗੜ੍ਹ ਵਿਚ ਕੇਂਦਰੀ ਮਾਹਰਾਂ ਦੀਆਂ ਟੀਮਾਂ ਤਾਇਨਾਤ ਕਰਨ ਦਾ ਨਿਰਦੇਸ਼ ਦਿੱਤਾ ਹੈ, ਕਿਉਂਕਿ ਇਨ੍ਹਾਂ ਰਾਜਾਂ ਵਿਚ ਕਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਤੇਜੀ ਨਾਲ ਵਧ ਰਹੀ ਹੈ। ਪੰਜਾਬ ਵਿਚ ਪਿਛਲੇ ਪੰਦਰਵਾੜੇ ਦੌਰਾਨ ਹੋਈਆਂ ਮੌਤਾਂ ਭਾਰਤ ਵਿਚ ਇਸ ਸਮੇਂ ਦੌਰਾਨ ਹੋਈਆਂ ਕੁੱਲ ਕੋਵਿਡ ਮੌਤਾਂ ਦਾ 16.7 ਫੀਸਦੀ ਹੈ। ਮੁਲਕ ਵਿਚ ਕਰੋਨਾ ਮਾਮਲੇ ਅਤੇ ਮੌਤਾਂ ਦੀ ਗਿਣਤੀ ਤੇਜੀ ਨਾਲ ਵਧੀ ਹੈ, ਜਿਸ ਵਿਚ 10 ਸੂਬਿਆਂ ਦਾ 91 ਫੀਸਦੀ ਤੋਂ ਵਧ ਦਾ ਯੋਗਦਾਨ ਹੈ।

ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਕਰੋਨਾ ਦੀ ਦੂਜੀ ਲਹਿਰ ਦੇ ਚੱਲਦਿਆਂ 10 ਸੂਬਿਆਂ 'ਚ ਕੋਵਿਡ-19 ਦੇ ਨਵੇਂ ਕੇਸਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਸੂਬਿਆਂ ਵਿਚੋਂ 91 ਫੀਸਦੀ ਤੋਂ ਵੱਧ ਲਾਗ ਤੋਂ ਪੀੜਤ ਮਿਲੇ ਹਨ। ਇਨ੍ਹਾਂ ਸੂਬਿਆਂ 'ਚ ਮਹਾਰਾਸ਼ਟਰ, ਕਰਨਾਟਕ, ਛੱਤੀਸਗੜ੍ਹ, ਦਿੱਲੀ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੰਜਾਬ ਅਤੇ ਮੱਧ ਪ੍ਰਦੇਸ਼ ਸ਼ਾਮਲ ਹਨ। ਫੀਸਦ ਦੇ ਹਿਸਾਬ ਨਾਲ ਪੰਜਾਬ 'ਚ ਸਰਗਰਮ ਕੇਸਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਦਰਜ ਹੋਈ ਹੈ। ਕਰੋਨਾ ਵਾਇਰਸ ਲਾਗ ਦਾ ਇਲਾਜ ਕਰਵਾ ਰਹੇ 77.3 ਫੀਸਦੀ ਪੰਜ ਸੂਬਿਆਂ ਮਹਾਰਾਸ਼ਟਰ, ਕਰਨਾਟਕ, ਛੱਤੀਸਗੜ੍ਹ, ਕੇਰਲ ਅਤੇ ਪੰਜਾਬ 'ਚ ਹਨ। ਸਿਰਫ ਮਹਾਰਾਸ਼ਟਰ 'ਚ ਹੀ 59.36 ਫੀਸਦ ਮਰੀਜ਼ ਇਲਾਜ ਕਰਵਾ ਰਹੇ ਹਨ।

ਸੀ.ਐਸ.ਆਈ.ਆਰ-ਸੀ.ਸੀ.ਐਮ.ਬੀ. ਦੇ ਡਾਇਰੈਕਟਰ ਰਾਕੇਸ਼ ਮਿਸ਼ਰਾ ਨੇ ਕਿਹਾ ਹੈ ਕਿ ਪੰਜਾਬ 'ਚ ਯੂਕੇ ਦਾ ਕਰੋਨਾ ਰੂਪ ਆਉਂਦੇ ਦਿਨਾਂ 'ਚ ਵੱਡਾ ਖਤਰਾ ਬਣ ਸਕਦਾ ਹੈ ਪਰ ਅਜੇ ਕੋਈ ਘਬਰਾਉਣ ਦੀ ਲੋੜ ਨਹੀਂ ਹੈ। ਉਂਜ ਮਹਾਰਾਸ਼ਟਰ 'ਚ ਕਰੋਨਾ ਦਾ ਮਿਲਿਆ ਦੋਹਰਾ ਰੂਪ ਚਿੰਤਾ ਦਾ ਵਿਸ਼ਾ ਹੈ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਪੰਜਾਬ 'ਚ ਕੁਝ ਲੋਕ ਇੰਗਲੈਂਡ ਤੋਂ ਆਏ ਹੋਣਗੇ ਅਤੇ ਫਿਰ ਉਨ੍ਹਾਂ ਦੇ ਸੂਬੇ 'ਚ ਕਈ ਥਾਵਾਂ 'ਤੇ ਜਾਣ ਕਰਕੇ ਕਰੋਨਾ ਦਾ ਨਵਾਂ ਰੂਪ ਉਥੇ ਫੈਲ ਗਿਆ।

## ਕੋਵਿਡ ਲਹਿਰ ਕਾਰਨ ਸਖਤ ਕਦਮ ਚੁੱਕਣੇ ਜ਼ਰੂਰੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਵਿਡ ਮਹਾਮਾਰੀ ਦੀ ਦੂਸਰੀ ਲਹਿਰ ਤੋਂ ਬਚਣ ਲਈ ਸਖਤ ਕਦਮ ਚੁੱਕਣੇ ਜ਼ਰੂਰੀ ਹੋ ਗਏ ਹਨ। ਮੁੱਖ ਮੰਤਰੀ ਨੇ 'ਫੇਸਬੁੱਕ ਲਾਈਵ' ਜ਼ਰੀਏ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਏਗੀ ਅਤੇ ਲੋਕ ਆਪਣੀ ਜ਼ਿੰਮੇਵਾਰੀ ਸਮਝਣ। ਉਨ੍ਹਾਂ ਕਿਹਾ ਕਿ ਕਈ ਜ਼ਿਲ੍ਹਿਆਂ ਵਿਚ ਰਾਤ੍ਰੀ ਕਰਫਿਊ ਲੋਕਾਂ ਨੂੰ ਤੰਗ ਕਰਨ ਵਾਸਤੇ ਨਹੀਂ ਬਲਕਿ ਕੋਵਿਡ ਤੋਂ ਬਚਾਅ ਲਈ ਲਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੂਸਰੀ ਲਹਿਰ ਮਗਰੋਂ ਪੰਜਾਬ ਵਿਚ ਹਾਲਾਤ ਵਿਗੜਨ ਲੱਗੇ ਹਨ ਅਤੇ ਮੌਤ ਦਰ ਤੋਂ ਇਲਾਵਾ ਪਾਜ਼ੀਟਿਵ ਕੇਸਾਂ ਦੀ ਦਰ ਵਿਚ ਵੀ ਵਾਧਾ ਹੋਣ ਲੱਗਾ ਹੈ। ਉਨ੍ਹਾਂ ਕਿਹਾ ਕਿ ਕੋਵਿਡ ਲਹਿਰ ਕਿੰਨਾ ਸਮਾਂ ਚੱਲੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਸ ਤੋਂ ਬਚਾਅ ਕਰਨਾ ਪਵੇਗਾ। ਉਨ੍ਹਾਂ ਲੋਕਾਂ ਨੂੰ ਕੋਵਿਡ ਵੈਕਸੀਨ ਲਵਾਉਣ ਲਈ ਵੀ ਕਿਹਾ।

## 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੈਕਸੀਨ ਲੱਗਣੀ ਸ਼ੁਰੂ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ 45 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਨੂੰ ਕੋਵਿਡ-19 ਵੈਕਸੀਨ ਲੱਗਣੀ ਸ਼ੁਰੂ ਹੋ ਗਈ ਹੈ। ਇਸ ਤੋਂ ਪਹਿਲਾਂ 31 ਮਾਰਚ ਤੱਕ ਫਰੰਟਲਾਈਨ ਵਰਕਰਾਂ, ਸਿਹਤ ਕਾਮਿਆਂ, 60 ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਅਤੇ ਬਿਮਾਰੀਆਂ ਤੋਂ ਪੀੜਤ 45 ਸਾਲ ਤੋਂ ਵੱਧ ਉਮਰ ਵਾਲੇ 6.5 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਕਰੋਨਾ ਤੋਂ ਬਚਾਅ ਦੇ ਟੀਕੇ ਲੱਗ ਚੁੱਕੇ ਹਨ। ਦੇਸ਼ 'ਚ 16 ਜਨਵਰੀ ਤੋਂ ਟੀਕਾਕਰਨ ਮੁਹਿੰਮ ਸ਼ੁਰੂ ਹੋਈ ਸੀ। ਮੰਤਰਾਲੇ ਨੇ ਕਿਹਾ ਕਿ ਪੰਜਾਬ, ਮਹਾਰਾਸ਼ਟਰ, ਛੱਤੀਸਗੜ੍ਹ, ਕਰਨਾਟਕ, ਕੇਰਲਾ, ਤਾਮਿਲ ਨਾਡੂ, ਗੁਜਰਾਤ ਅਤੇ ਮੱਧ ਪ੍ਰਦੇਸ਼ 'ਚ ਕਰੋਨਾ ਦੇ ਰੋਜ਼ਾਨਾ ਨਵੇਂ ਕੇਸ ਸਾਹਮਣੇ ਆ ਰਹੇ ਹਨ।

## ਪੰਜਾਬ ਨੂੰ 300 ਮਿਲੀਅਨ ਡਾਲਰ ਦੇ ਕਰਜ਼ੇ ਦੀ ਪ੍ਰਵਾਨਗੀ

**ਚੰਡੀਗੜ੍ਹ:** ਵਿਸ਼ਵ ਬੈਂਕ ਅਤੇ ਏਸ਼ੀਅਨ ਇਨਫਰਾਸਟਰਕਚਰ ਇਨਵੈਸਟਮੈਂਟ ਬੈਂਕ (ਏ.ਆਈ.ਆਈ.ਬੀ.) ਨੇ ਪੰਜਾਬ ਮਿਊਂਸਪਲ ਸੇਵਾਵਾਂ ਸੁਧਾਰ ਪ੍ਰੋਜੈਕਟ ਤਹਿਤ ਨਹਿਰੀ ਪਾਣੀ ਉਤੇ ਅਧਾਰਿਤ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਲਈ 300 ਮਿਲੀਅਨ ਅਮਰੀਕੀ ਡਾਲਰ ਦੇ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਪ੍ਰੋਜੈਕਟ ਦਾ ਉਦੇਸ਼ ਪੀਣ ਵਾਲੇ ਗੁਣਵੱਤਾ ਭਰਪੂਰ ਪਾਣੀ ਦੀ 24 ਘੰਟੇ ਸਪਲਾਈ ਨੂੰ ਯਕੀਨੀ ਬਣਾਉਣ ਅਤੇ ਪਵਿੱਤਰ ਨਗਰੀ ਅੰਮ੍ਰਿਤਸਰ ਅਤੇ ਉਦਯੋਗਿਕ ਹੱਬ ਲੁਧਿਆਣਾ ਲਈ ਪਾਣੀ ਦੇ ਨੁਕਸਾਨ ਨੂੰ ਘਟਾਉਣਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਸ਼ਵ ਬੈਂਕ ਅਤੇ ਏ.ਆਈ.ਆਈ.ਬੀ. ਦਾ ਕਰਜ਼ਾ ਹਾਸਲ ਕਰਨ ਲਈ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਪੈਰਵੀ ਕੀਤੀ ਸੀ।

# ਕੇਂਦਰ ਨੇ ਬਿਜਲੀ ਸੋਧ ਬਿੱਲ ਨੂੰ ਮੁੜ ਠੰਢੇ ਬਸਤੇ ਵਿਚੋਂ ਕੱਢਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਮੁੜ ਬਿਜਲੀ (ਸੋਧ) ਬਿੱਲ-2020 ਨੂੰ ਠੰਢੇ ਬਸਤੇ 'ਚੋਂ ਕੱਢ ਲਿਆ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ ਸੂਬਿਆਂ ਤੋਂ ਇਨ੍ਹਾਂ ਸੋਧਾਂ ਬਾਰੇ ਮੁੜ ਸੁਝਾਅ ਲੈਣੇ ਸ਼ੁਰੂ ਕੀਤੇ ਹਨ ਤਾਂ ਜੋ ਸੰਸਦ ਦੇ ਅਗਲੇ ਸੈਸ਼ਨ 'ਚ ਬਿਜਲੀ ਸੋਧ ਬਿੱਲ ਨੂੰ ਲਿਆਂਦਾ ਜਾ ਸਕੇ। ਹਾਲਾਂਕਿ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨਾਲ ਮੀਟਿੰਗਾਂ ਦੌਰਾਨ ਬਿਜਲੀ ਸੋਧ ਬਿੱਲ ਨੂੰ ਸੰਸਦ ਵਿਚ ਨਾ ਲੈ ਕੇ ਆਉਣ ਬਾਰੇ ਰਜ਼ਾਮੰਦੀ ਜ਼ਾਹਿਰ ਕਰ ਦਿੱਤੀ ਸੀ।

ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਬਿਜਲੀ ਸੋਧ ਬਿੱਲ ਬਾਰੇ ਬਿਆਨ ਵੀ ਜਾਰੀ ਕਰ ਦਿੱਤਾ ਸੀ। ਕੇਂਦਰੀ ਬਿਜਲੀ ਮੰਤਰਾਲੇ ਨੇ 19 ਮਾਰਚ ਨੂੰ ਬਿਜਲੀ ਸੋਧ ਬਿੱਲ ਬਾਰੇ ਹੋਈ ਮੀਟਿੰਗ ਦੀ ਕਾਰਵਾਈ ਜਾਰੀ ਕੀਤੀ ਹੈ। ਕੇਂਦਰੀ ਮੰਤਰਾਲੇ ਵੱਲੋਂ 17 ਫਰਵਰੀ ਨੂੰ ਸੂਬਾ ਸਰਕਾਰਾਂ ਨਾਲ ਬਿਜਲੀ ਸੋਧ ਬਿੱਲ ਬਾਰੇ ਸੁਝਾਅ ਲੈਣ ਲਈ ਵੀਡੀਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ ਗਈ। ਪੰਜਾਬ ਦੇ ਵਧੀਕ ਮੁੱਖ ਸਕੱਤਰ (ਪਾਵਰ) ਨੇ 25 ਮਾਰਚ ਨੂੰ ਕੇਂਦਰੀ ਬਿਜਲੀ ਮੰਤਰਾਲੇ ਨੂੰ ਪੱਤਰ ਲਿਖ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਕੇਂਦਰ ਦੇ ਇਨ੍ਹਾਂ ਬਿਜਲੀ ਸੁਧਾਰਾਂ ਦੇ ਪੱਖ ਵਿਚ ਨਹੀਂ ਹੈ ਜਿਸ ਕਰਕੇ ਪੰਜਾਬ ਦੇ ਦਰਜ ਪੱਖ 'ਚ ਸੋਧ ਕੀਤੀ ਜਾਵੇ।



ਪੰਜਾਬ ਸਰਕਾਰ ਨੇ ਇਹ ਨੁਕਤਾ ਵੀ ਰੱਖਿਆ ਹੈ ਕਿ ਬਿਜਲੀ ਸੁਧਾਰਾਂ ਦਾ ਮਾਮਲਾ ਹਾਲੇ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ। ਕੇਂਦਰੀ ਬਿਜਲੀ ਮੰਤਰਾਲੇ ਦੀ ਬਿਜਲੀ ਸੋਧ ਬਿੱਲ ਬਾਰੇ 17 ਫਰਵਰੀ ਨੂੰ ਹੋਈ ਮੀਟਿੰਗ ਵਿਚ ਪੰਜਾਬ ਵੱਲੋਂ ਵਧੀਕ ਮੁੱਖ ਸਕੱਤਰ (ਪਾਵਰ) ਅਤੇ ਪਾਵਰਕੌਮ ਦੇ ਸੀ.ਐਮ.ਡੀ. ਸ਼ਾਮਲ ਹੋਏ ਸਨ। ਇਸ ਮੀਟਿੰਗ ਵਿਚ ਕੇਂਦਰ ਸਰਕਾਰ ਨੇ ਤਜਵੀਜ਼ਤ ਬਿਜਲੀ ਸੁਧਾਰਾਂ ਦੀ ਗੱਲ ਰੱਖੀ ਅਤੇ ਬਿਜਲੀ ਖੇਤਰ ਵਿਚ ਪਿਛਲੇ ਸਮੇਂ ਦੌਰਾਨ ਕੀਤੇ ਸੁਧਾਰਾਂ ਨੂੰ ਲੈ ਕੇ ਆਪਣੀ ਪਿੱਠ ਵੀ ਥਾਪੜੀ।

ਕੇਂਦਰੀ ਮੀਟਿੰਗ 'ਚ ਬਿਜਲੀ ਮੰਤਰਾਲੇ ਦੇ ਅਧਿਕਾਰੀਆਂ ਨੇ ਧਿਆਨ ਬਿਜਲੀ ਵੰਡ ਦੇ ਖੇਤਰ ਵਿਚ ਸੁਧਾਰ ਕੀਤੇ ਜਾਣ 'ਤੇ ਕੇਂਦਰਤ ਰੱਖਿਆ ਜਿਸ ਤਹਿਤ ਬਿਜਲੀ ਵੰਡ ਦੇ ਕੰਮ ਨੂੰ ਪ੍ਰਾਈਵੇਟ ਹੱਥਾਂ ਵਿਚ ਦਿੱਤਾ ਜਾਣਾ ਹੈ। ਸੂਤਰਾਂ ਮੁਤਾਬਕ ਨਵੀਂ ਤਜਵੀਜ਼ ਤਹਿਤ ਪ੍ਰਾਈਵੇਟ ਕੰਪਨੀਆਂ ਖਪਤਕਾਰਾਂ ਤੱਕ ਬਿਜਲੀ ਪੁੱਜਦੀ ਕਰਨਗੀਆਂ। ਦੇਖਿਆ ਜਾਵੇ ਤਾਂ ਬਿਜਲੀ ਸੋਧ ਬਿੱਲ ਵਿਚ ਸਬਸਿਡੀ ਕਿਸਾਨਾਂ ਦੇ ਸਿੱਧੀ ਖਾਤਿਆਂ ਵਿਚ ਪਾਉਣ ਦਾ ਮਾਮਲਾ ਵੀ ਸ਼ਾਮਲ ਹੈ। ਬੀਕੇਯੂ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਆਖਦੇ ਹਨ ਕਿ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿਚ ਖੁਦ ਇਹ ਰਜ਼ਾਮੰਦੀ ਦਿੱਤੀ ਸੀ ਕਿ ਬਿਜਲੀ ਸੋਧ ਬਿੱਲ ਨੂੰ ਸੰਸਦ ਵਿਚ ਨਹੀਂ ਲਿਆਂਦਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਗਰ ਕੇਂਦਰ ਨੇ ਮੁੜ ਬਿਜਲੀ ਸੋਧ ਬਿੱਲ 'ਤੇ ਕਾਰਵਾਈ ਵਿੱਢੀ ਹੈ ਤਾਂ ਅਜਿਹਾ ਕਰਕੇ ਕੇਂਦਰ ਨੇ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਿਆ ਹੈ। ਬੀਕੇਯੂ (ਉਗਰਾਹਾਂ) ਦੇ ਸੀਨੀਅਰ ਆਗੂ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਸੀ ਕਿ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਖੁਦ ਮੀਡੀਆ ਕੋਲ ਬਿਜਲੀ ਸੋਧ ਬਿੱਲ ਨਾ ਲੈ ਕੇ ਆਉਣ ਦੀ ਸਹਿਮਤੀ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਨੇ ਮੁੜ ਬਿਜਲੀ ਸੋਧ ਬਿੱਲ ਦਾ ਮਾਮਲਾ ਚੁੱਕ ਕੇ ਕਿਸਾਨਾਂ ਨਾਲ ਸਿੱਧਾ ਧੋਖਾ ਕੀਤਾ ਹੈ।

### *ਕਿਸਾਨਾਂ ਦੀ ਮੁਫਤ ਬਿਜਲੀ ਬੰਦ ਕਰਾਉਣਾ ਚਾਹੁੰਦੈ ਕੇਂਦਰ: ਜਾਖੜ*

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਹੁਣ ਬਿਜਲੀ ਸੋਧ ਬਿੱਲ ਲਿਆ ਕੇ ਲੁਕਵੇਂ ਏਜੰਡੇ ਤਹਿਤ ਪੰਜਾਬ ਦੇ ਕਿਸਾਨਾਂ ਨੂੰ ਮਿਲਦੀ ਮੁਫਤ ਬਿਜਲੀ ਦੀ ਸਹੂਲਤ ਨੂੰ ਬੰਦ ਕਰਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ 'ਸਬਕ ਸਿਖਾਉਣਾ' ਚਾਹੁੰਦੀ ਹੈ ਕਿਉਂਕਿ ਪੰਜਾਬ ਦੇ ਕਿਸਾਨਾਂ ਨੇ ਪੂਰੇ ਮੁਲਕ ਨੂੰ ਰਾਹ ਦਿਖਾਇਆ ਹੈ। ਜਾਖੜ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਪੰਜਾਬ ਦੀ ਖੇਤੀ ਨੂੰ ਤਬਾਹ ਕਰਨ ਲਈ ਅਜਿਹੇ ਫੈਸਲੇ ਕਰ ਰਹੀ ਹੈ। ਜਾਖੜ ਨੇ ਕਿਹਾ ਕਿ ਕੇਂਦਰ ਨੇ ਪਹਿਲਾਂ ਤਿੰਨ ਖੇਤੀ ਕਾਨੂੰਨ ਲਿਆਂਦੇ ਤੇ ਫਿਰ ਕਣਕ ਦੀ ਖਰੀਦ ਵਿਚ ਅੜਿੱਕੇ ਖੜ੍ਹੇ ਕਰਨੇ ਸ਼ੁਰੂ ਕੀਤੇ ਅਤੇ ਹੁਣ ਬਿਜਲੀ ਸੋਧ ਬਿੱਲ 'ਤੇ ਕਾਰਵਾਈ ਵਿੱਢ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂਆਂ 'ਤੇ ਹੰਕਾਰ ਭਾਰੂ ਹੋ ਗਿਆ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਮਕਸਦ ਬਿਜਲੀ ਸੈਕਟਰ ਵਿਚ ਕੋਈ ਸੁਧਾਰ ਕਰਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਵਾਅਦਾ ਤਾਂ ਪਾਕਿਸਤਾਨ ਨੂੰ ਸਬਕ ਸਿਖਾਉਣ ਦਾ ਕੀਤਾ ਸੀ ਪਰ ਸਰਕਾਰ ਕਿਸਾਨਾਂ ਨੂੰ ਹੀ ਕੁਚਲਣ ਦੇ ਰਾਹ ਪੈ ਗਈ ਹੈ।

## ਭਾਜਪਾ ਆਗੂਆਂ ਦੀ ਘੇਰਾਬੰਦੀ ਜਾਰੀ

**ਹੁਸ਼ਿਆਰਪੁਰ:** ਕੇਂਦਰੀ ਰਾਜ ਮੰਤਰੀ ਅਤੇ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਸੋਮ ਪ੍ਰਕਾਸ਼ ਦੇ ਸ਼ਹਿਰ ਵਿਚ ਪੁੱਜਣ 'ਤੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਨੇ ਭਾਰੀ ਵਿਰੋਧ ਕੀਤਾ। ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਕਿਸਾਨ ਸ਼ਾਸਤਰੀ ਮਾਰਕਿਟ ਸਥਿਤ ਭਾਰਤੀ ਜਨਤਾ ਪਾਰਟੀ ਦੇ ਦਫਤਰ ਨੇੜੇ ਪਹੁੰਚ ਗਏ ਜਿਥੇ ਸੋਮ ਪ੍ਰਕਾਸ਼, ਜ਼ਿਲ੍ਹਾ ਇੰਚਾਰਜ ਵਿਨੋਦ ਸ਼ਰਮਾ ਅਤੇ ਸਾਬਕਾ ਮੰਤਰੀ ਤੀਕਸ਼ਣ ਸੂਦ ਪਾਰਟੀ ਅਹੁਦੇਦਾਰਾਂ ਨਾਲ ਮੀਟਿੰਗ ਕਰ ਰਹੇ ਸਨ। ਕਿਸਾਨਾਂ ਦੇ ਰੋਸ ਕਾਰਨ ਸੋਮ ਪ੍ਰਕਾਸ਼ ਲੰਮਾ ਸਮਾਂ ਦਫਤਰ ਵਿਚ ਹੀ ਰੁਕਣ ਲਈ ਮਜਬੂਰ ਹੋਏ ਰਹੇ। ਅਖੀਰ ਜਦੋਂ ਉਨ੍ਹਾਂ ਨੂੰ ਬਾਹਰ ਲਿਆ ਕੇ ਗੱਡੀ 'ਚ ਬਿਠਾਇਆ ਗਿਆ ਤਾਂ ਮੁਜ਼ਾਹਰਾਕਾਰੀ ਹੋਰ ਵੀ ਰੋਹ 'ਚ ਆ ਗਏ ਅਤੇ ਭਾਰੀ ਪੁਲਿਸ ਫੋਰਸ ਹੋਣ ਦੇ ਬਾਵਜੂਦ ਉਨ੍ਹਾਂ ਦੀ ਗੱਡੀ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਇਕ-ਦੋ ਪ੍ਰਦਰਸ਼ਨਕਾਰੀ ਪੁਲਿਸ ਦੀਆਂ ਰੋਕਾਂ ਤੋੜ ਕੇ ਸੋਮ ਪ੍ਰਕਾਸ਼ ਦੀ ਗੱਡੀ ਦੇ ਪਿੱਛੇ ਵੀ ਦੌੜੇ ਪਰ ਕਾਫਲੇ ਦੀ ਕਿਸੇ ਗੱਡੀ ਨੂੰ ਕੋਈ ਨੁਕਸਾਨ ਨਹੀਂ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਸੋਮ ਪ੍ਰਕਾਸ਼ ਸਵੇਰੇ ਕਰੀਬ 11 ਵਜੇ ਪਾਰਟੀ ਦਫਤਰ ਪੁੱਜੇ ਸਨ। ਉਨ੍ਹਾਂ ਅਜੇ ਮੀਟਿੰਗ ਸ਼ੁਰੂ ਹੀ ਕੀਤੀ ਸੀ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਆਉਣ ਦੀ ਭਿਣਕ ਪੈ ਗਈ ਅਤੇ ਉਹ ਦਫਤਰ ਨੇੜੇ ਇਕੱਠੇ ਹੋਣੇ ਸ਼ੁਰੂ ਹੋ ਗਏ। ਪੁਲਿਸ ਨੇ ਪਾਰਟੀ ਦਫਤਰ ਨੂੰ ਜਾਂਦੀਆਂ ਦੋਹਾਂ ਸੜਕਾਂ 'ਤੇ ਬੈਰੀਕੇਡ ਲਗਾਏ ਹੋਏ ਸਨ ਪਰ ਕੁਝ ਪ੍ਰਦਰਸ਼ਨਕਾਰੀ ਘੰਟਾ ਘਰ ਵਾਲੇ ਪਾਸਿਓਂ ਵੀ ਆ ਗਏ ਜਿਨ੍ਹਾਂ ਨੂੰ ਪੁਲਿਸ ਨੇ ਬੜੀ ਮੁਸ਼ੱਕਤ ਨਾਲ ਰੋਕਿਆ। ਮੁਜ਼ਾਹਰੇ ਕਾਰਨ ਸੋਮ ਪ੍ਰਕਾਸ਼ ਅਤੇ ਪਾਰਟੀ ਦੇ ਹੋਰ ਆਗੂ ਲੰਮਾ ਸਮਾਂ ਦਫਤਰ ਵਿਚ ਹੀ ਬੈਠੇ ਰਹੇ।

### ਖੇਤੀ ਕਾਨੂੰਨ ਰੱਦ ਕਰਵਾ ਕੇ ਹੀ ਸਾਹ ਲਵਾਂਗੇ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਵਾਹਨ 'ਤੇ ਕੀਤੇ ਗਏ ਹਮਲੇ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਹਮਲਾ ਕਰਨਾ ਸਿਖਾਉਂਦਾ ਹੈ। ਉਨ੍ਹਾਂ ਕਿਹਾ,"ਸਾਰੇ ਰਲ ਕੇ ਸੰਘ ਦਾ ਮੁਕਾਬਲਾ ਕਰਾਂਗੇ ਅਤੇ ਤਿੰਨੋਂ ਖੇਤੀ ਕਾਨੂੰਨ ਵਾਪਸ ਕਰਵਾ ਕੇ ਹੀ ਸਾਹ ਲਵਾਂਗੇ।" ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਟਵੀਟ ਕਰਕੇ ਕਿਹਾ,"ਉਨ੍ਹਾਂ (ਭਾਜਪਾ) ਦਾ ਸੰਘ ਹਮਲਾ ਕਰਨਾ ਸਿਖਾਉਂਦਾ ਹੈ ਜਦਕਿ ਅਹਿੰਸਕ ਸੱਤਿਆਗ੍ਰਹਿ ਕਿਸਾਨਾਂ ਨੂੰ ਬੇਖੌਫ ਬਣਾਉਂਦਾ ਹੈ। ਸੰਘ ਦਾ ਸਾਹਮਣਾ ਰਲ ਕੇ ਕਰਾਂਗੇ-ਤਿੰਨੋਂ ਖੇਤੀ ਅਤੇ ਦੇਸ਼ ਵਿਰੋਧੀ ਕਾਨੂੰਨ ਵਾਪਸ ਕਰਵਾ ਕੇ ਹੀ ਸਾਹ ਲਵਾਂਗੇ।

## ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦਾ ਹੋਕਾ ਦਿੱਤਾ

**ਨਵੀਂ ਦਿੱਲੀ:** ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਰਾਜਸਥਾਨ ਦੇ ਸ਼ਹਿਰ ਅਲਵਰ 'ਚ ਭਾਜਪਾ ਕਾਰਕੁਨਾਂ ਵੱਲੋਂ ਕੀਤੇ ਗਏ ਜਾਨਲੇਵਾ ਹਮਲੇ ਦੀ ਕਿਸਾਨ ਆਗੂਆਂ ਨੇ ਤਿੱਖੀ ਨਿਖੇਧੀ ਕੀਤੀ ਹੈ। ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਚੱਲ ਰਹੇ ਅੰਦੋਲਨ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨ ਅੰਦੋਲਨ ਨੂੰ ਕੁਚਲਣ ਲਈ ਹਰ ਹਰਬਾ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਲਈ ਸ੍ਰੀ ਟਿਕੈਤ 'ਤੇ ਹਮਲਾ ਕਰਵਾਇਆ ਗਿਆ। ਕਿਸਾਨ ਆਗੂਆਂ ਨੇ ਸੱਦਾ ਦਿੱਤਾ ਕਿ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਜਾਵੇਗਾ ਅਤੇ ਸ਼ਾਂਤ ਅੰਦੋਲਨ ਹੀ ਕਿਸਾਨਾਂ ਦੀ ਵੱਡੀ ਜਿੱਤ ਹੋਵੇਗੀ।

ਇਨਕਲਾਬੀ ਕੇਂਦਰ, ਪੰਜਾਬ ਵੱਲੋਂ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਹੀ ਨਹੀਂ ਸਗੋਂ ਇਹ ਮੋਦੀ ਹਕੂਮਤ ਖਿਲਾਫ ਲੰਬੇ ਸਮੇਂ ਤੋਂ ਜੂਝ ਰਹੀ ਕਿਸਾਨ ਲਹਿਰ ਉਪਰ ਹਮਲਾ ਹੈ। ਇਹ ਹਮਲਾ ਮੋਦੀ ਹਕੂਮਤ ਦੀ ਸਿਰੇ ਦੀ ਬੁਖਲਾਹਟ ਤੇ ਧੌਂਸਬਾਜ਼ ਨੀਤੀ ਵਿੱਚੋਂ ਨਿਕਲਿਆ ਹੈ ਕਿਉਂਕਿ ਮੋਦੀ ਹਕੂਮਤ ਅਜਿਹਾ ਹਥਕੰਡਾ ਆਪਣੇ ਸੰਘੀ ਗੁੰਡਿਆਂ ਰਾਹੀਂ ਵਿਦਿਆਰਥੀ ਜਥੇਬੰਦੀਆਂ ਉਪਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਵੀ ਵਰਤ ਚੁੱਕੀ ਹੈ।

### ਟਿਕੈਤ ਨੇ ਭਾਜਪਾ ਨੂੰ ਹਰਕਤਾਂ ਤੋਂ ਬਾਜ ਆਉਣ ਲਈ ਕਿਹਾ

**ਨਵੀਂ ਦਿੱਲੀ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਅਲਵਰ ਦੀ ਘਟਨਾ ਮਗਰੋਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਘਟਨਾ ਮਗਰੋਂ ਸ਼ਾਂਤ ਰਹਿਣ। ਉਨ੍ਹਾਂ ਕਿਹਾ ਕਿ ਹਮਲੇ ਦੀ ਸਾਜ਼ਿਸ਼ ਭਾਜਪਾ ਵੱਲੋਂ ਹਰਿਆਣਾ ਵਿਚ ਘੜੀ ਗਈ ਸੀ। ਉਨ੍ਹਾਂ ਕਿਹਾ ਕਿ ਹਮਲੇ ਨਾਲ ਜੁੜੇ ਲੋਕ 'ਏ.ਬੀ.ਵੀ.ਪੀ.' ਦੇ ਸਰਗਰਮ ਕਾਰਕੁਨ ਹਨ ਅਤੇ ਸੰਸਦ ਮੈਂਬਰ ਬਾਲਕ ਨਾਥ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਸਤੀਸ਼ ਪੂਨੀਆ ਦੇ ਕਰੀਬੀ ਹਨ। ਉਨ੍ਹਾਂ ਕਿਹਾ ਕਿ ਹਮਲੇ ਬਾਰੇ ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਵਿਚ ਚਰਚਾ ਕੀਤੀ ਜਾਵੇਗੀ। ਸ੍ਰੀ ਟਿਕੈਤ ਨੇ ਕਿਹਾ ਕਿ ਅਜਿਹੀਆਂ ਸਾਜ਼ਿਸ਼ਾਂ ਤੋਂ ਉਹ ਡਰਨ ਵਾਲੇ ਨਹੀਂ ਹਨ ਅਤੇ ਕਿਸਾਨ ਅੰਦੋਲਨ ਦੇ ਪ੍ਰੋਗਰਾਮ ਬਾਦਸਤੂਰ ਜਾਰੀ ਰਹਿਣਗੇ।

### ਯੂਪੀ ਦੀਆਂ ਪੰਚਾਇਤ ਚੋਣਾਂ 'ਤੇ ਕਿਸਾਨ ਅੰਦੋਲਨ ਦਾ ਅਸਰ ਪੈਣ ਦੇ ਆਸਾਰ

**ਨਵੀਂ ਦਿੱਲੀ:** ਉਤਰ ਪ੍ਰਦੇਸ਼ 'ਚ ਪੰਚਾਇਤੀ ਚੋਣਾਂ ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਅਸਰ ਪੈਣ ਦੇ ਆਸਾਰ ਬਣ ਗਏ ਹਨ। ਖਾਸ ਕਰਕੇ ਗਾਜ਼ੀਆਬਾਦ ਤੇ ਹੋਰ ਅਜਿਹੇ ਇਲਾਕਿਆਂ ਜਿਥੋਂ ਦੇ ਕਿਸਾਨ ਗਾਜ਼ੀਪੁਰ ਦੇ ਕਿਸਾਨ ਮੋਰਚੇ 'ਚ ਸ਼ਾਮਲ ਹੋ ਰਹੇ ਹਨ। ਕਿਸਾਨ ਆਗੂਆਂ ਨੇ ਵੀ ਮੰਨਿਆ ਕਿ ਕਿਸਾਨ ਅੰਦੋਲਨ ਦਾ ਸਿੱਧਾ ਸਬੰਧ ਪਿੰਡਾਂ ਨਾਲ ਹੈ ਤੇ ਉਤਰ ਪ੍ਰਦੇਸ਼ ਦੀ ਸੱਤਾਧਾਰੀ ਧਿਰ ਭਾਜਪਾ ਨੂੰ 'ਵੋਟ ਦੀ ਚੋਟ' ਦੇਣ ਲਈ ਪੰਚਾਇਤੀ ਚੋਣਾਂ ਇਕ ਕਾਰਗਰ ਹੱਲਾ ਹੋ ਸਕਦੀਆਂ ਹਨ। ਗਾਜ਼ੀਪੁਰ ਬਾਰਡਰ 'ਤੇ ਜ਼ਿਆਦਾਤਰ ਕਿਸਾਨ ਉਤਰ ਪ੍ਰਦੇਸ਼ ਦੇ ਪੱਛਮੀ ਇਲਾਕਿਆਂ ਤੋਂ ਆ ਕੇ ਅੰਦੋਲਨ ਦਾ ਹਿੱਸਾ ਬਣੇ ਹੋਏ ਹਨ। 15 ਅਪਰੈਲ ਨੂੰ ਗਾਜ਼ੀਆਬਾਦ ਦੇ ਪਿੰਡਾਂ ਦੀਆਂ ਪੰਚਾਇਤੀ ਚੋਣਾਂ ਹੋਣੀਆਂ ਹਨ ਜੋ ਚਾਰ ਬਲਾਕਾਂ ਵਿਚ ਹੋਣਗੀਆਂ। ਧਰਨੇ 'ਤੇ ਬੈਠੇ ਕਿਸਾਨਾਂ ਨੇ ਕਿਹਾ ਕਿ ਚੋਣਾਂ ਦੌਰਾਨ ਭਾਜਪਾ ਸਮਰਥਕ ਪੰਚਾਂ ਦਾ ਜਿੱਤਣਾ ਔਖਾ ਜਾਪਦਾ ਹੈ।

## ਪਰਮਜੀਤ ਸਿੰਘ ਖੰਗੂੜਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਪਤਵੰਤੇ ਸੱਜਣ ਪਰਮਜੀਤ ਸਿੰਘ ਖੰਗੂੜਾ ਲੰਘੀ 5 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 64 ਸਾਲਾਂ ਦੇ ਸਨ ਅਤੇ ਪੰਜਾਬ ਦੇ ਪਿੰਡ ਮਹਾਲ ਤੋਂ ਸਨ ਤੇ ਉਹ ਇਥੇ ਰੋਮਿਓਵਿਲ ਰਹਿੰਦੇ ਸਨ। ਉਹ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਮਿਡਵੈਸਟ (ਸ਼ਿਕਾਗੋ) ਦੇ ਸਾਬਕਾ ਪ੍ਰਧਾਨ ਰਛਪਾਲ ਸਿੰਘ ਖੰਗੂੜਾ ਦੇ ਛੋਟੇ ਅਤੇ ਹਰਜਿੰਦਰ ਸਿੰਘ (ਜਿੰਦੀ) ਖੰਗੂੜਾ ਦੇ ਵੱਡੇ ਭਰਾ ਸਨ।

ਸਵਰਗੀ ਪਰਮਜੀਤ ਸਿੰਘ ਖੰਗੂੜਾ ਆਪਣੇ ਪਿਛੇ ਪਤਨੀ ਸਤਿੰਦਰਜੀਤ ਕੌਰ, ਪੁੱਤਰ ਜਤਿੰਦਰ (ਹਨੀ) ਸਿੰਘ, ਨੂੰਹ ਮਨਦੀਪ ਕੌਰ, ਪੋਤਰੇ-ਅਰਸ਼ਨ ਸਿੰਘ ਤੇ ਜਸ਼ਨ ਸਿੰਘ, ਧੀ ਪਰਮਜੀਤ ਕੌਰ ਤੇ ਜਵਾਈ ਬਲਵੀਰ ਸਿੰਘ ਤੋਂ ਇਲਾਵਾ ਭਰਾ-ਰਛਪਾਲ ਸਿੰਘ ਖੰਗੂੜਾ, ਹਰਜਿੰਦਰ ਸਿੰਘ (ਜਿੰਦੀ) ਖੰਗੂੜਾ, ਭੈਣਾਂ-ਦਵਿੰਦਰ ਕੌਰ ਤੇ ਸੁਲਿੰਦਰ ਕੌਰ ਅਤੇ ਭਰਿਆ ਪਰਿਵਾਰ ਛੱਡ ਗਏ ਹਨ। ਪਿਛਲੇ ਮਹੀਨੇ ਹੀ ਉਨ੍ਹਾਂ ਆਪਣੀ ਧੀ ਪਰਮਜੀਤ ਕੌਰ ਦੇ ਵਿਆਹ ਦੀਆਂ ਰਸਮਾਂ ਨਿਭਾਈਆਂ ਸਨ।

ਸਵਰਗੀ ਪਰਮਜੀਤ ਸਿੰਘ ਖੰਗੂੜਾ ਦਾ ਅੰਤਿਮ ਸਸਕਾਰ ਬੁੱਧਵਾਰ, 7 ਅਪਰੈਲ ਨੂੰ ਸਵੇਰੇ 11 ਵਜੇ ਤੋਂ ਇਕ ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ (950 ਸਾਊਥ ਬਾਰਟਲੈਟ ਰੋਡ, ਬਾਰਟਲੈਟ) ਵਿਖੇ ਹੋਵੇਗਾ। ਕੋਵਿਡ-19 ਦੇ ਮੱਦੇਨਜ਼ਰ ਪ੍ਰਸ਼ਾਸਨ ਵਲੋਂ ਇਕੋ ਸਮੇਂ 50 ਲੋਕਾਂ ਤੋਂ ਵੱਧ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਹੈ।



ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਦਰਮਿਆਨ ਗੁਰਦੁਆਰਾ ਪੈਲਾਟਾਈਨ ਵਿਖੇ ਹੋਣਗੇ। ਪਰਿਵਾਰ ਨਾਲ ਸੰਪਰਕ ਹਨੀ ਖੰਗੂੜਾ ਫੋਨ: 224-381-2830 ਰਾਹੀਂ ਕੀਤਾ ਜਾ ਸਕਦਾ ਹੈ।

## ਹਰਿਆਣਾ ਵਿਚ ਕਿਸਾਨਾਂ ਉਤੇ ਲਾਠੀਚਾਰਜ ਕੀਤਾ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਰੋਹਤਕ ਵਿਚ ਘਿਰਾਓ ਕਰਨ ਦਾ ਯਤਨ ਕੀਤਾ। ਇਸੇ ਦੌਰਾਨ ਕਿਸਾਨਾਂ ਤੇ ਪੁਲਿਸ ਦੀ ਝੜਪ ਹੋ ਗਈ। ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਵਿਚ ਤਿੰਨ ਕਿਸਾਨ ਫੱਟੜ ਹੋ ਗਏ।

ਵੇਰਵਿਆਂ ਮੁਤਾਬਕ ਖੱਟਰ ਨੇ ਸੰਸਦ ਮੈਂਬਰ ਅਰਵਿੰਦ ਸ਼ਰਮਾ ਦੇ ਪਿਤਾ ਦੀ ਬਰਸੀ ਮੌਕੇ ਰੱਖੇ ਗਏ ਸ਼ਰਧਾਂਜਲੀ ਸਮਾਗਮ ਵਿਚ ਪਹੁੰਚਣਾ ਸੀ। ਉਨ੍ਹਾਂ ਦਾ ਹੈਲੀਕਾਪਟਰ ਬਾਬਾ ਮਸਤਨਾਥ ਮੱਠ ਵਿਚ ਉਤਰਨਾ ਸੀ। ਇਸ ਬਾਰੇ ਜਾਣਕਾਰੀ ਮਿਲਦੇ ਹੀ ਹਰਿਆਣਾ ਦੇ ਵੱਡੀ ਗਿਣਤੀ ਕਿਸਾਨ ਮੁੱਖ ਮੰਤਰੀ ਦਾ ਘਿਰਾਓ ਕਰਨ ਲਈ ਪਹੁੰਚ ਗਏ। ਜ਼ਖਮੀ ਕਿਸਾਨਾਂ ਵਿਚ 80 ਸਾਲਾਂ ਦਾ ਬਜ਼ੁਰਗ ਵੀ ਸ਼ਾਮਲ ਹੈ। ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਪੁਲਿਸ ਨੇ ਮੁੱਖ ਮੰਤਰੀ ਦਾ ਹੈਲੀਕਾਪਟਰ ਰੋਹਤਕ ਪੁਲਿਸ ਲਾਈਨ ਏਰੀਆ ਵਿਚ ਉਤਾਰਿਆ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਦੀ ਰੋਹਤਕ ਵਿਚ ਆਮਦ ਦੀ ਜਾਣਕਾਰੀ ਮਿਲਦੇ ਹੀ ਕਿਸਾਨ ਹੈਲੀਪੈਡ ਵਾਲੀ ਥਾਂ ਦਾ ਘਿਰਾਓ ਕਰਨ ਪਹੁੰਚ ਗਏ। ਉਨ੍ਹਾਂ ਮੁੱਖ ਮੰਤਰੀ ਨੂੰ ਕਾਲੇ ਝੰਡੇ ਦਿਖਾਏ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।



ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਉਹ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਆਏ ਸਨ ਪਰ ਪੁਲਿਸ ਵੱਲੋਂ ਲਾਠੀਚਾਰਜ ਕਰਨ 'ਤੇ ਕਿਸਾਨਾਂ ਨੇ ਵੀ ਵਿਰੋਧ ਵਿਚ ਪਥਰਾਅ ਕੀਤਾ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨਾਂ ਵੱਲੋਂ ਸ਼ਾਂਤਮਈ ਸੰਘਰਸ਼ ਕੀਤਾ ਜਾ ਰਿਹਾ ਸੀ। ਪਰ ਪੁਲਿਸ ਨੇ ਧੱਕੇਸ਼ਾਹੀ ਕੀਤੀ ਅਤੇ ਬਾਅਦ ਵਿਚ ਲਾਠੀਚਾਰਜ ਕੀਤਾ। ਇਲਾਕੇ ਵਿਚ ਵੱਡੀ ਗਿਣਤੀ ਪੁਲਿਸ ਬਲ ਨੂੰ ਤਾਇਨਾਤ ਕੀਤਾ ਗਿਆ ਸੀ। ਪੁਲਿਸ ਨੇ ਸਮਾਗਮ ਤੋਂ ਪਹਿਲਾਂ ਕੁਝ ਕਿਸਾਨ ਸਮਰਥਕਾਂ ਨੂੰ ਹਿਰਾਸਤ ਵਿਚ ਵੀ ਲੈ ਲਿਆ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦਾ ਉਚਾਨਾ ਅਤੇ ਹਿਸਾਰ ਵਿਚ ਕਿਸਾਨਾਂ ਨੇ ਵਿਰੋਧ ਕੀਤਾ ਸੀ।

### ਸੰਯੁਕਤ ਕਿਸਾਨ ਮੋਰਚੇ ਵੱਲੋਂ ਹਰਿਆਣਾ ਪੁਲਿਸ ਦੀ ਨਿੰਦਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਰੋਹਤਕ ਵਿਚ ਸ਼ਾਂਤਮਈ ਮੁਜ਼ਾਹਰਾਕਾਰੀਆਂ 'ਤੇ ਕੀਤੇ ਗਏ ਲਾਠੀਚਾਰਜ ਲਈ ਹਰਿਆਣਾ ਪੁਲਿਸ ਦੀ ਸਖਤ ਨਿੰਦਾ ਕੀਤੀ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਹਰਿਆਣਾ ਭਾਜਪਾ ਦੇ ਆਗੂਆਂ ਤੇ ਸਰਕਾਰ ਵੱਲੋਂ ਲਗਾਤਾਰ ਕਿਸਾਨ ਵਿਰੋਧੀ ਭਾਸ਼ਣਾਂ ਤੇ ਬਿਆਨਾਂ ਕਾਰਨ ਕਿਸਾਨ ਨਾਰਾਜ਼ ਹਨ। ਉਹ ਮੁੱਖ ਮੰਤਰੀ ਨੂੰ ਸ਼ਾਂਤਮਈ ਢੰਗ ਨਾਲ ਕਾਲੇ ਝੰਡੇ ਦਿਖਾਉਣ ਲਈ ਜੁੜੇ ਸਨ, ਪਰ ਪੁਲਿਸ ਨੇ ਬਲ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ ਫਤਿਹਾਬਾਦ ਵਿਚ ਵੀ ਭਾਜਪਾ ਸੰਸਦ ਮੈਂਬਰ ਦੁੱਗਲ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਕਿਸਾਨ ਆਗੂ ਨੇ ਦੱਸਿਆ ਕਿ ਬੀ.ਕੇ.ਯੂ. ਹਰਿਆਣਾ ਦੇ ਨੌਜਵਾਨ ਆਗੂ ਰਵੀ ਆਜ਼ਾਦ ਨੂੰ ਹਰਿਆਣਾ ਪੁਲਿਸ ਨੇ ਕਈ ਮਾਮਲਿਆਂ ਵਿਚ ਝੂਠੇ ਤੇ ਮਨਘੜਤ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਤੋਂ ਇਲਾਵਾ ਵੀ ਭਾਜਪਾ ਦੇ ਹੋਰਨਾਂ ਆਗੂਆਂ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ।

# ਦਿੱਲੀ ਗੁਰਦੁਆਰਾ ਚੋਣਾਂ ਲਈ ਮੈਦਾਨ ਭਖਿਆ, ਬਾਦਲਾਂ ਖਿਲਾਫ ਏਕੇ ਦਾ ਸੱਦਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 25 ਅਪਰੈਲ ਨੂੰ ਹੋਣਗੀਆਂ। ਕਮੇਟੀ ਦੀਆਂ ਆਮ ਚੋਣਾਂ ਵਿਚ ਮੁੱਖ ਧਿਰਾਂ ਤੋਂ ਇਲਾਵਾ ਹੋਰ ਨਵੀਆਂ ਧਿਰਾਂ ਵੀ ਆਪਣੀ ਕਿਸਮਤ ਅਜ਼ਮਾਉਣਗੀਆਂ। ਇਸ ਵਾਰ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਇਲਾਵਾ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ), ਪੰਥਕ ਸੇਵਾ ਦਲ, ਪੰਥਕ ਅਕਾਲੀ ਲਹਿਰ, ਸਦਭਾਵਨਾ ਦਲ, ਜਾਗੋ ਤੋਂ ਇਲਾਵਾ ਆਮ ਅਕਾਲੀ ਦਲ ਵੀ ਚੋਣ ਮੈਦਾਨ ਵਿਚ ਨਿੱਤਰ ਰਿਹਾ ਹੈ।

ਛੇ ਸਾਲ ਇਕੱਠੇ ਰਹੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਤੇ ਗੋਲਕ ਚੋਰੀ ਦੇ ਦੋਸ਼ਾਂ ਹੇਠ ਪ੍ਰਧਾਨਗੀ ਤੋਂ ਪਾਸੇ ਹੋਏ ਮਨਜੀਤ ਸਿੰਘ ਇਕ-ਦੂਜੇ ਦਾ ਸਾਹਮਣਾ ਕਰਨਗੇ। ਦੋਵਾਂ ਧਿਰਾਂ ਵਿਚ ਬੀਤੇ 3 ਮਹੀਨਿਆਂ ਤੋਂ ਇਕ ਦੂਜੇ ਦੇ ਆਗੂਆਂ ਨੂੰ ਖਿੱਚਣ ਦੀ ਦੌੜ ਲੱਗੀ ਹੋਈ ਸੀ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਆਗੂਆਂ ਨੇ ਵੀ ਚੋਣਾਂ ਦਾ ਐਲਾਨ ਹੁੰਦੇ ਹੀ ਵਫ਼ਾਦਾਰੀਆਂ ਬਦਲਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਮਨਜਿੰਦਰ ਸਿੰਘ ਸਿਰਸਾ ਨੇ ਆਪਣੇ ਕਾਰਜਕਾਲ ਦੇ ਦੋ ਸਾਲਾਂ ਦੌਰਾਨ ਕੀਤੇ ਕਾਰਜਾਂ ਨੂੰ ਅਧਾਰ ਬਣਾ ਕੇ ਚੋਣ ਪ੍ਰਚਾਰ ਮਘਾ ਦਿੱਤਾ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ ਦਿੱਲੀ ਵਿਚ ਹੋ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਪੰਥਕ ਅਕਾਲੀ ਲਹਿਰ, ਸਰਨਾ ਗੁੱਟ ਨਾਲ ਗੱਠਜੋੜ ਕਰ ਕੇ ਚੋਣਾਂ ਲੜੇਗਾ ਅਤੇ ਜਿੱਤ ਪ੍ਰਾਪਤ ਕਰੇਗਾ। ਜਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਮੇਸ਼ਾ ਦੁਰਵਰਤੋਂ ਕੀਤੀ ਗਈ ਅਤੇ ਉਨ੍ਹਾਂ ਦਾ ਮੁੱਖ ਏਜੰਡਾ ਬਾਦਲਾਂ ਤੋਂ ਕਮੇਟੀ ਨੂੰ ਮੁਕਤ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸ਼੍ਰੋਮਣੀ ਕਮੇਟੀ ਦੀਆਂ 46 ਸੀਟਾਂ ਲਈ ਪਰਮਜੀਤ ਸਰਨਾ ਨਾਲ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਸੁਚੱਜੇ ਹੱਥਾਂ ਵਿਚ ਦੇਣ ਲਈ ਉਹ ਯੋਗ ਉਮੀਦਵਾਰਾਂ ਨੂੰ ਜਿਤਾਉਣ।

ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਬਾਲਟੀ ਚੋਣ ਨਿਸ਼ਾਨ ਦਿੱਲੀ ਹਾਈ ਕੋਰਟ ਵੱਲੋਂ ਅਲਾਟ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਿੱਲੀ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਬਾਦਲ ਧੜੇ ਨੂੰ ਧਾਰਮਿਕ ਸੰਸਥਾ ਨਾ ਮੰਨਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਾ ਨਾਮ ਚੋਣ ਲੜਨ ਵਾਲੀ ਸੂਚੀ ਵਿਚੋਂ ਹਟਾ ਦਿੱਤਾ ਗਿਆ ਸੀ। ਉਂਜ 6 ਧੜਿਆਂ ਨੂੰ ਧਾਰਮਿਕ ਧਿਰ ਮੰਨਦੇ ਹੋਏ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਸਨ। ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਐਕਟ-1974 ਦੇ ਨਿਯਮ 14 ਹੇਠ ਪੰਥਕ ਸੇਵਾ ਦਲ, ਆਮ ਅਕਾਲੀ ਦਲ, ਜਾਗੋ-ਜਗ ਆਸਰਾ ਗੁਰੂ ਓਟ (ਜਥੇਦਾਰ ਸੰਤੋਖ ਸਿੰਘ), ਪੰਥਕ ਅਕਾਲੀ ਲਹਿਰ, ਸਿੱਖ ਸਦਭਾਵਨਾ ਦਲ ਅਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ ਧਾਰਮਿਕ ਧਿਰ ਮੰਨਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਨਾਮ ਧਾਰਮਿਕ ਧਿਰ ਵਾਲੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ। ਦਿੱਲੀ ਕਮੇਟੀ ਦੀ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਹਾਈ ਕੋਰਟ ਨੇ ਧਾਰਮਿਕ ਪਾਰਟੀ ਦੀ ਪਰਿਭਾਸ਼ਾ ਬਾਰੇ ਵਿਰੋਧੀ ਧਿਰ ਅਤੇ ਦਿੱਲੀ ਸਰਕਾਰ ਤੋਂ ਜਾਣਕਾਰੀ ਮੰਗੀ ਸੀ। ਦਿੱਲੀ ਸਰਕਾਰ ਨੇ 10 ਮਾਰਚ ਨੂੰ ਹਲਫੀਆ ਬਿਆਨ ਦੇ ਕੇ ਦੱਸਿਆ ਸੀ ਕਿ ਬਾਲਟੀ ਚੋਣ ਨਿਸ਼ਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰਾਂ ਨੂੰ ਅਲਾਟ ਕੀਤਾ ਹੋਇਆ ਹੈ। ਦਿੱਲੀ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 8 ਅਪਰੈਲ ਨੂੰ ਕੀਤੀ ਜਾਵੇਗੀ ਅਤੇ ਉਮੀਦਵਾਰ 10 ਅਪਰੈਲ ਤੱਕ ਨਾਮ ਵਾਪਸ ਲੈ ਸਕਦੇ ਹਨ। ਵੋਟਾਂ ਦੀ ਗਿਣਤੀ 28 ਅਪਰੈਲ ਨੂੰ ਕੀਤੀ ਜਾਵੇਗੀ।

### ਬਾਦਲਾਂ ਨੂੰ ਲਾਂਭੇ ਕਰਨ ਲਈ ਵਿਰੋਧੀ ਇਕੱਠੇ ਹੋਣ: ਢੀਂਡਸਾ

**ਜੈਤੋ:** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਦਲ ਨੂੰ ਖਦੇੜਨ ਲਈ ਗੁਰਦੁਆਰਾ ਚੋਣਾਂ ਵਿਚ ਮਨਜੀਤ ਸਿੰਘ ਜੀਕੇ ਨੂੰ ਸਰਨਾ ਭਰਾਵਾਂ ਅਤੇ ਭਾਈ ਰਣਜੀਤ ਸਿੰਘ ਵਾਲੇ ਗੱਠਜੋੜ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਪਿੰਡ ਦਬੜ੍ਹੀਖਾਨਾ 'ਚ ਜਨਤਕ ਇਕੱਠ ਦੌਰਾਨ ਢੀਂਡਸਾ ਨੇ ਸੁਖਬੀਰ ਸਿੰਘ ਬਾਦਲ 'ਤੇ ਤਾਨਾਸ਼ਾਹ ਬਣ ਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਜਮਹੂਰੀ ਕਦਰਾਂ-ਕੀਮਤਾਂ ਛਿੱਕੇ ਟੰਗਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਹਾਲੇ ਤੱਕ ਸਪੱਸ਼ਟ ਨਹੀਂ ਕੀਤਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਤਖ਼ਤਾਂ ਦੇ ਜਥੇਦਾਰਾਂ ਤੋਂ ਮੁਆਫ ਕਿਉਂ ਕਰਾਇਆ ਗਿਆ ਅਤੇ ਇਹ ਸੌਦਾ ਕਿੱਥੇ ਤੈਅ ਹੋਇਆ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਤੀਜੇ ਫਰੰਟ ਦੀ ਕਾਇਮੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ (ਡੈਮੋਕ੍ਰੈਟਿਕ) ਵੱਲੋਂ ਅਕਾਲੀ ਦਲ (ਬਾਦਲ), ਭਾਜਪਾ ਤੇ ਕਾਂਗਰਸ ਤੋਂ ਇਲਾਵਾ ਕਿਸੇ ਵੀ ਸਿਆਸੀ ਧਿਰ ਨਾਲ ਗੱਠਜੋੜ ਕੀਤਾ ਜਾ ਸਕਦਾ ਹੈ।

### ਕੇਂਦਰ ਤੇ 'ਆਪ' ਦੀਆਂ ਕੋਝੀਆਂ ਚਾਲਾਂ ਨਾਕਾਮ: ਸੁਖਬੀਰ



**ਲੰਬੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ 'ਬਾਲਟੀ' ਅਲਾਟ ਹੋਣ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਕੇਂਦਰ ਸਰਕਾਰ ਅਤੇ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਲੋਕਤੰਤਰੀ ਪ੍ਰਣਾਲੀ ਦੇ ਘਾਣ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਕਮੇਟੀ ਦੀਆਂ ਚੋਣਾਂ ਲੜਨ ਤੋਂ ਰੋਕਣ ਲਈ ਚੱਲੀਆਂ ਸਾਰੀਆਂ ਕੋਝੀਆਂ ਚਾਲਾਂ ਨਾਕਾਮ ਹੋ ਗਈਆਂ ਹਨ। ਇਸ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਚੋਣ ਨਿਸ਼ਾਨ ਅਲਾਟ ਨਾ ਕੀਤੇ ਜਾਣ 'ਤੇ ਸੁਖਬੀਰ ਸਿੰਘ ਬਾਦਲ ਨੇ ਅਗਲੀ ਰਣਨੀਤੀ ਬਣਾਉਣ ਲਈ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਸੱਦ ਲਈ ਸੀ।

## 'ਕਰਤਾਰਪੁਰ ਸਾਹਿਬ ਦਾ ਲਾਂਘਾ ਕੇਂਦਰ ਸਰਕਾਰ ਤੁਰੰਤ ਖੋਲ੍ਹੇ'



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੇਂਦਰ ਸਰਕਾਰ ਨੂੰ ਪਿਛਲੇ ਇਕ ਸਾਲ ਤੋਂ ਕਰੋਨਾ ਮਹਾਂਮਾਰੀ ਕਾਰਨ ਬੰਦ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਫੌਰੀ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ। ਸ. ਢੀਂਡਸਾ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਲੰਮੇ ਸਮੇਂ ਤੋਂ ਬੰਦ ਹੋਣ ਕਾਰਨ ਸੰਗਤਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਤਰਸ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਭਾਰਤ ਸਮੇਤ ਦੁਨੀਆਂ ਭਰ 'ਚ ਸਾਰੀਆਂ ਧਾਰਮਿਕ ਥਾਵਾਂ ਖੋਲ੍ਹ ਦਿੱਤੀਆਂ ਗਈਆਂ ਹਨ ਤਾਂ ਫਿਰ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਕਿਉਂ ਨਹੀਂ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਬਹਾਨੇ ਪਹਿਲਾਂ ਭਾਰਤ ਸਰਕਾਰ ਵੱਲੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਸ਼ਤਾਬਦੀ ਸਮਾਗਮ 'ਚ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਐਨ ਆਖਰੀ ਮੌਕੇ ਰੋਕ ਦਿੱਤਾ ਗਿਆ ਸੀ ਅਤੇ ਹੁਣ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਵਾਰ-ਵਾਰ ਮੰਗ ਕੀਤੇ ਜਾਣ ਦੇ ਬਾਵਜੂਦ ਵੀ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਨਹੀਂ ਖੋਲ੍ਹਿਆ ਜਾ ਰਿਹਾ ਹੈ, ਜਿਸ ਕਾਰਨ ਸ਼ਰਧਾਲੂਆਂ 'ਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤੇ ਧਾਰਮਿਕ ਮਾਮਲਿਆਂ 'ਚ ਸਿਆਸਤ ਨਹੀਂ ਕਰਨੀ ਚਾਹੀਦੀ ਹੈ। ਸੁਖਦੇਵ ਸਿੰਘ ਢੀਂਡਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਫੌਰੀ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਵਾਉਣ।

## ਐਚ-1 ਬੀ ਵੀਜ਼ੇ ਉਤੇ ਪਾਬੰਦੀਆਂ ਖਤਮ; ਭਾਰਤੀਆਂ ਨੂੰ ਰਾਹਤ




**ਵਾਸ਼ਿੰਗਟਨ:** ਵਿਦੇਸ਼ੀ ਕਾਮਿਆਂ ਦੇ ਵੀਜ਼ਾ, ਖਾਸ ਤੌਰ 'ਤੇ ਐਚ-1 ਬੀ ਵੀਜ਼ਾ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈ ਪਾਬੰਦੀ ਦੀ ਸੀਮਾ 31 ਮਾਰਚ ਨੂੰ ਖਤਮ ਹੋ ਗਈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਨੂੰ ਅੱਗੇ ਵਧਾਉਣ ਬਾਰੇ ਕੋਈ ਫੈਸਲਾ ਨਹੀਂ ਦਿੱਤਾ, ਜਿਸ ਬਾਅਦ ਸਾਬਕਾ ਰਾਸ਼ਟਰਪਤੀ ਵੱਲੋਂ ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਖਤਮ ਹੋ ਗਿਆ ਹੈ। ਇਸ ਨਾਲ ਹਜ਼ਾਰਾਂ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਲਾਭ ਮਿਲਣ ਦੀ ਉਮੀਦ ਹੈ। ਟਰੰਪ ਨੇ ਬੀਤੇ ਵਰ੍ਹੇ ਕੋਵਿਡ-19 ਮਹਾਮਾਰੀ ਅਤੇ ਲੌਕਡਾਊਨ ਵਿਚਾਲੇ ਐਚ-1 ਬੀ ਵੀਜ਼ਾ ਸਮੇਤ ਕਈ ਅਸਥਾਈ ਜਾਂ ਗੈਰ ਪਰਵਾਸੀ ਵੀਜ਼ਾ ਵਰਗ ਦੇ ਬਿਨੈਕਾਰਾਂ ਦੇ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਲਗਾ ਦਿੱਤਾ ਸੀ। ਟਰੰਪ ਨੇ ਦਲੀਲ ਦਿੱਤੀ ਸੀ ਕਿ ਆਰਥਿਕ ਸੁਧਾਰਾਂ ਵਿਚ ਇਹ ਵੀਜ਼ਾ ਅਮਰੀਕੀ ਕਿਰਤ ਬਾਜ਼ਾਰ ਲਈ ਜੋਖਮ ਹੈ। ਇਸ ਮਗਰੋਂ ਇਹ ਨੋਟੀਫਿਕੇਸ਼ਨ 31 ਮਾਰਚ 2021 ਤੱਕ ਲਈ ਵਧਾ ਦਿੱਤਾ ਗਿਆ ਸੀ।

## ਕਰੋਨਾ ਨੇ ਗੁਰਦੁਆਰਿਆਂ ਦੀ ਆਮਦਨ ਨੂੰ ਮਾਰੀ ਸੱਟ



**ਸ੍ਰੀ ਆਨੰਦਪੁਰ ਸਾਹਿਬ:** ਕਰੋਨਾ ਕਾਰਨ ਲਗਾਤਾਰ ਦੂਸਰੇ ਸਾਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਤਖਤ ਕੇਸਗੜ੍ਹ ਦੇ ਸਲਾਨਾ ਬਜਟ ਵਿਚ ਜਿਥੇ ਜ਼ਿਕਰਯੋਗ ਕਮੀ ਦਰਜ ਕੀਤੀ ਗਈ ਹੈ, ਉਥੇ ਹੀ ਹੋਲੇ ਮਹੱਲੇ ਦੌਰਾਨ ਵੀ ਦੋ ਸਾਲਾਂ 'ਚ ਗੋਲਕ ਦਾ ਘਟਣਾ ਜਾਰੀ ਹੈ।

ਇਸ ਵਾਰ 18 ਫੀਸਦੀ ਦੇ ਘਾਟੇ ਨਾਲ ਦੋ ਸਾਲਾਂ 'ਚ ਗੋਲਕ ਦਾ ਕੁੱਲ ਘਾਟਾ 33 ਫੀਸਦੀ ਹੋ ਗਿਆ। ਤਖਤ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਅਨੁਸਾਰ ਇਥੇ ਦਾ ਪਿਛਲੇ ਸਾਲ ਦਾ 55 ਕਰੋੜ 50 ਲੱਖ ਦਾ ਬਜਟ ਪ੍ਰਵਾਨ ਹੋਇਆ ਸੀ ਜੋ ਕਰੋਨਾ ਮਹਾਂਮਾਰੀ ਕਰਕੇ 10 ਕਰੋੜ ਰੁਪਏ ਘੱਟ ਕੇ 44.50 ਕਰੋੜ ਹੀ ਰਹਿ ਗਿਆ ਸੀ। ਇਹੀ ਨਹੀਂ ਪਿਛਲੇ ਵਿੱਤੀ ਵਰ੍ਹੇ ਦੌਰਾਨ ਹੋਲੇ ਮਹੱਲੇ 'ਚ ਗੋਲਕ 70 ਲੱਖ ਰੁਪਏ ਘਟੀ ਸੀ, ਜਦਕਿ ਮੌਜੂਦਾ ਵਿੱਤੀ ਵਰ੍ਹੇ ਵਿਚ 56.80 ਕਰੋੜ ਦਾ ਬਜਟ ਪ੍ਰਵਾਨ ਹੋਇਆ ਹੈ ਪਰ ਹੋਲੇ ਮਹੱਲੇ ਦੌਰਾਨ ਇਸ ਵਾਰ ਵੀ ਗੋਲਕ 58.64 ਲੱਖ ਰੁਪਏ ਘਟਣ ਦੇ ਨਾਲ ਕੁੱਲ 18 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਅੰਕੜੇ ਤਖਤ ਕੇਸਗੜ੍ਹ ਸਾਹਿਬ ਪ੍ਰਬੰਧ ਅਧੀਨ ਆਉਂਦੇ 42 ਗੁਰਦੁਆਰਾ ਸਾਹਿਬਾਨ ਦੇ ਹਨ, ਜਿਨ੍ਹਾਂ ਵਿਚ ਗੁਰੂ ਕਾ ਲਹੌਰ, ਕੀਰਤਪੁਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ, ਨੰਗਲ, ਹਿਮਾਚਲ ਪ੍ਰਦੇਸ਼ ਅਤੇ ਪਰਵਾਰ ਵਿਛੋੜਾ ਸਾਹਿਬ ਵੀ ਸ਼ਾਮਲ ਹਨ। ਅੰਕੜਿਆਂ ਦੀ ਪੁਸ਼ਟੀ ਕਰਦੇ ਹੋਏ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਹੋਲੇ ਮਹੱਲੇ ਦੌਰਾਨ ਸੰਗਤ ਦੀ ਆਮਦ ਵਿਚ 40 ਤੋਂ 50 ਫੀਸਦੀ ਦੀ ਕਮੀ ਆਈ, ਜਿਸ ਦਾ ਅਸਰ ਜਿੱਥੇ ਗੁਰੂ ਘਰ ਦੀ ਗੋਲਕ 'ਤੇ ਪਿਆ ਹੈ ਉਥੇ ਹੀ ਵੱਖ-ਵੱਖ ਵਰਗਾਂ ਨੂੰ ਵੀ ਪਿਆ ਹੈ।

## ਦੇਸ਼ ਭਗਤ ਪਾਰਕ ਵਿਚ ਗਾਇਕ ਸ਼ੌਕਤ ਅਲੀ ਦਾ ਬੁੱਤ ਲਾਇਆ

**ਮੋਗਾ:** ਬੀਤੇ ਦਿਨੀਂ ਫੌਤ ਹੋਏ ਪੰਜਾਬੀ ਲੋਕ ਗਾਇਕ ਸ਼ੌਕਤ ਅਲੀ ਦਾ ਬੁੱਤ ਇਥੇ ਘੱਲਕਲਾਂ ਦੇ ਦੇਸ਼ ਭਗਤ ਪਾਰਕ ਵਿਚ ਸਥਾਪਤ ਕੀਤਾ ਗਿਆ। ਬੁੱਤਸਾਜ ਮਨਜੀਤ ਸਿੰਘ ਗਿੱਲ ਨੇ ਕਿਹਾ ਕਿ ਪਾਕਿਸਤਾਨੀ ਪੰਜਾਬ ਦਾ ਜੰਮਪਲ ਸ਼ੌਕਤ ਅਲੀ ਚੜ੍ਹਦੇ ਪੰਜਾਬ ਵਿਚ ਵੀ ਹਮੇਸ਼ਾਂ ਯਾਦ ਰਹੇਗਾ। ਉਨ੍ਹਾਂ ਦੱਸਿਆ ਕਿ ਸ਼ੌਕਤ ਅਲੀ ਨੇ ਪੰਜਾਬੀ ਤੋਂ ਇਲਾਵਾ ਉਰਦੂ ਤੇ ਹਿੰਦੀ ਗੀਤਾਂ ਅਤੇ ਗ਼ਜ਼ਲਾਂ ਵਿਚ ਵੀ ਪ੍ਰਸਿੱਧੀ ਹਾਸਲ ਕੀਤੀ। ਉਹ 'ਹੀਰ' ਅਤੇ 'ਸੈਫ-ਅਲ-ਮਲੂਕ' ਲਈ ਜਿਆਦਾ ਜਾਣੇ ਗਏ। ਪਾਕਿਸਤਾਨ ਵਿਚ 'ਪੰਜਾਬ ਦੀ ਆਵਾਜ਼' ਵਜੋਂ ਜਾਣੇ ਜਾਂਦੇ ਸ਼ੌਕਤ ਅਲੀ ਨੂੰ ਪਾਕਿ ਦੇ ਸਭ ਤੋਂ ਵੱਡੇ 'ਸਿਵਲੀਅਨ ਪ੍ਰੈਜ਼ੀਡੈਂਸ਼ੀਅਲ ਐਵਾਰਡ' ਨਾਲ ਸਨਮਾਨਿਆ ਗਿਆ ਸੀ। ਉਨ੍ਹਾਂ ਚੜ੍ਹਦੇ ਪੰਜਾਬ ਵਿਚ ਲੁਧਿਆਣਾ, ਮੁਹਾਲੀ ਅਤੇ



ਕਪੂਰਥਲਾ ਵਿਚ ਸਮੇਂ-ਸਮੇਂ 'ਤੇ ਕਰਵਾਏ ਗਏ ਸਭਿਆਚਾਰਕ ਮੇਲਿਆਂ ਤੋਂ ਇਲਾਵਾ 14 ਅਗਸਤ 2011 ਦੀ ਰਾਤ ਨੂੰ ਅਟਾਰੀ (ਅੰਮ੍ਰਿਤਸਰ) ਵਿਚ ਕਰਵਾਏ ਗਏ 16ਵੇਂ ਹਿੰਦ-ਪਾਕਿ ਦੋਸਤੀ ਮੇਲੇ ਵਿਚ ਆਪਣੇ ਗੀਤਾਂ ਰਾਹੀਂ ਭਾਰਤੀ ਸਰੋਤਿਆਂ ਦਾ ਦਿਲ ਜਿੱਤਿਆ। ਇਸ ਤੋਂ ਇਲਾਵਾ ਉਨ੍ਹਾਂ ਨਵੀਂ ਦਿੱਲੀ ਵਿਚ ਏਸ਼ਿਆਈ ਖੇਡਾਂ ਮੌਕੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਮਨਜੀਤ ਸਿੰਘ ਗਿੱਲ ਨੇ ਕਿਹਾ ਕਿ ਪਾਰਕ ਵਿਚ ਉਨ੍ਹਾਂ ਦਾ ਬੁੱਤ ਸਥਾਪਤ ਕਰਨਾ ਬੜੇ ਮਾਨ ਵਾਲੀ ਗੱਲ ਹੈ। ਇਸ ਪਾਰਕ ਵਿਚ ਪਹਿਲਾਂ ਮਿਲਖਾ ਸਿੰਘ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਚੰਦਰ ਸ਼ੇਖ਼ਰ ਆਜ਼ਾਦ, ਮਦਨ ਲਾਲ ਢੀਂਗਰਾ, ਮਹਾਤਮਾ ਗਾਂਧੀ, ਡਾ. ਬੀ.ਆਰ ਅੰਬੇਡਕਰ, ਬਾਬਾ ਬੰਦਾ ਸਿੰਘ ਬਹਾਦਰ ਤੇ ਬਾਬਾ ਸ਼ੇਖ ਫ਼ਰੀਦ ਸਮੇਤ 50 ਤੋਂ ਵਧ ਹਸਤੀਆਂ ਦੇ ਬੁੱਤ ਸਥਾਪਤ ਕੀਤੇ ਗਏ ਹਨ।

### ਸ਼੍ਰੋਮਣੀ ਕਮੇਟੀ ਵਲੋਂ 2021 ਨੂੰ ਮਨੁੱਖੀ ਅਧਿਕਾਰ ਵਰ੍ਹਾ ਐਲਾਨਣ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਵੱਖ-ਵੱਖ ਮਤਿਆਂ ਵਿਚ ਕੇਂਦਰ ਤੋਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਸੰਯੁਕਤ ਰਾਸ਼ਟਰ ਤੋਂ ਗੁਰੂ ਤੇਗ ਬਹਾਦਰ ਦੇ 400ਵੇਂ ਵਰ੍ਹੇਗੰਢ ਵਰ੍ਹੇ 2021 ਨੂੰ 'ਕੌਮਾਂਤਰੀ ਮਨੁੱਖੀ ਅਧਿਕਾਰ ਵਰ੍ਹਾ' ਐਲਾਨਣ ਦੀ ਅਪੀਲ ਕੀਤੀ ਹੈ। ਇਹ ਮਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪੇਸ਼ ਕੀਤਾ ਤੇ ਮੈਂਬਰਾਂ ਨੇ ਇਸ ਨੂੰ ਪਾਸ ਕਰ ਦਿੱਤਾ। ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਪਾਸ ਮਤੇ ਵਿਚ ਸ਼੍ਰੋਮਣੀ ਕਮੇਟੀ ਨੇ ਕੇਂਦਰ ਤੋਂ ਸ੍ਰੀ ਆਨੰਦਪੁਰ ਸਾਹਿਬ ਵਿਚ 'ਵਿਰਾਸਤ ਏ ਖਾਲਸਾ' ਵਾਂਗ ਨੌਵੇਂ ਗੁਰੂ ਦੀ ਨਿਵੇਕਲੀ ਯਾਦਗਾਰ ਬਣਾਉਣ ਦੀ ਮੰਗ ਕੀਤੀ। ਇਸੇ ਤਰ੍ਹਾਂ ਕਈ ਹੋਰ ਮਤੇ ਵੀ ਪਾਸ ਕੀਤੇ ਗਏ।

# ਹਿੰਦ-ਪਾਕਿ ਵਿਚਾਲੇ ਅਮਨ ਬਾਰੇ ਬਣੀਆਂ ਆਸਾਂ ਨੂੰ ਲੱਗਾ ਖੋਰਾ

**ਇਸਲਾਮਾਬਾਦ:** ਪਾਕਿਸਤਾਨ ਨੇ ਮੌਜੂਦਾ ਮਾਹੌਲ ਵਿਚ ਭਾਰਤ ਨਾਲ ਕਿਸੇ ਵੀ ਤਰ੍ਹਾਂ ਦੇ ਵਪਾਰ ਤੋਂ ਹੱਥ ਪਿੱਛੇ ਖਿੱਚ ਲਏ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਪਾਕਿਸਤਾਨ ਮੌਜੂਦਾ ਹਾਲਾਤ ਵਿਚ ਭਾਰਤ ਨਾਲ ਕਿਸੇ ਤਰ੍ਹਾਂ ਦਾ ਕੋਈ ਵਪਾਰ ਨਹੀਂ ਕਰੇਗਾ। ਇਹ ਫੈਸਲਾ ਉਨ੍ਹਾਂ ਕੈਬਨਿਟ ਮੰਤਰੀਆਂ ਨਾਲ ਕਪਾਹ ਤੇ ਖੰਡ ਦੀ ਗੁਆਂਢੀ ਦੇਸ਼ ਤੋਂ ਦਰਾਮਦ ਕਰਨ ਸਬੰਧੀ ਹੋਈ ਮੀਟਿੰਗ ਵਿਚ ਲਿਆ। ਇਹ ਵੀ ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਖਾਨ ਨੇ ਬੀਤੇ ਦਿਨੀਂ ਵਪਾਰ ਮੰਤਰੀ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਦੋਵੇਂ ਵਸਤਾਂ ਦੀ ਦਰਾਮਦ ਕਰਨ ਦੇ ਹੋਰ ਰਾਹ ਤਲਾਸ਼ਣ।

ਦੱਸ ਦਈਏ ਕਿ ਪਾਕਿਸਤਾਨ ਦੇ ਨਵ-ਨਿਯੁਕਤ ਵਿੱਤ ਮੰਤਰੀ ਹਮਾਦ ਅਜ਼ਹਰ ਨੇ ਐਲਾਨ ਕੀਤਾ ਸੀ ਕਿ ਉਹ ਭਾਰਤ ਤੋਂ ਖੰਡ ਅਤੇ ਕਪਾਹ ਦੀ ਖਰੀਦ ਕਰੇਗਾ। ਭਾਰਤ ਵੱਲੋਂ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਧਾਰਾ 370 ਖਤਮ ਕੀਤੇ ਜਾਣ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧ ਗਿਆ ਸੀ। ਪਾਕਿਸਤਾਨ ਨੇ ਗੁਆਂਢੀ ਦੇਸ਼ ਤੋਂ ਸਾਮਾਨ ਦੀ ਦਰਾਮਦਗੀ 'ਤੇ ਪਾਬੰਦੀ ਲਾ ਦਿੱਤੀ ਸੀ। ਵਿੱਤ ਮੰਤਰੀ ਅਜ਼ਹਰ ਦੀ ਪ੍ਰਧਾਨਗੀ ਹੇਠ ਹੋਈ ਆਰਥਿਕ ਸਹਿਯੋਗ ਕਮੇਟੀ (ਈ.ਸੀ.ਸੀ.) ਦੀ ਮੀਟਿੰਗ ਦੌਰਾਨ ਨਿੱਜੀ ਖੇਤਰਾਂ ਨੂੰ ਭਾਰਤ ਤੋਂ ਪੰਜ ਲੱਖ ਟਨ ਖੰਡ ਦਰਾਮਦ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਭਾਰਤ ਤੋਂ ਕਪਾਹ ਤੇ ਖੰਡ ਸਣੇ 21 ਚੀਜ਼ਾਂ ਦਰਾਮਦ ਕਰਵਾਉਣ




ਸਬੰਧੀ ਏਜੰਡੇ ਬਾਰੇ ਗੱਲਬਾਤ ਹੋਈ ਸੀ। ਪਾਕਿਸਤਾਨ ਵੱਲੋਂ ਦਰਾਮਦਗੀ ਮੁੜ ਸ਼ੁਰੂ ਕਰਨ ਨਾਲ 5 ਅਗਸਤ 2019 ਨੂੰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਖਤਮ ਕੀਤੇ ਜਾਣ ਮਗਰੋਂ ਦੁਵੱਲੇ ਵਪਾਰਕ ਸਬੰਧਾਂ ਨੂੰ ਅੰਸ਼ਿਕ ਹੁਲਾਰਾ ਮਿਲਣ ਦੀ ਆਸ ਜਾਗੀ ਸੀ। ਪਰ ਛੇਤੀ ਹੀ ਸਭ ਖਤਮ ਹੋ ਗਿਆ।

ਦੱਸ ਦਈਏ ਕਿ ਪਹਿਲਾਂ ਪਾਕਿਸਤਾਨ ਦੇ ਵਿੱਤ ਮੰਤਰੀ ਨੇ ਐਲਾਨ ਕੀਤਾ ਸੀ ਕਿ ਪਾਕਿਸਤਾਨ ਭਾਰਤ ਤੋਂ ਕਪਾਹ ਅਤੇ ਖੰਡ ਦੀ ਦਰਾਮਦ ਕਰਨ ਦੀ ਆਗਿਆ ਦੇ ਦੇਵੇਗਾ ਪਰ ਅਗਲੇ ਦਿਨ ਪਾਕਿਸਤਾਨ ਦੀ ਆਰਥਿਕ ਮਾਮਲਿਆਂ ਬਾਰੇ ਤਾਲਮੇਲ ਕਮੇਟੀ ਦੇ ਇਸ ਫੈਸਲੇ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ। ਪਾਕਿਸਤਾਨ ਸਰਕਾਰ ਨੇ ਆਪਣੇ ਇਸ ਫੈਸਲੇ ਨੂੰ ਭਾਰਤ ਸਰਕਾਰ ਦੇ 5 ਅਗਸਤ 2019 ਦੇ ਉਸ ਫੈਸਲੇ ਨਾਲ ਜੋੜਿਆ ਹੈ ਜਿਸ ਤਹਿਤ ਭਾਰਤੀ ਸੰਵਿਧਾਨ ਦੀ ਧਾਰਾ 370 ਮਨਸੂਖ ਕਰ ਕੇ ਵਿਸ਼ੇਸ਼ ਦਰਜੇ ਵਾਲੇ ਸੂਬੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਜੰਮੂ ਕਸ਼ਮੀਰ ਅਤੇ ਲੱਦਾਖ) ਵਿਚ ਵੰਡ ਦਿੱਤਾ ਗਿਆ ਸੀ। ਪਾਕਿਸਤਾਨ ਸਰਕਾਰ ਅਨੁਸਾਰ ਭਾਰਤ ਨਾਲ ਉਦੋਂ ਤੱਕ ਕੋਈ ਵਪਾਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਜੰਮੂ ਕਸ਼ਮੀਰ ਦੀ ਪਹਿਲਾਂ ਵਾਲੀ ਸਥਿਤੀ ਬਹਾਲ ਨਹੀਂ ਕੀਤੀ ਜਾਂਦੀ।

ਪਾਕਿਸਤਾਨ ਦੇ ਇਸ ਫੈਸਲੇ ਨਾਲ ਦੋਹਾਂ ਦੇਸ਼ਾਂ ਵਿਚਕਾਰ ਅਮਨ-ਚੈਨ ਕਾਇਮ ਹੋਣ ਬਾਰੇ ਬਣੀਆਂ ਆਸਾਂ-ਉਮੀਦਾਂ ਨੂੰ ਖੋਰਾ ਲੱਗਾ ਹੈ। ਇਸ ਤੋਂ ਪਹਿਲਾਂ ਦੋਹਾਂ ਦੇਸ਼ਾਂ ਵਿਚਕਾਰ ਐਲ.ਓ.ਸੀ. (ਲਾਈਨ ਆਫ ਕੰਟਰੋਲ) ਉਤੇ ਅਮਨ ਬਣਾਈ ਰੱਖਣ ਦੇ ਅਹਿਦ ਨੂੰ ਦੁਹਰਾਇਆ ਗਿਆ ਸੀ ਅਤੇ ਕੂਟਨੀਤਕ ਹਲਕੇ ਉਮੀਦ ਕਰ ਰਹੇ ਸਨ ਕਿ ਪਾਕਿਸਤਾਨ ਵੱਲੋਂ ਖੰਡ ਅਤੇ ਕਪਾਹ ਦੀ ਦਰਾਮਦ ਸ਼ੁਰੂ ਕਰਨ ਨਾਲ ਦੋਹਾਂ ਦੇਸ਼ਾਂ ਵਿਚਕਾਰ ਤਣਾਉ ਘਟੇਗਾ।

## ਭਾਰਤ ਵੱਲੋਂ ਪਾਕਿ ਦੇ ਰੁਖ ਬਾਰੇ ਟਿੱਪਣੀ ਤੋਂ ਨਾਂਹ

**ਨਵੀਂ ਦਿੱਲੀ:** ਭਾਰਤ ਨੇ ਕਪਾਹ ਤੇ ਖੰਡ ਦੀ ਸੀਮਤ ਦਰਾਮਦ ਦੀ ਯੋਜਨਾ 'ਤੇ ਪਾਕਿਸਤਾਨ ਦਾ ਰੁਖ ਬਦਲਣ ਦੇ ਮੁੱਦੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਬਾਰੇ ਪੁੱਛੇ ਜਾਣ 'ਤੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ, 'ਅਸੀਂ ਇਸ ਸਬੰਧੀ ਖਬਰਾਂ ਦੇਖੀਆਂ ਹਨ ਪਰ ਸਪੱਸ਼ਟ ਹੈ ਕਿ ਇਹ ਸਵਾਲ ਪੁੱਛਣ ਲਈ ਅਸੀਂ ਸਹੀ ਧਿਰ ਨਹੀਂ ਹਾਂ।' ਜ਼ਿਕਰਯੋਗ ਹੈ ਕਿ ਪਾਕਿਸਤਾਨੀ ਮੰਤਰੀ ਮੰਡਲ ਨੇ ਉੱਚ ਅਧਿਕਾਰ ਪ੍ਰਾਪਤ ਕਮੇਟੀ ਦੇ ਭਾਰਤ ਤੋਂ ਕਪਾਹ ਤੇ ਖੰਡ ਦੀ ਦਰਾਮਦ ਦੀ ਤਜਵੀਜ਼ ਨੂੰ ਖਾਰਜ ਕਰ ਦਿੱਤਾ ਸੀ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਸੀ ਕਿ ਦੋਵਾਂ ਮੁਲਕਾਂ ਵਿਚਾਲੇ ਰਿਸ਼ਤੇ ਉਦੋਂ ਤੱਕ ਠੀਕ ਨਹੀਂ ਹੋ ਸਕਦੇ ਜਦੋਂ ਤੱਕ ਭਾਰਤ ਸਰਕਾਰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨ ਸਬੰਧੀ ਆਪਣਾ ਫੈਸਲਾ ਵਾਪਸ ਨਹੀਂ ਲੈਂਦੀ।

## ਆਰ.ਐਲ.ਏ. ਕਾਲਜ ਵੱਲੋਂ ਪ੍ਰੋ. ਸਾਈਬਾਬਾ ਦੀਆਂ ਸੇਵਾਵਾਂ ਖਤਮ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ ਰਾਮ ਲਾਲ ਆਨੰਦ ਕਾਲਜ (ਆਰ.ਐਲ.ਏ. ਕਾਲਜ) ਨੇ ਸਹਾਇਕ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਸਾਈਬਾਬਾ ਮਾਓਵਾਦੀਆਂ ਨਾਲ ਤਾਲਮੇਲ ਰੱਖਣ ਦੇ ਦੋਸ਼ ਹੇਠ ਇਸ ਵੇਲੇ ਨਾਗਪੁਰ ਦੀ ਕੇਂਦਰੀ ਜੇਲ੍ਹ ਵਿਚ ਕੈਦ ਹਨ ਤੇ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ।

ਸਾਈਬਾਬਾ ਦੀ ਪਤਨੀ ਵਸੰਤਾ ਨੂੰ ਇਕ ਮੈਮੋਰੰਡਮ ਮਿਲਿਆ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ 31 ਮਾਰਚ ਸ਼ਾਮ ਤੁਰਤ ਪ੍ਰਭਾਵ ਨਾਲ ਖਤਮ ਕਰ ਦਿੱਤੀਆਂ ਗਈਆਂ ਹਨ। ਸਾਈਬਾਬਾ ਜੋ ਕਿ ਅੰਗਰੇਜ਼ੀ ਦੇ ਪ੍ਰੋਫੈਸਰ ਹਨ, ਨੂੰ ਉਨ੍ਹਾਂ ਦੀ 2014 ਵਿਚ ਮਹਾਰਾਸ਼ਟਰ ਪੁਲਿਸ ਵੱਲੋਂ ਗ੍ਰਿਫਤਾਰੀ ਤੋਂ ਬਾਅਦ ਕਾਲਜ 'ਚੋਂ ਮੁਅੱਤਲ ਕਰ ਦਿੱਤਾ ਗਿਆ ਸੀ। ਸਾਈਬਾਬਾ ਦੀ ਪਤਨੀ ਨੇ ਦੋਸ਼ ਲਾਇਆ ਕਿ ਇਹ 'ਕਰਮਚਾਰੀ ਦੇ ਹੱਕਾਂ ਦੀ ਉਲੰਘਣਾ ਹੈ' ਤੇ ਉਹ ਅਦਾਲਤ ਜਾਵੇਗੀ। ਉਨ੍ਹਾਂ ਕਿਹਾ ਕਿ ਸਾਈਬਾਬਾ ਦੀ ਸਜ਼ਾ ਖਿਲਾਫ ਅਪੀਲ ਬੰਬੇ ਹਾਈ ਕੋਰਟ ਵਿਚ ਬਕਾਇਆ ਹੈ, ਅਜਿਹਾ ਫੈਸਲਾ ਕਿਵੇਂ ਲਿਆ ਜਾ ਸਕਦਾ ਹੈ? ਪਤਨੀ ਨੇ ਕਿਹਾ ਕਿ ਐਸ.ਏ.ਆਰ. ਗਿਲਾਨੀ (ਜਿਨ੍ਹਾਂ ਨੂੰ ਸੰਸਦ ਉਤੇ ਹੋਏ ਹਮਲੇ ਦੇ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਸੀ) ਅਜਿਹੇ ਕੇਸਾਂ ਦੀ ਇਕ ਉਦਾਹਰਨ ਹਨ।

# ਕੈਲਗਰੀ ਯੂਨੀਵਰਸਿਟੀ ਵਿਚ ਸਿੱਖ ਚੇਅਰ ਸਥਾਪਿਤ ਕਰਨ ਦਾ ਫੈਸਲਾ

**ਕੈਲਗਰੀ (ਸੁਖਵੀਰ ਗਰੇਵਾਲ):** ਯੂਨੀਵਰਸਿਟੀ ਆਫ ਕੈਲਗਰੀ ਦੇ ਆਰਟਸ ਵਿਭਾਗ ਨੇ ਸਿੱਖ ਚੇਅਰ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿਚ ਸਿੱਖੀ ਦੇ ਮਹਾਨ ਇਤਿਹਾਸ ਬਾਰੇ ਪੜ੍ਹਨ ਅਤੇ ਖੋਜ ਦੇ ਕੰਮਾਂ ਲਈ ਇੱਕ ਮੰਚ ਮਿਲ ਸਕੇਗਾ। ਇਸ ਚੇਅਰ ਲਈ ਇੱਕ ਫੰਡ ਇਕੱਤਰ ਕਰਨ ਲਈ ਮੁਹਿੰਮ ਪਹਿਲੀ ਅਪਰੈਲ ਤੋਂ 22 ਅਪਰੈਲ ਤੱਕ ਚਲਾਈ ਜਾ ਰਹੀ ਹੈ, ਜਿਸ ਦੌਰਾਨ ਇਸ ਚੇਅਰ ਲਈ ਢਾਈ ਲੱਖ ਡਾਲਰ ਫੰਡ ਇਕੱਤਰ ਕਰਨ ਦੀ ਯੋਜਨਾ ਹੈ। ਪੂਰੇ ਉਤਰੀ ਅਮਰੀਕਾ ਵਿਚ ਇਹ ਆਪਣੀ ਕਿਸਮ ਦਾ ਵੱਖਰਾ ਪ੍ਰਾਜੈਕਟ ਹੈ।

ਯੂਨੀਵਰਸਿਟੀ ਆਫ ਕੈਲਗਰੀ ਵਿਚ ਧਰਮ ਅਧਿਐਨ ਵਿਭਾਗ ਤੋਂ ਡਾ. ਹਰਜੀਤ ਸਿੰਘ ਗਰੇਵਾਲ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਿੱਖ ਚੇਅਰ ਸਥਾਪਿਤ ਕਰਨ ਦੀਆਂ ਮੁਢਲੀਆਂ ਕੋਸ਼ਿਸ਼ਾਂ ਸਾਲ 2017 ਵਿਚ ਸ਼ੁਰੂ ਹੋਈਆਂ, ਜਦੋਂ ਸਿੱਖ ਧਰਮ ਬਾਰੇ ਜਾਣ-ਪਛਾਣ ਦੀ ਕਲਾਸ ਵਿਚਲੇ ਕੁਝ ਵਿਦਿਆਰਥੀਆਂ ਨੇ ਸਿੱਖ ਧਰਮ ਦੇ ਵਿਸ਼ਾਲ ਸੰਕਲਪ ਨੂੰ ਵਿਸਥਾਰ ਵਿਚ ਪੜ੍ਹਨ ਦੀ ਰੁਚੀ ਦਿਖਾਈ। ਇਸ ਤੋਂ ਬਾਅਦ ਕੈਲਗਰੀ ਦੇ ਸਿੱਖ ਭਾਈਚਾਰੇ ਨਾਲ ਇਸ ਮੀਟਿੰਗਾਂ ਦਾ ਦੌਰ ਸ਼ੁਰੂ ਹੋਇਆ। ਪਿਛਲੇ ਸਾਲ (2019) ਦੌਰਾਨ ਅਪਰੈਲ ਮਹੀਨੇ ਵਿਚ ਇਸ ਪ੍ਰਾਜੈਕਟ ਲਈ ਫੰਡ ਇਕੱਤਰ ਕਰਨ ਦੀ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਸੀ, ਪਰ ਕਰੋਨਾ ਕਰਕੇ ਸੰਭਵ ਨਹੀਂ ਹੋ ਸਕਿਆ।

ਡਾ. ਗਰੇਵਾਲ ਦਾ ਪਰਿਵਾਰਕ ਪਿਛੋਕੜ ਜ਼ਿਲਾ ਲੁਧਿਆਣਾ ਦੇ ਪਿੰਡ ਸਰਾਭਾ ਤੋਂ ਹੈ। ਉਨ੍ਹਾਂ ਦੱਸਿਆ ਕਿ ਕੈਲਗਰੀ ਯੂਨੀਵਰਸਿਟੀ ਵਲੋਂ ਇਸ ਚੇਅਰ ਲਈ ਕਾਫੀ ਰੁਚੀ ਦਿਖਾਈ ਜਾ ਰਹੀ ਹੈ, ਜਿਸ ਕਰਕੇ ਉਹ ਵੀ ਕਾਫੀ ਉਤਸ਼ਾਹਿਤ ਹਨ। ਉਨ੍ਹਾਂ ਦੱਸਿਆ ਕਿ ਸੰਗਤ ਵਲੋਂ ਇਸ ਪ੍ਰਾਜੈਕਟ ਲਈ ਢਾਈ ਲੱਖ ਡਾਲਰ ਦੀ ਰਾਸ਼ੀ ਇਕੱਤਰ ਕਰਨ ਦਾ ਟੀਚਾ ਹੈ। ਪਹਿਲੀ ਅਪਰੈਲ ਤੋਂ 22 ਅਪਰੈਲ ਤੱਕ ਸੰਗਤ ਵਲੋਂ ਜੋ ਵੀ ਰਾਸ਼ੀ ਇਸ ਚੇਅਰ ਲਈ ਦਾਨ ਕੀਤੀ ਜਾਵੇਗੀ, ਉਸ ਲਈ ਯੂਨੀਵਰਸਿਟੀ ਵਲੋਂ ਡਾਲਰ ਨਾਲ ਡਾਲਰ ਮੈਚ ਗਰਾਂਟ ਦਿੱਤੀ ਜਾਵੇਗੀ। ਜੇ ਸੰਗਤ ਇਨ੍ਹਾਂ ਦਿਨਾਂ ਦੌਰਾਨ ਸਵਾ ਲੱਖ ਡਾਲਰ ਇੱਕਠਾ ਕਰ ਲੈਂਦੀ ਹੈ ਤਾਂ ਐਨੀ ਹੀ ਰਾਸ਼ੀ ਯੂਨੀਵਰਸਿਟੀ ਵਲੋਂ ਮੈਚਿੰਗ ਗਰਾਂਟ ਰਾਹੀਂ ਦਿੱਤੀ ਜਾਵੇਗੀ ਤੇ ਇਸ ਤਰ੍ਹਾਂ ਢਾਈ ਲੱਖ ਡਾਲਰ ਦੀ ਰਾਸ਼ੀ ਦਾ ਟੀਚਾ ਪੂਰਾ ਹੋ ਸਕੇਗਾ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਦੀ ਸਥਾਪਤੀ ਦੇ ਪਹਿਲੇ ਪੜਾਅ ਦੌਰਾਨ ਹੀ ਸਿੱਖ ਧਰਮ ਦੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ, ਪਰ ਅਗਲੇ ਪੜਾਵਾਂ ਦੌਰਾਨ ਅਧਿਐਨ ਦੇ ਕਈ ਹੋਰ ਰਾਹ ਖੁੱਲ੍ਹਣ ਦੀ ਉਮੀਦ ਹੈ।

ਇਸ ਗੱਲ 'ਤੇ ਖੁਸ਼ੀ ਪ੍ਰਗਟ ਕਰਦਿਆਂ ਗੁਰਦੁਆਰਾ ਦਸ਼ਮੇਸ਼ ਕਲਚਰਲ ਸੈਂਟਰ ਦੀ ਕਮੇਟੀ ਦੇ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਦੁਨੀਆਂ ਭਰ ਦੇ ਧਰਮਾਂ ਵਿਚੋਂ ਗਿਣਤੀ ਦੇ ਪੱਖ ਤੋਂ ਸਿੱਖ ਧਰਮ ਦਾ ਪੰਜਵਾਂ ਸਥਾਨ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਬਹੁਤ ਹੀ ਖੂਬਸੂਰਤ ਦੇਸ਼ ਹੈ, ਜਿੱਥੇ ਸਿੱਖ ਕੌਮ ਨੂੰ ਬਹੁਤ ਹੀ ਸਤਿਕਾਰ ਨਾਲ ਦੇਖਿਆ ਜਾਂਦਾ ਹੈ ਤੇ ਯੂਨੀਵਰਸਿਟੀ ਆਫ ਕੈਲਗਰੀ ਦੁਆਰਾ ਸਿੱਖ ਚੇਅਰ ਸਥਾਪਿਤ ਕਰਨ ਦਾ ਫੈਸਲਾ ਸਮੁੱਚੀ ਕੌਮ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਯੂਨੀਵਰਸਿਟੀ ਦੇ ਇਸ ਪ੍ਰਾਜੈਕਟ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ।

# ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਮਨਾਇਆ

**ਸੈਲਮਾ (ਬਿਊਰੋ):** ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦਾ 90ਵਾਂ ਸ਼ਹੀਦੀ ਦਿਨ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸੱਦੇ 'ਤੇ ਗੁਰਦੁਆਰਾ ਪੈਸੇਫਿਕ ਕੋਸਟ, ਸੈਲਮਾ ਦੇ ਖੁੱਲ੍ਹੇ ਬਰਾਂਡੇ ਵਿਚ ਮਨਾਇਆ ਗਿਆ, ਜਿਥੇ ਇਲਾਕੇ ਦੇ ਲੋਕਾਂ ਨੇ ਇਕੱਠੇ ਹੋ ਕੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੈਕਟਰੀ ਸੁਰਿੰਦਰ ਮੰਢਾਲੀ ਨੇ ਗੁਰਦੁਆਰਾ ਕਮੇਟੀ ਦਾ ਧੰਨਵਾਦ ਕਰਦਿਆਂ ਪਹੁੰਚੇ ਹੋਏ ਸਮੂਹ ਲੋਕਾਂ ਦਾ ਸਵਾਗਤ ਕੀਤਾ।








ਇਸ ਮੌਕੇ ਹਰਜੀਤ ਸਿੰਘ ਸ਼ੇਰਗਿੱਲ ਨੇ ਕਿਸਾਨੀ ਅੰਦੋਲਨ ਸਬੰਧੀ ਇਕ ਕਵਿਤਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਭਜਨ ਸਿੰਘ ਸਰੋਤਾ ਨੇ ਬੋਲਦਿਆਂ ਇਸ ਗੱਲ 'ਤੇ ਦੁਖ ਜਾਹਰ ਕੀਤਾ ਕਿ ਹਜ਼ਾਰਾਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਭਾਰਤ ਦੀ ਆਜ਼ਾਦੀ ਅਜੇ ਵੀ ਅਧੂਰੀ ਹੈ। ਉਨ੍ਹਾਂ ਨੇ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਸੱਦਾ ਵੀ ਦਿੱਤਾ। ਕੁੰਦਨ ਸਿੰਘ ਧਾਮੀ ਨੇ ਆਪਣੀ ਲਿਖੀ ਇਕ ਭਾਵਪੂਰਤ ਕਵਿਤਾ ਪੇਸ਼ ਕੀਤੀ। ਸ਼ਰਨਜੀਤ ਧਾਲੀਵਾਲ ਨੇ ਵੀ ਸ਼ਹੀਦਾਂ ਨੂੰ ਸਮਰਪਤ ਇਕ ਕਵਿਤਾ ਪੇਸ਼ ਕੀਤੀ।

ਇਸ ਪ੍ਰੋਗਰਾਮ ਵਿਚ ਸਟੇਜ 'ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਤਸਵੀਰਾਂ ਵਾਲੇ ਬੈਨਰ ਦੇ ਨਾਲ ਨਾਲ ਕਿਸਾਨੀ ਅੰਦੋਲਨ ਨਾਲ ਇਕਮੁਠਤਾ ਪਰਗਟ ਕਰਦੇ ਨਾਹਰੇ ਅਤੇ ਬੈਨਰ ਲੱਗੇ ਹੋਏ ਸਨ। ਬੁਲਾਰਿਆਂ ਦੀਆਂ ਤਕਰੀਰਾਂ ਵਿਚ ਵੀ ਸ਼ਹੀਦਾਂ ਦੀ ਯਾਦ ਦੇ ਨਾਲ ਨਾਲ ਕਿਸਾਨੀ ਅੰਦੋਲਨ ਭਾਰੂ ਰਿਹਾ। ਫੋਰਮ ਦੇ ਸਰਪ੍ਰਸਤ ਮੈਂਬਰ ਸ. ਗੁਰਦੀਪ ਸਿੰਘ ਅਣਖੀ ਨੇ ਆਜ਼ਾਦੀ ਦੀ ਲੜਾਈ ਤੋਂ ਸ਼ੁਰੂ ਹੋ ਕੇ ਪੰਜਾਬੀਆਂ ਵਲੋਂ ਆਪਣੀ ਆਨ, ਬਾਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਘੋਲਾਂ ਦਾ ਵਿਸਥਾਰ ਵਿਚ ਵਰਣਨ ਕੀਤਾ। ਕਿਸਾਨੀ ਘੋਲ ਦੀ ਗੱਲ ਕਰਦਿਆਂ ਉਨ੍ਹਾਂ ਨੇ ਇਸ ਗੱਲ 'ਤੇ ਤਸੱਲੀ ਪਰਗਟ ਕੀਤੀ ਕਿ ਪੰਜਾਬੀ ਆਪਣੀਆਂ ਨਰੋਈਆ ਕਦਰਾਂ-ਕੀਮਤਾਂ 'ਤੇ ਚਲਦਿਆਂ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕਿਸਾਨੀ ਨੂੰ ਤਹਿਸ-ਨਹਿਸ ਕਰਨ ਵਾਲੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਤਕੜੀ ਲੜਾਈ ਲੜ ਰਹੇ ਹਨ। ਉਨ੍ਹਾਂ ਨੇ ਕੁਝ ਕਿਤਾਬੀ ਅਤੇ ਫੇਸਬੁੱਕੀ ਵਿਦਵਾਨਾਂ ਤੇ ਗਿਲਾ ਵੀ ਕੀਤਾ, ਜੋ ਕਿਸਾਨੀ ਅੰਦੋਲਨ ਦੀ ਅਗਵਾਈ ਕਰ ਰਹੇ ਲੀਡਰਾਂ 'ਤੇ ਬੇਬੁਨਿਆਦ ਸਵਾਲ ਖੜ੍ਹੇ ਕਰਕੇ ਇਸ ਘੋਲ ਨੂੰ ਠੇਸ ਪਹੁੰਚਾ ਰਹੇ ਹਨ।

ਸਾਧੂ ਸਿੰਘ ਸੰਘਾ ਨੇ ਵੀ ਕਿਸਾਨੀ ਅੰਦੋਲਨ ਵਲੋਂ ਉਸਾਰੀ ਲੋਕ ਏਕਤਾ 'ਤੇ ਖੁਸ਼ੀ ਪ੍ਰਗਟਾਈ ਅਤੇ ਲੋਕਾਂ ਨੂੰ ਇਸ ਏਕਤਾ ਨੂੰ ਤੋੜਨ ਲਈ ਹਰ ਤਰ੍ਹਾਂ ਦੀਆਂ ਸਰਕਾਰੀ ਚਾਲਾਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ। ਪਿਸ਼ੌਰਾ ਸਿੰਘ ਢਿੱਲੋਂ ਨੇ ਆਪਣੀ ਲਿਖੀ ਇਕ ਭਾਵਪੂਰਤ ਕਵਿਤਾ ਤਰੰਨਮ ਵਿਚ ਸੁਣਾਈ। ਰਾਜ ਬਰਾੜ ਨੇ ਦੋ ਗੀਤ ਸੁਣਾ ਕੇ ਲਾਲ ਚੰਦ ਯਮਲਾ ਦੀ ਯਾਦ ਤਾਜ਼ਾ ਕਰ ਦਿੱਤੀ। ਡਾ. ਅਰਜਨ ਸਿੰਘ ਜੋਸਨ ਅਤੇ ਹਰਭਜਨ ਸਿੰਘ ਢਿੱਲੋਂ ਨੇ ਵੀ ਆਪਣੇ ਵਿਚਾਰ ਰਖੇ। ਪ੍ਰੋ. ਪਰਮਪਾਲ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਧਰਮ ਦੇ ਅਨੁਸਾਰ ਸ਼ਹੀਦ ਦੇ ਮਾਇਨੇ ਅਤੇ ਵਡਿਆਈ ਦੀ ਗੱਲ ਕੀਤੀ। ਪਰਗਟ ਸਿੰਘ ਧਾਲੀਵਾਲ ਨੇ ਵੀ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਬਾਅਦ ਆਈ ਆਜ਼ਾਦੀ ਨੂੰ ਆਮ ਲੋਕਾਂ ਦੀ ਆਜ਼ਾਦੀ ਵਿਚ ਬਦਲਣ ਲਈ ਹੋਰ ਸੰਘਰਸ਼ ਦੀ ਲੋੜ 'ਤੇ ਜੋਰ ਦਿੱਤਾ।



ਸੁਰਿੰਦਰ ਸਿੰਘ ਮੰਢਾਲੀ ਨੇ ਇਸ ਪ੍ਰੋਗਰਾਮ ਦੀ ਗੱਲ ਲੋਕਾਂ ਵਿਚ ਪਹੁੰਚਾਉਣ ਲਈ 900 ਏ. ਐਮ. ਰੇਡਿਓ ਦੇ ਹੋਸਟ, ਜਿਨ੍ਹਾਂ ਵਿਚ ਸੁਖੀ ਹੇਅਰ, ਬਲਵਿੰਦਰ ਸਿੰਘ, ਸੰਤੋਖ ਮਿਨਹਾਸ, ਹਰਜਿੰਦਰ ਸਿੰਘ, ਜਸਵੰਤ ਮਹਿਮੀ, ਬਲਬੀਰ ਸਿੰਘ ਢਿੱਲੋਂ ਅਤੇ ਹੋਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਜੱਸ ਟੈਲੀਵਿਜ਼ਨ ਦਾ ਇਸ ਪ੍ਰੋਗਰਾਮ ਦੀ ਕਵਰੇਜ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਜਸ ਟੀ. ਵੀ. ਨਾਲ ਲੰਬਾ ਸਮਾਂ ਸਬੰਧਤ ਰਹੇ ਮਸ਼ਹੂਰ ਹੋਸਟ ਹਰਵਿੰਦਰ ਰਿਆੜ ਦੇ ਅਕਾਲ ਚਲਾਣੇ ਉਤੇ ਉਨ੍ਹਾਂ ਦੇ ਪਰਿਵਾਰ ਅਤੇ ਸਬੰਧੀਆਂ ਨਾਲ ਅਫਸੋਸ ਦਾ ਪਰਗਾਵਾ ਕੀਤਾ।

# ਮਮਤਾ ਬੈਨਰਜੀ ਦੇ ਸਿਆਸੀ ਜੀਵਨ 'ਤੇ ਇੱਕ ਨਜ਼ਰ!



ਭਾਰਤ ਦੀ ਉਘੀ ਸਿਆਸਤਦਾਨ ਮਮਤਾ ਬੈਨਰਜੀ, ਜੋ 2011 ਵਿਚ ਪਹਿਲੀ ਵਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬਣੇ ਸਨ ਤੇ ਉਸ ਤੋਂ ਬਾਅਦ ਉਹ 2016 ਵਿਚ ਦੁਬਾਰਾ ਮੁਖ ਮੰਤਰੀ ਚੁਣੇ ਗਏ ਸਨ। ਇਸ ਤੋਂ ਪਹਿਲਾਂ ਮਮਤਾ ਦੋ ਵਾਰ ਕੇਂਦਰ ਸਰਕਾਰ 'ਚ ਰੇਲ ਮੰਤਰੀ ਵਜੋਂ ਸੇਵਾ ਨਿਭਾ ਚੁਕੇ ਹਨ। ਇਸ ਦੇ ਨਾਲ ਨਾਲ ਉਹ ਭਾਰਤ ਸਰਕਾਰ ਦੇ ਮੰਤਰੀ ਮੰਡਲ ਵਿਚ ਕੋਲਾ ਦੀ ਪਹਿਲੀ ਮਹਿਲਾ ਮੰਤਰੀ ਅਤੇ ਮਨੁੱਖੀ ਸਰੋਤ ਵਿਕਾਸ, ਯੁਵਾ ਮਾਮਲੇ, ਖੇਡ, ਔਰਤ ਅਤੇ ਬਾਲ ਵਿਕਾਸ ਰਾਜ ਮੰਤਰੀ ਵੀ ਰਹਿ ਚੁਕੇ ਹਨ।

ਸਿੰਗੂਰ ਵਿਖੇ ਖੇਤੀਬਾੜੀ ਅਤੇ ਕਿਸਾਨਾਂ ਦੀ ਕੀਮਤ 'ਤੇ ਵਿਸ਼ੇਸ਼ ਆਰਥਿਕ ਖੇਤਰਾਂ ਲਈ ਪੱਛਮੀ ਬੰਗਾਲ ਵਿਚ ਕਮਿਊਨਿਸਟ ਸਰਕਾਰ ਦੇ ਉਦਯੋਗੀਕਰਨ ਲਈ ਭੂਮੀ ਗ੍ਰਹਿਣ ਕਰਨ ਵਾਲੀਆਂ ਨੀਤੀਆਂ ਦਾ ਵਿਰੋਧ ਕਰਨ ਤੋਂ ਬਾਅਦ ਉਹ ਪ੍ਰਮੁੱਖਤਾ ਪ੍ਰਾਪਤ ਹੋਈ। ਸਾਲ 2011 ਵਿਚ

**ਅੱਬਾਸ ਧਾਲੀਵਾਲ, ਮਲੇਰਕੋਟਲਾ**
**ਫੋਨ: 91-98552-59650**

ਬੈਨਰਜੀ ਨੇ ਪੱਛਮੀ ਬੰਗਾਲ ਵਿਚ ਏ. ਆਈ. ਟੀ. ਸੀ. ਗੱਠਜੋੜ ਲਈ ਵੱਡੀ ਜਿੱਤ ਹਾਸਲ ਕੀਤੀ ਅਤੇ 34 ਸਾਲਾਂ ਦੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੂੰ ਸੂਬੇ ਦੀ ਸੱਤਾ 'ਚੋਂ ਬੇਦਖਲ, ਜੋ ਉਸ ਸਮੇਂ ਇਸ ਪ੍ਰਕ੍ਰਿਆ ਵਿਚ ਵਿਸ਼ਵ ਦੀ ਸਭ ਤੋਂ ਲੰਬੀ ਸੇਵਾ ਨਿਭਾ ਰਹੀ ਕਮਿਊਨਿਸਟ ਸਰਕਾਰ ਸੀ।

ਜੇ ਮਮਤਾ ਦੇ ਮੁਢਲੇ ਜੀਵਨ ਨੂੰ ਵੇਖੀਏ ਤਾਂ ਮਮਤਾ ਬੈਨਰਜੀ ਦਾ ਜਨਮ ਪੱਛਮੀ ਬੰਗਾਲ ਦੇ ਕੋਲਕਾਤਾ (ਕਲਕੱਤਾ) ਵਿਖੇ 5 ਜਨਵਰੀ 1955 ਨੂੰ ਇੱਕ ਬੰਗਾਲੀ ਹਿੰਦੂ ਪਰਿਵਾਰ 'ਚ ਪਿਤਾ ਪ੍ਰੋਮੇਸਵਰ ਬੈਨਰਜੀ ਅਤੇ ਮਾਤਰਾ ਗਾਇਤਰੀ ਦੇਵੀ ਦੇ ਘਰ ਹੋਇਆ ਸੀ। ਬੈਨਰਜੀ ਜਦੋਂ ਸਿਰਫ 15 ਸਾਲਾਂ ਦੀ ਸੀ ਤਾਂ ਉਹ ਰਾਜਨੀਤੀ ਵਿਚ ਸ਼ਾਮਲ ਹੋ ਗਈ ਸੀ। ਜੋਗਮਾਯਾ ਦੇਵੀ ਕਾਲਜ ਵਿਚ ਪੜ੍ਹਦਿਆਂ ਉਸ ਨੇ ਕਾਂਗਰਸ (ਆਈ) ਪਾਰਟੀ ਦੇ ਵਿਦਿਆਰਥੀ ਵਿੰਗ, ਵਿਦਿਆਰਥੀ ਪਰਿਸ਼ਦ ਯੂਨੀਅਨਾਂ ਦੀ ਸਥਾਪਨਾ ਕਰਦਿਆਂ, ਭਾਰਤ ਦੇ ਸਮਾਜਵਾਦੀ ਏਕਤਾ ਕੇਂਦਰ ਨਾਲ ਜੁੜੇ ਆਲ ਇੰਡੀਆ ਡੈਮੋਕਰੇਟਿਕ ਵਿਦਿਆਰਥੀ ਸੰਗਠਨ ਨੂੰ ਹਰਾਇਆ। ਉਸ ਨੇ ਪੱਛਮੀ ਬੰਗਾਲ ਵਿਚ ਕਾਂਗਰਸ (ਆਈ) ਪਾਰਟੀ ਵਿਚ ਅਤੇ ਹੋਰ ਸਥਾਨਕ ਰਾਜਨੀਤਿਕ ਸੰਗਠਨਾਂ ਵਿਚ ਕਈ ਅਹੁਦਿਆਂ 'ਤੇ ਸੇਵਾ ਨਿਭਾਈ। ਮਮਤਾ ਜਦੋਂ 17 ਸਾਲਾਂ ਦੇ ਹੋਏ ਤਾਂ ਉਸ ਦੇ ਪਿਤਾ ਪ੍ਰੋਮੇਸਵਰ ਦੀ ਡਾਕਟਰੀ ਇਲਾਜ ਦੀ ਘਾਟ ਕਾਰਨ ਮੌਤ ਹੋ ਗਈ।

1970 ਵਿਚ, ਬੈਨਰਜੀ ਨੇ ਦੇਸ਼ਬੰਧੂ ਸ਼ਿਸ਼ੂ ਸਿੱਖਿਆ ਤੋਂ ਉੱਚ ਸੈਕੰਡਰੀ ਬੋਰਡ ਦੀ ਪ੍ਰੀਖਿਆ ਪੂਰੀ ਕੀਤੀ। ਉਸ ਨੇ ਜੋਗਮਾਯਾ ਦੇਵੀ ਕਾਲਜ ਤੋਂ ਇਤਿਹਾਸ ਵਿਚ ਆਪਣੀ ਬੈਚਲਰ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਕਲਕੱਤਾ ਯੂਨੀਵਰਸਿਟੀ ਤੋਂ ਇਸਲਾਮੀ ਇਤਿਹਾਸ ਵਿਚ ਆਪਣੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਜਦੋਂ ਕਿ ਇਸ ਤੋਂ ਬਾਅਦ ਸ੍ਰੀ ਸਿੱਖਿਆਯਤਨ ਕਾਲਜ ਤੋਂ ਸਿੱਖਿਆ ਦੀ ਡਿਗਰੀ ਅਤੇ ਜੋਗੇਸ਼ ਚੰਦਰ ਚੌਧਰੀ ਲਾਅ ਕਾਲਜ, ਕੋਲਕਾਤਾ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਕਾਲਿੰਗਾ ਇੰਸਟੀਚਿਊਟ ਆਫ ਇੰਡਸਟ੍ਰੀਅਲ ਟੈਕਨਾਲੋਜੀ, ਭੁਵਨੇਸ਼ਵਰ ਤੋਂ ਆਨਰੇਰੀ ਡਾਕਟਰੇਟ ਵੀ ਪ੍ਰਾਪਤ ਕੀਤੀ। ਕਲਕੱਤਾ ਯੂਨੀਵਰਸਿਟੀ ਦੁਆਰਾ ਉਸ ਨੂੰ ਡਾਕਟਰੇਟ ਆਫ ਲਿਟਰੇਚਰ (ਡੀ. ਲਿਟ.) ਦੀ ਡਿਗਰੀ ਨਾਲ ਵੀ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਮਮਤਾ ਸੂਬੇ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਤੀਜੀ ਵਾਰ ਆਪਣੀ ਪਾਰਟੀ ਟੀ. ਐੱਮ. ਸੀ. ਦੀ ਸਰਕਾਰ ਬਣਾਉਣ ਲਈ ਜਦੋ ਜਹਿਦ ਕਰ ਰਹੀ ਹੈ। ਮਮਤਾ ਬੈਨਰਜੀ ਦਾ ਪੂਰਾ ਸਿਆਸੀ ਜੀਵਨ ਹੀ ਇਕ ਸੰਘਰਸ਼ਸ਼ੀਲ ਗਾਥਾ ਬਿਆਨ ਕਰਦਾ ਜਾਪਦਾ ਹੈ।

ਪ੍ਰਸਿੱਧ ਪੱਤਰਕਾਰ ਸੁਪਤਾ ਪਾਲ, ਜਿਨ੍ਹਾਂ ਨੇ ਮਮਤਾ ਦੇ ਜੀਵਨ 'ਤੇ ਇਕ ਕਿਤਾਬ 'ਦੀਦੀ: ਦਿ ਅਨਟੋਲਡ ਮਮਤਾ ਬੈਨਰਜ਼ੀ' ਸਿਰਲੇਖ ਹੇਠ ਲਿਖੀ ਹੈ, ਦਾ ਕਹਿਣਾ ਹੈ, "ਮਮਤਾ ਦੇਸ਼ ਦੀ ਸਭ ਤੋਂ ਮਜ਼ਬੂਤ ਇਰਾਦੇ ਵਾਲੀਆਂ ਔਰਤ ਆਗੂਆਂ ਵਿਚੋਂ ਇੱਕ ਹਨ।"

ਆਪਣੀ ਕਿਤਾਬ 'ਚ ਪਾਲ ਮਮਤਾ ਦੀ ਜੁਝਾਰੂ ਪ੍ਰਵਿਰਤੀ ਵਾਲੇ ਸੁਭਾਅ ਦੇ ਸੰਦਰਭ ਵਿਚ ਲਿਖਦੇ ਹਨ, "ਆਪਣੀ ਸਿਆਸਤ ਦੇ ਵਿਲੱਖਣ ਰੂਪ ਅਤੇ ਜੁਝਾਰੂ ਪ੍ਰਵਿਰਤੀ ਕਾਰਨ ਦੀਦੀ ਨੇ ਆਪਣੇ ਕੈਰੀਅਰ ਵਿਚ ਕਈ ਅਜਿਹੀਆਂ ਚੀਜ਼ਾਂ ਨੂੰ ਸੰਭਵ ਕਰ ਦਿਖਾਇਆ ਹੈ, ਜਿਨ੍ਹਾਂ ਦੀ ਪਹਿਲਾਂ ਕਲਪਨਾ ਤੱਕ ਨਹੀਂ ਸੀ ਕੀਤੀ ਜਾ ਸਕਦੀ। ਇਸ ਵਿਚ ਖੱਬੇ ਪੱਖੀ ਸਰਕਾਰ ਨੂੰ ਅਰਸ਼ ਤੋਂ ਫਰਸ਼ ਤੱਕ ਪਹੁੰਚਾਉਣਾ ਵੀ ਸ਼ਾਮਿਲ ਹੈ।"

ਇਸੇ ਤਰ੍ਹਾਂ ਪੱਤਰਕਾਰ ਦੋਲਾ ਮਿੱਤਰ ਨੇ ਇਕ ਹੋਰ ਕਿਤਾਬ 'ਡੀਕੋਡਿੰਗ ਦੀਦੀ' ਮਮਤਾ ਦੇ ਸਿਆਸੀ ਸਫਰ 'ਤੇ ਲਿਖੀ ਹੈ। ਦੋਲਾ ਆਖਦੇ ਹਨ, "ਦੇਸ਼ ਵਿਚ ਕਿਸੇ ਹੋਰ ਔਰਤ ਆਗੂ ਦੀਆਂ ਗਤੀਵਿਧੀਆਂ ਵਿਚ ਲੋਕਾਂ ਦੀ ਇੰਨੀ ਦਿਲਚਸਪੀ ਨਹੀਂ ਰਹਿੰਦੀ, ਜਿੰਨੀ 'ਦੀਦੀ' ਦੇ ਨਾਮ ਨਾਲ ਮਸ਼ਹੂਰ ਮਮਤਾ ਬੈਨਰਜੀ ਪ੍ਰਤੀ ਰਹਿੰਦੀ ਹੈ। ਇਹ ਉਨ੍ਹਾਂ ਦੇ ਜਾਦੂਈ ਵਿਅਕਤੀਤਵ (ਸ਼ਖਸੀਅਤ) ਦਾ ਹੀ ਕ੍ਰਿਸ਼ਮਾ ਹੈ।"

ਉਕਤ ਦੋਵੇਂ ਹੀ ਕਿਤਾਬਾਂ ਵਿਚ ਮਮਤਾ ਬੈਨਰਜੀ ਦੇ ਸਿਆਸੀ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਸਾਲ 2011 ਵਿਚ ਪਹਿਲੀ ਵਾਰ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਤੱਕ ਦੇ ਸਫਰ ਨੂੰ ਸਮੇਟਣ ਦੀ ਇਕ ਸਫਲ ਕੋਸ਼ਿਸ਼ ਕੀਤੀ ਗਈ ਹੈ।

ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜੋ ਅੱਗੇ ਚੱਲ ਕੇ ਉਨ੍ਹਾਂ ਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਸਾਬਤ ਹੁੰਦੀਆਂ ਹਨ।

ਇਸ ਸੰਦਰਭ ਵਿਚ ਜਦੋਂ ਅਸੀਂ ਮਮਤਾ ਬੈਨਰਜੀ ਦੇ ਸਿਆਸੀ ਕੈਰੀਅਰ ਵੱਲ ਵੇਖਦੇ ਹਾਂ ਤਾਂ ਅਜਿਹੀਆਂ ਦੋ ਘਟਨਾਵਾਂ ਹਨ, ਜੋ ਉਨ੍ਹਾਂ ਦੇ ਰਾਜਨੀਤਕ ਕੈਰੀਅਰ ਵਿਚ ਫੈਸਲਾਕੁੰਨ ਮੋੜ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ 'ਚ ਸਾਲ 1990 ਵਿਚ ਸੀ. ਪੀ. ਐੱਮ. ਦੇ ਇੱਕ ਕਾਰਕੁਨ ਲਾਲੂ ਆਲਮ ਵਲੋਂ ਕੀਤਾ ਗਿਆ ਜਾਨਲੇਵਾ ਹਮਲਾ ਅਤੇ ਦੂਜੇ, ਸਿੰਗੂਰ ਵਿਚ ਟਾਟਾ ਪ੍ਰੋਜੈਕਟਾਂ ਲਈ ਜ਼ਮੀਨ ਕਬਜ਼ੇ ਖਿਲਾਫ 26 ਦਿਨਾਂ ਦੀ ਭੁੱਖ ਹੜਤਾਲ ਦਰਅਸਲ ਅਜਿਹੀਆਂ ਘਟਨਾਵਾਂ ਹਨ।

16 ਅਗਸਤ 1990 ਨੂੰ ਕਾਂਗਰਸ ਦੀ ਅਪੀਲ 'ਤੇ ਬੰਗਾਲ ਬੰਦ ਦੌਰਾਨ ਲਾਲੂ ਆਲਮ ਨੇ ਹਾਜਰਾ ਮੋੜ 'ਤੇ ਮਮਤਾ ਦੇ ਸਿਰ ਵਿਚ ਸੋਟੀ ਨਾਲ ਵਾਰ ਕੀਤਾ ਸੀ। ਇਸ ਨਾਲ ਉਨ੍ਹਾਂ ਦੀ ਖੋਪੜੀ ਵਿਚ ਫਰੈਕਚਰ ਹੋ ਗਿਆ ਸੀ, ਪਰ ਉਹ ਸਿਰ 'ਤੇ ਪੱਟੀ ਬੰਨਵਾ ਕੇ ਮੁੜ ਸੜਕ 'ਤੇ ਪ੍ਰਚਾਰ ਲਈ ਉੱਤਰ ਆਏ ਸਨ।

ਇਸ ਸੰਦਰਭ ਵਿਚ ਮਮਤਾ ਦੇ ਨਜ਼ਦੀਕੀ ਰਹੇ ਸੌਗਤ ਰਾਏ ਦਾ ਆਖਣਾ ਹੈ, "ਅਸੀਂ ਤਾਂ ਮੰਨ ਲਿਆ ਸੀ ਹੁਣ ਮਮਤਾ ਦਾ ਬਚਣਾ ਔਖਾ ਹੈ, ਪਰ ਜਿਉਣ ਅਤੇ ਬੰਗਾਲ ਦੇ ਲੋਕਾਂ ਲਈ ਕੁਝ ਕਰਨ ਦੀ ਧੁਨ ਨੇ ਹੀ ਉਨ੍ਹਾਂ ਨੂੰ ਬਚਾਇਆ ਸੀ।"

ਮਮਤਾ ਬੈਨਰਜੀ, ਜਿਨ੍ਹਾਂ ਦੀ ਸਾਦਗੀ ਦੀ ਪੂਰੇ ਦੇਸ਼ ਤਾਰੀਫ ਕੀਤੀ ਜਾਂਦੀ ਹੈ, ਇਸ ਸੰਦਰਭ ਵਿਚ ਪ੍ਰੋਫੈਸਰ ਸਮੀਰਨ ਪਾਲ ਆਖਦੇ ਹਨ, "ਸਾਦਗੀ ਮਮਤਾ ਦੇ ਜੀਵਨ ਦਾ ਹਿੱਸਾ ਰਹੀ ਹੈ। ਸਫੈਦ ਸਾੜੀ ਅਤੇ ਹਵਾਈ ਚੱਪਲ ਨਾਲ ਉਨ੍ਹਾਂ ਦਾ ਨਾਤਾ ਟੁੱਟਿਆ ਨਹੀਂ। ਚਾਹੇ ਉਹ ਕੇਂਦਰ ਵਿਚ ਮੰਤਰੀ ਹੋਣ ਜਾਂ ਮਹਿਜ ਸੰਸਦ ਮੈਂਬਰ।" ਉਹ ਅੱਗੇ ਕਹਿੰਦੇ ਹਨ, "ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਉਨ੍ਹਾਂ ਦੇ ਪਹਿਰਾਵੇ ਜਾਂ ਰਹਿਣ-ਸਹਿਣ ਵਿਚ ਕੋਈ ਫਰਕ ਨਹੀਂ ਆਇਆ। ਨਿੱਜੀ ਜਾਂ ਜਨਤਕ ਜੀਵਨ ਵਿਚ ਉਨ੍ਹਾਂ ਦੇ ਰਹਿਣ-ਸਹਿਣ ਜਾਂ ਕਿਰਦਾਰ 'ਤੇ ਕੋਈ ਸਵਾਲ ਨਹੀਂ ਚੁੱਕਿਆ ਜਾ ਸਕਦਾ।"

ਪ੍ਰੋਫੈਸਰ ਪਾਲ ਅਨੁਸਾਰ ਮਮਤਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਰਹੀ ਹੈ ਕਿ ਉਹ ਜ਼ਮੀਨ ਨਾਲ ਜੁੜੀ ਹੋਈ ਆਗੂ ਹੈ। ਚਾਹੇ ਸਿੰਗੂਰ ਵਿਚ ਕਿਸਾਨਾਂ ਦੇ ਸਮਰਥਨ ਵਿਚ ਧਰਨਾ ਅਤੇ ਮਰਨ ਵਰਤ ਦਾ ਮਾਮਲਾ ਹੋਵੇ ਜਾਂ ਫਿਰ ਨੰਦੀਗ੍ਰਾਮ ਵਿਚ ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਲੋਕਾਂ ਦੇ ਹੱਕ ਦੀ ਲੜਾਈ ਦਾ, ਮਮਤਾ ਨੇ ਹਮੇਸ਼ਾ ਮੋਰਚੇ 'ਤੇ ਰਹਿ ਕੇ ਲੜਾਈ ਕੀਤੀ।

ਉਧਰ ਤ੍ਰਿਣਮੂਲ ਕਾਂਗਰਸ ਦੇ ਗਠਨ ਤੋਂ ਵੀ ਪਹਿਲਾਂ ਮਮਤਾ ਦੀ ਸਿਆਸੀ ਸੂਝ-ਬੂਝ ਨੂੰ ਨਜ਼ਦੀਕ ਤੋਂ ਵੇਖਣ ਵਾਲੇ ਪੱਤਰਕਾਰ ਤਾਪਸ ਮੁਖਰਜੀ ਦਾ ਕਹਿਣਾ ਹੈ, "ਮਮਤਾ ਵਿਚ ਵਾਰ-ਵਾਰ ਡਿੱਗ ਕੇ ਉੱਠਣ ਦਾ ਜੋ ਮਾਦਾ ਹੈ, ਉਹ ਰਾਜਨੀਤੀ ਦੇ ਮੌਜੂਦਾ ਦੌਰ ਵਿਚ ਕਿਸੇ ਆਗੂ ਵਿਚ ਦੇਖਣ ਨੂੰ ਨਹੀਂ ਮਿਲਦਾ। ਹਾਰ ਤੋਂ ਘਬਰਾਉਣ ਦੀ ਥਾਂ ਉਹ ਦੁੱਗਣੀ ਤਾਕਤ ਅਤੇ ਜੋਸ਼ ਨਾਲ ਆਪਣੀ ਮੰਜ਼ਿਲ ਵੱਲ ਤੁਰ ਪੈਂਦੀ ਹੈ।"

ਮੁਖਰਜੀ ਦਾ ਕਹਿਣਾ ਹੈ, "ਸਾਲ 2004 ਦੀਆਂ ਲੋਕ ਸਭਾ ਚੋਣਾਂ ਵਿਚ ਮਮਤਾ ਟੀ. ਐੱਮ. ਸੀ. ਦੇ ਇੱਕਲੇ ਸੰਸਦ ਮੈਂਬਰ ਸਨ, ਪਰ 2009 ਵਿਚ ਉਨ੍ਹਾਂ ਨੇ ਪਾਰਟੀ ਦੀਆਂ ਸੀਟਾਂ ਦੀ ਗਿਣਤੀ 19 ਤੱਕ ਪਹੁੰਚਾ ਦਿੱਤੀ।"

2006 ਵਿਚ ਪੱਛਮੀ ਬੰਗਾਲ ਨੂੰ ਜਿੱਤਣ ਦਾਅਵਾ ਕਰਨ ਵਾਲੀ ਮਮਤਾ ਬੈਨਰਜੀ ਭਾਵੇਂ ਉਸ ਸਮੇਂ ਸਫਲ ਨਹੀਂ ਸਨ ਹੋ ਸਕੇ, ਪਰ ਉਸ ਹਾਰ ਤੋਂ ਬਾਅਦ ਵੀ ਉਹ ਨਿਰਾਸ਼ ਨਹੀਂ ਹੋਏ। ਇਸ ਦੇ ਨਾਲ ਹੀ ਉਨ੍ਹਾਂ 2011 ਦੀਆਂ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਸਨ ਅਤੇ ਇਸ ਵਿਚਕਾਰ ਨੰਦੀਗ੍ਰਾਮ ਤੇ ਸਿੰਗੂਰ ਵਿਚ ਜ਼ਮੀਨ ਕਬਜ਼ੇ ਦੇ ਸਰਕਾਰ ਦੇ ਫੈਸਲੇ ਨੇ ਉਨ੍ਹਾਂ ਦੇ ਹੱਥਾਂ ਵਿਚ ਇੱਕ ਵੱਡਾ ਮੁੱਦਾ ਥਮਾ ਦਿੱਤਾ ਸੀ।

ਮਮਤਾ ਬੈਨਰਜੀ ਦੇ ਵਿਰੋਧੀ ਵੀ ਅਕਸਰ ਇਹ ਗੱਲ ਭਲੀਭਾਂਤ ਸਵਿਕਾਰਦੇ ਹਨ ਕਿ ਕਾਂਗਰਸ ਵਿਚ ਹਉਮੈ (ਈਗੋ) ਦੀ ਲੜਾਈ ਅਤੇ ਸਿਧਾਂਤਾਂ 'ਤੇ ਟਕਰਾਅ ਤੋਂ ਬਾਅਦ ਵੱਖ ਹੋ ਕੇ ਨਵੀਂ ਪਾਰਟੀ ਬਣਾਉਣ ਤੋਂ ਬਾਅਦ ਮਹਿਜ 13 ਸਾਲਾਂ ਦੇ ਅੰਦਰ ਹੀ ਸੂਬੇ ਵਿਚ ਲਗਭਗ 35 ਸਾਲ ਤੋਂ ਮਜ਼ਬੂਤ ਜੜ੍ਹਾਂ ਲਾਈ ਬੈਠੀ ਖੱਬੇਪੱਖੀ ਸਰਕਾਰ ਨੂੰ ਹਰਾ ਕੇ ਆਪ ਸੜਕ ਤੋਂ ਸਕੱਤਰੇਤ ਤੱਕ ਪਹੁੰਚਣ ਦਾ ਜਿਸ ਤਰ੍ਹਾਂ ਦਾ ਕ੍ਰਿਸ਼ਮਾ ਮਮਤਾ ਨੇ ਦਿਖਾਇਆ ਹੈ, ਉਸ ਦੀ ਮਿਸਾਲ ਇਤਿਹਾਸਕ ਪੰਨਿਆਂ ਵਿਚ ਬਹੁਤ ਹੀ ਘੱਟ ਵੇਖਣ ਨੂੰ ਮਿਲਦੀ ਹੈ।

ਇਥੇ ਉਨ੍ਹਾਂ ਨਾਲ ਜੁੜੀ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਜਰੂਰੀ ਹੈ, ਜਦੋਂ ਜੁਲਾਈ 1993 ਵਿਚ ਉਨ੍ਹਾਂ ਦੇ ਯੁਵਾ ਕਾਂਗਰਸ ਪ੍ਰਧਾਨ ਹੁੰਦਿਆਂ ਸਕੱਤਰੇਤ ਰਾਈਟਰਜ਼ ਬਿਲਡਿੰਗ ਮੁਹਿੰਮ ਦੌਰਾਨ ਪੁਲਿਸ ਵਲੋਂ ਚਲਾਈਆਂ ਗੋਲੀਆਂ ਵਿਚ 13 ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਮੁਹਿੰਮ ਦੌਰਾਨ ਮਮਤਾ ਨੂੰ ਵੀ ਸੱਟਾਂ ਲੱਗੀਆਂ ਸਨ।

ਫਿਰ ਨਦਿਆ ਜਿਲੇ ਵਿਚ ਇੱਕ ਗੂੰਗੀ ਤੇ ਬੋਲੀ ਬਲਾਤਕਾਰ ਪੀੜਤਾ ਦੇ ਨਾਲ ਰਾਈਟਰਜ਼ ਬਿਲਡਿੰਗ ਜਾ ਕੇ ਤਤਕਾਲੀ ਮੁੱਖ ਮੰਤਰੀ ਜੋਤੀ ਬਾਸੂ ਦੇ ਨਾਲ ਮੁਲਾਕਾਤ ਲਈ ਉਹ ਉਨ੍ਹਾਂ ਦੇ ਚੈਂਬਰ ਦੇ ਦਰਵਾਜੇ ਸਾਹਮਣੇ ਧਰਨੇ 'ਤੇ ਬੈਠ ਗਏ ਸਨ। ਮਮਤਾ ਦਾ ਦੋਸ਼ ਸੀ ਕਿ ਸਿਆਸੀ ਸਬੰਧਾਂ ਕਾਰਨ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਉਸ ਸਮੇਂ ਉਹ ਕੇਂਦਰੀ ਰਾਜ ਮੰਤਰੀ ਸਨ, ਪਰ ਜਿਓਤੀ ਬਾਸੂ ਨੇ ਉਨ੍ਹਾਂ ਨਾਲ ਮੁਲਾਕਾਤ ਨਾ ਕੀਤੀ।

ਇਸੇ ਤਰ੍ਹਾਂ ਇੱਕ ਵਾਰ ਮਮਤਾ ਬੈਨਰਜੀ ਧਰਨਾ ਦੇ ਰਹੇ ਸਨ ਕਿ ਉਧਰ ਜਿਓਤੀ ਬਾਸੂ ਦੇ ਆਉਣ ਦਾ ਸਮਾਂ ਹੋਣ ਵਾਲਾ ਸੀ, ਜਦੋਂ ਲੱਖ ਮਨਾਉਣ ਦੇ ਬਾਵਜੂਦ ਵੀ ਮਮਤਾ ਉਥੋਂ ਟੱਸ ਤੋਂ ਮੱਸ ਹੋਣ ਨਾ ਹੋਏ ਤਾਂ ਉਨ੍ਹਾਂ ਨੂੰ ਤੇ ਉਸ ਲੜਕੀ ਨੂੰ ਮਹਿਲਾ ਪੁਲਿਸ ਕਰਮੀਆਂ ਨੇ ਘਸੀਟਦੇ ਹੋਏ ਪੌੜੀਆਂ ਤੋਂ ਹੇਠਾਂ ਲਾਹਿਆ ਅਤੇ ਪੁਲਿਸ ਮੁੱਖ ਦਫਤਰ ਲਾਲ ਬਾਜ਼ਾਰ ਲੈ ਗਏ। ਇਸ ਦੌਰਾਨ ਉਨ੍ਹਾਂ ਦੇ ਕੱਪੜੇ ਫਟ ਗਏ ਸਨ।

ਮਮਤਾ ਬੈਨਰਜੀ ਨੇ ਉਸੇ ਮੌਕੇ ਸਹੁੰ ਖਾਧੀ ਸੀ ਕਿ ਹੁਣ ਉਹ ਇਸ ਇਮਾਰਤ ਵਿਚ ਦੁਬਾਰਾ ਪੈਰ ਖੁਦ ਮੁੱਖ ਮੰਤਰੀ ਬਣ ਕੇ ਹੀ ਰੱਖਣਗੇ। ਉਨ੍ਹਾਂ ਨੇ ਆਪਣੀ ਸਹੁੰ ਪੂਰੀ ਦ੍ਰਿੜਤਾ ਨਾਲ ਨਿਭਾਈ। ਆਖਰ 20 ਮਈ 2011 ਨੂੰ ਕਰੀਬ 18 ਸਾਲ ਬਾਅਦ ਉਨ੍ਹਾਂ ਨੇ ਮੁੱਖ ਮੰਤਰੀ ਵਜੋਂ ਹੀ ਇਸ ਇਤਿਹਾਸਕ ਲਾਲ ਇਮਾਰਤ ਵਿਚ ਮੁੜ ਪੈਰ ਰੱਖਿਆ।

ਇਸ ਤੋਂ ਪਹਿਲਾਂ ਗੱਲ ਜੇ 2011 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਕਰੀਏ ਤਾਂ ਜਿਵੇਂ ਜਿਵੇਂ ਟੀ. ਐਮ. ਸੀ. ਪੱਖੀ ਨਤੀਜੇ ਆ ਰਹੇ ਸਨ, ਉਨ੍ਹਾਂ ਦੇ ਕੱਚੇ ਜਿਹੇ ਘਰ ਦੇ ਬਾਹਰ ਇਕੱਠੇ ਹੋਏ ਤ੍ਰਿਣਮੂਲ ਕਾਂਗਰਸ ਦੇ ਹਜ਼ਾਰਾਂ ਸਮਰਥਕਾਂ ਦਾ ਜੋਸ਼ ਠਾਠਾਂ ਮਾਰ ਰਿਹਾ ਸੀ।

ਫਿਰ ਜਦੋਂ ਇਹ ਸਾਫ ਹੋ ਗਿਆ ਕਿ ਟੀ. ਐੱਮ. ਸੀ. ਭਾਰੀ ਬਹੁਮੱਤ ਨਾਲ ਸੱਤਾ ਵਿਚ ਆਉਣ ਵਾਲੀ ਹੈ ਤਾਂ ਮਮਤਾ ਜਸ਼ਨ ਮਨਾਉਣ ਦੀ ਥਾਂ ਅੱਗੇ ਦੀ ਰਣਨੀਤੀ ਬਣਾਉਣ ਵਿਚ ਜੁੱਟ ਗਏ ਸਨ। ਜਦੋਂ ਕਿ ਉਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਮਮਤਾ ਬੈਨਰਜੀ ਦੀ ਪ੍ਰਤੀਕਿਰਿਆ ਬੇਹੱਦ ਨਪੀ-ਤੁਲੀ ਸੀ। ਮਮਤਾ ਨੇ ਕਿਹਾ ਸੀ, "ਇਹ ਮਾਂ, ਮਿੱਟੀ ਅਤੇ (ਮਾਨੁਸ਼) ਮਨੁੱਖ ਦੀ ਜਿੱਤ ਹੈ। ਬੰਗਾਲ ਦੇ ਲੋਕਾਂ ਲਈ ਜਸ਼ਨ ਮਨਾਉਣ ਦਾ ਮੌਕਾ ਹੈ, ਪਰ ਨਾਲ ਹੀ ਸਾਨੂੰ ਉਨ੍ਹਾਂ ਲੋਕਾਂ ਨੂੰ ਵੀ ਯਾਦ ਰੱਖਣਾ ਪਵੇਗਾ, ਜਿਨ੍ਹਾਂ ਨੇ ਇਸ ਦਿਨ ਲਈ ਬੀਤੇ ਤਿੰਨ ਦਹਾਕਿਆਂ ਦੌਰਾਨ ਆਪਣਾ ਬਲੀਦਾਨ ਦਿੱਤਾ ਹੈ।"

ਇਥੇ ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਜਿਓਤੀ ਬਾਸੂ ਤਾਂ ਮਮਤਾ ਦੀ ਸਿਆਸਤ ਤੋਂ ਇੰਨਾ ਖਿਝਦੇ ਸਨ ਕਿ ਉਨ੍ਹਾਂ ਨੇ ਕਦੀ ਵੀ ਜਨਤਕ ਤੌਰ 'ਤੇ ਮਮਤਾ ਦਾ ਨਾਮ ਤੱਕ ਨਹੀਂ ਸੀ ਲਿਆ। ਨਾਮ ਦੀ ਥਾਂ ਉਹ ਹਮੇਸ਼ਾ ਮਮਤਾ ਨੂੰ 'ਉਹ ਔਰਤ' ਕਹਿ ਕੇ ਸੰਬੋਧਿਤ ਕਰਦੇ ਸਨ।

ਹੁਣ ਇਕ ਵਾਰ ਫਿਰ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਤੇ ਚੁਣਾਵੀ ਦੰਗਲ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਤੇ ਮਮਤਾ ਇਕ ਵਾਰ ਫਿਰ ਆਪਣੀ ਪਾਰਟੀ ਟੀ. ਐੱਮ. ਸੀ. ਦੀ ਸਰਕਾਰ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ।

ਉਧਰ ਭਾਜਪਾ ਤੇ ਦੂਜੇ ਪਾਸੇ ਕਾਂਗਰਸ ਵਾਮਪੰਥੀ ਗਠਬੰਧਨ ਵੀ ਆਪਣੀ ਤਾਕਤ ਦਾ ਮੁਜਾਹਰਾ ਕਰਦਿਆਂ ਪੱਛਮੀ ਬੰਗਾਲ ਦੀ ਸੱਤਾ 'ਤੇ ਕਾਬਜ ਹੋਣ ਲਈ ਆਪਣੇ ਆਪਣੇ ਪਰ ਤੋਲ ਰਹੇ ਹਨ। ਹੁਣ ਇਹ ਤਾਂ 2 ਮਈ ਨੂੰ ਉਕਤ ਵਿਧਾਨ ਸਭਾ ਦੇ ਚੋਣ ਨਤੀਜਿਆਂ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ!

# ਵਿਸ਼ਵ ਲਿੰਗ ਭੇਦ ਅਨੁਪਾਤ ਰਿਪੋਰਟ ਵਿਚ ਭਾਰਤ 28 ਸਥਾਨ ਡਿੱਗਿਆ

**ਨਵੀਂ ਦਿੱਲੀ:** ਵਿਸ਼ਵ ਆਰਥਿਕ ਫੋਰਮ ਦੀ ਦੁਨਿਆਵੀ ਲਿੰਗ ਭੇਦ ਰਿਪੋਰਟ 2021 ਵਿਚ ਭਾਰਤ 28 ਸਥਾਨ ਡਿੱਗ ਕੇ 156 ਦੇਸ਼ਾਂ ਵਿਚੋਂ 140ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਤਰ੍ਹਾਂ ਭਾਰਤ ਦੱਖਣੀ ਏਸ਼ੀਆ ਵਿਚ ਤੀਜਾ ਸਭ ਤੋਂ ਮਾੜਾ ਪ੍ਰਦਰਸ਼ਨ ਕਰਨ ਵਾਲਾ ਦੇਸ਼ ਬਣ ਗਿਆ ਹੈ। ਵਿਸ਼ਵ ਲਿੰਗ ਭੇਦ ਅਨੁਪਾਤ ਦੀ ਰਿਪੋਰਟ ਵਿਚ ਭਾਰਤ 153 ਦੇਸ਼ਾਂ ਵਿਚੋਂ 112ਵੇਂ ਸਥਾਨ 'ਤੇ ਸੀ। ਆਰਥਿਕ ਹਿੱਸੇਦਾਰੀ ਤੇ ਮੌਕਿਆਂ ਦੀ ਸੂਚੀ ਵਿਚ ਵੀ ਨਿਘਾਰ ਆਇਆ ਹੈ ਅਤੇ ਰਿਪੋਰਟ ਅਨੁਸਾਰ ਇਸ ਖੇਤਰ ਵਿਚ ਲਿੰਗ ਭੇਦ ਅਨੁਪਾਤ 3 ਫੀਸਦ ਹੋਰ ਵਧ ਕੇ 32.6 ਫੀਸਦ 'ਤੇ ਪਹੁੰਚ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਭ ਤੋਂ ਵੱਧ ਨਿਘਾਰ ਸਿਆਸੀ ਸ਼ਕਤੀਕਰਨ ਦੇ ਖੇਤਰ ਵਿਚ ਆਇਆ ਹੈ ਜਿਥੇ ਭਾਰਤ 13.5 ਫੀਸਦ ਪੁਆਇੰਟ ਹੇਠਾਂ ਆਇਆ ਹੈ। ਸਾਲ 2019 ਵਿਚ ਮਹਿਲਾ ਮੰਤਰੀਆਂ ਦੀ ਗਿਣਤੀ 23.1 ਫੀਸਦ ਸੀ ਜਦੋਂ ਕਿ 2021 ਵਿਚ ਇਹ ਘਟ ਕੇ ਸਿਰਫ 9.1 ਫੀਸਦ ਰਹਿ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ, "ਮਹਿਲਾ ਕਿਰਤ ਬਲ ਹਿੱਸੇਦਾਰੀ ਦਰ 24.8 ਫੀਸਦ ਤੋਂ ਡਿੱਗ ਕੇ 22.3 ਫੀਸਦ ਰਹਿ ਗਈ ਹੈ। ਇਸ ਦੇ ਨਾਲ ਹੀ ਪੇਸ਼ੇਵਰ ਤੇ ਤਕਨੀਕੀ ਖੇਤਰ ਵਿੱਚ ਮਹਿਲਾਵਾਂ ਦੀ ਭੂਮਿਕਾ ਘਟ ਕੇ 29.2 ਫੀਸਦ ਹੋ ਗਈ ਹੈ।



ਭਾਰਤ ਦਾ 156 ਦੇਸ਼ਾਂ ਵਿਚੋਂ 140 ਵਾਂ ਸਥਾਨ ਹੈ। ਦੱਖਣੀ ਏਸ਼ੀਆ ਵਿਚ ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਪਿੱਛੋਂ ਇਸ ਦਾ ਤੀਸਰਾ ਨੰਬਰ ਹੈ। ਇਸ ਖਿੱਤੇ ਵਿਚ ਬੰਗਲਾਦੇਸ਼ ਨਾ-ਬਰਾਬਰੀ ਘਟਾਉਣ ਵਿਚ ਮੋਹਰੀ ਦੇਸ਼ ਸਾਬਤ ਹੋਇਆ ਹੈ। ਸਾਲ 2020 ਦੀ ਲਿੰਗਕ ਨਾ-ਬਰਾਬਰੀ ਦੀ ਰਿਪੋਰਟ ਵਿਚ ਭਾਰਤ ਦਾ ਨੰਬਰ 153 ਦੇਸ਼ਾਂ ਵਿਚੋਂ 112ਵਾਂ ਸੀ।

ਭਾਰਤ ਦੇ ਗ੍ਰਾਫ ਦੇ ਹੇਠਾਂ ਵੱਲ ਜਾਣ ਦਾ ਪਹਿਲਾ ਕਾਰਨ ਸਿਆਸੀ ਖੇਤਰ ਵਿਚ ਔਰਤਾਂ ਦੀ ਘਟ ਰਹੀ ਹਿੱਸੇਦਾਰੀ ਨੂੰ ਮੰਨਿਆ ਗਿਆ ਹੈ। ਸਾਲ 2019 ਵਿਚ ਮੰਤਰੀ ਮੰਡਲ ਵਿਚ ਔਰਤਾਂ ਦੀ ਗਿਣਤੀ 23.1 ਫੀਸਦੀ ਸੀ ਜੋ 2021 ਵਿਚ ਘਟ ਕੇ 9.1 ਫੀਸਦੀ ਰਹਿ ਗਈ ਹੈ। ਸੰਸਦ ਵਿਚ ਵੀ ਲੰਮੇ ਸਮੇਂ ਤੋਂ ਸਥਿਰਤਾ ਵਾਲੇ ਹਾਲਾਤ ਹਨ, ਭਾਵ ਔਰਤਾਂ ਦੀ ਗਿਣਤੀ 14.4 ਫੀਸਦੀ ਤੋਂ ਨਹੀਂ ਵਧੀ। ਔਰਤ ਕਿਰਤੀਆਂ 'ਚ ਵਧ ਰਹੀ ਬੇਰੁਜ਼ਗਾਰੀ ਅਤੇ ਮਰਦਾਂ ਦੇ ਬਰਾਬਰ ਕਮਾਈ ਨਾ ਹੋਣਾ ਵੀ ਇਕ ਵੱਡਾ ਕਾਰਨ ਹੈ। ਰਿਪੋਰਟ ਅਨੁਸਾਰ ਮਰਦਾਂ ਨਾਲੋਂ ਔਰਤਾਂ ਦੀ ਕਮਾਈ ਔਸਤਨ ਪੰਜਵਾਂ ਹਿੱਸਾ ਹੈ। ਵਿਦਿਅਕ ਖੇਤਰ ਵਿਚ ਵੀ ਔਰਤਾਂ ਮਰਦਾਂ ਤੋਂ ਪਿੱਛੇ ਹਨ।

ਦੇਸ਼ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਨਾਹਰੇ ਦੇ ਬਾਵਜੂਦ ਜ਼ਮੀਨੀ ਪੱਧਰ ਉਤੇ ਕੋਈ ਸੁਧਾਰ ਹੋਣ ਦੀ ਬਜਾਇ ਸਥਿਤੀ ਨਾਜ਼ੁਕ ਹੁੰਦੀ ਜਾ ਰਹੀ ਹੈ। ਸਿਆਸੀ ਤੌਰ ਉਤੇ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਬਿੱਲ ਲਗਭਗ ਤਿੰਨ ਦਹਾਕਿਆਂ ਤੋਂ ਪਾਸ ਨਹੀਂ ਹੋ ਸਕਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਅਪਰੈਲ 2021*

# ਮੋਦੀ ਸਰਕਾਰ ਅਤੇ ਚੋਣ ਸਿਆਸਤ

ਭਾਰਤ ਵਿਚ ਕੇਂਦਰੀ ਹਕੂਮਤ ਚਲਾ ਰਹੀ ਭਾਰਤੀ ਜਨਤਾ ਪਾਰਟੀ ਨੇ ਆਪਣੀ ਪੈਂਠ ਬਣਾਉਣ ਲਈ ਹਰ ਨਿਯਮ ਤਾਕ ਵਿਚ ਰੱਖ ਦਿੱਤਾ ਹੋਇਆ ਹੈ ਅਤੇ ਇਸ ਮਾਮਲੇ ਵਿਚ ਇਸ ਦੇ ਆਗੂ ਕੋਈ ਵੀ ਖੇਤਰ ਖਾਲੀ ਨਹੀਂ ਛੱਡ ਰਹੇ। ਕਿਸਾਨ ਪਿਛਲੇ ਨੌਂ ਮਹੀਨਿਆਂ ਤੋਂ ਪੰਜਾਬ ਅੰਦਰ ਅਤੇ ਚਾਰ ਮਹੀਨਿਆਂ ਤੋਂ ਵੱਧ ਸਮੇਂ ਤੋਂ ਦਿੱਲੀ ਦੀ ਬਰੂਹਾਂ 'ਤੇ ਬੈਠੇ ਤਿੰਨ ਨਵੇਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਅੰਦੋਲਨ ਕਰ ਰਹੇ ਹਨ ਪਰ ਸੱਤਾਧਿਰ ਕਿਸੇ ਰਾਹ ਨਹੀਂ ਪੈ ਰਹੀ। ਹੁਣ ਇਸ ਦਾ ਸਾਰਾ ਜ਼ੋਰ ਹੋ ਰਹੀਆਂ ਵਿਧਾਨ ਸਭਾ ਚੋਣਾਂ ਵੱਲ ਲੱਗਿਆ ਹੋਇਆ ਹੈ, ਖਾਸ ਕਰ ਕੇ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਇਹ ਬਹੁਤ ਜ਼ਿਆਦਾ ਦਿਲਚਸਪੀ ਲੈ ਰਹੀ ਹੈ ਜਿੱਥੇ ਪਿਛਲੇ ਦਸ ਤੋਂ ਮਮਤਾ ਬੈਨਰਜੀ ਦੀ ਅਗਵਾਈ ਹੇਠ ਤ੍ਰਿਣਮੂਲ ਕਾਂਗਰਸ ਦਾ ਰਾਜ ਹੈ। ਉਥੇ ਜਿਸ ਢੰਗ ਨਾਲ ਵੋਟਾਂ ਪੈ ਰਹੀਆਂ ਹਨ, ਉਸ ਤੋਂ ਭਾਰਤੀ ਜਨਤਾ ਪਾਰਟੀ ਅੰਦਰਲੀ ਕਾਣ ਦੀ ਸੂਹ ਮਿਲ ਜਾਂਦੀ ਹੈ। ਪਹਿਲਾਂ ਤਾਂ ਉਥੇ ਚੋਣਾਂ 8 ਗੇੜਾਂ ਵਿਚ ਕਰਵਾਉਣ ਦਾ ਐਲਾਨ ਕੀਤਾ ਗਿਆ। ਹੁਣ ਉਥੇ ਤਿੰਨ ਗੇੜਾਂ ਦੀਆਂ ਚੋਣਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਜਿਸ ਤਰ੍ਹਾਂ ਦੀਆਂ ਰਿਪੋਰਟਾਂ ਆ ਰਹੀਆਂ ਹਨ, ਉਹ ਪ੍ਰੇਸ਼ਾਨ ਕਰਨ ਵਾਲੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਭਾਰਤੀ ਜਨਤਾ ਪਾਰਟੀ ਦੇ ਸਾਰੇ ਆਗੂਆਂ ਦਾ ਇਹ ਜ਼ੋਰ ਲੱਗਿਆ ਹੋਇਆ ਹੈ ਕਿ ਇਨ੍ਹਾਂ ਚੋਣਾਂ ਨੂੰ ਭਗਵਾਂ ਰੂਪ ਦਿੱਤਾ ਜਾਵੇ। ਭਾਰਤੀ ਜਨਤਾ ਪਾਰਟੀ ਦੀ ਰਣਨੀਤੀ ਇਹ ਹੈ ਕਿ ਧਰੁਵੀਕਰਨ ਕਰ ਕੇ ਹਿੰਦੂਆਂ ਦੀਆਂ ਵੱਧ ਤੋਂ ਵੱਧ ਵੋਟਾਂ ਬਟੋਰੀਆਂ ਜਾਣ। ਆਪਣੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਇਹ ਪਾਰਟੀ ਸਮਾਜ ਅੰਦਰ ਵੰਡੀਆਂ ਪਾ ਰਹੀ ਹੈ। ਇਸ ਤੋਂ ਵੀ ਵੱਡੀ ਗੱਲ, ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈ. ਵੀ. ਐਮ.) ਬਾਰੇ ਜਿਹੜੇ ਖਦਸ਼ੇ ਲੋਕ ਪਹਿਲਾਂ ਜ਼ਾਹਿਰ ਕਰ ਰਹੇ ਸਨ, ਉਹ ਹੁਣ ਸੱਚ ਪ੍ਰਤੀਤ ਹੋ ਰਹੇ ਜਾਪਦੇ ਹਨ। ਪੱਛਮੀ ਬੰਗਾਲ ਵਿਚ ਵੋਟ ਪ੍ਰਤੀਸ਼ਤ ਅਚਾਨਕ ਵਧ ਗਈ ਹੈ ਅਤੇ ਅਜਿਹੇ ਕੇਸ ਵੀ ਸਾਹਮਣੇ ਆਏ ਹਨ ਜਿਥੇ ਸਬੰਧਤ ਬੂਥ ਉਤੇ ਜਿੰਨੀਆਂ ਵੋਟਾਂ ਹਨ, ਉਸ ਤੋਂ ਕਿਤੇ ਵੱਧ ਵੋਟਾਂ ਪੈ ਗਈਆਂ ਹਨ। ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਈ. ਵੀ. ਐਮ. ਰਾਹੀਂ ਹੇਰਾਫੇਰੀ ਦੇ ਯਤਨ ਵੱਡੀ ਪੱਧਰ 'ਤੇ ਹੋ ਰਹੇ ਹਨ। ਭਾਰਤੀ ਜਨਤਾ ਪਾਰਟੀਆਂ ਦੇ ਆਗੂਆਂ ਦੀਆਂ ਕਾਰਾਂ ਵਿਚੋਂ ਈ. ਵੀ. ਐਮ. ਮਸ਼ੀਨਾਂ ਨਿੱਕਲ ਰਹੀਆਂ ਹਨ। ਸਿਤਮਜ਼ਰੀਫੀ ਇਹ ਹੈ ਕਿ ਇਸ ਬਾਰੇ ਚੋਣ ਕਮਿਸ਼ਨ ਕੋਈ ਸਖਤ ਕਾਰਵਾਈ ਨਹੀਂ ਕਰ ਰਿਹਾ ਹੈ। ਜ਼ਾਹਿਰ ਹੈ ਕਿ ਸਾਰੀਆਂ ਸੰਸਥਾਵਾਂ ਵੀ ਕੇਂਦਰੀ ਹਕੂਮਤ ਦੇ ਇਸ਼ਾਰੇ ਮੁਤਾਬਿਕ ਕੰਮ ਕਰ ਰਹੀਆਂ ਹਨ ਅਤੇ ਲੋਕਤੰਤਰ ਨੂੰ ਮਜ਼ਾਕ ਬਣਾ ਦਿੱਤਾ ਗਿਆ ਹੈ। ਆਮ ਬੰਦਾ ਇਸ ਸਭ ਕਾਸੇ ਨੂੰ ਬਹੁਤ ਬੇਵਸੀ ਨਾਲ ਦੇਖ ਰਿਹਾ ਹੈ। 2014 ਵਾਲੀਆਂ ਚੋਣਾਂ ਤੋਂ ਬਾਅਦ ਜਦੋਂ ਕੇਂਦਰੀ ਹਕੂਮਤ ਨੇ ਆਪਣੀਆਂ ਨੀਤੀਆਂ ਰਣਨੀਤੀਆਂ ਆਰ. ਐਸ. ਐਸ. ਅਨੁਸਾਰ ਘੜਨੀਆਂ ਸ਼ੁਰੂ ਕਰ ਦਿੱਤੀਆਂ ਸਨ ਤਾਂ ਕੁਝ ਬੁੱਧੀਜੀਵੀਆਂ ਨੇ ਖਦਸ਼ਾ ਜ਼ਾਹਿਰ ਕੀਤਾ ਸੀ ਕਿ 2019 ਵਾਲੀਆਂ ਲੋਕ ਸਭਾ ਚੋਣਾਂ ਤਾਂ ਭਾਵੇਂ ਜਿਵੇਂ-ਕਿਵੇਂ ਹੋ ਜਾਣਗੀਆਂ ਪਰ 2024 ਵਾਲੀਆਂ ਲੋਕ ਸਭਾ ਚੋਣਾਂ ਨਹੀਂ ਹੋਣਗੀਆਂ। ਉਦੋਂ ਇਹ ਖਦਸ਼ਾ ਬਹੁਤ ਸਾਰੇ ਲੋਕਾਂ ਨੂੰ ਨਿਰਮੂਲ ਜਾਪਦਾ ਸੀ ਪਰ ਜੋ ਸਿਆਸਤ ਹੁਣ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਕਰ ਰਹੀਆਂ ਹਨ, ਉਸ ਤੋਂ ਜਾਪਦਾ ਹੈ ਕਿ ਉਹ ਖਦਸ਼ਾ ਹੁਣ ਸੱਚ ਹੋ ਸਕਦਾ ਹੈ। ਉਂਝ ਵੀ, ਜੇ 2024 ਵਿਚ ਚੋਣਾਂ ਹੋਈਆਂ ਵੀ, ਤਾਂ ਖਦਸ਼ਾ ਹੈ ਕਿ ਇਹ ਇੰਨੇ ਕੰਟਰੋਲ ਵਾਲੀਆਂ ਹੋਣਗੀਆਂ ਕਿ ਜਿੱਤ ਭਾਰਤੀ ਜਨਤਾ ਪਾਰਟੀ ਦੀ ਹੀ ਹੋ ਸਕਦੀ ਹੈ।

ਮਨਮਰਜ਼ੀ ਵਾਲੀ ਇਹ ਸਿਆਸਤ ਕਿਸਾਨ ਅੰਦੋਲਨ ਬਾਰੇ ਕੇਂਦਰੀ ਹਕੂਮਤ ਦੀ ਪਹੁੰਚ ਤੋਂ ਵੀ ਸਾਫ ਜ਼ਾਹਿਰ ਹੋ ਰਹੀ ਹੈ। ਪਿਛਲੇ ਤਕਰੀਬਨ ਢਾਈ ਮਹੀਨਿਆਂ ਤੋਂ ਸਰਕਾਰ ਨੇ ਗੱਲਬਾਤ ਤੋੜੀ ਹੋਈ ਹੈ। ਇਸ ਦੇ ਨਾਲ ਹੀ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਲਗਾਤਾਰ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ, ਖਾਸ ਕਰ ਕੇ ਪੰਜਾਬ ਬਾਰੇ ਜਿਹੜੀ ਪਹੁੰਚ ਅਪਣਾਈ ਜਾ ਰਹੀ ਹੈ, ਉਹ ਬੇਹੱਦ ਘਾਤਕ ਹੈ। ਕਿਸਾਨ ਅੰਦੋਲਨ ਚਲਾ ਰਹੀ ਲੀਡਰਸ਼ਿਪ ਅਤੇ ਪੰਜਾਬ ਸਰਕਾਰ ਭਾਵੇਂ ਵੱਖ-ਵੱਖ ਪੈਂਤੜਿਆਂ ਤੋਂ ਕੇਂਦਰੀ ਹਕੂਮਤ ਦਾ ਮੁਕਾਬਲਾ ਕਰਦੀਆਂ ਨਜ਼ਰ ਆ ਰਹੀਆਂ ਹਨ ਪਰ ਸਵਾਲ ਇਹ ਹੈ ਕਿ ਸਰਕਾਰ ਆਖਰਕਾਰ ਕਿਥੇ ਜਾ ਕੇ ਰੁਕੇਗੀ? ਪੰਜਾਬ ਵਿਚ ਭਾਵੇਂ ਕਿਸਾਨ ਮਜ਼ਦੂਰ ਏਕਤਾ ਦੀ ਗੱਲ ਹੋਵੇ, ਭਾਵੇਂ ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਮਸਲਾ ਹੋਵੇ, ਤੇ ਭਾਵੇਂ 2022 ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਦੀਆਂ ਸਰਗਰਮੀਆਂ ਦਾ ਮਾਮਲਾ ਹੋਵੇ, ਭਾਰਤੀ ਜਨਤਾ ਪਾਰਟੀ ਸ਼ਰੇਆਮ ਮਨ-ਆਈਆਂ ਕਰ ਰਹੀ ਹੈ। ਉਂਝ, ਬਹੁਤ ਸਾਰੇ ਮਸਲਿਆਂ 'ਤੇ ਜਿਸ ਢੰਗ ਨਾਲ ਕਿਸਾਨ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਦੀਆਂ ਮਨ-ਆਈਆਂ ਨੂੰ ਡੱਕਿਆ ਹੈ, ਉਸ ਤੋਂ ਸਬਕ ਲੈਣ ਦੇ ਨਾਲ-ਨਾਲ ਅੰਦੋਲਨ ਨੂੰ ਵੱਧ ਤੋਂ ਵੱਧ ਹਮਾਇਤ ਦੇਣ ਦੀ ਜ਼ਰੂਰਤ ਹੈ। ਇਸ ਅੰਦੋਲਨ ਨੇ ਦਰਸਾਇਆ ਹੈ ਕਿ ਕਿਸੇ ਵੱਡੀ ਤਾਕਤ ਨੂੰ ਕਿਸ ਤਰ੍ਹਾਂ ਬਿਲਕੁਲ ਬੇਅਸਰ ਕੀਤਾ ਜਾ ਸਕਦਾ ਹੈ। ਹੇਠਲੇ ਪੱਧਰ ਉਤੇ ਕਿਸਾਨ ਅੰਦੋਲਨ ਨੂੰ ਵੱਡਾ ਹੁੰਗਾਰਾ ਮਿਲ ਤਾਂ ਰਿਹਾ ਹੈ ਪਰ ਕੁਝ ਧਿਰਾਂ ਇਸ ਅੰਦੋਲਨ ਵਿਚੋਂ ਆਪਣੀ ਸਿਆਸਤ ਚਲਾਉਣਾ ਚਾਹ ਰਹੀਆਂ ਹਨ ਜਿਸ ਕਾਰਨ ਕੁਝ ਮਸਲਿਆਂ ਉਤੇ ਖਿਚੋਤਾਣ ਵਾਲੀ ਹਾਲਤ ਬਣਦੀ ਰਹਿੰਦੀ ਹੈ। ਇਹ ਸੱਚਮੁੱਚ ਸੋਚਣ-ਵਿਚਾਰਨ ਦਾ ਸਮਾਂ ਹੈ। ਜੇ ਭਾਰਤੀ ਜਨਤਾ ਪਾਰਟੀ ਦਾ ਮਕਸਦ ਕਿਸੇ ਨਾ ਕਿਸੇ ਬਹਾਨੇ ਪੂਰੇ ਮੁਲਕ ਦੇ ਲੋਕਾਂ ਨੂੰ ਆਪਣੇ ਅਧੀਨ ਕਰਨ ਦਾ ਹੈ ਤਾਂ ਅੰਦੋਲਨ ਨਾਲ ਜੁੜੀ ਹਰ ਧਿਰ ਅਤੇ ਤਬਕੇ ਨੂੰ ਇਹ ਵਿਚਾਰਨਾ ਪਵੇਗਾ ਕਿ ਕਿਸੇ ਦੀ ਕੋਈ ਵੀ ਕਾਰਵਾਈ ਅੰਦੋਲਨ ਦੇ ਖਿਲਾਫ ਨਾ ਭੁਗਤਦੀ ਹੋਵੇ। ਕੇਂਦਰੀ ਹਕੂਮਤ ਨੇ ਇਸ ਤੋਂ ਪਹਿਲਾਂ ਸ਼ਾਹੀਨ ਬਾਗ ਵਾਲੇ ਮਿਸਾਲੀ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਹੁਣ ਉਹੀ ਨੁਸਖਾ ਇਹ ਕਿਸਾਨ ਅੰਦੋਲਨ ਉਤੇ ਵਰਤਣਾ ਚਾਹੁੰਦੀ ਹੈ। ਸਭ ਧਿਰਾਂ ਨੂੰ ਇਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਅੰਦੋਲਨ ਦੀ ਬੁਲੰਦੀ ਲਈ ਕੰਮ ਕਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਣ ਸੰਗਤੇ ਦਿੱਲੀ ਦੀਏ!*

ਪੰਥਕ ਕੇਂਦਰ 'ਤੇ ਕਬਜਾ ਜੋ ਕਰੀ ਬੈਠੇ, ਦਿੱਲੀ ਵਿਚ ਵੀ ਚੌਧਰਾਂ ਚਾਹੁਣ ਭਾਈ।
ਝੂਠੀ ਪੰਡ ਲੈ ਦਾਅਵੇ ਤੇ ਵਾਅਦਿਆਂ ਦੀ, ਜਾਲ਼ ਵਿਚ ਫਿਰ ਆਏ ਫਸਾਉਣ ਭਾਈ।
ਚੱਲਦੇ ਕੇਸ ਕਈ ਘਾਲ਼ਿਆਂ-ਮਾਲ਼ਿਆਂ ਦੇ, ਕਿਹੜਾ ਮੂੰਹ ਲੈ ਲੋਕਾਂ 'ਚ ਆਉਣ ਭਾਈ।
ਮੌਕਾ ਸਾਂਭ ਲਉ 'ਗੁਰੂ ਕੀ ਸੰਗਤੇ' ਜੀ, ਚੰਮ ਦੀਆਂ ਨਾ ਮੁੜ ਕੇ ਚਲਾਉਣ ਭਾਈ।
ਜਿਹਦੇ ਮੱਥੇ 'ਤੇ ਦਾਗ ਬੇਅਦਬੀਆਂ ਦੇ, ਰੱਖੋ ਧਰਮ ਤੋਂ ਦੂਰ ਇਸ 'ਪਾਰਟੀ' ਨੂੰ।
ਸਿੱਧ ਕਰ ਦਿਉ ਅਸੀਂ ਹੁਣ ਜਾਗਦੇ ਹਾਂ, ਮੂੰਧੀ ਮਾਰ ਕੇ ਇਨ੍ਹਾਂ ਦੀ 'ਬਾਲਟੀ' ਨੂੰ!

# ਖੇਤੀ ਆਧਾਰਿਤ ਸਨਅਤਾਂ ਤੋਂ ਬਿਨਾਂ ਪੰਜਾਬ ਖੁਸ਼ਹਾਲ ਨਹੀਂ ਹੋ ਸਕਦਾ

***ਪੰਜਾਬ ਦੀ ਆਰਥਕਤਾ ਨੂੰ ਸੁਧਾਰਨ ਲਈ ਇਕ ਠੋਸ ਯੋਜਨਾ ਦੀ ਲੋੜ ਹੈ ਜਿਹੜੀ ਵੋਟ ਦੀ ਰਾਜਨੀਤੀ 'ਤੇ ਆਧਾਰਿਤ ਨਾ ਹੋਵੇ ਸਗੋਂ ਆਰਥਕ ਵਿਕਾਸ ਦੇ ਉਦੇਸ਼ 'ਤੇ ਆਧਾਰਿਤ ਹੋਵੇ ਜਿਸ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਇਕਸੁਰਤਾ ਹੋਵੇ। ਪ੍ਰਾਂਤ ਦੇ ਵਸੀਲਿਆਂ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਦਿਆਂ ਵਿਕਾਸ ਯੋਜਨਾਵਾਂ ਸਿਰਫ ਅਤੇ ਸਿਰਫ ਖੇਤੀ 'ਤੇ ਹੀ ਆਧਾਰਿਤ ਹੋ ਸਕਦੀਆਂ ਹਨ, ਕਿਉਂਕਿ ਪੰਜਾਬ ਖੇਤੀ ਵਿਚ ਭਾਰਤ ਦਾ ਪ੍ਰਮੁੱਖ ਪ੍ਰਾਂਤ ਹੈ। ਉਹ ਸਮਰੱਥਾ ਜਿਹੜੀ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਖੇਤੀ 'ਤੇ ਆਧਾਰਿਤ ਹੋ ਸਕਦੀ ਹੈ। ਪੰਜਾਬ ਦੀ ਖੇਤੀ ਨੇ ਹੈਰਾਨੀਜਨਕ ਸਿੱਟੇ ਦਿੱਤੇ ਹਨ। ਪ੍ਰਾਂਤ ਦੀ ਆਰਥਕਤਾ ਨੂੰ ਉਦਯੋਗ ਮੁਖੀ ਬਣਾਉਣਾ ਇਸ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ ਜਿਸ ਵਿਚ ਖੇਤੀ ਆਧਾਰਿਤ ਉਦਯੋਗ ਸਭ ਤੋਂ ਪਹਿਲੀ ਲੋੜ ਹੈ।***

**ਡਾ. ਸ. ਸ. ਛੀਨਾ**

ਦੁਨੀਆ ਦੇ ਵਿਕਸਿਤ ਦੇਸ਼ ਅਮਰੀਕਾ, ਕੈਨੇਡਾ, ਜਰਮਨੀ, ਫਰਾਂਸ, ਜਾਪਾਨ ਆਦਿ ਕਰਜ਼ਦਾਤਾ ਹਨ ਜਦੋਂ ਕਿ ਵਿਕਾਸ ਕਰ ਰਹੇ ਦੇਸ਼ ਕਰਜ਼ਈ ਹਨ। ਵਿਸ਼ਵ ਦੀਆਂ ਵਿੱਤੀ ਸੰਸਥਾਵਾਂ ਕੌਮਾਂਤਰੀ ਮੁਦਰਾ ਫੰਡ, ਵਿਸ਼ਵ ਬੈਂਕ ਆਦਿ ਵਿਚ ਵਿਕਸਿਤ ਦੇਸ਼ਾਂ ਦਾ ਯੋਗਦਾਨ ਜ਼ਿਆਦਾ ਹੈ ਅਤੇ ਉਹ ਉਨ੍ਹਾਂ ਸੰਸਥਾਵਾਂ ਦੀਆਂ ਨੀਤੀਆਂ ਨੂੰ ਵੀ ਨਿਰਧਾਰਤ ਕਰਦੇ ਹਨ। ਕਰਜ਼ਈ ਦੇਸ਼ਾਂ ਨੂੰ ਉਸ ਕਰਜ਼ੇ ਦੇ ਵਿਆਜ ਦੇ ਨਾਲ-ਨਾਲ ਉਨ੍ਹਾਂ ਦੇਸ਼ਾਂ ਵਲੋਂ ਦੱਸੀਆਂ ਗਈਆਂ ਨੀਤੀਆਂ ਨੂੰ ਵੀ ਮਜਬੂਰੀਵੱਸ ਲਾਗੂ ਕਰਨਾ ਪੈਂਦਾ ਹੈ। ਕਰਜ਼ਾ ਲੈਣਾ ਕਮਜ਼ੋਰ ਆਰਥਕਤਾ ਦੀ ਮਜਬੂਰੀ ਬਣ ਜਾਂਦੀ ਹੈ ਜਿਸ ਦਾ ਉਦੇਸ਼ ਆਰਥਕਤਾ ਨੂੰ ਸੁਧਾਰਨਾ ਹੁੰਦਾ ਹੈ। ਭਾਰਤ ਦੇ ਪ੍ਰਾਂਤਾਂ ਦੀਆਂ ਸਰਕਾਰਾਂ ਵੀ ਕਰਜ਼ਈ ਹਨ ਜਿਨ੍ਹਾਂ ਨੇ ਆਪਣੇ ਰਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰਜ਼ੇ ਦਾ ਸਹਾਰਾ ਲਿਆ ਹੋਇਆ ਹੈ। ਤਕਰੀਬਨ ਸਾਰੇ ਹੀ ਪ੍ਰਾਂਤਾਂ ਦੀਆਂ ਸਰਕਾਰਾਂ ਕਰਜ਼ਈ ਹਨ ਪਰ ਪਿਛਲੇ ਸਮਿਆਂ ਵਿਚ ਜਿਸ ਰਫਤਾਰ ਨਾਲ ਅਤੇ ਜਿਸ ਮਾਤਰਾ ਨਾਲ ਪੰਜਾਬ ਦੀ ਸਰਕਾਰ ਦਾ ਕਰਜ਼ਾ ਵਧਿਆ ਹੈ, ਉਹ ਪੰਜਾਬ ਦੀ ਜਨਤਾ 'ਤੇ ਵੱਡਾ ਬੋਝ ਬਣ ਗਿਆ ਹੈ ਜਿਸ ਕਰ ਕੇ ਜਨਤਕ ਭਲਾਈ ਦੀਆਂ ਸਕੀਮਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ।

ਪ੍ਰਾਂਤ ਦੀ ਆਰਥਕ ਸਥਿਤੀ 'ਤੇ ਪ੍ਰਾਂਤ ਦੀ ਸਰਕਾਰ ਦੀ ਆਮਦਨ ਨਿਰਭਰ ਕਰਦੀ ਹੈ। ਜੇ ਖੁਸ਼ਹਾਲ ਆਰਥਕਤਾ ਹੈ ਤਾਂ ਟੈਕਸਾਂ ਦੇ ਰੂਪ ਵਿਚ ਵੱਧ ਆਮਦਨ ਇਕੱਠੀ ਹੋ ਸਕਦੀ ਹੈ। ਸੰਨ 2000 ਤੋਂ ਪਹਿਲਾਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਪੰਜਾਬ ਭਾਰਤ ਦਾ ਪਹਿਲੇ ਨੰਬਰ ਦਾ ਪ੍ਰਾਂਤ ਸੀ ਭਾਵੇਂ ਉਸ ਵਕਤ ਵੀ ਪੰਜਾਬ ਦੀ ਸਰਕਾਰ ਕਰਜ਼ਈ ਤਾਂ ਸੀ ਪਰ ਇਹ ਕਰਜ਼ਾ 10 ਹਜ਼ਾਰ ਕਰੋੜ ਰੁਪਏ ਤੋਂ ਘੱਟ ਹੀ ਸੀ ਜਦੋਂ ਕਿ ਹੁਣ 20 ਸਾਲਾਂ ਬਾਅਦ ਪੰਜਾਬ ਸਰਕਾਰ ਨੇ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਉਸ ਲਏ ਕਰਜ਼ੇ ਦਾ ਵਿਆਜ ਹੀ ਅਦਾ ਕਰਨਾ ਹੁੰਦਾ ਹੈ, ਜਿਹੜਾ ਗੈਰ-ਉਪਜਾਊ ਖਰਚ ਹੈ। 1997 ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਪਰ ਕਰਜ਼ਾ ਹਰ ਪੰਜ ਸਾਲ ਬਾਅਦ ਤਕਰੀਬਨ ਦੁੱਗਣਾ ਹੋ ਜਾਂਦਾ ਰਿਹਾ ਹੈ। 2006-07 ਵਿਚ ਇਹ ਕਰਜ਼ਾ ਸਿਰਫ 40 ਹਜ਼ਾਰ ਕਰੋੜ ਰੁਪਏ ਸੀ ਜਦੋਂ ਕਿ 2016-17 ਵਿਚ 1.82 ਲੱਖ ਕਰੋੜ ਰੁਪਏ ਹੋ ਗਿਆ। 2019-20 ਵਿਚ 1.93 ਲੱਖ ਕਰੋੜ ਸੀ ਪਰ 2020-21 ਵਿਚ 2.60 ਲੱਖ ਕਰੋੜ ਹੋ ਗਿਆ। ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਅਤੇ ਕਰਜ਼ੇ ਦੀ ਅਨੁਪਾਤ 2020-21 ਵਿਚ ਘਟ ਕੇ 39 ਫੀਸਦੀ ਹੋ ਗਈ ਜਦੋਂ ਕਿ ਇਹ ਅਨੁਪਾਤ 2016-17 ਵਿਚ 42.58 ਫੀਸਦੀ ਸੀ। ਇਸ ਦਾ ਇਹ ਅਰਥ ਤਾਂ ਨਹੀਂ ਕਿ ਇਨ੍ਹਾਂ 4 ਸਾਲਾਂ ਵਿਚ ਕਰਜ਼ਾ ਘਟਿਆ ਸੀ ਪਰ ਇਸ ਦਾ ਇਹ ਅਰਥ ਸੀ ਕਿ ਇਨ੍ਹਾਂ 4 ਸਾਲਾਂ ਵਿਚ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਦਾ ਮੁੱਲ ਕਾਫੀ ਵਧਿਆ ਸੀ ਜਿਸ ਤੋਂ ਇਹ ਉਮੀਦ ਪੈਦਾ ਹੁੰਦੀ ਹੈ ਕਿ ਪੰਜਾਬ ਦੀ ਆਰਥਕਤਾ ਵਿਚ ਇਹ ਸਮਰੱਥਾ ਹੈ ਕਿ ਇਸ ਦਾ ਕੁੱਲ ਘਰੇਲੂ ਉਤਪਾਦਨ ਵਧਾਇਆ ਜਾ ਸਕਦਾ ਹੈ, ਜਿਹੜਾ ਪ੍ਰਾਂਤ ਦੀ ਖੁਸ਼ਹਾਲੀ ਦਾ ਆਧਾਰ ਹੈ। ਪੰਜਾਬ ਦਾ ਪ੍ਰਤੀ ਵਿਅਕਤੀ ਕਰਜ਼ਾ 96 ਹਜ਼ਾਰ ਰੁਪਏ ਹੈ ਜਿਹੜਾ ਭਾਰਤ ਵਿਚ ਸਭ ਤੋਂ ਵੱਧ ਹੈ।

ਪ੍ਰਾਂਤ ਦੀ ਆਮਦਨ, ਕੇਂਦਰ ਸਰਕਾਰ ਤੋਂ ਗਰਾਂਟ ਅਤੇ ਟੈਕਸਾਂ ਤੋਂ ਕੀਤੀ ਕਮਾਈ ਦੇ ਹਿੱਸੇ ਤੋਂ ਇਲਾਵਾ ਪ੍ਰਾਂਤਾਂ ਵਲੋਂ ਲਾਏ ਗਏ ਟੈਕਸ, ਜਿਨ੍ਹਾਂ ਵਿਚ ਮੁੱਖ ਵੈਟ (ਮੁੱਲ ਵਾਧਾ ਟੈਕਸ) ਅਤੇ ਪ੍ਰਾਂਤਾਂ ਦੇ ਅਦਾਰਿਆਂ ਤੋਂ ਕੀਤੀ ਗੈਰ-ਟੈਕਸ ਕਮਾਈ ਹੁੰਦੀ ਹੈ। ਇਹ ਗੈਰ-ਟੈਕਸ ਕਮਾਈ ਅੱਜਕੱਲ੍ਹ ਨਿਗੂਣੀ ਹੈ ਸਗੋਂ ਸਰਕਾਰ ਵਲੋਂ ਚਲਾਈਆਂ ਗਈਆਂ ਜ਼ਿਆਦਾਤਰ ਵਪਾਰਕ ਇਕਾਈਆਂ ਘਾਟੇ ਵਿਚ ਜਾ ਰਹੀਆਂ ਹਨ। 1960 ਤੋਂ ਬਾਅਦ ਭਾਰਤ ਸਰਕਾਰ ਦੀ ਤਰਜ਼ 'ਤੇ ਪੰਜਾਬ ਵਿਚ ਬਹੁਤ ਸਾਰੀਆਂ ਵਪਾਰਕ ਇਕਾਈਆਂ ਸਰਕਾਰ ਵਲੋਂ ਚਲਾਈਆਂ ਗਈਆਂ ਸਨ ਜਿਨ੍ਹਾਂ ਵਿਚ ਕਾਰਖਾਨੇ, ਟਰਾਂਸਪੋਰਟ ਅਤੇ ਇਥੋਂ ਤੱਕ ਕਿ ਹੋਟਲ ਵੀ ਚਾਲੂ ਕੀਤੇ ਗਏ ਸਨ ਪਰ ਉਹ ਵਪਾਰਕ ਇਕਾਈਆਂ ਲਗਾਤਾਰ ਘਾਟੇ ਵਿਚ ਗਈਆਂ। ਇਹ ਵੀ ਦਿਲਚਸਪ ਤੱਥ ਹੈ ਕਿ ਖੰਡ ਮਿੱਲਾਂ ਨੂੰ ਸਹਿਕਾਰੀ ਹੱਥਾਂ ਵਿਚ ਦੇ ਦਿੱਤਾ ਗਿਆ ਅਤੇ ਦੂਸਰੀਆਂ ਇਕਾਈਆਂ ਨੂੰ ਵੇਚ ਦਿੱਤਾ ਗਿਆ ਅਤੇ ਘਟਾਇਆ ਗਿਆ। ਜਿਥੇ ਨਿੱਜੀ ਖੰਡ ਮਿੱਲ ਦੇ ਕਾਰੋਬਾਰ ਦਿਨੋ-ਦਿਨ ਵਧਦੇ ਗਏ, ਟਰਾਂਸਪੋਰਟ ਕੰਪਨੀਆਂ ਅਤੇ ਹੋਟਲਾਂ ਦੀ ਕਮਾਈ ਨਿੱਜੀ ਹੱਥਾਂ ਵਿਚ ਵਧਦੀ ਗਈ, ਉਥੇ ਸਰਕਾਰੀ ਕਾਰੋਬਾਰਾਂ ਦੀ ਕਮਾਈ ਘਟਦੀ ਗਈ ਅਤੇ ਬਜਾਏ ਕਿ ਉਨ੍ਹਾਂ ਦੀ ਪ੍ਰਬੰਧਕੀ ਯੋਗਤਾ ਨੂੰ ਵਧਾ ਕੇ ਘਾਟੇ ਵਾਲੀਆਂ ਇਕਾਈਆਂ ਨੂੰ ਲਾਭ ਵਾਲੀਆਂ ਇਕਾਈਆਂ ਵਿਚ ਬਦਲਿਆ ਜਾਂਦਾ। ਉਹ ਇਕਾਈਆਂ ਜਾਂ ਬੰਦ ਕਰ ਦਿੱਤੀਆਂ ਗਈਆਂ, ਵੇਚ ਦਿੱਤੀਆਂ ਗਈਆਂ ਜਾਂ ਉਨ੍ਹਾਂ ਦੇ ਕੰਮ ਘਟਾ ਦਿੱਤੇ ਗਏ। ਜੇ ਇਹ ਇਕਾਈਆਂ ਵਾਧੇ ਵਿਚ ਜਾਂਦੀਆਂ ਤਾਂ ਇਸ ਨਾਲ ਸਰਕਾਰ ਦੀ ਆਮਦਨ ਵਧਣੀ ਸੀ ਜਿਸ ਨਾਲ ਜਨਤਾ ਦੇ ਟੈਕਸ ਘਟਣੇ ਸਨ ਅਤੇ ਜਨਤਕ ਰਾਹਤ ਮੁਹੱਈਆ ਕੀਤੀ ਜਾ ਸਕਦੀ ਸੀ। ਇਸ ਨਾਲ ਸਮਾਜਕ ਸੁਰੱਖਿਆ ਵਿਚ ਵੀ ਵਾਧਾ ਹੋਣਾ ਸੀ ਪਰ ਜਦੋਂ ਇਹ ਘਾਟੇ ਵਿਚ ਗਈਆਂ ਤਾਂ ਇਹ ਜਨਤਕ ਬੋਝ ਬਣ ਗਈਆਂ ਅਤੇ ਸਰਕਾਰ ਦੀ ਆਮਦਨ ਘਟਣ ਕਰ ਕੇ ਸਰਕਾਰ ਨੂੰ ਕਰਜ਼ੇ 'ਤੇ ਨਿਰਭਰ ਹੋਣਾ ਪਿਆ।

ਪੰਜਾਬ ਸਰਕਾਰ ਸਿਰ ਕਰਜ਼ੇ ਪ੍ਰਤੱਖ ਰੂਪ ਵਿਚ ਪੰਜਾਬ ਦੀ ਕਮਜ਼ੋਰ ਹੋ ਰਹੀ ਆਰਥਕ ਸਥਿਤੀ ਨਾਲ ਸਬੰਧਿਤ ਹਨ। ਪਹਿਲੇ ਨੰਬਰ ਦੀ ਪ੍ਰਤੀ ਵਿਅਕਤੀ ਆਮਦਨ ਦੀ ਸਥਿਤੀ ਤੋਂ ਖਿਸਕਦਿਆਂ ਹੋਇਆਂ ਪੰਜਾਬ 12ਵੇਂ ਨੰਬਰ 'ਤੇ ਆ ਗਿਆ ਜਦੋਂ ਕਿ ਪ੍ਰਤੀ ਵਿਅਕਤੀ ਕਰਜ਼ੇ ਦੇ ਪੱਖ ਤੋਂ ਪਹਿਲੇ ਨੰਬਰ 'ਤੇ ਆ ਗਿਆ। ਉਹ ਪ੍ਰਾਂਤ ਜਿਹੜੇ ਪ੍ਰਤੀ ਵਿਅਕਤੀ ਆਮਦਨ ਵਿਚ ਬਹੁਤ ਪਿੱਛੇ ਸਨ, ਉਹ ਹੁਣ ਪੰਜਾਬ ਤੋਂ ਕਿਤੇ ਅੱਗੇ ਨਿਕਲ ਗਏ ਹਨ ਜਿਨ੍ਹਾਂ ਵਿਚ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਆਦਿ ਆਉਂਦੇ ਹਨ। ਉਨ੍ਹਾਂ ਪ੍ਰਾਂਤਾਂ ਦੀ ਆਰਥਕ ਸਥਿਤੀ ਵਿਚ ਵੱਡਾ ਸੁਧਾਰ ਆਇਆ ਹੈ ਜਿਸ ਦਾ ਅਧਿਐਨ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਪ੍ਰਾਂਤ ਖੇਤੀ ਪ੍ਰਮੁੱਖਤਾ ਤੋਂ ਉਦਯੋਗਿਕ ਪ੍ਰਮੁੱਖਤਾ ਅਤੇ ਆਰਥਕ ਵਿਭਿੰਨਤਾ ਵੱਲ ਚਲੇ ਗਏ ਹਨ। ਉਨ੍ਹਾਂ ਪ੍ਰਾਂਤਾਂ ਦੀ ਜ਼ਿਆਦਾਤਰ ਵਸੋਂ ਖੇਤੀ ਤੋਂ ਉਦਯੋਗ ਵੱਲ ਅਤੇ ਹੋਰ ਪੇਸ਼ਿਆਂ ਵੱਲ ਤਬਦੀਲ ਹੋ ਗਈ ਜਦੋਂ ਕਿ ਪੰਜਾਬ ਅਜੇ ਵੀ ਖੇਤੀ ਪ੍ਰਮੁੱਖ ਪ੍ਰਾਂਤ ਹੈ ਜਿਸ ਦੀ ਵਸੋਂ 60 ਫੀਸਦੀ ਖੇਤੀ ਵਿਚ ਲੱਗੀ ਹੋਈ ਹੈ ਭਾਵੇਂ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਘਟ ਕੇ ਸਿਰਫ 19 ਫੀਸਦੀ ਰਹਿ ਗਿਆ ਹੈ। ਇਸ ਤੋਂ ਇਲਾਵਾ 9 ਫੀਸਦੀ ਡੇਅਰੀ ਦਾ ਹਿੱਸਾ ਹੈ ਜਿਹੜਾ ਸਾਰੇ ਦੇਸ਼ ਵਿਚ ਸਭ ਤੋਂ ਵੱਧ ਹੈ। ਇਸ ਤਰ੍ਹਾਂ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ ਵਿਚ ਓਨਾ ਵਾਧਾ ਨਾ ਹੋ ਸਕਿਆ ਕਿ ਖੇਤੀ ਵਾਲੀ ਅਰਧ-ਬੇਰੁਜ਼ਗਾਰ ਵਸੋਂ ਨੂੰ ਪੂਰਨ ਰੁਜ਼ਗਾਰ ਦੇ ਮੌਕੇ ਦਿੱਤੀ ਜਾ ਸਕਦੇ।

ਪੰਜਾਬ ਸਰਕਾਰ ਦੇ ਕਰਜ਼ੇ ਨੂੰ ਘਟਾਉਣ ਲਈ ਪੰਜਾਬ ਆਰਥਕਤਾ ਦੇ ਉਭਾਰ ਦੀਆਂ ਉਨ੍ਹਾਂ ਸਭ ਰੁਕਾਵਟਾਂ ਨੂੰ ਦੂਰ ਕਰਨਾ ਪੈਣਾ ਹੈ ਜਿਸ ਨਾਲ ਕਿ ਪੰਜਾਬ ਫਿਰ ਪਹਿਲਾਂ ਵਾਲਾ ਖੁਸ਼ਹਾਲ ਪ੍ਰਾਂਤ ਬਣੇ।

ਪੰਜਾਬ ਦੀ ਆਰਥਕਤਾ ਨੂੰ ਸੁਧਾਰਨ ਲਈ ਇਕ ਠੋਸ ਯੋਜਨਾ ਦੀ ਲੋੜ ਹੈ ਜਿਹੜੀ ਵੋਟ ਦੀ ਰਾਜਨੀਤੀ 'ਤੇ ਆਧਾਰਿਤ ਨਾ ਹੋਵੇ ਸਗੋਂ ਕਿ ਆਰਥਕ ਵਿਕਾਸ ਦੇ ਉਦੇਸ਼ 'ਤੇ ਆਧਾਰਿਤ ਹੋਵੇ ਜਿਸ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਇਕਸੁਰਤਾ ਹੋਵੇ। ਪ੍ਰਾਂਤ ਦੇ ਵਸੀਲਿਆਂ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਦਿਆਂ ਵਿਕਾਸ ਯੋਜਨਾਵਾਂ ਸਿਰਫ ਅਤੇ ਸਿਰਫ ਖੇਤੀ 'ਤੇ ਹੀ ਆਧਾਰਿਤ ਹੋ ਸਕਦੀਆਂ ਹਨ, ਕਿਉਂਕਿ ਪੰਜਾਬ ਖੇਤੀ ਵਿਚ ਭਾਰਤ ਦਾ ਪ੍ਰਮੁੱਖ ਪ੍ਰਾਂਤ ਹੈ। ਉਹ ਸਮਰੱਥਾ ਜਿਹੜੀ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਖੇਤੀ 'ਤੇ ਆਧਾਰਿਤ ਹੋ ਸਕਦੀ ਹੈ। ਪੰਜਾਬ ਦੀ ਖੇਤੀ ਨੇ ਹੈਰਾਨੀਜਨਕ ਸਿੱਟੇ ਦਿੱਤੇ ਹਨ। ਸਿਰਫ 1.53 ਫੀਸਦੀ ਖੇਤਰ ਹੋਣ ਦੇ ਬਾਵਜੂਦ ਦੇਸ਼ ਦੇ ਅਨਾਜ ਭੰਡਾਰ ਵਿਚ 60 ਫੀਸਦੀ ਹਿੱਸਾ ਪਾਉਣਾ ਦੇਸ਼ ਦੀ ਕੁੱਲ ਕਣਕ ਉਤਪਾਦਨ ਵਿਚ 19 ਫੀਸਦੀ, ਝੋਨੇ ਵਿਚ 11 ਫੀਸਦੀ ਅਤੇ ਕਪਾਹ ਵਿਚ 5 ਫੀਸਦੀ ਦਾ ਹਿੱਸਾ ਵੱਡੀ ਗੱਲ ਹੈ। ਦੁਨੀਆ ਵਿਚ ਪੈਦਾ ਹੋਣ ਵਾਲੇ ਝੋਨੇ ਵਿਚ 2.5 ਫੀਸਦੀ, ਕਣਕ ਵਿਚ 2.4 ਫੀਸਦੀ ਅਤੇ ਕਪਾਹ ਵਿਚ 1.2 ਫੀਸਦੀ ਹਿੱਸਾ ਪੰਜਾਬ ਦਾ ਹੈ। ਪਰ ਦਾਲਾਂ, ਤੇਲ ਬੀਜਾਂ, ਫਲਾਂ ਅਤੇ ਸਬਜ਼ੀਆਂ ਵਿਚ ਪ੍ਰਤੀ ਏਕੜ ਸਭ ਤੋਂ ਵੱਧ ਉਪਜ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕੁਝ ਕਾਰਨਾਂ ਕਰ ਕੇ ਨਾ ਬੀਜਣਾ ਉਹ ਪੱਖ ਹਨ ਜੋ ਆਰਥਕਤਾ ਸੁਧਾਰਨ ਲਈ ਧਿਆਨ ਦੀ ਮੰਗ ਕਰਦੇ ਹਨ।

ਪ੍ਰਾਂਤ ਦੀ ਆਰਥਕਤਾ ਨੂੰ ਉਦਯੋਗ ਮੁਖੀ ਬਣਾਉਣਾ ਇਸ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ ਜਿਸ ਵਿਚ ਖੇਤੀ ਆਧਾਰਿਤ ਉਦਯੋਗ ਸਭ ਤੋਂ ਪਹਿਲੀ ਲੋੜ ਹੈ। ਵਿਕਸਿਤ ਦੇਸ਼ਾਂ ਵਿਚ 86 ਫੀਸਦੀ ਖੇਤੀ ਵਸਤੂਆਂ ਨੂੰ ਪ੍ਰੋਸੈਸਿੰਗ ਕਰਕੇ ਤਿਆਰ ਵਸਤੂਆਂ ਵਿਚ ਬਦਲਿਆ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ 12 ਫੀਸਦੀ ਅਜਿਹੀ ਸਮਰੱਥਾ ਹੈ, ਜਿਹੜੀ ਉਦਯੋਗਾਂ, ਅੰਦਰੂਨੀ ਅਤੇ ਵਿਦੇਸ਼ੀ ਵਪਾਰ ਅਤੇ ਸਮੁੱਚੀ ਆਰਥਕਤਾ ਦਾ ਆਧਾਰ ਬਣ ਸਕਦੀ ਹੈ। ਸਿਰਫ ਖੰਡ ਮਿੱਲਾਂ ਨੂੰ ਛੱਡ ਕੇ ਹੋਰ ਕਿਸੇ ਵੀ ਵਸਤੂ ਦੇ ਮੁੱਲ ਵਾਧੇ ਦੀਆਂ ਜ਼ਿਆਦਾ ਇਕਾਈਆਂ ਇਥੇ ਨਹੀਂ ਹਨ। ਦੂਜੇ ਪਾਸੇ ਉਦਮੀਆਂ ਦੀ ਵੱਡੀ ਸ਼ਿਕਾਇਤ ਕੱਚੇ ਮਾਲ ਦਾ ਲਗਾਤਾਰ ਅਤੇ ਯੋਗ ਪੂਰਤੀ ਵਿਚ ਨਾ ਮਿਲਣਾ ਹੈ। ਖੰਡ ਮਿੱਲਾਂ ਲਈ ਗੰਨੇ ਦੀ ਮਾਤਰਾ ਵੀ ਅਨਿਸਚਿਤ ਹੈ ਜਿਸ ਦਾ ਕਈ ਕਾਰਨ ਹਨ ਜਿਨ੍ਹਾਂ ਵਿਚ ਇਕ ਇਹ ਵੀ ਹੈ ਕਿ ਕਿਸਾਨਾਂ ਨੂੰ ਗੰਨਾ ਵੇਚਣ ਤੋਂ ਬਾਅਦ ਵੀ ਭੁਗਤਾਨ ਨਾ ਹੋਣਾ। ਇਸ ਤਰ੍ਹਾਂ ਦੀ ਅਨਿਸਚਿਤਤਾ ਹੀ ਹੋਰ ਫਸਲਾਂ ਜਿਨ੍ਹਾਂ ਵਿਚ ਸਬਜ਼ੀਆਂ, ਫਲ, ਦਾਲਾਂ, ਤੇਲ ਬੀਜਾਂ ਆਦਿ ਵਿਚ ਹੈ। ਪਹਿਲਾਂ ਹੀ ਕੇਰਲਾ ਤੋਂ ਬਾਅਦ ਪੰਜਾਬ ਦੇ ਸਭ ਤੋਂ ਵੱਧ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ। ਆਰਥਕ ਵਿਭਿੰਨਤਾ ਨੂੰ ਖੇਤੀ ਵਿਭਿੰਨਤਾ ਤੋਂ ਸ਼ੁਰੂ ਕਰਕੇ ਉਦਯੋਗਿਕ ਵਿਭਿੰਨਤਾ ਅਤੇ ਉਸ ਨਾਲ ਜੁੜੇ ਪੇਸ਼ਿਆਂ ਦੀ ਵਿਭਿੰਨਤਾ, ਜਿਸ ਦਾ ਉਦੇਸ਼ ਪੂਰਨ ਰੁਜ਼ਗਾਰ ਹੋਵੇ, ਤੋਂ ਬਗੈਰ ਪੰਜਾਬ ਦੀ ਖੁਸ਼ਹਾਲ ਆਰਥਕਤਾ ਨਹੀਂ ਬਣ ਸਕਦੀ, ਨਾ ਹੀ ਵਿਅਕਤੀਗਤ ਅਤੇ ਸਰਕਾਰੀ ਕਰਜ਼ੇ ਦਾ ਹੱਲ ਸੰਭਵ ਹੈ।

# ਕਿਸਾਨ ਅੰਦੋਲਨ: ਜ਼ਿੰਮੇਵਾਰੀ ਦੇ ਪੈਂਡੇ

ਕੇਂਦਰ ਸਰਕਾਰ ਦੁਆਰਾ ਬਣਾਏ ਖੇਤੀ ਕਾਨੂੰਨਾਂ ਵਿਰੁੱਧ ਚਲਾਏ ਗਏ ਕਿਸਾਨ ਅੰਦੋਲਨ ਨੇ ਕਈ ਪੜਾਅ ਤੈਅ ਕਰ ਲਏ ਹਨ। ਸਿਆਸੀ ਹਲਕਿਆਂ ਵਿਚ ਬਹਿਸ ਹੋ ਰਹੀ ਹੈ ਕਿ ਇਸ ਅੰਦੋਲਨ ਦਾ ਅੰਜਾਮ ਕੀ ਹੋਵੇਗਾ। ਕਿਸੇ ਸਿਆਸੀ ਮਾਹਿਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਕ ਕਾਨੂੰਨ ਵਾਪਸ ਲੈਣ ਲਈ ਤਿਆਰ ਹੈ ਅਤੇ ਕਿਸੇ ਦਾ ਕਹਿਣਾ ਹੈ ਕਿ ਸਰਕਾਰ ਦੋ ਕਾਨੂੰਨ ਵਾਪਸ ਲਵੇਗੀ। ਕਈ ਸਿਆਸੀ ਮਾਹਿਰਾਂ ਅਨੁਸਾਰ ਸਰਕਾਰ ਤਿੰਨਾਂ ਕਾਨੂੰਨਾਂ ਨੂੰ ਤਿੰਨ ਸਾਲਾਂ ਲਈ ਮੁਲਤਵੀ ਕਰ ਦੇਵੇਗੀ ਅਤੇ ਕਣਕ ਅਤੇ ਝੋਨੇ ਦੀਆਂ ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਲਈ ਸੰਸਦ ਜਾਂ ਸੁਪਰੀਮ ਕੋਰਟ ਵਿਚ ਲਿਖਤੀ ਗਾਰੰਟੀ ਦੇਵੇਗੀ।

**ਸਵਰਾਜਬੀਰ**

ਸਰਕਾਰ ਆਪਣੀ ਪੇਸ਼ਕਸ਼ ਅਨੁਸਾਰ ਕਿਸਾਨਾਂ ਦੀਆਂ ਬਿਜਲੀ ਬਿਲ ਨੂੰ ਅੱਗੇ ਨਾ ਵਧਾਉਣ ਅਤੇ ਪਰਾਲੀ ਸਾੜਨ ਬਾਰੇ ਕਾਨੂੰਨ ਤੋਂ ਉਨ੍ਹਾਂ ਨੂੰ ਬਾਹਰ ਰੱਖਣ ਦੀਆਂ ਮੰਗਾਂ ਵੀ ਪ੍ਰਵਾਨ ਕਰੇਗੀ। ਕੁਝ ਮਾਹਿਰਾਂ ਅਨੁਸਾਰ ਖੇਤੀ ਸਬੰਧੀ ਮਾਹਿਰਾਂ ਦੀ ਕਮੇਟੀ ਦੁਆਰਾ ਸੁਪਰੀਮ ਕੋਰਟ ਨੂੰ ਸੌਂਪੀ ਗਈ ਰਿਪੋਰਟ ਰਾਹੀਂ ਕੋਈ ਹੱਲ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਮੋਦੀ ਸਰਕਾਰ ਦੁਆਰਾ ਚੁੱਕੇ ਕਿਸੇ ਕਦਮ ਬਾਰੇ ਇਸ ਤਰ੍ਹਾਂ ਦੀ ਬਹਿਸ ਪਹਿਲਾਂ ਕਦੇ ਵੀ ਨਹੀਂ ਹੋਈ। ਇਸ ਬਹਿਸ ਦਾ ਹੋਣਾ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ ਇਸ ਅੰਦੋਲਨ ਨੇ ਸਿਆਸਤ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਜਿਨ੍ਹਾਂ ਵਿਚੋਂ ਵੱਡੀ ਸੰਭਾਵਨਾ ਸਰਕਾਰ ਵੱਲੋਂ ਇਨ੍ਹਾਂ ਖੇਤੀ ਕਾਨੂੰਨਾਂ 'ਤੇ ਮੁੜ ਵਿਚਾਰ ਕਰ ਕੇ ਵਾਪਸ ਲੈਣ ਦੀ ਹੈ। ਉਹੀ ਅੰਦੋਲਨ ਸਫਲ ਹੁੰਦੇ ਹਨ ਜਿਹੜੇ ਅਜਿਹੀਆਂ ਸੰਭਾਵਨਾਵਾਂ ਪੈਦਾ ਕਰ ਸਕਦੇ ਹਨ। ਜੇ ਪਹਿਲਾਂ ਹੋਏ ਅੰਦੋਲਨਾਂ 'ਤੇ ਨਜ਼ਰ ਮਾਰੀ ਜਾਏ ਤਾਂ ਲੋਕ ਹਮੇਸ਼ਾਂ ਇਹੀ ਸੋਚਦੇ ਸਨ ਕਿ ਅੰਦੋਲਨਕਾਰੀ ਮੁਜ਼ਾਹਰੇ ਕਰਨਗੇ, ਧਰਨਾ ਦੇਣਗੇ ਅਤੇ ਫਿਰ ਥੋੜ੍ਹੇ ਦਿਨਾਂ ਬਾਅਦ ਉਠ ਜਾਣਗੇ ਕਿਉਂਕਿ ਲੋਕਾਂ ਦੇ ਮਨਾਂ ਵਿਚ ਇਹ ਵਿਸ਼ਵਾਸ ਬਣ ਰਿਹਾ ਸੀ ਕਿ ਮੌਜੂਦਾ ਸਰਕਾਰ ਕਿਸੇ ਵੀ ਖੇਤਰ ਵਿਚ ਆਪਣੇ ਦੁਆਰਾ ਚੁੱਕੇ ਗਏ ਕਦਮ ਕਦੇ ਵੀ ਵਾਪਸ ਨਹੀਂ ਲਵੇਗੀ। ਸਿਆਸੀ ਖੇਤਰ ਅਤੇ ਲੋਕਾਂ ਦੇ ਮਨਾਂ ਵਿਚ ਸੰਭਾਵਨਾਵਾਂ ਦਾ ਇਹ ਸੰਸਾਰ ਪੈਦਾ ਕਰਨਾ ਇਸ ਅੰਦੋਲਨ ਦੀ ਵੱਡੀ ਸਫਲਤਾ ਹੈ।

ਇਸ ਅੰਦੋਲਨ ਨੇ ਪੰਜਾਬ ਦੀ ਆਤਮਾ ਵਿਚ ਸੰਘਰਸ਼ ਛੇੜਿਆ। ਬਹੁਤ ਦੇਰ ਬਾਅਦ ਦੂਸਰੇ ਵਰਗਾਂ ਦੇ ਲੋਕਾਂ ਦੇ ਮਨਾਂ ਵਿਚ ਆਪਣੇ ਵਰਗ ਤੋਂ ਬਾਹਰ ਦੇ ਲੋਕਾਂ ਭਾਵ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਸੰਵੇਦਨਾ ਜਾਗੀ। ਅੰਦੋਲਨ ਦੀ ਸਮੂਹਿਕ ਪੇਸ਼ਕਾਰੀ ਜਿਸ ਵਿਚ ਇਸ ਦਾ ਸਿਦਕ, ਸਿਰੜ, ਸਬਰ, ਸੰਜਮ ਅਤੇ ਸ਼ਾਂਤਮਈ ਤਰੀਕੇ ਨਾਲ ਚੱਲਣਾ ਸ਼ਾਮਲ ਹਨ, ਨੇ ਦੂਸਰੇ ਵਰਗਾਂ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸਾਨਾਂ ਦੀਆਂ ਮੰਗਾਂ ਸਹੀ ਤੇ ਹੱਕੀ ਹਨ ਅਤੇ ਉਨ੍ਹਾਂ ਨਾਲ ਅਨਿਆਂ ਹੋ ਰਿਹਾ ਹੈ; ਕਾਰਪੋਰੇਟ ਘਰਾਣੇ ਖੇਤੀ ਖੇਤਰ 'ਤੇ ਆਪਣੀ ਸਰਦਾਰੀ ਕਾਇਮ ਕਰਨਾ ਚਾਹੁੰਦੇ ਹਨ। ਕਿਸਾਨ ਨਾਲ ਅਨਿਆਂ ਤਾਂ ਬਹੁਤ ਸਮੇਂ ਤੋਂ ਹੋ ਰਿਹਾ ਸੀ ਪਰ ਸਮਾਜ ਵਿਚ ਇਹ ਸਮੂਹਿਕ ਵਿਸ਼ਵਾਸ ਕਿ ਅਨਿਆਂ ਹੋ ਰਿਹਾ ਹੈ, ਇਸੇ ਅੰਦੋਲਨ ਕਾਰਨ ਬਣਿਆ ਹੈ। ਇਹ ਇਸ ਅੰਦੋਲਨ ਦੀ ਨੈਤਿਕ ਜਿੱਤ ਹੈ। ਇਸੇ ਲਈ ਪੰਜਾਬ ਦੇ ਚਿੰਤਕ, ਕਲਾਕਾਰ, ਗਾਇਕ, ਰੰਗਕਰਮੀ, ਲੇਖਕ, ਵਿਦਵਾਨ, ਵਿਦਿਆਰਥੀ, ਨੌਜਵਾਨ ਅਤੇ ਵੱਖ-ਵੱਖ ਵਰਗਾਂ ਦੇ ਲੋਕ ਅੰਦੋਲਨ ਦੀ ਹਮਾਇਤ ਲਈ ਨਿੱਤਰੇ ਹਨ।

ਅੰਦੋਲਨ ਦੀ ਜ਼ਬਤ ਭਰੀ ਅਗਵਾਈ ਅਤੇ ਅੰਦਰੂਨੀ ਵੇਗ ਨੇ ਆਪਣਾ ਸਭਿਆਚਾਰ ਖੁਦ ਸਿਰਜਿਆ ਹੈ। ਇਸ ਨੇ ਪੰਜਾਬੀਆਂ ਦੇ ਮਨਾਂ ਵਿਚ ਬਣੀਆਂ ਸੰਕੀਰਨਤਾ ਦੀਆਂ ਦੀਵਾਰਾਂ ਨੂੰ ਤੋੜਿਆ ਹੈ। ਇਸ ਅੰਦੋਲਨ ਦੌਰਾਨ ਵਿਰਸੇ ਵਿਚ ਮਿਲੀ ਸਭ ਨੂੰ ਗਲੇ ਲਗਾਉਣ ਵਾਲੀ ਮਾਨਵਤਾ, ਸਾਂਝੀਵਾਲਤਾ, ਸੰਜਮ, ਧੀਰਜ ਅਤੇ ਅਜਿਹੇ ਕਈ ਹੋਰ ਜਜ਼ਬੇ ਏਨੇ ਭਰਪੂਰ ਰੂਪ ਵਿਚ ਪਣਪੇ ਹਨ ਕਿ ਸਿੱਖ ਗੁਰੂਆਂ, ਸੂਫੀਆਂ, ਨਾਥ ਜੋਗੀਆਂ ਦਾ ਵਿਰਸਾ ਅਤੇ ਪੰਜਾਬ ਦੀਆਂ ਜੁਝਾਰੂ ਲਹਿਰਾਂ ਅਤੇ ਪਰੰਪਰਾਵਾਂ ਆਪਣੇ ਵਿਆਪਕ ਰੂਪ ਵਿਚ ਜੀਵੰਤ ਹੋ ਉਠੀਆਂ ਹਨ।

ਹਰ ਅੰਦੋਲਨ ਵਿਚ ਸਥਿਰਤਾ ਵੀ ਹੁੰਦੀ ਹੈ ਅਤੇ ਅਸਥਿਰਤਾ ਵੀ। ਸਥਿਰਤਾ ਤੋਂ ਭਾਵ ਕੁਝ ਅਜਿਹੇ ਤੱਤ ਹਨ ਜਿਹੜੇ ਅਬਦਲ ਹੁੰਦੇ ਹਨ ਅਤੇ ਅਸਥਿਰਤਾ ਤੋਂ ਭਾਵ ਉਹ ਤੱਤ ਅਤੇ ਪ੍ਰਕਿਰਿਆਵਾਂ ਹਨ ਜਿਹੜੀਆਂ ਬਦਲਦੀਆਂ ਰਹਿੰਦੀਆਂ ਹਨ। ਸਥਿਰਤਾ ਤੋਂ ਭਾਵ ਅੰਦੋਲਨ ਦੇ ਉਹ ਕੁਝ ਆਸ਼ੇ ਅਤੇ ਟੀਚੇ ਹੁੰਦੇ ਹਨ ਜਿਨ੍ਹਾਂ 'ਤੇ ਉਹ ਕਾਇਮ ਰਹਿੰਦਾ ਹੈ। ਅਸਥਿਰਤਾ ਤੋਂ ਭਾਵ ਇਹ ਹੈ ਕਿ ਕਈ ਵਾਰ ਹਾਲਾਤ ਅਨੁਸਾਰ ਕੁਝ ਟੀਚੇ, ਆਸ਼ੇ ਅਤੇ ਅੰਦੋਲਨ ਦੇ ਤੌਰ-ਤਰੀਕੇ ਬਦਲਦੇ ਵੀ ਹਨ।

ਇਸ ਬਦਲਾਉ ਦੀ ਨੁਹਾਰ ਅੰਦੋਲਨ ਦੇ ਆਗੂਆਂ ਦੀ ਟੀਚਿਆਂ ਪ੍ਰਤੀ ਪਹੁੰਚ, ਟੀਚਿਆਂ ਤਕ ਪਹੁੰਚਣ ਲਈ ਅਪਣਾਈਆਂ ਜਾ ਰਹੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਵਰਤੇ ਜਾ ਰਹੇ ਭਾਸ਼ਾ-ਸੰਸਾਰ ਵਿਚ ਦੇਖੀ ਜਾ ਸਕਦੀ ਹੈ। ਅੰਦੋਲਨ ਨਿੱਤ ਨਵਾਂ ਭਾਸ਼ਾ-ਸੰਸਾਰ ਸਿਰਜਦਾ ਅਤੇ ਨਵੇਂ ਅਰਥ ਤਲਾਸ਼ਦਾ ਹੈ; ਆਗੂ ਨਵੀਆਂ ਨੀਤੀਆਂ ਘੜਦੇ ਅਤੇ ਨਵੀਆਂ ਪਹੁੰਚਾਂ ਅਪਣਾਉਂਦੇ ਲੋਕਾਂ ਨੂੰ ਅੰਦੋਲਿਤ ਕਰਨ ਦੇ ਨਵੇਂ ਤਰੀਕੇ ਈਜਾਦ ਕਰਦੇ ਹਨ। ਇਸ ਤਰ੍ਹਾਂ ਅੰਦੋਲਨ ਹਰ ਸਮੇਂ ਬਦਲ ਰਿਹਾ ਹੁੰਦਾ ਹੈ; ਇਹ ਨਵੇਂ ਦਿਸਹੱਦੇ ਬਣਾਉਂਦਾ ਲਗਾਤਾਰ ਪੁਨਰ-ਸਿਰਜਣ ਦੇ ਰਾਹ ਪਿਆ ਰਹਿੰਦਾ ਹੈ। ਕੁਝ ਪੁਨਰ-ਸਿਰਜਣ ਆਗੂ ਕਰਦੇ ਹਨ ਅਤੇ ਕੁਝ ਅੰਦੋਲਨ ਵਿਚ ਭਾਗ ਲੈ ਰਹੇ ਲੋਕ। ਪੁਨਰ-ਸਿਰਜਣ ਵਿਚ ਤਰਕ, ਵੇਗ, ਜ਼ਮੀਨੀ ਹਾਲਾਤ, ਅੰਦੋਲਨ ਦਾ ਅਮਲ, ਬਾਹਰੀ ਤਾਕਤਾਂ ਦੀ ਹਮਾਇਤ ਜਾਂ ਵਿਰੋਧ, ਮੀਡੀਆ, ਅੰਦੋਲਨ ਅੰਦਰਲੀਆਂ ਸਿਰਜਣਾਤਮਕ ਸ਼ਕਤੀਆਂ, ਆਸ਼ਾ-ਨਿਰਾਸ਼ਾ ਅਤੇ ਭਾਸ਼ਾ ਦੇ ਪੈਦਾ ਹੋਏ ਨਵੇਂ ਸੰਸਾਰ ਅਤੇ ਕਈ ਹੋਰ ਭਾਵਨਾਵਾਂ ਦੇ ਜਜ਼ਬੇ ਸ਼ਾਮਲ ਹੁੰਦੇ ਹਨ। ਉਹੀ ਅੰਦੋਲਨ ਜੀਵੰਤ ਰਹਿੰਦੇ ਹਨ ਜਿਹੜੇ ਹਰ ਪਲ ਆਪਣੇ ਹਿੱਸੇਦਾਰਾਂ ਨੂੰ ਅੰਦੋਲਿਤ ਕਰ ਕੇ ਆਪਣਾ ਪੁਨਰ-ਸਿਰਜਣ ਕਰਦੇ ਹਨ। ਹਰ ਅੰਦੋਲਨ ਦੀਆਂ ਆਪਣੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਹੁੰਦੀਆਂ ਹਨ।

ਹਰ ਅੰਦੋਲਨ ਦੇ ਆਦਰਸ਼ਮਈ ਹੋਣ ਦੇ ਨਾਲ ਨਾਲ ਉਸ ਦੇ ਪੈਰ ਜ਼ਮੀਨੀ ਅਸਲੀਅਤ ਵਿਚ ਹੁੰਦੇ ਹਨ। ਜ਼ਮੀਨੀ ਅਸਲੀਅਤ ਅੰਦੋਲਨ ਚਲਾ ਰਹੀਆਂ ਜਥੇਬੰਦੀਆਂ, ਉਨ੍ਹਾਂ ਦੇ ਏਕੇ ਤੇ ਆਪਸੀ ਟਕਰਾਉ, ਮਿਲਵਰਤਨ ਤੇ ਮੰਜ਼ਿਲ 'ਤੇ ਇਕੱਠਿਆਂ ਪਹੁੰਚਣ ਦੀ ਭਾਵਨਾ ਦੇ ਨਾਲ ਨਾਲ ਜਥੇਬੰਦਕ ਅਤੇ ਨਿੱਜੀ ਹਉਮੈ ਕਾਰਨ ਇਕ-ਦੂਸਰੇ ਤੋਂ ਅੱਗੇ ਲੰਘਣ ਦੀ ਸਿੱਕ ਅਤੇ ਕਈ ਹੋਰ ਕਾਰਕਾਂ (ਜਿਵੇਂ ਲੋਕਾਂ ਦਾ ਉਤਸ਼ਾਹ, ਦਬਾਅ, ਉਨ੍ਹਾਂ ਦੀਆਂ ਆਗੂਆਂ ਤੋਂ ਬਣੀਆਂ ਆਸਾਂ-ਉਮੀਦਾਂ) ਤੋਂ ਬਣਦੀ ਹੈ। ਨਿਸ਼ਚੇ ਹੀ ਅਜਿਹੀ ਅਸਲੀਅਤ ਜਟਿਲ ਹੁੰਦੀ ਹੈ। ਕਿਸਾਨ ਆਗੂਆਂ ਦੀ ਸਫਲਤਾ ਇਸ ਵਿਚ ਰਹੀ ਹੈ ਕਿ ਉਨ੍ਹਾਂ ਨੇ ਆਪਸੀ ਏਕਾ ਬਰਕਰਾਰ ਰੱਖਿਆ ਹੈ।



ਇਹ ਨਹੀਂ ਕਿ ਇਸ ਏਕੇ ਨੂੰ ਤੋੜਨ ਦਾ ਯਤਨ ਨਹੀਂ ਕੀਤਾ ਗਿਆ। ਏਕੇ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੀਆਂ ਕਈ ਧਿਰਾਂ ਹਨ। ਸਰਕਾਰੀ ਅਤੇ ਸੱਤਾਧਾਰੀ ਪਾਰਟੀ ਦੀ ਭੂਮਿਕਾ ਤਾਂ ਸਭ ਦੇ ਸਾਹਮਣੇ ਹੈ ਜਿਸ ਨੇ ਅੰਦੋਲਨ ਨੂੰ ਕਦੇ ਅਤਿਵਾਦੀ, ਕਦੇ ਨਕਸਲਵਾਦੀ, ਕਦੇ ਖਾਲਿਸਤਾਨੀ ਅਤੇ ਕਦੇ ਬਾਹਰਲੇ ਦੇਸ਼ਾਂ ਵਿਚ ਬੈਠੇ ਲੋਕਾਂ/ਤਾਕਤਾਂ ਤੋਂ ਪ੍ਰੇਰਿਤ ਕਿਹਾ ਪਰ ਅੰਦੋਲਨ ਦੇ ਸੰਜਮ ਅਤੇ ਵਿਹਾਰ ਕਾਰਨ ਅਜਿਹੀਆਂ ਕੋਸ਼ਿਸ਼ਾਂ ਕਰਨ ਵਾਲੇ ਅਸਫਲ ਹੋਏ ਤੇ ਮੂਧੇ-ਮੂੰਹ ਡਿੱਗੇ।

ਏਕੇ ਵਿਚ ਤਰੇੜਾਂ ਪਾਉਣ ਦੀ ਕੋਸ਼ਿਸ਼ ਕਰਨ ਵਾਲੀਆਂ ਕੁਝ ਹੋਰ ਅਜਿਹੀਆਂ ਧਿਰਾਂ ਹਨ ਜਿਹੜੀਆਂ ਆਪਣੇ ਆਪ ਨੂੰ ਅੰਦੋਲਨ ਦੀਆਂ ਹਮਾਇਤੀ ਕਹਿੰਦੀਆਂ ਅਤੇ ਇਹਦਾ ਹਿੱਸਾ ਹੋਣ ਦਾ ਦਾਅਵਾ ਕਰਦੀਆਂ ਹਨ। ਇਨ੍ਹਾਂ ਧਿਰਾਂ ਨੇ ਕੁਝ ਗੱਭਰੂ ਨੌਜਵਾਨਾਂ ਨੂੰ ਪੰਜਾਬ ਦੇ ਨੌਜਵਾਨਾਂ ਦੇ ਆਗੂਆਂ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕੋਸ਼ਿਸ਼ ਦੇ ਮੁੱਖ ਪੱਖ ਸਨ/ਹਨ: ਪਹਿਲਾ, ਇਹ ਕਹਿਣ ਦੀ ਕੋਸ਼ਿਸ਼ ਕਿ ਕਿਸਾਨ ਵੱਖ ਹਨ ਅਤੇ ਨੌਜਵਾਨ ਵੱਖ; ਦੂਸਰਾ, ਕਿਸਾਨ ਆਗੂਆਂ ਤੇ ਨੌਜਵਾਨਾਂ ਵਿਚਕਾਰ ਵੱਡਾ ਮਾਨਸਿਕ ਫਾਸਲਾ ਹੈ ਜਿਹੜਾ ਕਿਸਾਨ ਆਗੂ ਤੈਅ ਨਹੀਂ ਕਰ ਸਕਦੇ ਅਤੇ ਇਸ ਲਈ ਇਨ੍ਹਾਂ ਨੌਜਵਾਨ ਆਗੂਆਂ ਨੂੰ ਉਭਾਰਨਾ ਬਹੁਤ ਜ਼ਰੂਰੀ ਹੈ।

ਅਜਿਹਾ ਬਿਰਤਾਂਤ ਸਿਰਜਣ ਵਾਲਿਆਂ ਨੂੰ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਵਿਚ ਨੌਜਵਾਨ ਨਹੀਂ ਹਨ? ਸਪੱਸ਼ਟ ਹੈ ਕਿ ਹਜ਼ਾਰਾਂ ਨੌਜਵਾਨ ਕਿਸਾਨ ਜਥੇਬੰਦੀਆਂ ਰਾਹੀਂ ਹੀ ਅੰਦੋਲਨ ਦਾ ਹਿੱਸਾ ਬਣੇ ਹਨ ਅਤੇ ਉਹੀ ਸਹੀ ਰਸਤਾ ਹੈ। ਕਿਸਾਨ ਜਥੇਬੰਦੀਆਂ ਤੋਂ ਬਾਹਰ ਵੱਖਰੀ ਨੌਜਵਾਨ ਲੀਡਰਸ਼ਿਪ ਉਭਾਰਨ ਦਾ ਬਿਰਤਾਂਤ ਦੋ-ਚਾਰ ਨੌਜਵਾਨਾਂ ਦੇ ਨਿੱਜ ਨੂੰ ਸ਼ਿੰਗਾਰਨ ਦੇ ਨਾਲ ਨਾਲ ਅੰਦੋਲਨ ਰਾਹੀਂ ਸਿਰਜੀ ਗਈ ਏਕਤਾ ਵਿਚ ਤਰੇੜਾਂ ਪਾਉਣ ਵਾਲਾ ਸੀ ਕਿਉਂਕਿ ਅਜਿਹੇ ਨੌਜਵਾਨ ਅੰਦੋਲਨ ਦੇ ਸਹਾਇਕ ਤਾਂ ਹੋ ਸਕਦੇ ਹਨ ਪਰ ਉਨ੍ਹਾਂ ਦਾ ਅੰਦੋਲਨ ਵਿਚ ਕੇਂਦਰੀ ਭੂਮਿਕਾ ਨਿਭਾਉਣ ਲਈ ਤਰਲੋਮੱਛੀ ਹੋਣਾ ਨਿੱਜੀ ਹਉਮੈ ਅਤੇ ਤ੍ਰਿਸ਼ਨਾ ਦਾ ਦਰਸਾਉ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ''ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜੀਈ॥'' ਜ਼ਰੂਰਤ ਹੈ ਕਿ ਕਿਸਾਨ ਆਗੂ ਕੇਂਦਰੀ ਭੂਮਿਕਾ ਨਿਭਾਉਣ।

ਗਾਇਕਾਂ, ਲੇਖਕਾਂ, ਰੰਗਕਰਮੀਆਂ, ਚਿੰਤਕਾਂ ਅਤੇ ਹੋਰ ਕਲਾਕਾਰਾਂ ਨੇ ਇਸ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਅੰਦੋਲਨ ਤੋਂ ਪ੍ਰੇਰਿਤ ਹੋ ਕੇ ਗੀਤ ਤੇ ਨਾਟਕ ਲਿਖੇ ਅਤੇ ਪੇਸ਼ ਕੀਤੇ ਅਤੇ ਇਸ ਤਰ੍ਹਾਂ ਕਿਸਾਨਾਂ ਦੀ ਹਿੰਮਤ ਵਧਾਉਣ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਨੂੰ ਅਮੀਰ ਕੀਤਾ ਹੈ। ਗਾਇਕਾਂ ਦਾ ਇਕ ਵੱਖਰਾ ਸੰਸਾਰ ਹੈ; ਉਸ ਵਿਚ ਗਲੈਮਰ ਹੈ। ਉਨ੍ਹਾਂ ਦੇ ਗਾਣਿਆਂ ਨੂੰ ਵੱਡੀ ਪੱਧਰ 'ਤੇ ਸੁਣਨ ਅਤੇ ਮਾਣਨ ਵਾਲੇ ਲੋਕ ਅਤੇ ਨੌਜਵਾਨ ਹਨ। ਇਕ-ਦੋ ਗਾਇਕਾਂ ਨੇ ਵੀ ਅਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਗਾਇਕ ਹੀ ਅੰਦੋਲਨ ਨੂੰ ਦਿਸ਼ਾ ਦੇ ਸਕਦੇ ਹਨ ਜਾਂ ਅੰਦੋਲਨ ਵਿਚ ਉਹ ਏਕਾ ਬਣਾ ਸਕਦੇ ਹਨ ਜਿਸ ਦੀ ਸਮਝ ਸਿਰਫ ਉਨ੍ਹਾਂ ਨੂੰ ਹੈ। ਗਾਇਕਾਂ ਦੀ ਅਹਿਮ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਅੰਦੋਲਨ ਵਿਚ ਕਿਸਾਨ ਆਗੂਆਂ ਦੇ ਬਰਾਬਰ ਦੀ ਧਿਰ ਬਣਨ ਦੀ ਕੋਸ਼ਿਸ਼ ਵੀ ਹਉਮੈ ਦਾ ਦਰਸਾਵਾ ਹੋ ਨਿਬੜਦੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਲੋਕ ਅੰਦੋਲਨ ਕਲਾ-ਕ੍ਰਿਤਾਂ, ਸਾਹਿਤ ਅਤੇ ਗਾਇਕਾਂ ਦੇ ਪ੍ਰੇਰਨਾ-ਸਰੋਤ ਹੁੰਦੇ ਹਨ। ਨਾਵਲ, ਨਾਟਕ, ਕਲਾ-ਕ੍ਰਿਤਾਂ, ਗਾਣੇ ਜਾਂ ਹੋਰ ਕਿਸੇ ਤਰ੍ਹਾਂ ਦਾ ਸਾਹਿਤ ਜਾਂ ਪੱਤਰਕਾਰੀ ਲੋਕ-ਅੰਦੋਲਨਾਂ ਨੂੰ ਜਨਮ ਨਹੀਂ ਦੇ ਸਕਦੇ।

ਅੰਦੋਲਨ ਦੇ ਸੰਜਮੀ ਅਤੇ ਏਕਤਾਮਈ ਬਿਰਤਾਂਤ ਵਿਚ ਤਰੇੜ ਪਾਉਣ ਦੀ ਇਕ ਹੋਰ ਕੋਸ਼ਿਸ਼ ਉਸ ਧਿਰ ਵੱਲੋਂ ਹੋਈ ਹੈ ਜਿਸ ਨੇ ਅੰਦੋਲਨ ਵਿਚ 'ਸਿੱਖ ਬਨਾਮ ਕਾਮਰੇਡ' ਦਾ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਪਿੰਡਾਂ ਦੀ ਸਿੱਖ ਕਿਸਾਨੀ 'ਤੇ ਆਧਾਰਿਤ ਹਨ। ਬਹੁਗਿਣਤੀ ਪੰਜਾਬੀ ਕਿਸਾਨ ਸਿੱਖ ਹੈ, ਜੱਟ ਹੈ, ਮਿਹਨਤਕਸ਼ ਹੈ; ਉਸ ਨੂੰ ਕਈ ਤਰ੍ਹਾਂ ਦੀਆਂ ਜਥੇਬੰਦੀਆਂ ਨੇ ਜਥੇਬੰਦ ਕੀਤਾ ਹੈ ਜਿਨ੍ਹਾਂ ਵਿਚੋਂ ਕਈਆਂ ਦੀ ਵਿਚਾਰਧਾਰਾ ਸਿਰਫ ਕਿਸਾਨੀ ਦੀ ਆਰਥਿਕਤਾ ਨਾਲ ਜੁੜੀ ਹੋਈ ਹੈ ਅਤੇ ਕਈ ਉਹ ਹਨ ਜਿਨ੍ਹਾਂ ਦੀ ਵਿਚਾਰਧਾਰਾ ਵਿਚ ਕਿਸਾਨੀ ਦੀਆਂ ਆਰਥਿਕ ਮੰਗਾਂ ਅਤੇ ਖੱਬੇ-ਪੱਖੀ ਵਿਚਾਰਧਾਰਾ ਦਾ ਸੰਗਮ ਹੈ।

ਸਿੱਖ ਧਰਮ ਨੇ ਪੰਜਾਬ ਨੂੰ ਊਰਜਿਤ ਕੀਤਾ ਅਤੇ ਇਸ ਧਰਤੀ ਉਤੇ ਸਮਾਜਿਕ ਬਰਾਬਰੀ, ਨਿਆਂ, ਸਾਂਝੀਵਾਲਤਾ, ਸਿਦਕ ਅਤੇ ਕੁਰਬਾਨੀਆਂ ਦੀ ਫਸਲ ਬੀਜੀ। ਵੀਹਵੀਂ ਸਦੀ ਵਿਚ ਖੱਬੇ-ਪੱਖੀ ਵਿਚਾਰਧਾਰਾ ਨੇ ਵੀ ਇਸ ਵਿਚ ਹਿੱਸਾ ਪਾਇਆ। ਪੰਜਾਬ ਦੇ ਕਿਸਾਨ ਅਤੇ ਹੋਰ ਲੋਕ ਪੰਜਾਬ ਦੇ ਸਮੁੱਚੇ ਵਿਰਸੇ ਦੇ ਵਾਰਿਸ ਹਨ; ਉਸ ਵਿਰਸੇ ਵਿਚ ਹੜੱਪੇ ਦੀ ਵਸੇਬ ਹੈ, ਨਾਥ ਜੋਗੀਆਂ ਦੀ ਪਰੰਪਰਾ ਹੈ; ਵੈਸ਼ਨਵ ਪੰਥ ਦੀਆਂ ਪੈੜਾਂ ਹਨ; ਸੂਫੀਆਂ ਦਾ ਨਾਦ ਹੈ; ਸਿੱਖ ਧਰਮ ਦਾ ਜਲੌਅ ਹੈ, ਖੱਬੇ-ਪੱਖੀ ਵਿਚਾਰਧਾਰਾ ਦੇ ਚਸ਼ਮੇ ਹਨ; ਇਹ ਸਾਂਝੀਵਾਲਤਾ ਦਾ ਵਿਰਸਾ ਹੈ; ਇਸ ਵਿਚ 'ਸਿੱਖ ਬਨਾਮ ਕਾਮਰੇਡ' ਦੇ ਨਾਂ 'ਤੇ ਤਰੇੜਾਂ ਪਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨੂੰ ਸਾਂਝੀਵਾਲਤਾ ਦੇ ਵਿਸ਼ਾਲ ਸੰਕਲਪ ਵੱਲ ਇਕ ਵਾਰ ਤਾਂ ਜ਼ਰੂਰ ਹੀ ਦੇਖਣਾ ਚਾਹੀਦਾ ਹੈ ਜਿਸ ਦੀ ਵੱਡੀ ਪਰਿਭਾਸ਼ਾ ਸਿੱਖ ਸਿਧਾਂਤ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਨਿਹਿਤ ਹੈ।

ਕਿਸਾਨ ਆਗੂ ਜਾਣਦੇ ਹਨ ਕਿ ਕਿਸਾਨ ਘੋਲਾਂ ਵਿਚ ਕਦੀ ਵੀ ਹਿੱਸਾ ਨਾ ਲੈਣ ਵਾਲੇ ਵਿਅਕਤੀਆਂ ਨੂੰ ਅੰਦੋਲਨ ਵਿਚ ਸ਼ਾਮਲ ਹੋਣ ਤੇ ਪ੍ਰਵਾਣਿਤ ਕਰਨ ਲਈ ਦਬਾਉ ਕਿਉਂ ਪਾਇਆ ਜਾ ਰਿਹਾ ਹੈ। ਇਸ ਬਾਰੇ ਫੈਸਲਾ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਰਨਾ ਹੈ ਕਿ ਉਨ੍ਹਾਂ ਨੇ ਇਸ ਬਾਰੇ ਕਿਹੋ ਜਿਹੀ ਪਹੁੰਚ ਅਪਣਾਉਣੀ ਹੈ। ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ਬਾਰੇ ਸਵਾਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਪੁੱਛੇ ਜਾਣੇ ਹਨ ਨਾ ਕਿ ਰੰਗਕਰਮੀਆਂ, ਕਲਾਕਾਰਾਂ, ਗਾਇਕਾਂ, ਚਿੰਤਕਾਂ, ਪੱਤਰਕਾਰਾਂ ਜਾਂ ਵਿਦਵਾਨਾਂ ਨੂੰ। ਅੰਦੋਲਨ ਦੀ ਪੈੜ ਕਿਸਾਨ ਜਥੇਬੰਦੀਆਂ ਨੇ ਉਲੀਕੀ ਹੈ ਅਤੇ ਇਸ ਨੂੰ ਭਵਿੱਖ ਵਿਚ ਅੰਦੋਲਿਤ ਕਰਨ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੀ ਹੈ। ਜ਼ਿੰਮੇਵਾਰੀ ਦੇ ਇਹ ਪੈਂਡੇ ਔਖੇ ਤੇ ਜੋਖਮ ਭਰੇ ਵੀ ਹਨ ਅਤੇ ਆਸਾਂ ਨਾਲ ਭਰੇ ਹੋਏ ਵੀ। ਇਨ੍ਹਾਂ ਪੈਂਡਿਆਂ ਦੇ ਸਾਰੇ ਰਾਹੀਆਂ ਨੂੰ ਨਿੱਜੀ, ਬੌਧਿਕ ਅਤੇ ਜਥੇਬੰਦਕ ਹਉਮੈ ਤੇ ਤ੍ਰਿਸ਼ਨਾ ਤੋਂ ਬਚਣ ਦੀ ਜ਼ਰੂਰਤ ਹੈ।

---

# ਸ਼ਹੀਦ ਕੁੜੀ ਦਾ ਸਿਰੜ

ਗੱਲ ਜੂਨ 1941 ਦੀ ਹੈ। ਸੋਵੀਅਤ ਦੇਸ਼ (ਰੂਸ) ਦੀ ਆਜ਼ਾਦੀ ਦਾ ਸੰਘਰਸ਼ ਬੜਾ ਲੰਮਾ ਚੱਲਿਆ। ਨਾਜ਼ੀ ਜਰਮਨੀ ਵਿਰੁੱਧ ਇਹ ਜੰਗ ਮਨੁੱਖਤਾ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ ਸੀ। ਜ਼ਾਰਸ਼ਾਹੀ ਨੂੰ ਖਤਮ ਕਰਨ ਲਈ ਸੋਵੀਅਤ ਦੇਸ਼ ਦੇ ਇਸ ਸੰਘਰਸ਼ ਵਿਚ ਫੌਜ ਦੇ ਨਾਲ-ਨਾਲ ਹਰ ਦੇਸ਼ ਵਾਸੀ ਨੇ ਕੁਰਬਾਨੀ ਦਿੱਤੀ। ਆਦਮੀ ਕੀ, ਬੁੱਢੇ ਤੇ ਜੁਆਨ ਕੀ, ਔਰਤਾਂ, ਗੱਭਰੂ,

**ਮਨਮੋਹਨ ਸਿੰਘ ਦਾਊਂ**

ਮੁਟਿਆਰਾਂ, ਵਿਦਿਆਰਥੀਆਂ ਤੇ ਬੱਚਿਆਂ ਨੇ ਜੰਗੀ ਮੋਰਚਿਆਂ ਤੇ ਆਪਣੇ ਦੇਸ਼ ਦੇ ਫੌਜੀਆਂ ਦਾ ਸਾਥ ਦਿੱਤਾ।

ਸੋਵੀਅਤ ਦੇਸ਼ ਵਿਚ ਇਸ ਜੰਗ ਨੂੰ ਜਿੱਤਣ ਲਈ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਜੰਗ ਵਿਰੁੱਧ ਸਿੱਖਿਆ ਦਿੱਤੀ ਜਾਂਦੀ ਸੀ। ਇਸ ਜੰਗ ਵਿਚ ਬਹੁਤ ਸਾਰੇ ਬੱਚਿਆਂ ਨੇ ਹੈਰਾਨ ਕਰ ਦੇਣ ਵਾਲੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ। ਅਜਿਹੇ ਸੂਰਬੀਰ ਬੱਚਿਆਂ ਵਿਚੋਂ ਇਕ ਇਵਾਨ ਹੋਇਆ ਹੈ ਜਿਸ ਦੇ ਨਾਮ ਤੇ ਇਕ ਰੂਸੀ ਲੇਖਕ ਨੇ ਨਾਵਲ ਵੀ ਲਿਖਿਆ।

ਅਜਿਹੀ ਹੀ ਸੂਰਬੀਰ ਇਕ ਕੁੜੀ ਦੀ ਕੁਰਬਾਨੀ ਵੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਦੁਸ਼ਮਣ ਗੋਲੇ ਦਾਗ ਰਿਹਾ ਸੀ। ਮੋਰਚਿਆਂ ਤੇ ਫੌਜੀ ਜਾਨਾਂ ਵਾਰ ਰਹੇ ਸਨ। ਦੁਸ਼ਮਣ ਦੀਆਂ ਚਾਲਾਂ ਨੂੰ ਕਿਵੇਂ ਪਛਾੜਿਆ ਜਾਵੇ, ਹਰ ਦੇਸ਼ ਵਾਸੀ ਦਾ ਇਹੋ ਉਦੇਸ਼ ਸੀ।

ਅਠਾਰਾਂ ਸਾਲਾਂ ਦੀ ਇਕ ਕੁੜੀ ਨੇ ਦੇਸ਼ ਪਿਆਰ ਲਈ ਦੁਸ਼ਮਣ ਦੇ ਟਿਕਾਣਿਆਂ ਦਾ ਪਤਾ ਕਰਨ ਲਈ ਆਪਣੇ ਆਪ ਵੈਰੀ ਦੀ ਜਾਸੂਸੀ ਕਰਨ ਲਈ ਬੀੜਾ ਚੁੱਕ ਲਿਆ। ਉਹ ਦੁਸ਼ਮਣ ਦੇ ਮੋਰਚਿਆਂ ਦੀ ਜਾਸੂਸੀ ਕਰਨ ਲੱਗੀ। ਉਸ ਨੇ ਆਪਣੇ ਆਪ ਨੂੰ ਕਸ਼ਟ ਵਿਚ ਪਾ ਕੇ ਆਪਣੀਆਂ ਫੌਜਾਂ ਦੇ ਸਿਪਾਹੀਆਂ ਨੂੰ ਜਾਣਕਾਰੀ ਦੇਣੀ ਆਪਣਾ ਧਰਮ ਬਣਾ ਲਿਆ। ਉਸ ਦਾ ਜੋਸ਼ ਠਾਠਾਂ ਮਾਰਨ ਲੱਗਿਆ। ਉਹ ਹਰ ਹਾਲਤ ਵਿਚ ਖਤਰੇ ਵਿਚ ਪੈ ਕੇ ਵੈਰੀ ਦੀਆਂ ਚਾਲਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੀ ਰਹੀ। ਆਖਰ ਇਕ ਦਿਨ ਉਹ ਕੁੜੀ ਨਾਜ਼ੀਆਂ ਦੇ ਕਾਬੂ ਆ ਗਈ। ਉਸ ਨੇ ਮੁਕਾਬਲਾ



ਕਰਨ ਦੇ ਪੂਰੇ ਯਤਨ ਕੀਤੇ ਪਰ ਬੇਵਸ ਰਹੀ। ਕੁੜੀ ਦੀ ਦਲੇਰੀ ਵੇਖ ਕੇ ਨਾਜ਼ੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਚੁੱਪ-ਗੜੁੱਪ ਕੁੜੀ ਦੀ ਦ੍ਰਿੜਤਾ ਤੇ ਬਹਾਦਰੀ ਤੇ ਉਹ ਹੈਰਾਨ ਹੋ ਰਹੇ ਸਨ। ਉਨ੍ਹਾਂ ਨੂੰ ਇਹ ਆਸ ਸੀ ਕਿ ਹੁਣ ਅਸੀਂ ਇਸ ਕਾਬੂ ਕੀਤੀ ਕੁੜੀ ਰਾਹੀਂ ਭੇਤ ਪਾ ਲਵਾਂਗੇ ਤੇ ਦੁਸ਼ਮਣ ਨੂੰ ਹਰਾਉਣ ਵਿਚ ਨਵੀਆਂ ਵਿਉਂਤਾਂ ਘੜਾਂਗੇ।

ਕੁੜੀ ਤੋਂ ਪੁੱਛ-ਪੜਤਾਲ ਕੀਤੀ ਗਈ। ਨਾਜ਼ੀ ਉਸ ਤੋਂ ਹੋਰ ਸਾਥੀਆਂ ਦੇ ਨਾਮ ਪਤਾ ਕਰਨਾ ਚਾਹੁੰਦੇ ਸਨ। ਲੜਕੀ ਨੇ ਮੂੰਹ ਨਾ ਖੋਲ੍ਹਿਆ। ਨਾਜ਼ੀਆਂ ਨੇ ਉਸ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਉਹ ਤਸੀਹੇ ਦਿੰਦੇ ਰਹੇ, ਮੌਤ ਦਾ ਡਰ ਦਿੰਦੇ ਰਹੇ ਪਰ ਉਸ ਨੇ ਇਕ ਵੀ ਗੱਲ ਨਾ ਦੱਸੀ। ਇੰਨੀ ਚੁੱਪ ਰਹੀ, ਜਿਵੇਂ ਪੱਥਰ ਹੀ ਹੋ ਗਈ ਹੋਵੇ। ਨਾਜ਼ੀ ਫੌਜ ਦਾ ਕਮਾਂਡਰ ਅਤੇ ਕਪਤਾਨ ਵੀ ਉਸ ਨੂੰ ਧਮਕੀਆਂ ਦੇ ਦੇ ਥੱਕ ਗਏ। ਆਖਰ ਉਸ ਨੂੰ ਮਾਰਨ ਦਾ ਹੁਕਮ ਦੇ ਦਿੱਤਾ। ਜਦੋਂ ਉਸ ਨੂੰ ਕੱਪੜੇ ਲੁਹਾ ਕੇ ਜ਼ਲੀਲ ਕੀਤਾ ਤੇ ਨੰਗੇ ਪੈਰੀਂ ਬਰਫ ਉੱਤੇ ਤੁਰਨ ਲਈ ਕਿਹਾ ਗਿਆ ਤਾਂ ਵੀ ਉਹ ਬਿਲਕੁਲ ਅਡੋਲ ਰਹੀ। ਉਸ ਨੂੰ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਸੀ। ਨਾਜ਼ੀਆਂ ਨੂੰ ਉਮੀਦ ਸੀ ਕਿ ਫਾਂਸੀ ਤੋਂ ਡਰਦੀ ਮਾਰੀ ਉਹ ਆਪਣੇ ਸਾਥੀਆਂ ਦੇ ਨਾਮ ਲੈ ਦੇਵੇਗੀ ਤੇ ਹੋਰ ਜਾਣਕਾਰੀ ਵੀ ਦੇ ਦੇਵੇਗੀ ਪਰ ਉਸ ਦੀ ਚੁੱਪ ਨੂੰ ਕੋਈ ਤੋੜ ਨਾ ਸਕਿਆ। ਉਸ ਦੇ ਚਿਹਰੇ ਦੀ ਗੰਭੀਰਤਾ ਹੈਰਾਨ ਕਰ ਦੇਣ ਵਾਲੀ ਸੀ। ਕੁਰਬਾਨੀ ਦੇ ਜਲੌਅ ਨੂੰ ਦੁਸ਼ਮਣ ਦਾ ਕੋਈ ਵੀ ਦਾਅ-ਪੇਚ ਘਟਾ ਨਾ ਸਕਿਆ। ਖਾਮੋਸ਼ੀ ਦੀ ਇੰਤਹਾ ਨਾਲ ਉਹ ਫਾਂਸੀ ਚੜ੍ਹ ਗਈ। ਉਸ ਦੇ ਸਿਦਕ ਤੇ ਦ੍ਰਿੜਤਾ ਦੀਆਂ ਦੰਦ-ਕਥਾਵਾਂ ਬਣ ਗਈਆਂ। ਉਸ ਮਰਜੀਵੜੀ ਦਾ ਨਾਂ ਸੀ ਜ਼ੋਇਆ ਕੋਸਮੋਦੇ ਮਿਯਾਨ ਸਕਾਯਾ। ਉਸ ਦੀ ਸ਼ਹੀਦੀ ਦੇਸ਼ ਦੇ ਬੱਚਿਆਂ ਲਈ ਪ੍ਰੇਰਨਾ ਬਣੀ। ਉਸ ਦੀ ਅਮਰ ਗਾਥਾ ਨੂੰ ਲੋਕੀਂ ਅੱਜ ਵੀ ਯਾਦ ਕਰਦੇ ਹਨ। ਧੰਨ ਸੀ ਉਹ ਮਾਂ ਜਿਸ ਨੇ ਉਸ ਨੂੰ ਜਨਮ ਦਿੱਤਾ। ਧੰਨ ਸੀ ਉਸ ਦਾ ਸਿਰੜ ਜੋ ਦੁਸ਼ਮਣ ਅੱਗੇ ਹਾਰ ਨਾ ਮੰਨ ਸਕਿਆ।

# ਭਾਰਤ ਦੇ ਲੋਕਤੰਤਰੀ ਪ੍ਰਬੰਧ ਉੱਤੇ ਉੱਠ ਰਹੇ ਹਨ ਕਿੰਤੂ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਦੁਨੀਆਂ ਦੇ ਬਹੁਤ ਸਾਰੇ ਦੇਸ਼ ਇਹੋ ਜਿਹੇ ਹਨ, ਜਿੱਥੇ ਇਸ ਵੇਲੇ ਬਿਨਾ ਸ਼ੱਕ ਲੋਕਤੰਤਰੀ ਪ੍ਰਣਾਲੀ ਚੱਲਦੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਉਹ ਅਸਲ ਵਿਚ ਲੋਕਤੰਤਰ ਹੈ ਵੀ ਜਾਂ ਨਹੀਂ, ਇਸ ਬਾਰੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਅਤੇ ਬਹਿਸ ਦਾ ਮੁੱਦਾ ਬਣਾਏ ਜਾ ਰਹੇ ਹਨ। ਭਾਰਤ ਹਾਲੇ ਤੱਕ ਇਸ ਖਾਤੇ ਵਿਚ ਨਹੀਂ ਸੀ ਆਇਆ। ਜਦੋਂ ਭਾਰਤ ਵਿਚ ਲੋਕਤੰਤਰੀ ਪ੍ਰਕਿਰਿਆ ਦੌਰਾਨ ਬੂਥਾਂ ਉੱਤੇ ਕਬਜ਼ੇ ਕਰਨ ਦੀਆਂ ਖਬਰਾਂ ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਤੋਂ ਮਿਲਿਆ ਕਰਦੀਆਂ ਸਨ, ਝਾਰਖੰਡ ਤੇ ਛੱਤੀਸਗੜ੍ਹ ਰਾਜ ਹਾਲੇ ਬਣੇ ਨਹੀਂ ਸਨ, ਓਦੋਂ ਵੀ ਇਹ ਸਥਾਨਕ ਪੱਧਰ ਦੇ ਵਿਗਾੜ ਦਾ ਮਾਮਲਾ ਹੀ ਮੰਨਿਆ ਜਾਂਦਾ ਸੀ, ਦੇਸ਼ ਦੇ ਲੋਕਤੰਤਰੀ ਸਿਸਟਮ ਹੋਣ ਬਾਰੇ ਸਵਾਲ ਨਹੀਂ ਸੀ ਉੱਠਦੇ। ਅੱਜ ਭਾਰਤ ਦੇ ਲੋਕਤੰਤਰੀ ਦੇਸ਼ ਹੋਣ ਜਾਂ ਭਵਿੱਖ ਵਿਚ ਇਸ ਦੇ ਲੋਕਤੰਤਰੀ ਦੇਸ਼ ਰਹਿਣ ਬਾਰੇ ਸਵਾਲਾਂ ਦੀ ਲੜੀ ਸਾਹਮਣੇ ਆ ਖੜੋਂਦੀ ਹੈ, ਪਰ ਕੋਈ ਤਸੱਲੀ ਵਾਲਾ ਜਵਾਬ ਦੇ ਸਕਣ ਜੋਗਾ ਆਗੂ ਜਾਂ ਵਿਦਵਾਨ ਨਹੀਂ ਲੱਭਦਾ। ਏਨੇ ਸਵਾਲ ਅੱਗੇ ਕਦੀ ਨਹੀਂ ਸਨ ਉੱਠੇ, ਅੱਜ ਕੱਲ੍ਹ ਅਚਾਨਕ ਕਿਉਂ ਉੱਠਣ ਲੱਗ ਪਏ, ਇਸ ਬਾਰੇ ਵੀ ਕਿਸੇ ਤਰ੍ਹਾਂ ਦੀ ਸਿੱਧੀ ਬਹਿਸ ਨਹੀਂ ਹੁੰਦੀ ਤੇ ਚਲਾਵੇਂ ਜਿਹੇ ਸਵਾਲਾਂ ਦਾ ਅਸਲੋਂ ਟਾਲਣ ਵਾਲਾ ਜਵਾਬ ਦੇਣ ਦੇ ਬਾਅਦ ਚੁੱਪ ਵਰਤ ਜਾਂਦੀ ਹੈ।

ਕਿੰਤੂ ਕਿਹੜੀ ਤਰ੍ਹਾਂ ਦੇ ਹਨ, ਇਸ ਸੰਬੰਧ ਵਿਚ ਵੀ ਇੱਕ ਤੋਂ ਇੱਕ ਦਿਲਚਸਪ ਕਿੱਸੇ ਸੁਣਨ ਨੂੰ ਮਿਲ ਸਕਦੇ ਹਨ ਅਤੇ ਇਨ੍ਹਾਂ ਬਾਰੇ ਗੱਲ ਕਰਨੀ ਹੋਵੇ ਤਾਂ ਦਿੱਲੀ ਸਰਕਾਰ ਬਾਰੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਤੋਂ ਪਿਛਲੇ ਹਫਤੇ ਪਾਸ ਕਰਵਾਏ ਨਵੇਂ ਸੋਧ ਕਾਨੂੰਨ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਬਹੁਤ ਸਾਰੇ ਲੋਕਾਂ ਲਈ ਇਹ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਚਾਲੇ ਖਿੱਚੋਤਾਣ ਦਾ ਮੁੱਦਾ ਹੋ ਸਕਦਾ ਹੈ, ਪਰ ਉਹ ਇਹ ਗੱਲ ਨਹੀਂ ਜਾਣਦੇ ਕਿ ਦਿੱਲੀ ਦੇ ਤਜਰਬੇ ਨੂੰ ਬਾਅਦ ਵਿਚ ਮੁਕੰਮਲ ਰਾਜ ਦੇ ਦਰਜੇ ਵਾਲੀਆਂ ਸਰਕਾਰਾਂ ਦੇ ਵਿਰੁੱਧ ਵੀ ਵਰਤਿਆ ਜਾ ਸਕਦਾ ਹੈ। ਦਿੱਲੀ ਦਾ ਦਰਜਾ ਇੱਕ ਕੇਂਦਰੀ ਸ਼ਾਸਿਤ ਰਾਜ ਵਾਲਾ ਹੈ ਤੇ ਇਸ ਬਾਰੇ ਨਵੀਂ ਪਾਸ ਕੀਤੀ ਸੋਧ ਨਾਲ ਅਰਵਿੰਦ ਕੇਜਰੀਵਾਲ ਵਾਲੀ ਸਰਕਾਰ ਦੀਆਂ ਸ਼ਕਤੀਆਂ ਹੋਰ ਘਟਾ ਕੇ ਬਹੁਤ ਸਾਰੇ ਕੰਮਾਂ ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਦੇ ਅਧਿਕਾਰ ਵਧਾਏ ਗਏ ਹਨ ਅਤੇ ਇਸ ਨਾਲ ਦਿੱਲੀ ਦੀ ਸਰਕਾਰ ਇੱਕ ਨਗਰ ਪਾਲਿਕਾ ਜਿੰਨੀ ਤਾਕਤਵਰ ਵੀ ਨਹੀਂ ਰਹੀ ਲੱਗਦੀ।

ਦੇਸ਼ ਦੀ ਸਰਕਾਰ ਨੇ ਲੋਕ ਸਭਾ ਵਿਚ ਸਾਫ ਕਿਹਾ ਹੈ ਕਿ ਦਸੰਬਰ 2014 ਤੱਕ ਸਭ ਕੁਝ ਠੀਕ ਚੱਲਦਾ ਸੀ, ਸਾਲ 2015 ਚੜ੍ਹਨ ਦੇ ਬਾਅਦ ਸਥਿਤੀਆਂ ਬਦਲ ਗਈਆਂ ਤੇ ਇਹ ਸੋਧ ਪਾਸ ਕਰਨੀ ਜ਼ਰੂਰੀ ਹੋ ਗਈ ਹੈ। ਇਹ ਸਾਲ 2015 ਵਿਚ ਏਨਾ ਫਰਕ ਹੀ ਤਾਂ ਪਿਆ ਸੀ ਕਿ ਦੋਹਾਂ ਰਵਾਇਤੀ ਸਿਆਸੀ ਪਾਰਟੀਆਂ ਦੀ ਥਾਂ ਉਹ ਪਾਰਟੀ ਆ ਗਈ ਸੀ, ਜਿਹੜੀ ਵੱਖਰੀ ਸੋਚ ਵਾਲੇ ਢੰਗ ਨਾਲ ਚੱਲਦੀ ਸੀ ਤੇ ਭਾਜਪਾ ਲੀਡਰਸ਼ਿਪ ਨੂੰ



ਬਰਦਾਸ਼ਤ ਨਹੀਂ ਸੀ ਹੁੰਦੀ। ਅੱਜ ਇਹ ਗੱਲ ਉਸ ਇੱਕ ਪਾਰਟੀ ਬਾਰੇ ਕਹਿ ਕੇ ਉਸ ਦੀ ਸਰਕਾਰ ਦੀਆਂ ਤਾਕਤਾਂ ਘਟਾਈਆਂ ਗਈਆਂ ਹਨ ਤਾਂ ਕੱਲ੍ਹ ਨੂੰ ਹੋਰਨਾਂ ਰਾਜਾਂ ਦੀਆਂ ਤਾਕਤਾਂ ਘਟਾਈਆਂ ਜਾ ਸਕਦੀਆਂ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਰਾਜਾਂ ਦੀਆਂ ਤਾਕਤਾਂ ਘਟਾਈਆਂ ਨਹੀਂ ਜਾ ਸਕਦੀਆਂ। ਆਪਣੇ ਮਨ ਵਿਚ ਇਹੋ ਜਿਹਾ ਵਹਿਮ ਕਿਸੇ ਨੂੰ ਨਹੀਂ ਪਾਲਣਾ ਚਾਹੀਦਾ, ਦੇਸ਼ ਦੇ ਸੰਵਿਧਾਨ ਵਿਚ ਇਸ ਦਾ ਰਾਹ ਵੀ ਮੌਜੂਦ ਹੈ।

ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਧਾਰਾ 356 ਨਾਲ ਕਿਸੇ ਵੀ ਰਾਜ ਸਰਕਾਰ ਨੂੰ ਤੋੜ ਕੇ ਉਸ ਦੀਆਂ ਸਾਰੀਆਂ ਤਾਕਤਾਂ ਉਥੋਂ ਦੇ ਗਵਰਨਰ ਦੇ ਰਾਹੀਂ ਕੇਂਦਰ ਸਰਕਾਰ ਸਿੱਧੇ ਆਪਣੇ ਹੱਥ ਲੈ ਸਕਦੀ ਹੈ। ਅਗਲੀ ਗੱਲ ਇਹ ਹੈ ਕਿ ਉਸੇ ਧਾਰਾ ਵਿਚੋਂ ਇਹ ਭਾਵਨਾ ਲੱਭ ਜਾਂਦੀ ਹੈ ਕਿ ਰਾਸ਼ਟਰਪਤੀ ਦੇ ਦਸਤਖਤ ਕਰਵਾ ਕੇ ਕਿਸੇ ਰਾਜ ਸਰਕਾਰ ਨੂੰ ਤੋੜੇ ਬਿਨਾ ਵੀ ਉਥੋਂ ਦੀਆਂ ਸਿਰਫ ਕੁਝ ਤਾਕਤਾਂ ਕੇਂਦਰ ਸਰਕਾਰ ਆਪਣੇ ਹੱਥ ਲੈ ਸਕਦੀ ਹੈ। ਅਜੇ ਤੱਕ ਕਿਸੇ ਰਾਜ ਵਿਚ ਏਦਾਂ ਕੀਤਾ ਹੋਵੇ, ਇਸ ਦੀ ਸਾਨੂੰ ਜਾਣਕਾਰੀ ਨਹੀਂ, ਰਾਜ ਸਰਕਾਰਾਂ ਤੋੜਨ ਦੀ ਜਾਣਕਾਰੀ ਸਭ ਨੂੰ ਹੈ, ਪਰ ਸੰਵਿਧਾਨ ਵਿਚ ਇਹ ਵੀ ਰਾਹ ਰੱਖਿਆ ਗਿਆ ਹੈ, ਜਿਸ ਨੂੰ ਕਿਸੇ ਨੇ ਅੱਜ ਤੱਕ ਵਰਤਣ ਦੀ ਲੋੜ ਨਹੀਂ ਸਮਝੀ ਤਾਂ ਅੱਜ ਵਾਲੀ ਸਰਕਾਰ ਕੱਲ੍ਹ ਨੂੰ ਵਰਤ ਸਕਦੀ ਹੈ। ਇਹ ਸੰਕੇਤ ਦਿੱਲੀ ਬਾਰੇ ਪਾਸ ਕੀਤੀ ਸੋਧ ਤੋਂ ਹੀ ਨਹੀਂ, ਕੇਂਦਰ ਸਰਕਾਰ ਵੱਲੋਂ ਕੇਂਦਰੀ ਏਜੰਸੀਆਂ ਤੇ ਵਿਭਾਗਾਂ ਦੀ ਸਿਆਸੀ ਮਕਸਦਾਂ ਲਈ ਵਰਤੋਂ ਦੇ ਅਜੋਕੇ ਨਮੂਨੇ ਤੋਂ ਵੀ ਬੜਾ ਸੌਖਾ ਮਿਲ ਜਾਂਦਾ ਹੈ।

ਇਸ ਦਾ ਇੱਕ ਨਮੂਨਾ ਇਹ ਹੈ ਕਿ ਅੱਜ ਕੱਲ੍ਹ ਜਿਸ ਵੀ ਰਾਜ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹੋਣ, ਭਾਜਪਾ ਦੇ ਵਿਰੋਧ ਦੀ ਮੁੱਖ ਧਿਰ ਜਾਂ ਕੁਝ ਧਿਰਾਂ ਦੇ ਗੱਠਜੋੜ ਦੇ ਆਗੂਆਂ ਦੇ ਘਰੀਂ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਦੇ ਛਾਪੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਅਸਾਮ ਵਿਚ ਤਾਂ ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਆਪਣੇ ਵਿਰੁੱਧ ਕਲਮ ਚੁੱਕਣ ਵਾਲੇ ਪੱਤਰਕਾਰ ਨੂੰ ਇਹ ਵੀ ਕਹਿ ਦਿੱਤਾ ਕਿ ਤੇਰੇ ਖਿਲਾਫ ਐੱਨ. ਆਈ. ਏ. ਦਾ ਕੇਸ ਬਣਵਾਇਆ ਜਾ ਸਕਦਾ ਹੈ। ਇਹ ਧਮਕੀ ਉਸ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੇ ਨਾਂ ਉੱਤੇ ਦਿੱਤੀ ਗਈ ਹੈ, ਜਿਹੜੀ ਮੁੰਬਈ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਪਿੱਛੋਂ ਸਿਰਫ ਦਹਿਸ਼ਤਗਰਦੀ ਦੇ ਕੇਸਾਂ ਨਾਲ ਨਿਪਟਣ ਲਈ ਬਣਾਈ ਗਈ ਸੀ।

ਬੀਤੇ ਸ਼ੁੱਕਰਵਾਰ ਤਾਮਿਲਨਾਡੂ ਵਿਚ ਭਾਜਪਾ ਨਾਲ ਸਿਆਸੀ ਟੱਕਰ ਦੀ ਮੁੱਖ ਧਿਰ ਦੇ ਆਗੂ ਐੱਮ. ਕੇ. ਸਟਾਲਿਨ ਦੀ ਧੀ ਦੇ ਘਰ ਵੀ ਕੇਂਦਰ ਦੀਆਂ ਏਜੰਸੀਆਂ ਨੇ ਛਾਪਾ ਜਾ ਮਾਰਿਆ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨਾਲ ਜੁੜੇ ਬਹੁਤ ਸਾਰੇ ਲੀਡਰਾਂ ਦੇ ਘਰੀਂ ਪਹਿਲਾਂ ਕੇਂਦਰੀ ਏਜੰਸੀਆਂ ਨੇ ਛਾਪੇ ਮਾਰੇ ਤੇ ਫਿਰ ਰੋਜ਼ ਉਨ੍ਹਾਂ ਨੂੰ ਜਾਂਚ ਦੇ ਬਹਾਨੇ ਬੁਲਾ ਕੇ ਆਪਣੇ ਦਫਤਰਾਂ ਵਿਚ ਪੂਰਾ-ਪੂਰਾ ਦਿਨ ਬਿਠਾਈ ਰੱਖਿਆ ਜਾਂਦਾ ਰਿਹਾ। ਉਨ੍ਹਾਂ ਵਿਚੋਂ ਜਿਸ ਕਿਸੇ ਨੇ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ, ਅਗਲੇ ਦਿਨ ਤੋਂ ਉਸ ਦੇ ਘਰ ਕਦੇ ਕੋਈ ਛਾਪਾ ਨਹੀਂ ਪਿਆ ਤੇ ਕੇਸਾਂ ਦੀਆਂ ਫਾਈਲਾਂ ਠੱਪ ਕਰਨ ਦਾ ਕੰਮ ਚੁੱਪ-ਚੁਪੀਤੇ ਏਦਾਂ ਹੋ ਗਿਆ, ਜਿਵੇਂ ਕਦੀ ਕੋਈ ਜਾਂਚ ਸ਼ੁਰੂ ਹੀ ਨਾ ਹੋਈ ਹੋਵੇ।

ਮਮਤਾ ਬੈਨਰਜੀ ਨੂੰ ਜਿਹੜੇ ਵੱਡੇ ਲੀਡਰਾਂ ਦੀ ਹਮਾਇਤ ਉੱਤੇ ਬੜਾ ਮਾਣ ਹੁੰਦਾ ਸੀ, ਉਹ ਇਨ੍ਹਾਂ ਏਜੰਸੀਆਂ ਵੱਲੋਂ ਲਗਾਮ ਖਿੱਚੇ ਜਾਣ ਉੱਤੇ ਉਸੇ ਨਾਲ ਆਢਾ ਲੈਣ ਲਈ ਭਾਜਪਾ ਦੇ ਥਰਡ-ਰੇਟ ਕਾਰਿੰਦੇ ਬਣ ਕੇ ਕੰਮ ਕਰਨ ਨੂੰ ਤਿਆਰ ਹੋ ਗਏ ਹਨ। ਉਨ੍ਹਾਂ ਵਿਚੋਂ ਇੱਕ ਜਣਾ ਸੁਵੇਂਦੂ ਅਧਿਕਾਰੀ ਇਸ ਵੇਲੇ ਮਮਤਾ ਬੈਨਰਜੀ ਦੇ ਖਿਲਾਫ ਚੋਣ ਵਿਚ ਭਾਜਪਾ ਦਾ ਉਮੀਦਵਾਰ ਹੈ। ਕਈ ਹੋਰਨਾਂ ਬਾਰੇ ਸੁਣਿਆ ਜਾ ਸਕਦਾ ਹੈ ਕਿ ਅਗਲੇ ਦਿਨੀਂ ਉਹ ਵੀ ਮਮਤਾ ਦੀ ਛਤਰੀ ਤੋਂ ਉੱਡ ਕੇ ਭਾਜਪਾ ਦੇ ਚੁਬਾਰੇ ਦੀ ਛੱਤ ਉੱਤੇ ਟਿਕਾਣਾ ਬਣਾਉਣ ਲਈ ਤਿਆਰੀਆਂ ਕਰਦੇ ਪਏ ਹਨ। ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸਮ ਦੇ ਆਗੂ ਚੰਦਰ ਬਾਬੂ ਨਾਇਡੂ ਦੇ ਕੁਝ ਸਾਥੀ ਇਸੇ ਤਰ੍ਹਾਂ ਭਾਜਪਾ ਵੱਲ ਜਾਣ ਨੂੰ ਮਜਬੂਰ ਹੋਏ ਸਨ। ਰਾਜ ਸਭਾ ਦੇ ਇੱਕ ਮੈਂਬਰ ਦੇ ਖਿਲਾਫ ਭਾਜਪਾ ਦੇ ਇੱਕ ਸੀਨੀਅਰ ਬੁਲਾਰੇ ਨੇ ਰਾਜ ਸਭਾ ਦੇ ਚੇਅਰਮੈਨ ਨੂੰ ਚਿੱਠੀ ਲਿਖੀ ਕਿ ਇਸ ਦੇ ਵਿਰੁੱਧ ਕਈ ਕਰੋੜ ਦੇ ਘਪਲੇ ਦਾ ਕੇਸ ਬੜਾ ਸੰਗੀਨ ਹੈ, ਇਸ ਦੀ ਰਾਜ ਸਭਾ ਮੈਂਬਰੀ ਖਤਮ ਕਰ ਦੇਣੀ ਚਾਹੀਦੀ ਹੈ। ਉਹ ਇੱਕ ਹਫਤਾ ਲੰਘਣ ਤੋਂ ਪਹਿਲਾਂ ਚੰਦਰ ਬਾਬੂ ਨਾਇਡੂ ਵਾਲੀ ਤੇਲਗੂ ਦੇਸਮ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ, ਉਸ ਦੇ ਖਿਲਾਫ ਚਿੱਠੀ ਲਿਖਣ ਵਾਲਾ ਵੀ ਉਸੇ ਰਾਜ ਸਭਾ ਵਿਚ ਬੈਠਦਾ ਹੈ, ਉਹ ਵੀ ਅਤੇ ਹਾਊਸ ਦਾ ਚੇਅਰਮੈਨ, ਜਿਹੜਾ ਪਹਿਲਾਂ ਦੋ ਵਾਰ ਭਾਜਪਾ ਦਾ ਪ੍ਰਧਾਨ ਰਹਿ ਚੁੱਕਾ ਹੈ, ਉਹ ਵੀ ਉਥੇ ਹੁੰਦਾ ਹੈ, ਪਰ ਕਈ ਕਰੋੜ ਵਾਲਾ ਮੁੱਦਾ ਫਿਰ ਕਦੇ ਨਹੀਂ ਉੱਠਿਆ। ਉਸ ਦੇ ਖਿਲਾਫ ਦਲ-ਬਦਲੀ ਕਾਨੂੰਨ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਉਹ ਭਾਜਪਾ ਲੀਡਰਸ਼ਿਪ ਦੀ ਇੱਛਾ ਦਾ ਮੁਥਾਜ ਬਣ ਗਿਆ ਸੀ।

ਬਾਕੀ ਕਸਰ ਵੋਟਾਂ ਪਾਉਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਦੇ ਨਾਲ ਨਿਕਲ ਚੱਲੀ ਹੈ। ਅਸੀਂ ਬਹੁਤ ਸਾਰੇ ਲੋਕਾਂ ਦਾ ਲਾਇਆ ਇਹ ਦੋਸ਼ ਦੁਹਰਾਉਣ ਦੀ ਲੋੜ ਨਹੀਂ ਸਮਝਦੇ ਕਿ ਮਸ਼ੀਨਾਂ ਨਾਲ ਛੇੜ-ਛਾੜ ਕਰ ਕੇ ਕਿਸੇ ਵੀ ਹੋਰ ਦੀ ਵੋਟ ਭਾਜਪਾ ਦੇ ਪੱਖ ਵਿਚ ਭੁਗਤਾਈ ਜਾ ਸਕਦੀ ਹੈ, ਸਗੋਂ ਤਾਜ਼ਾ ਹਾਲਾਤ ਦੀ ਗੱਲ ਕਰਨਾ ਚਾਹੁੰਦੇ ਹਾਂ ਕਿ ਚੋਣਾਂ ਦੌਰਾਨ ਵੋਟ ਮਸ਼ੀਨਾਂ ਰਸਤੇ ਵਿਚੋਂ ਗਾਇਬ ਹੋਣ ਅਤੇ ਭਾਜਪਾ ਨਾਲ ਮੋਹ ਵਿਖਾਉਣ ਲੱਗ ਪਈਆਂ ਹਨ। ਪਿਛਲੇਰੇ ਸਾਲ ਹਰਿਆਣੇ ਦਾ ਇੱਕ ਭਾਜਪਾ ਉਮੀਦਵਾਰ ਇਹ ਕਹਿੰਦਾ ਸੁਣਿਆ ਅਤੇ ਵੇਖਿਆ ਗਿਆ ਸੀ ਕਿ ਮਸ਼ੀਨਾਂ ਦੀ ਸੈਟਿੰਗ ਕਰ ਲਈ ਹੈ, ਕੋਈ ਵੀ ਬਟਨ ਦੱਬਿਆ ਗਿਆ ਤਾਂ ਵੋਟ ਭਾਜਪਾ ਨੂੰ ਹੀ ਪੈਣੀ ਹੈ। ਇਸ ਵਾਰੀ ਆਸਾਮ ਵਿਚ ਵੋਟ ਮਸ਼ੀਨ ਹੀ ਆਪਣੀ ਗੱਡੀ ਨੂੰ ਖਰਾਬ ਕਰ ਕੇ ਭਾਜਪਾ ਉਮੀਦਵਾਰ ਦੀ ਗੱਡੀ ਵਿਚ ਜਾ ਚੜ੍ਹੀ ਹੈ। ਉਥੋਂ ਦੇ ਪੱਥਰਕੰਡੀ ਇਲਾਕੇ ਵਿਚ ਭੀੜ ਨੇ ਅਚਾਨਕ ਆਪਣੇ ਕੋਲੋਂ ਲੰਘਦੀ ਇੱਕ ਗੱਡੀ ਵਿਚ ਵੋਟਾਂ ਵਾਲੀ ਮਸ਼ੀਨ ਵੇਖੀ ਤਾਂ ਗੱਡੀ ਰੁਕਵਾ ਲਈ। ਗੱਡੀ ਵਿਚਲੇ ਲੋਕ ਉਥੋਂ ਦੌੜ ਗਏ ਤੇ ਗੱਡੀ ਵਿਚ ਸਿਰਫ ਵੋਟਾਂ ਵਾਲੀ ਮਸ਼ੀਨ ਪਈ ਹੋਣ ਦੀ ਵੀਡੀਓ ਲੋਕਾਂ ਨੇ ਸੋਸ਼ਲ ਮੀਡੀਆਂ ਉੱਤੇ ਪਾ ਦਿੱਤੀ। ਇਸ ਨਾਲ ਸਾਰੇ ਦੇਸ਼ ਵਿਚ ਰੌਲਾ ਪੈ ਗਿਆ, ਪਰ ਭਾਜਪਾ ਦੀ ਚਾਟ ਉੱਤੇ ਲੱਗੇ ਹੋਏ ਚੋਣ ਅਧਿਕਾਰੀਆਂ ਦਾ ਬਿਆਨ ਆਇਆ ਕਿ ਕੋਈ ਖਾਸ ਗੱਲ ਨਹੀਂ ਹੋਈ, ਵੋਟਾਂ ਪਿੱਛੋਂ ਪੋਲਿੰਗ ਪਾਰਟੀ ਜਦੋਂ ਵਾਪਸ ਜਾ ਰਹੀ ਸੀ, ਉਨ੍ਹਾਂ ਦੀ ਗੱਡੀ ਖਰਾਬ ਹੋ ਗਈ ਅਤੇ ਜਿਹੜੀ ਗੱਡੀ ਓਧਰੋਂ ਲੰਘਦੀ ਦਿੱਸੀ, ਉਸ ਵਿਚ ਚੜ੍ਹ ਗਏ ਸਨ। ਇਸ ਕਮਾਲ ਦੀ ਕਹਾਣੀ ਵਿਚ ਨੁਕਸ ਇਹ ਪੈ ਗਿਆ ਕਿ ਰਾਹ ਜਾਂਦੀ ਜਿਸ ਗੱਡੀ ਵਿਚ ਮਸ਼ੀਨ ਪਈ ਸੀ, ਉਸ ਵਿਚ ਪੋਲਿੰਗ ਪਾਰਟੀ ਦਾ ਸਟਾਫ ਵੀ ਨਹੀਂ ਸੀ ਤੇ ਉਨ੍ਹਾਂ ਦੀ ਸੁਰੱਖਿਆ ਲਈ ਨਾਲ ਭੇਜੇ ਗਏ ਪੁਲਿਸ ਵਾਲੇ ਵੀ ਨਾਲ ਨਹੀਂ ਬੈਠੇ ਸਨ। ਅਗਲੀ ਗੱਲ ਇਹ ਕਿ ਗੱਡੀ ਉਸ ਹਲਕੇ ਦੇ ਭਾਜਪਾ ਉਮੀਦਵਾਰ ਦੀ ਪਤਨੀ ਦੇ ਨਾਂ ਰਜਿਸਟਰਡ ਸੀ, ਜਿਸ ਦੇ ਸਾਰੇ ਅਰਥ ਆਪਣੇ ਆਪ ਲੱਭ ਜਾਂਦੇ ਹਨ ਤੇ ਕਿਸੇ ਨੂੰ ਵੀ ਇਸ ਕਹਾਣੀ ਦੇ ਪਿੱਛੇ ਲੁਕੇ ਹੋਏ ਕਿੱਸੇ ਨੂੰ ਫੋਲਣ ਦੀ ਲੋੜ ਨਹੀਂ ਰਹਿ ਜਾਂਦੀ।

ਅਸੀਂ ਇਹ ਸੁਣਿਆ ਸੀ ਕਿ ਰੋਬੋਟ ਗੱਲਾਂ ਕਰਨਾ ਸਿੱਖਦੇ ਜਾਂਦੇ ਹਨ ਤੇ ਬੁਲਿਟਨ ਬਣਾ ਦੇਈਏ ਤਾਂ ਉਹ ਖਬਰਾਂ ਵੀ ਪੜ੍ਹ ਸਕਦੇ ਹਨ। ਭਾਰਤ ਜ਼ਿਆਦਾ ਅੱਗੇ ਨਿਕਲ ਗਿਆ ਹੈ। ਇਥੇ ਹੁਨਰ ਦੀ ਕਮਾਲ ਹੈ ਕਿ ਵੋਟ ਮਸ਼ੀਨਾਂ ਇਹ ਸਿੱਖ ਗਈਆਂ ਹਨ ਕਿ ਰਾਹ ਜਾਂਦਿਆਂ ਆਪਣੀ ਗੱਡੀ ਖਰਾਬ ਹੋ ਜਾਵੇ ਤਾਂ ਅਸੀਂ ਕਿਸ ਪਾਰਟੀ ਦੀ ਗੱਡੀ ਵਿਚ ਬੈਠਣਾ ਹੈ ਅਤੇ ਸਾਡੇ ਨਾਲ ਕਿਸੇ ਚੋਣ ਅਧਿਕਾਰੀ ਨੂੰ ਵੀ ਜਾਣ ਦੀ ਲੋੜ ਨਹੀਂ, ਅਸੀਂ ਸਾਰਾ ਕੁਝ ਆਪੇ ਕਰ ਲੈਣਾ ਹੈ। ਏਦਾਂ ਦੀ ਹਾਲਤ ਵਿਚ ਜੇ ਕੋਈ ਭਾਰਤ ਦੇ ਲੋਕਤੰਤਰੀ ਪ੍ਰਬੰਧ ਨੂੰ ਲੱਗੇ ਖੋਰੇ ਦੀ ਗੱਲ ਕਰੇਗਾ ਤਾਂ ਉਸ ਦੇ ਕਿੰਤੂ ਜਿਹੜੇ ਜਵਾਬ ਦੀ ਉਡੀਕ ਕਰਦੇ ਹਨ, ਉਨ੍ਹਾਂ ਦਾ ਜਵਾਬ ਕਿਸੇ ਨੇ ਨਹੀਂ ਦੇਣਾ। ਉਂਜ ਏਦਾਂ ਦੇ ਕਿੰਤੂਆਂ ਦਾ ਜਵਾਬ ਦੇਣ ਦੀ ਲੋੜ ਵੀ ਕੀ ਹੈ!

# ਜਰੂਰੀ ਹੈ ਕਿਸਾਨ ਅੰਦੋਲਨ ਦੀ ਧਾਰ ਨੂੰ ਤਿੱਖਾ ਰੱਖਣਾ

ਦੇਸ਼ ਦੀ ਕੇਂਦਰੀ ਸਰਕਾਰ ਵਲੋਂ ਸੰਘੀ ਢਾਂਚੇ ਅਧੀਨ ਰਾਜਾਂ ਨੂੰ ਮਿਲੇ ਅਧਿਕਾਰਾਂ ਦੀਆਂ ਹੱਦਾਂ ਉਲੰਘ ਕੇ ਖੇਤੀ ਸਬੰਧੀ ਬਣਾਏ ਕਿਸਾਨ ਮਾਰੂ ਕੁਝ ਕਾਲੇ ਕਾਨੂੰਨਾਂ ਦੇ ਵਿਰੋਧ ਵਜੋਂ ਪੰਜਾਬ ਵਿਚੋਂ ਉੱਠੇ ਕਿਸਾਨ ਅੰਦੋਲਨ ਨੂੰ ਇਸ ਦੇ ਗੁਆਂਢੀ ਰਾਜਾਂ ਤੋਂ ਇੱਕ ਦਮ ਹਮਾਇਤ ਮਿਲੀ ਅਤੇ ਛੇਤੀ

ਸੁਖਵੀਰ ਸਿੰਘ ਕੰਗ
ਫੋਨ: 91-85678-72291

ਹੀ ਸਾਰੇ ਰਾਜਾਂ ਸਮੇਤ ਬਹੁ-ਗਿਣਤੀ ਵਰਗ ਇਸ ਦੇ ਸਮਰਥਨ ਵਿਚ ਆ ਡਟੇ। ਸਮੁੱਚੇ ਦੇਸ਼ ਵਿਚੋਂ ਕਿਸਾਨ ਅੰਦੋਲਨ ਨੂੰ ਮਿਲੇ ਭਰਪੂਰ ਹੁੰਗਾਰੇ ਤੋਂ ਬਾਅਦ ਇਸ ਦੀ ਗੱਲ ਵਿਦੇਸ਼ਾਂ ਵਿਚ ਵੀ ਹੋਣ ਲੱਗੀ। ਇੱਕ ਸਮਾਂ ਅਜਿਹਾ ਵੀ ਆਇਆ ਕਿ ਇਸ ਅੰਦੋਲਨ ਉੱਪਰ ਪੂਰੇ ਵਿਸ਼ਵ ਦੀਆਂ ਨਿਗਾਹਾਂ ਟਿਕ ਗਈਆਂ ਸਨ। ਅਨੇਕ ਦੇਸ਼ਾਂ ਦੀਆਂ ਸ਼ਾਸਕੀ ਸੰਸਥਾਵਾਂ ਵਿਚ ਭਾਰਤ ਵਿਚ ਹੋ ਰਹੇ ਕਿਸਾਨ ਅੰਦੋਲਨ ਦਾ ਜ਼ਿਕਰ ਹੋਇਆ ਅਤੇ ਹਰ ਥਾਂ ਇਸ ਦੇ ਹੱਕੀ ਸੰਘਰਸ਼ ਹੋਣ ਉਪਰ ਮੋਹਰ ਲਾਈ ਗਈ। ਦੁਨੀਆਂ ਪੱਧਰ 'ਤੇ ਇਸ ਅੰਦੋਲਨ ਦੇ ਸੰਚਾਲਨ ਦੀ ਵਿਧੀ ਅਤੇ ਤਾਕਤ ਨੂੰ ਸਲਾਹਿਆ ਗਿਆ। ਵਿਸ਼ਵ ਭਰ ਵਿਚ ਪ੍ਰਸਿੱਧੀ ਪ੍ਰਾਪਤ ਬਹੁਤ ਸਾਰੀਆਂ ਹਸਤੀਆਂ ਨੇ ਇਸ ਅੰਦੋਲਨ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਇਸ ਅੰਦੋਲਨ ਦੀਆਂ ਮੰਗਾਂ ਦੇ ਜਾਇਜ਼ ਹੋਣ ਕਾਰਨ ਇਹ ਹਮਾਇਤ ਆਪ ਮੁਹਾਰੇ ਹੋ ਰਹੀ ਸੀ। ਮਾਨਵਤਾ ਦੀ ਭਲਾਈ ਪ੍ਰਤੀ ਚਿੰਤਤ ਅਤੇ ਸਰਗਰਮ ਸ਼ਖਸੀਅਤਾਂ ਨੇ ਆਪਣਾ ਫਰਜ ਸਮਝਦਿਆਂ ਇਸ ਅੰਦੋਲਨ ਦੇ ਪੱਖ ਵਿਚ ਆਵਾਜ਼ ਉਠਾਈ।

ਇਸ ਮੋੜ 'ਤੇ ਆਪ ਮੁਹਾਰੇ ਮਿਲ ਰਹੀ ਇਸ ਹਮਾਇਤ ਨੂੰ ਸਤਿਕਾਰਨ, ਸਾਂਭਣ ਅਤੇ ਹੋਰ ਅੱਗੇ ਵਧਾਉਣ ਲਈ ਯਤਨਾਂ ਦੀ ਲੋੜ ਸੀ। ਕਿਸੇ ਵੀ ਰਹਿਮਤ ਤੇ ਬਖਸ਼ਿਸ਼ ਨੂੰ ਬਰਕਰਾਰ ਰੱਖਣ ਲਈ ਅਤੇ ਆਪਣੀ ਪਾਤਰਤਾ ਬਣਾਈ ਰੱਖਣ ਲਈ ਮਿਹਨਤ ਤੇ ਯਤਨਾਂ ਰੂਪ ਵਿਚ ਤਪੱਸਿਆ ਦੀ ਲੋੜ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਇਸ ਹਮਾਇਤ ਨੂੰ ਕਾਇਮ ਰੱਖਣ ਅਤੇ ਬਟੋਰਨ ਲਈ ਇਸ ਨੂੰ ਸੰਭਾਲਣ ਤੇ ਅੱਗੇ ਵਧਾਉਣ ਲਈ ਹਮਾਇਤੀ ਹਸਤੀਆਂ ਨਾਲ ਰਾਬਤਾ ਤੇ ਨੇੜਤਾ ਬਣਾਉਣ ਦੀ ਬਹੁਤ ਲੋੜ ਸੀ। ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਆਪਣੇ ਆਪ ਨੂੰ ਤਜਰਬੇਕਾਰ, ਸੁਪਰੀਮ ਅਤੇ ਸਮਰੱਥ ਮੰਨਦੀ ਕਿਸਾਨ ਅਗਵਾਈ ਇਸ ਬਾਬਤੇ ਦਾ ਪੂਰਾ ਮੁੱਲ ਨਹੀਂ ਬਟੋਰ ਸਕੀ। ਇਸ ਸੁਨਹਿਰੇ ਮੌਕੇ ਦਾ ਲਾਹਾ ਲੈਂਦਿਆਂ, ਸੰਪਰਕ ਬਣਾ ਕੇ ਅਤੇ ਇਸ ਹਮਾਇਤ ਨੂੰ ਉਭਾਰ ਕੇ ਅੰਦੋਲਨ ਦੀ ਤਾਕਤ ਨੂੰ ਵਧਾਇਆ ਜਾਣਾ ਚਾਹੀਦਾ ਸੀ, ਪਰ ਇਸ ਸੰਬੰਧੀ ਯਤਨਾਂ ਦੀ ਘਾਟ ਰਹੀ।

ਮੌਕੇ ਦੀ ਕਿਸਾਨ ਅਗਵਾਈ ਦੀ ਅਣਗਹਿਲੀ ਤੇ ਨਾਕਾਮੀ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਨੂੰ ਆਪਣੀਆਂ ਭਾੜੇ ਦੀਆਂ ਹਸਤੀਆਂ ਰਾਹੀਂ ਇਸ ਹਮਾਇਤ ਨੂੰ ਟੱਕਰ ਦੇਣ ਦਾ ਮੌਕਾ ਮਿਲ ਗਿਆ। ਇਸੇ ਢਿੱਲ ਕਾਰਨ ਹੀ ਸਰਕਾਰ ਨੂੰ ਮੁੱਖ ਵਿਦੇਸ਼ੀ ਹਮਾਇਤੀ ਹਸਤੀਆਂ ਨੂੰ ਕਾਨੂੰਨੀ ਕਾਰਵਾਈਆਂ ਨਾਲ ਡਰਾ ਲੈਣ ਦਾ ਹੌਸਲਾ ਮਿਲਿਆ, ਜਿਸ ਦੇ ਨਤੀਜੇ ਵਜੋਂ ਇਸ ਸਿਲਸਿਲੇ ਦੇ ਅੱਗੇ ਵਧਣ ਵਿਚ ਅੜਿੱਕਾ ਪੈ ਗਿਆ।



ਇਸੇ ਤਰ੍ਹਾਂ ਕਈ ਮੁਲਕਾਂ ਦੀਆਂ ਪਾਰਲੀਮੈਂਟਾਂ ਵਿਚ ਭਾਰਤ ਦੇ ਕਿਸਾਨ ਅੰਦੋਲਨ ਦੀ ਸਾਰਥਕਤਾ ਬਾਰੇ ਹੋਈ ਚਰਚਾ ਨੂੰ ਸ੍ਵੈ-ਸਿਫਤੀ ਦੇ ਵਕਤੀ ਦਮਗਜੇ ਵਜੋਂ ਵਰਤਣ ਦੀ ਥਾਂ ਜੇ ਇਸ ਚਰਚਾ ਲਈ ਧੰਨਵਾਦੀ ਸੁਨੇਹਿਆਂ ਰਾਹੀਂ ਲਗਾਤਾਰਤਾ ਬਣਾਈ ਜਾਂਦੀ ਤਾਂ ਅੰਦੋਲਨ ਦਾ ਦਬਦਬਾ ਅਤੇ ਪ੍ਰਭਾਵ ਹੋਰ ਵਧ ਸਕਦਾ ਸੀ। ਵਾਤਾਵਰਨ ਕਾਰਜ-ਕਰਤਾ ਦੇ ਤੌਰ 'ਤੇ ਵਿਸ਼ਵ ਪੱਧਰ 'ਤੇ ਚਰਚਿਤ ਲੜਕੀ ਗ੍ਰੈਟਾ ਥਨਬਰਗ, ਰੁਤਬਾ ਹਾਸਿਲ ਕਰ ਚੁਕੀ ਗਾਇਕਾ ਰਿਆਨਾ ਅਤੇ ਹੋਰ ਕੌਮਾਂਤਰੀ ਪ੍ਰਸਿੱਧੀ ਰੱਖਦੀਆਂ ਮਸ਼ਹੂਰ ਹਸਤੀਆਂ ਦੇ ਇਸ ਅੰਦੋਲਨ ਦੇ ਪੱਖ ਵਿਚ ਟਵੀਟ ਕਰਨ ਤੋਂ ਉਪਜੇ ਉਛਾਲ ਸਦਕਾ ਭਾਰਤ ਦਾ ਕਿਸਾਨ ਅੰਦੋਲਨ ਨੂੰ ਅਣ-ਕਿਆਸਿਆ ਬਲ ਮਿਲਿਆ। ਇਨ੍ਹਾਂ ਟਵੀਟਾਂ ਸਦਕਾ ਦੇਸ਼ ਦਾ ਕਿਸਾਨ ਅੰਦੋਲਨ ਪਲਾਂ ਵਿਚ ਹੀ ਸੋਸ਼ਲ ਮੀਡੀਆ ਦੀ ਵਰਲਡ ਟ੍ਰੈਂਡਿੰਗ ਵਿਚ ਛਾ ਗਿਆ। ਇਹ ਇਸ ਅੰਦੋਲਨ ਦੇ ਦੁਨਿਆਵੀ ਪੱਧਰ ਦੀ ਸਿਖਰ ਸੀ, ਜਿਸ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਅਤੇ ਸਰਕਾਰ ਦੀ ਨੀਂਦ ਹਰਾਮ ਕੀਤੀ। ਇਸ ਵਰਤਾਰੇ ਦੌਰਾਨ ਕਿਸਾਨ ਅਗਵਾਈ ਮੰਦਭਾਗੀ ਆਪਸੀ ਖਿੱਚੋਤਾਣ ਵਿਚ ਉਲਝੀ ਰਹੀ ਅਤੇ ਇਸ ਵਰਤਾਰੇ ਦਾ ਲਾਭ ਲੈਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ।

ਇਸ ਮੁਕਾਮ 'ਤੇ ਵਿਦੇਸ਼ਾਂ ਤੋਂ ਮਿਲ ਰਹੀ ਹਮਾਇਤ ਨਾਲ ਰਾਬਤਾ ਬਣਾ ਕੇ ਰੱਖਣਾ ਬਹੁਤ ਜਰੂਰੀ ਸੀ ਤਾਂ ਕਿ ਲਗਾਤਾਰਤਾ ਬਣੀ ਰਹਿ ਸਕਦੀ। ਕਿਸਾਨ ਅੰਦੋਲਨ ਦੀ ਤੀਬਰਤਾ ਨੂੰ ਕਾਇਮ ਰੱਖਣ ਲਈ ਕਿਸਾਨ ਆਗੂਆਂ ਨੂੰ ਵਿਦੇਸ਼ਾਂ ਤੋਂ ਹਮਾਇਤ ਹਾਸਿਲ ਕਰਨ ਅਤੇ ਸੋਸ਼ਲ ਮੀਡੀਆ 'ਤੇ ਸਰਗਰਮੀ ਬਣਾਈ ਰੱਖਣ ਲਈ ਨਵੇਂ ਸਿਰੇ ਤੋਂ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਸਰਕਾਰ ਉਪਰ ਬਾਹਰੀ ਦਬਾਓ ਬਣਿਆ ਰਹੇ।

# ਕਿਰਤ-ਜੋਗੀ ਦੀ ਖਾਲੀ ਬਗਲੀ

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080



ਇਹ ਕਿਸਾਨ, ਸਰੋਕਾਰਾਂ ਦੀ ਸਮਝ, ਸੰਬੰਧਾਂ ਦਾ ਸਬੱਬ, ਸਮਝ ਦੀ ਸਾਰਥਿਕਤਾ, ਸਿਆਣਪ ਦੀ ਸੁਗਮਤਾ, ਸੰਵੇਦਨਾ ਤੇ ਸਮਰੱਥਾਵਾਂ ਦਾ ਸੁੰਦਰ ਸੰਗਮ ਹਨ, ਜਿਨ੍ਹਾਂ ਨੇ ਜ਼ਿੰਦਗੀ ਦੇ ਸਿਲਾਲੇਖ ਤੇ ਖੁਆਬਾਂ, ਖਿਆਲਾਂ, ਖਾਹਿਸ਼ਾਂ, ਖਬਤਾਂ ਅਤੇ ਖੁਸ਼ੀਆਂ ਨੂੰ ਸਿਰਜਣ ਦਾ ਹੀਆ ਕੀਤਾ ਹੈ।

ਇਹ ਕਿਸਾਨ, ਓਟੇ 'ਤੇ ਬੈਠੀਆਂ ਚਿੜੀਆਂ ਦੀ ਖਾਮੋਸ਼ੀ ਤੋਂ ਬਹੁਤ ਪ੍ਰੇਸ਼ਾਨ ਹਨ। ਇਹ ਚਿੜੀਆਂ ਤੇ ਜਨੌਰ ਹੁਣ ਬਚੀ ਹੋਈ ਰੋਟੀ ਦੇ ਟੁਕੜੇ ਕਿਥੋਂ ਖਾਣ, ਜਦੋਂ ਕਿ ਘਰ ਵਾਲਿਆਂ ਨੂੰ ਹੀ ਕੁਝ ਨਹੀਂ ਮਿਲਦਾ। ਬਹੁਤ ਅੱਖਰਦਾ ਹੈ ਇਨ੍ਹਾਂ ਨੂੰ ਚੁੱਲਿਆਂ ਵਿਚ ਉਗਿਆ ਘਾਹ, ਚੁਗਲੀਆਂ ਕਰਦੀ ਅੱਗ ਦੀ ਅਣਹੋਂਦ ਅਤੇ ਚੌਂਕੇ ਵਿਚਲੀ ਚੋਹਲ-ਮੋਹਲ ਭਰੀ ਪਰਿਵਾਰਕ ਫਿਜ਼ਾ ਦਾ ਗਾਇਬ ਹੋਣਾ। ਇਹ ਤਾਂ ਇਨ੍ਹਾਂ ਚਿੜੀਆਂ ਨੂੰ ਪਰ ਤੇ ਪਰਵਾਜ਼ ਦੇਣ ਅਤੇ ਚੁੱਪ-ਗੁੱਟਕਣੀ ਨੂੰ ਬੋਲ ਦੇਣ ਆਏ ਨੇ।

ਇਹ ਕਿਸਾਨ ਬੇਰੁਜ਼ਗਾਰੀ ਦੇ ਭਾਰ ਹੇਠਾਂ ਦੱਬੀਆਂ ਡਿਗਰੀਆਂ ਦੀ ਪੀੜਾ ਤੋਂ ਬਹੁਤ ਪੀੜਤ ਨੇ, ਕਿਉਂਕਿ ਜਦ ਕੋਈ ਡਿਗਰੀ ਨਹਿਰ ਵਿਚ ਛਾਲ ਮਾਰ ਕੇ ਖੁਦ ਨੂੰ ਮਿਟਾਉਣ ਦੇ ਰਾਹ ਤੁਰ ਪਵੇ ਜਾਂ ਡਿਗਰੀ ਨੂੰ ਨਸ਼ੇ ਖਾਣ ਲੱਗ ਪੈਣ ਤਾਂ ਬਾਪ ਦੀ ਡੰਗੋਰੀ ਰੁੱਸ ਜਾਂਦੀ ਏ। ਉਹ ਮਨ ਵਿਚ ਸਿਰਜੇ ਸੁਪਨਿਆਂ ਦੇ ਬਲਦੇ ਸਿਵੇ ਦੇ ਸੇਕ ਨਾਲ ਅੰਦਰ ਨੂੰ ਲੂਹਦਾ ਹੈ ਅਤੇ ਫਿਰ ਉਸ ਦੀਆਂ ਚਿੰਤਾਵਾਂ ਨੂੰ ਚਿਖਾ ਵਿਚ ਤਬਦੀਲ ਹੁੰਦਿਆਂ ਦੇਰ ਨਹੀਂ ਲੱਗਦੀ। ਉਹ ਤਾਂ ਇਹ ਦੱਸਣ ਆਏ ਨੇ ਕਿ ਮੁੜ੍ਹਕੇ ਦੀ ਮਹਿਕ ਵਿਚੋਂ ਉਗੀਆਂ ਡਿਗਰੀਆਂ ਦੀ ਅਹਿਮੀਅਤ ਸਮਝੋ। ਵਿਹਲੇ ਹੱਥਾਂ ਨੂੰ ਆਹਰੇ ਲਾਓ ਅਤੇ ਸਰਘੀ ਨੂੰ ਸੂਰਜ ਵਿਚ ਤਬਦੀਲ ਹੋਣ ਤੋਂ ਨਾ ਰੋਕੋ।

ਇਹ ਕਿਸਾਨ, ਮਿੱਟੀ ਦੀ ਚੀਖ ਪੁਕਾਰ ਤੋਂ ਬਹੁਤ ਆਵਾਜ਼ਾਰ ਨੇ। ਸੌਣ ਨਹੀਂ ਦਿੰਦੀ ਧਰਤੀ ਮਾਂ ਦੀ ਲੇਰ। ਇਸ ਦੀ ਕੁੱਖ ਵਿਚ ਪਲ ਪਲ ਉਤਰ ਰਿਹਾ ਜ਼ਹਿਰ, ਕਹਿਰ ਬਣਦਾ ਜਾ ਰਿਹਾ ਏ। ਧਰਤੀ ਜਦ ਬੰਦੇ ਜੰਮਣ ਦੀ ਥਾਂ ਮੌਤ ਦਾ ਪੈਗਾਮ ਕੰਨਾਂ ਵਿਚ ਘੋਲਣ ਲੱਗ ਪਵੇ ਤਾਂ ਇਸ ਦਾ ਦੁਖੜਾ ਸਿਰਫ ਇਸ ਦੇ ਪੁੱਤਰ ਹੀ ਸੁਣ ਸਕਦੇ ਹਨ। ਇਨ੍ਹਾਂ ਨੂੰ ਤਾਂ ਮਿੱਟੀ, ਜਨਮ ਦੇਣ ਵਾਲੀ ਮਾਂ ਤੋਂ ਵੀ ਵੱਧ ਪਿਆਰੀ, ਨਿਆਰੀ ਅਤੇ ਸਤਿਕਾਰੀ ਏ।

ਇਹ ਕਿਸਾਨ, ਖੇਤ ਵਿਚ ਖੜ੍ਹੀਆਂ ਫਸਲਾਂ ਦੀ ਲੱਗਦੀ ਬੋਲੀ ਤੋਂ ਬਹੁਤ ਦੁਖੀ ਨੇ। ਜਦ ਖਰੀਦਦਾਰ ਤੇ ਦਲਾਲ ਆਪਸ ਵਿਚ ਰਲ ਜਾਂਦੇ ਹਨ ਤਾਂ ਅੰਨ ਦੀ ਬੇਕਦਰੀ ਵਿਚੋਂ ਬੋਹਲ ਦੀ ਅੱਖ ਵਿਚ ਹੰਝੂ ਉਗਦਾ ਹੈ, ਜੋ ਹੌਲੀ ਹੌਲੀ ਭੜੋਲਿਆਂ ਵਿਚ ਸਹਿਮ, ਘਰ ਨੂੰ ਖਾਰੇਪਣ ਵਿਚ ਡੋਬਦਾ ਹੈ। ਇਸ ਵਿਚ ਖੁਰ ਜਾਂਦੀਆਂ ਹਨ ਤਾਂਘਾਂ, ਤਮੰਨਾਵਾਂ, ਤਰਜੀਹਾਂ, ਤਫਸ਼ੀਲਾਂ ਤੇ ਤਕਦੀਰਾਂ। ਇਹ ਹੰਝੂ, ਮਾਨਵਤਾ ਦਾ ਆਖਰੀ ਸੋਹਲਾ ਪੜ੍ਹਨ ਲੱਗਿਆਂ ਦੇਰ ਨਹੀਂ ਲਾਉਂਦਾ।

ਇਹ ਕਿਸਾਨ, ਆੜ੍ਹਾਂ, ਔਲੂਆਂ, ਟਿਊਬਵੈਲਾਂ ਅਤੇ ਖੂਹਾਂ ਵਿਚ ਦਮ ਤੋੜ ਰਹੀ ਪਾਣੀ ਦੀ ਧਾਰਾ ਲਈ ਰਵਾਨਗੀ ਅਤੇ ਨਿਰੰਤਰਤਾ ਦੀ ਬਰਕਰਾਰੀ ਦਾ ਵਾਸਤਾ ਪਾਉਣ ਆਏ ਨੇ ਤਾਂ ਕਿ ਪਾਣੀ ਨਾਲ ਜੀਵਨ-ਧਾਰਾ ਵਗਦੀ ਰਹੇ, ਫਸਲਾਂ ਲਹਿਰਾਉਂਦੀਆਂ ਰਹਿਣ, ਪਰਿੰਦਿਆਂ ਤੇ ਪੰਛੀਆਂ ਨੂੰ ਚੋਗ ਮਿਲਦੀ ਰਹੇ, ਮਿਹਨਤਕਸ਼ ਨੂੰ ਭੁੱਖੇ ਪੇਟ ਨਾ ਸੌਣਾ ਪਵੇ ਅਤੇ ਨਾ ਹੀ ਉਸ ਨੂੰ ਖੇਤ ਵਾਲੀ ਟਾਹਲੀ ਤੇ ਖੁਦਕੁਸ਼ੀ ਦੀ ਫਸਲ ਉਗਾਉਣ ਲਈ ਮਜਬੂਰ ਹੋਣਾ ਪਵੇ।

ਇਹ ਕਿਸਾਨ, ਉਨ੍ਹਾਂ ਗੁਰਬਿਆਂ ਦੀ ਦਰਦਗਾਥਾ ਨੂੰ ਵੀ ਜ਼ੁਬਾਨ ਦੇਣ ਆਏ ਨੇ, ਜਿਨ੍ਹਾਂ ਨੂੰ ਆਪਣੇ ਹੀ ਘਰਾਂ ਤੋਂ ਬੇਘਰ ਕੀਤਾ ਗਿਆ। ਉਨ੍ਹਾਂ ਦੇ ਦਰਾਂ, ਘਰਾਂ ਅਤੇ ਗਰਾਂ ਨੂੰ ਮਲੀਆਮੇਟ ਕਰਕੇ, ਪੱਥਰਾਂ ਦਾ ਸ਼ਹਿਰ ਉਗਾਇਆ ਗਿਆ ਹੈ। ਉਹ ਅੰਬਰ ਦੀ ਛੱਤ ਹੇਠ ਸੌਣ ਲਈ ਮਜਬੂਰ ਹਨ।

ਇਹ ਕਿਸਾਨ, ਥੋੜ੍ਹਾਂ ਤੇ ਖੋੜ੍ਹਾਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਨੂੰ ਮਿਟਾਉਣ ਤੁਰੇ ਨੇ। ਜਦ ਤੋਂ ਇਹ ਕਾਫਲੇ ਤੁਰੇ ਨੇ ਉਸ ਸਮੇਂ ਤੋਂ ਸਭ ਮਨੁੱਖ ਅੰਦਰ ਝਾਤੀ ਮਾਰਨ ਵੱਲ ਮੁੜੇ ਨੇ। ਇਹ ਤਾਂ ਬੇਦਖਲੀ, ਬੇਗਾਨਗੀ ਅਤੇ ਬਦਗੁਮਾਨੀ ਦੇ ਧੁੰਦਲਕੇ ਨੂੰ ਦੂਰ ਕਰਨ ਲਈ ਸੂਰਜ ਉਗਾਉਣ ਤੁਰੇ ਨੇ।

ਇਹ ਕਿਸਾਨ, ਰੁੱਸ ਗਏ ਬਚਪਨੇ ਨੂੰ ਵਰਾਉਣ ਆਏ ਨੇ। ਜਦ ਤਨ ਨੂੰ ਢਕਣ ਦੀ ਲਾਚਾਰੀ ਅਤੇ ਰੋਟੀ ਦਾ ਟੁੱਕ ਮਿਲਣ ਦੀ ਖੁਆਰੀ ਹੋ ਜਾਵੇ ਤਾਂ ਬਚਪਨੇ ਦੀ ਅੱਖ ਵਿਚ ਲਟਕਦੇ ਹੰਝੂਆਂ ਦੀ ਇਬਾਰਤ ਪੜ੍ਹਨਾ ਅਤੇ ਇਸ ਵਿਚੋਂ ਔਕੜਾਂ, ਔਖਿਆਈਆਂ ਅਤੇ ਅੱਥਰੂਆਂ ਦੀ ਵਿਲਕਣੀ ਨੂੰ ਕਿਆਸਣਾ ਬਹੁਤ ਔਖਾ ਹੁੰਦਾ ਹੈ। ਹੌਕੇ ਭਰਦੇ ਕਾਇਦਿਆਂ, ਕਿਤਾਬਾਂ, ਕਾਪੀਆਂ ਅਤੇ ਕਲਮਾਂ ਨੂੰ ਹੌਸਲਾ, ਹੱਠ, ਹਿੰਮਤ ਅਤੇ ਹਮਦਰਦੀ ਵਰਜਣ ਆਏ ਨੇ ਤਾਂ ਕਿ ਕਿਧਰੇ ਸਹਿਮੇ ਹੋਏ ਅੱਖਰਾਂ ਵਿਚ ਉਗਦੇ ਚਾਨਣ ਨੂੰ ਹਨੇਰਾ ਹੀ ਨਾ ਖਾ ਜਾਏ।

ਇਹ ਕਿਸਾਨ, ਬਜੁਰਗੀ ਬਹਿਸ਼ਤ ਨੂੰ ਬਚਾਉਣ ਅਤੇ ਆਪਣੀ ਵਿਰਾਸਤ ਨੂੰ ਅਗਲੀਆਂ ਪੀੜ੍ਹੀਆਂ ਦੇ ਨਾਮ ਲਾਉਣ ਆਏ ਨੇ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਬਜੁਰਗਾਂ ਦੀਆਂ ਛੋਹਾਂ, ਰੂਹਾਂ ਤੇ ਬੁੱਢੇ ਘਰ ਦੀਆਂ ਬਰੂਹਾਂ ਨਾਲ ਸੰਵਾਦ ਰਚਾ ਕੇ, ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਖੁਦ ਨੂੰ ਮਾਣਮੱਤੇ ਵਾਰਸ ਹੋਣ 'ਤੇ ਮਾਣ ਕਰ ਸਕਣ।

ਇਹ ਕਿਸਾਨ, ਉਸ ਇਤਿਹਾਸ ਨੂੰ ਮੁੜ ਤੋਂ ਦੁਹਰਾਉਣ ਆਏ ਨੇ, ਜੋ ਲੋਕ-ਚੇਤਿਆਂ ਅਤੇ ਹਾਕਮ ਦੀ ਮਾਨਸਿਕਤਾ ਵਿਚੋਂ ਸ਼ਾਇਦ ਭੁੱਲ ਚੁਕਾ ਏ। ਇਤਿਹਾਸ ਸਿਰਫ ਪੜ੍ਹੇ ਜਾਂ ਪੜ੍ਹਾਏ ਨਹੀਂ ਜਾਂਦੇ, ਸਗੋਂ ਸਿਰਜੇ ਜਾਂਦੇ ਨੇ। ਕੁਝ ਕੁ ਲੋਕ ਹੁੰਦੇ, ਜੋ ਸਿਰਜਣਹਾਰੇ ਦਾ ਲਕਬ ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ। ਇਤਿਹਾਸ ਤਾਂ ਸਬਰ, ਸਿਰੜ, ਸਿਦਕ, ਸਾਧਨਾ, ਸ਼ਾਂਤੀ, ਸੰਤੋਖ ਅਤੇ ਸਮ-ਸੋਚ ਰਾਹੀਂ ਹੀ ਸਿਰਜੇ ਜਾਂਦੇ ਹਨ।

ਇਹ ਕਿਸਾਨ, ਜੋ ਰੰਗ-ਬਿਰੰਗੀਆਂ ਪੱਗਾਂ, ਪਰਨਿਆਂ, ਮੰਡਾਸਿਆਂ, ਦੁਮਾਲਿਆਂ ਤੇ ਟੋਪੀਆਂ ਨਾਲ ਸਤਰੰਗੀ ਦਾ ਸਿਰਨਾਵਾਂ ਨੇ, ਇਹ ਜਾਤਾਂ, ਧਰਮਾਂ, ਨਸਲਾਂ, ਨਫਰਤਾਂ, ਨਗੋਚਾਂ, ਕਿੱਤਿਆਂ ਅਤੇ ਨਿੱਜਾਂ ਤੋਂ ਉਪਰ ਉਠ ਕੇ ਸਰਬ-ਸੁੱਖਨਤਾ ਤੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਆਏ ਨੇ। ਇਹ ਜਾਣਦੇ ਨੇ ਕਿ ਸਭ ਦਾ ਦੁੱਖ-ਦਰਦ ਬਰਾਬਰ ਹੈ, ਸਾਰੇ ਹੀ ਇਨਸਾਨ ਅਤੇ ਹਰੇਕ ਲਈ ਆਪਣੇ ਹਿੱਸੇ ਦਾ ਅਸਮਾਨ ਜਰੂਰੀ ਏ। ਇਸ ਤੋਂ ਮੁਨਕਰੀ ਹੀ ਨਾਬਰੀ ਨੂੰ ਜਨਮ ਦਿੰਦੀ ਹੈ।

ਇਹ ਕਿਸਾਨ, ਜਵਾਕਾਂ ਨੂੰ ਮੋਢਿਆਂ 'ਤੇ ਚੁੱਕੀ ਅਤੇ ਹੱਥਾਂ ਵਿਚ ਖਾਲੀ ਪੀਪਾ ਲੈ ਕੇ ਖੜ੍ਹੇ ਨਿਤਾਣਿਆਂ, ਨਿਰਬਲਾਂ ਅਤੇ ਨਗੂਰਿਆਂ ਦੀ ਹੂਕ ਬਣਨ ਦਾ ਅਹਿਦ ਵੀ ਨੇ, ਜਿਹੜੇ ਆਪਣੇ ਘਰਾਂ ਦੀ ਛੱਤ ਹੇਠ ਖੁਦ ਦੀ ਸਲਾਮਤੀ ਦਾ ਸਬਕ ਬਣਨਾ ਲੋਚਦੇ ਹਨ। ਉਨ੍ਹਾਂ ਦੇ ਦੀਦਿਆਂ ਵਿਚ ਭੁੱਖ, ਤ੍ਰਾਸਦੀ, ਤੜਪ ਅਤੇ ਬੱਚਿਆਂ ਦੇ ਹੋਠਾਂ 'ਤੇ ਮਰ ਚੁਕੀ ਪਿਆਸ ਤੇ ਭੁੱਖ ਨੂੰ ਉਚਾਰਨ ਅਤੇ ਰਾਜੇ ਦੇ ਮਨ ਵਿਚ ਉਤਾਰਨ ਦਾ ਬੀੜਾ ਵੀ ਇਹ ਕਿਸਾਨ ਹੀ ਚੁੱਕੀ ਫਿਰਦੇ ਹਨ।

ਇਨ੍ਹਾਂ ਕਿਸਾਨਾਂ ਦੇ ਬਲਦ ਵੀ ਇਨ੍ਹਾਂ ਦੇ ਗਮ ਵਿਚ ਸ਼ਰੀਕ ਹਨ। ਬਲਦ ਤਾਂ ਬਹੁਤ ਕੋਸ਼ਿਸ਼ ਕਰਦੇ ਰਹੇ ਕਿ ਆਪਣੇ ਮਾਲਕ ਦੀ ਸੱਖਣੀ ਤਲੀ 'ਤੇ ਕੁਝ ਧਰਨ, ਉਨ੍ਹਾਂ ਲਈ ਹੋਰ ਕਰਨ, ਜਰਨ ਅਤੇ ਖਾਲੀ ਬੋਝੇ ਨੂੰ ਭਰਨ ਦੀ ਤਦਬੀਰ ਘੜਨ। ਤਾਂ ਹੀ ਇਹ ਹੁਣ ਇਨ੍ਹਾਂ ਬੇਜ਼ੁਬਾਨਾਂ ਨੂੰ ਜ਼ੁਬਾਨ ਦੇਣ ਅਤੇ ਇਨ੍ਹਾਂ ਦੀ ਪੀੜਾ ਨੂੰ ਮਹਿਲ-ਮੁਨਾਰਿਆਂ ਤੀਕ ਸੁਣਾਉਣ ਆਏ ਨੇ।

ਇਹ ਕਿਸਾਨ, ਬਲਦਾਂ ਦੇ ਗਲ ਲੱਗ ਕੇ ਦੁੱਖੜੇ ਸੁਣਾਉਣ ਤੋਂ ਅੱਕੇ, ਹੁਣ ਰਾਜ ਦਰਬਾਰ ਨੂੰ ਆਪਣੀ ਦਾਸਤਾਨ ਸੁਣਾਉਣ ਆਏ ਨੇ। ਹਿਚਕੀਆਂ ਵਿਚੋਂ ਹਾਸਿਆਂ ਨੂੰ ਉਪਜਾਉਣ ਦੀ ਜੁਗਤ ਅਤੇ ਜਾਗਤ ਤਲਾਸ਼ਣ ਆਏ ਨੇ। ਬਲਦ ਅਤੇ ਸੀਰੀ ਦੇ ਕਸ਼ਟਾਂ ਦੀ ਲੰਮੀ ਕਹਾਣੀ, ਜੋ ਦੀਦਿਆਂ 'ਚ ਪਾਣੀ ਲਿਆਉਂਦੀ ਹੈ, ਇਹ ਕਿਵੇਂ 'ਵਾਵਾਂ ਕੋਲੋਂ ਸੁਣਾਈ ਜਾਂਦੀ! ਇਹ ਢਾਣੀ ਤਾਂ ਹੀ 'ਕੱਠੀ ਹੋ ਕੇ ਆਈ ਹੈ। ਢਾਣੀ ਨੂੰ ਕੋਈ ਸਿਰਾ ਤਾਂ ਫੜਾਵੇ ਇਹ ਉਲਝੀ ਹੋਈ ਤਾਣੀ ਦਾ, ਨਹੀਂ ਤਾਂ ਜਿਉਂਦੇ ਜੀਅ ਸਾਹਾਂ ਦੀ ਪੂੰਜੀ ਖਰਚ ਹੋ ਜਾਣੀ ਹੈ। ਫਿਰ ਕਿਹੜੇ ਮੂੰਹ ਨਾਲ ਆਪਣੀ ਔਲਾਦ ਨੂੰ ਆਪਣੀ ਤਵਾਰੀਖ ਦੀ ਤਸਵੀਰ ਦਿਖਾਉਣੀ ਹੈ।

ਇਹ ਕਿਸਾਨ, ਜ਼ਿੰਦਗੀ ਦੇ ਗਵਾਚੇ ਹੋਏ ਅਰਥਾਂ ਦੀ ਤਲਾਸ਼ ਵਿਚ ਰੁੱਝੇ ਹੋਏ ਲੋਕਾਂ ਦੇ ਪ੍ਰਤੀਬਿੰਬ ਹਨ। ਭਾਵੇਂ ਗਵਾਂਢ ਵਿਚ ਵਸਦੇ ਲੁਹਾਰ, ਤਰਖਾਣ, ਚਮਾਰ, ਘੁਮਿਆਰ, ਛਿਊਰ, ਮਜ਼੍ਹਬੀ, ਕਰਿਆੜ, ਕੰਮੀ ਜਾਂ ਸੀਰੀ ਹੋਣ-ਇਹ ਭਾਈਚਾਰੇ ਦਾ ਦੁੱਖ ਸਮੋਈ ਅਤੇ ਆਸ ਦੀ ਲੋਈ ਲੈ ਕੇ ਅਵੱਗਿਆਵਾਂ, ਉਲੰਘਣਾਵਾਂ ਵਿਚੋਂ ਉਦਾਸੀਆਂ ਦੀਆਂ ਪੈੜਾਂ ਨੱਪਣ ਆਏ ਨੇ। ਇਨ੍ਹਾਂ ਨੂੰ ਯਾਦ ਏ ਬਾਬੇ ਨਾਨਕ ਦੀਆਂ ਉਦਾਸੀਆਂ ਵਿਚੋਂ ਉੱਗੇ ਰੌਸ਼ਨ ਸੁਨੇਹੇ ਅਤੇ ਸਮੇਂ ਦੇ ਹਾਕਮਾਂ ਨੂੰ ਦਿੱਤੀ ਵੰਗਾਰ ਤੇ ਲਲਕਾਰ।

ਇਹ ਕਿਸਾਨ, ਮੱਸਿਆ ਦੀ ਰਾਤ 'ਚ ਗਵਾਚੇ ਹੋਏ ਚੰਦਰਮੇ ਨੂੰ ਕਹਿਣ ਆਏ ਨੇ ਕਿ ਕਦੇ ਵੀ ਚਾਨਣ ਗੁਲਾਮ ਨਹੀਂ ਹੋ ਸਕਦੇ। ਇਹ ਅੰਬਰ ਦੇ ਤਾਰਿਆਂ ਦੀ ਗਲਵੱਕੜੀ ਮਾਣਨ ਲਈ ਕਾਹਲੇ ਹਨ ਅਤੇ ਇਨ੍ਹਾਂ ਦੀਆਂ ਸੋਚਾਂ ਵਿਚ ਹੁਣ ਉਗ ਆਈ ਹੈ ਸੂਰਜਾਂ ਦੀ ਸਾਉਣੀ ਤੇ ਹਾੜੀ। ਸੂਰਜ ਕਦੇ ਵੀ ਡੁੱਬਦੇ ਨਹੀਂ। ਸਗੋਂ ਛੁਪਦੇ ਹਨ ਅਤੇ ਛਿਪਣ ਤੋਂ ਬਾਅਦ ਵੀ ਸੂਰਜ ਹਨੇਰਿਆਂ ਦੀ ਵੱਖੀ ਵਿਚ ਚੀਰ ਪਾਉਣ ਲਈ ਬਹੁਤ ਕਾਹਲਾ ਹੁੰਦਾ ਹੈ।

ਇਹ ਕਿਸਾਨ, ਕਲਮਾਂ ਤੇ ਕਿਰਤਾਂ ਵਿਚਲੀ ਉਦਾਸੀ, ਉਪਰਾਮਤਾ, ਉਦੇਸ਼-ਹੀਣਤਾ,



ਉਤਸ਼ਾਹ-ਹੀਣਤਾ ਅਤੇ ਉਦਮ-ਹੀਣਤਾ ਵਿਚਲੀ ਕਲਯੋਗਣੀ ਸੁਰ ਨੂੰ ਤਬਦੀਲ ਕਰਨ ਆਏ ਨੇ। ਇਹ ਕਲਮਾਂ ਨੂੰ ਕਲਮ-ਧਰਮ ਨਿਭਾਉਂਦਿਆਂ, ਕਲਮ-ਕੀਰਤੀ ਵਿਚੋਂ ਸੁਖਨ, ਸਕੂਨ, ਸੁਚੇਤਨਾ ਅਤੇ ਸੁਭਚਿੰਤਨ ਪੈਦਾ ਕਰਨ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਨ। ਇਹ ਜਾਣਦੇ ਨੇ ਕਿ ਜਦ ਕਲਮ ਹੀ ਕਮਜ਼ੋਰ ਹੋ ਜਾਵੇ ਅਤੇ ਕਰਤੱਵਾਂ, ਕਾਰਨਾਮਿਆਂ ਤੇ ਕੀਰਤੀਆਂ ਤੋਂ ਬੇਮੁੱਖ ਹੋ ਜਾਵੇ ਤਾਂ ਤਵਾਰੀਖ ਨਿਰਾਸ਼ ਤੇ ਹਤਾਸ਼ ਹੋ ਕੇ ਸਰਬਨਾਸ਼ ਦਾ ਸ਼ਬਦ ਬਣ ਜਾਂਦੀ ਹੈ। ਜਾਗਦੀਆਂ ਕਲਮਾਂ ਨੂੰ ਆਪਣੀ ਤਵਾਰੀਖ ਦਾ ਅਹਿਸਾਸ ਹੁੰਦਾ ਹੈ। ਜਾਗਦੀਆਂ ਤੇ ਜਗਦੀਆਂ ਕਲਮਾਂ ਵਕਤ ਲਈ ਵਰਦਾਨ, ਜਦੋਂ ਕਿ ਸੁੱਤੀਆਂ ਕਲਮਾਂ ਸਮਿਆਂ ਲਈ ਸੰਤਾਪ ਹੁੰਦੀਆਂ ਹਨ।

ਇਹ ਕਿਸਾਨ, ਲੋਕਾਈ ਦੇ ਹੋਠਾਂ ਤੇ ਜੰਗਾਲੇ ਜਿੰਦਰਿਆਂ ਨੂੰ ਖੋਲ੍ਹਣ ਲਈ ਚਾਬੀ ਲਾਉਣ ਆਏ ਨੇ ਤਾਂ ਕਿ ਜ਼ਬਾਨ 'ਤੇ ਲੱਗੀ ਹੋਈ ਉੱਲੀ ਉਤਾਰੀ ਜਾਵੇ। ਚੁੱਪ ਨੂੰ ਬੋਲ ਦਿਤੇ ਜਾਣ ਅਤੇ ਗੁੰਗੇ ਅਲਫਾਜ਼ਾਂ ਨੂੰ ਕੁਝ ਕਹਿਣ ਦਾ ਵੱਲ ਆਵੇ। ਉਹ ਆਪਣੇ ਮਨ ਦੇ ਦੱਬੇ ਹੋਏ ਜਜ਼ਬਾਤ ਨੂੰ ਪ੍ਰਗਟਾਅ ਸਕਣ ਅਤੇ ਬਹਿਰੇ ਕੰਨਾਂ ਨੂੰ ਦਰਦ ਸੁਣਾ ਸਕਣ।

ਬੋਲਾਂ ਵਿਚੋਂ ਹੀ ਬਹਾਦਰੀ, ਬੰਦਗੀ, ਬੰਦਿਆਈ, ਬਰਕਤਾਂ ਤੇ ਬਾਦਸ਼ਾਹੀ ਦੀਆਂ ਬਾਤਾਂ ਪਾਈਆਂ ਤੇ ਸੁਣਾਈਆਂ ਜਾਂਦੀਆਂ ਹਨ। ਇਹ ਬਾਤਾਂ ਹੀ ਸੁੱਤਿਆਂ ਨੂੰ ਜਗਾਉਣ, ਥੱਕੇ-ਹਾਰਿਆਂ ਦੇ ਕਦਮਾਂ ਵਿਚ ਸਫਰ ਉਗਾਉਣ, ਰਾਹਾਂ ਦੀ ਨਿਸ਼ਾਨਦੇਹੀ ਕਰਨ ਅਤੇ ਮੰਜ਼ਿਲਾਂ 'ਤੇ ਅਪੜਨ ਦਾ ਸੁਨੇਹਾ ਬਣਦੀਆਂ ਹਨ।

ਇਹ ਕਿਸਾਨ, ਨੀਮ ਬੇਹੋਸ਼ੀ ਵਿਚ ਸੁੱਤਿਆਂ ਨੂੰ ਜਗਾਉਣ, ਉਨ੍ਹਾਂ ਦੀਆਂ ਚਿੰਤਾਵਾਂ ਨੂੰ ਚਿੰਤਨ, ਅਸਫਲਤਾਵਾਂ ਨੂੰ ਸਫਲਤਾਵਾਂ ਅਤੇ ਆਲ੍ਹਿਆਂ ਵਿਚ ਚਿਰਾਗ ਧਰਨ ਦਾ ਪਲੇਠਾ ਉਦਮ ਨੇ। ਉਹ ਜਾਣਦੇ ਨੇ ਕਿ ਜਦ ਆਮ ਵਿਅਕਤੀ ਹੀ ਆਪਣੇ ਫਰਜ਼ਾਂ ਤੇ ਮਰਜ਼ਾਂ ਪ੍ਰਤੀ ਜਾਗ੍ਰਿਤ ਹੋ ਗਿਆ ਤਾਂ ਸੁਖਨ-ਸਵੇਰ ਦੀ ਦਸਤਕ ਦੂਰ ਨਹੀਂ ਰਹਿਣੀ।

ਇਹ ਕਿਸਾਨ, ਅਚਿੰਤੇ ਪਏ ਬਾਜਾਂ ਨੂੰ ਸਸਕੇਰਨ ਅਤੇ ਉਨ੍ਹਾਂ ਦੇ ਖੰਭਾਂ ਨੂੰ ਨੋਚਣ ਆਏ ਨੇ ਤਾਂ ਕਿ ਉਹ ਚਿੜੀਆਂ ਦਾ ਸ਼ਿਕਾਰ ਨਾ ਕਰ ਸਕਣ। ਬੋਟਾਂ ਨੂੰ ਚੋਗ ਤੋਂ ਮਹਿਰੂਮ ਨਾ ਕਰ ਸਕਣ। ਆਲ੍ਹਣੇ ਨੂੰ ਤੀਲਾ-ਤੀਲਾ ਨਾ ਕਰ ਸਕਣ ਅਤੇ ਨਾ ਹੀ ਬੋਟਾਂ ਨੂੰ ਪਰ ਤੇ ਪਰਵਾਜ਼ ਦੀ ਰਹਿਮਤ ਤੋਂ ਵਰਜਣ। ਬੋਟ ਜਿਉਂਦੇ ਰਹੇ ਤਾਂ ਉਹ ਖੁਦ ਹੀ ਉਡਣਾ ਸਿੱਖ ਜਾਣਗੇ। ਚੋਗ ਭਾਲਣ ਲਈ ਉਡਾਰੀ ਵੀ ਭਰ ਸਕਣਗੇ ਅਤੇ ਸ਼ਿਕਰਿਆਂ ਤੋਂ ਵੀ ਆਪਣਾ ਬਚਾ ਕਰ ਸਕਣਗੇ। ਬੋਟ ਹੀ ਕਿਸੇ ਨਸਲ ਦਾ ਭਵਿੱਖ ਹੁੰਦੇ ਹਨ ਅਤੇ ਜੇ ਭਵਿੱਖ ਹੀ ਖਤਮ ਹੋ ਗਿਆ ਤਾਂ ਨਸਲਾਂ ਕਿਵੇਂ ਬਚਣਗੀਆਂ?

ਇਹ ਕਿਸਾਨ ਲਾਚਾਰਾਂ, ਨਿਤਾਣਿਆਂ, ਅਬਲਾਵਾਂ, ਵਿਧਵਾਵਾਂ, ਨਿਰਦੋਸ਼ਾਂ, ਨਾਕਰਮਿਆਂ ਤੇ ਮਾਂ-ਮਛੋਰਾਂ ਦੀ ਤਲੀ ਤੇ ਕਿਸਮਤ ਰੇਖਾਵਾਂ ਉਘਾੜਨ ਆਏ ਨੇ, ਜਿਹੜੀਆਂ ਉਨ੍ਹਾਂ ਦੇ ਰੱਟਣਾਂ ਵਿਚ ਗਵਾਚ ਗਈਆਂ ਅਤੇ ਬਿਆਈਆਂ ਵਿਚ ਲੁੱਪਤ ਹੋ ਗਈਆਂ ਨੇ। ਇਹ ਉਨ੍ਹਾਂ ਨੂੰ ਸੁਲਗ, ਸੁਚੇਤ, ਸਮਰੱਥ, ਸਹਿਯੋਗੀ, ਸਹਾਇਕ, ਸਿਰੜੀ ਅਤੇ ਸਿਦਕੀ ਬਣਨ ਦੀ ਵਿਧਾ ਸਮਝਾਉਣ ਆਏ ਨੇ।

ਇਹ ਕਿਸਾਨ, ਵਾੜਾਂ ਵਿਚ ਤਾੜੇ, ਜੰਗਲਿਆਂ ਵਿਚ ਕਾਬੂ, ਕੋਠੜੀਆਂ ਵਿਚ ਬੰਦ, ਕਮਰਿਆਂ ਵਿਚ ਕੈਦ ਲੋਕਾਂ ਨੂੰ ਖੁੱਡਿਆਂ 'ਚੋਂ ਬਾਹਰ ਨਿਕਲਣ, ਤਾਜੀ ਹਵਾ ਵਿਚ ਸਾਹ ਲੈਣ, ਧੁੱਪ ਤੇ ਰੌਸ਼ਨੀ ਵਿਚ ਨਹਾਉਣ ਅਤੇ ਰੰਗਾਂ ਤੇ ਮਹਿਕਾਂ ਵਿਚ ਖੁਦ ਨੂੰ ਭਿਉਣ ਦੀ ਚਾਹਨਾ ਪੈਦਾ ਕਰਨ ਦਾ ਸੁੱਖਦ ਸੁਨੇਹਾ ਵੀ ਨੇ।

ਇਹ ਕਿਸਾਨ ਤਾਂ ਦਰਿਆਵਾਂ ਵਰਗੇ, ਪਹਾੜਾਂ ਜਿਹੇ ਜੇਰਿਆਂ ਵਾਲੇ ਅਤੇ ਤੂਫਾਨਾਂ ਨੂੰ ਠੱਲ੍ਹਣ ਵਾਲੇ ਉਨ੍ਹਾਂ ਲੋਕਾਂ ਦਾ ਕਾਰਵਾਂ ਏ, ਜਿਨ੍ਹਾਂ ਨੇ ਸਮਿਆਂ ਦੀ ਤਕਦੀਰ ਘੜਨ, ਤਸਵੀਰ ਸਿਰਜਣ ਅਤੇ ਤਵਾਰੀਖ ਨੂੰ ਉਕਰਨ ਦਾ ਹਰਫਨਾਮਾ ਬਣਨਾ ਏ। ਇਨ੍ਹਾਂ ਦੀ ਪਿੱਠ 'ਤੇ ਇਨ੍ਹਾਂ ਦਾ ਇਤਿਹਾਸ, ਇਖਲਾਕ ਅਤੇ ਸਿਰ ਤੇ ਇੱਜਤਾਂ ਦਾ ਤਾਜ ਹੈ। ਇਹ ਖੁਦ ਦੀ ਤਾਜਪੋਸ਼ੀ ਕਰਨ ਵਾਲੀਆਂ ਬਿਗਾਨੀਆਂ ਧਿਰਾਂ ਅਤੇ ਠੁੰਮਣਿਆਂ ਹੇਠ ਜ਼ਿੰਦਗੀ ਨੂੰ ਬਸਰ ਨਹੀਂ ਕਰਦੇ। ਉਹ ਤਾਂ ਆਪਣੀ ਜ਼ਿੰਦਗੀ ਦੇ ਖੁਦ ਸਿਰਜਣਹਾਰੇ ਹਨ।

ਇਹ ਕਿਸਾਨ ਤਾਂ ਖੜਸੁੱਕ ਬਾਗ ਦੇ ਮਾਲੀ ਨੂੰ ਇਹ ਚਿਤਾਰਨ ਆਏ ਨੇ ਕਿ ਜਦ ਬਾਗ ਸੁੱਕ ਜਾਵੇ, ਫੁੱਲ ਮੁਰਝਾ ਜਾਣ, ਕਲੀਆਂ ਦੀ ਨਿਲਾਮੀ ਹੋਵੇ, ਕੱਚੀਆਂ ਕਰੂੰਬਲਾਂ ਨੂੰ ਮਰੋੜਿਆ ਜਾਵੇ, ਪਿਲੱਤਣਾਂ ਭਾਰੂ ਹੋਣ, ਮਹਿਕ ਨੂੰ ਬਦਬੂ ਦਾ ਸਰਾਪ ਮਿਲੇ ਅਤੇ ਬਹਾਰ ਵਿਚੋਂ ਵੈਰਾਨਗੀ ਦਾ ਝਲਕਾਰਾ ਪਵੇ ਤਾਂ ਜਰੂਰੀ ਹੋ ਜਾਂਦਾ ਏ ਕਿ ਮਾਲੀ ਸੁਚੇਤ ਹੋ ਜਾਵੇ। ਉਹ ਅਲਾਮਤਾਂ ਨੂੰ ਸਮਝੇ। ਬਾਗ ਦੀ ਪੁਰਾਤੱਤਵ ਮੁਹਾਰ, ਬਹਾਰ, ਲਬਰੇਜ਼ਤਾ ਅਤੇ ਰੰਗਰੇਜ਼ਤਾ ਦੀ ਬਹਾਲੀ ਲਈ ਸੁੱਘੜ ਸਾਧਨ ਜੁਟਾਵੇ ਤੇ ਬਾਗ ਵਿਚੋਂ ਬਹਿਸ਼ਤ ਦਾ ਹੁਲਾਰ ਆਵੇ।

ਇਹ ਕਿਸਾਨ, ਸੁਪਨਹੀਣ ਨੈਣਾਂ ਵਿਚ ਸੁਪਨੇ ਧਰਨ ਆਏ ਨੇ। ਸਮਝਾਉਣ ਆਏ ਨੇ ਕਿ ਸਭ ਤੋਂ ਜ਼ਰੂਰੀ ਹੁੰਦਾ ਏ ਸੁਪਨਾ ਲੈਣਾ ਅਤੇ ਇਸ ਦੀ ਪੂਰਨਤਾ ਨੂੰ ਆਪਣੀ ਜੀਵਨ-ਜਾਚ ਬਣਾਉਣਾ। ਸੁਪਨਹੀਣਤਾ ਵਿਚੋਂ ਪ੍ਰਾਪਤੀ ਦਾ ਕਿਆਸ ਕਿੰਜ ਲਾਵੋਗੇ? ਜਦ ਸੁਪਨੇ ਕਬਰਾਂ ਬਣਦੇ ਹਨ ਤਾਂ ਸਿਰਫ ਕੀਰਨੇ ਹੀ ਸੁਣਾਈ ਦਿੰਦੇ ਹਨ। ਕਹਿਕਸ਼ਾਂ ਲਈ ਕਿਰਤੀਆਂ ਦੀ ਕਰਮਯੋਗਤਾ ਜ਼ਰੂਰੀ ਹੈ।

ਇਹ ਕਿਸਾਨ, ਸਾਂਝਰੇ ਸਾਂਝਰੇ ਪਿੰਡਾਂ ਵਿਚ ਗੇੜੀ ਦਿੰਦੇ ਉਨ੍ਹਾਂ ਫੱਕਰਾਂ ਵਰਗੇ ਹਨ, ਜੋ ਲੋਕਾਂ ਨੂੰ ਜਾਗਣ ਦਾ ਹੋਕਰਾ ਲਾਉਂਦੇ ਹੋਏ, ਸਵੇਰ ਦੀ ਸ਼ੁਭ-ਅਰੰਭਤਾ ਲਈ ਅਰਦਾਸ ਕਰਦੇ ਹੋਏ, ਕੁਲ ਆਲਮ ਲਈ ਦੁਆਵਾਂ ਮੰਗਦੇ ਹਨ। ਸਰਬੱਤ ਦਾ ਭਲਾ ਮੰਗਣ ਵਾਲਿਆਂ ਦੀ ਸੋਚ ਵਿਚਲੀ ਵਸੀਹਤਾ, ਵਿਲੱਖਣਤਾ ਅਤੇ ਵਿਰਾਟਤਾ ਨੂੰ ਸੀਮਤ ਸ਼ਬਦਾਂ ਜਾਂ ਅਰਥਾਂ ਵਿਚ ਬੰਨਿਆ ਨਹੀਂ ਜਾ ਸਕਦਾ। ਫੱਕਰਾਂ ਵਰਗੇ ਲੋਕਾਂ ਦੀ ਜ਼ਮੀਰ, ਜ਼ਹਿਨੀਅਤ ਅਤੇ ਜਜ਼ਬਾ ਹਮੇਸ਼ਾ ਨਿੱਜ ਤੋਂ ਪਰੇ ਤੇ ਪਾਕੀਜ਼ ਹੁੰਦਾ ਹੈ।

ਇਹ ਕਿਸਾਨ, ਕਿਰਤ-ਕਮਾਈ ਦੀ ਨਿਰੀ ਯੋਗ ਕਮਾਉਂਦੇ-ਕਮਾਉਂਦੇ, ਹੁਣ ਹੰਭ-ਹਾਰ ਚੁਕੇ ਨੇ। ਇਹ ਪਿੰਡੇ ਤੋਂ ਵਿਭੂਤੀ ਲਾਹ, ਗੁਰੂ ਗੋਰਖ ਨਾਥ ਨੂੰ ਆਪਣਾ ਕਰਮੰਡਲ, ਰੁਦਰਮਾਲਾ ਤੇ ਮੁੰਦਰਾਂ ਵਾਪਸ ਕਰਕੇ, ਮੋਢੇ 'ਤੇ ਲਟਕਦੀ ਖਾਲੀ ਬਗਲੀ ਲਈ ਸੰਧਾਰੇ ਦਾ ਸ਼ਗੂਫਾ ਲੈਣ ਆਏ ਨੇ। ਖਾਲੀ ਬਗਲੀ ਨਾਲ ਭਲਾ ਕਿੰਨਾ ਕੁ ਚਿਰ ਜੋਗ ਕਮਾਈ ਜਾ ਸਕਦੀ ਏ? ਇਹ ਬਹੁਤ ਚਿਰ ਤੋਂ ਅਲਖ ਜਗਾਈ ਬੈਠੇ ਨੇ, ਗੋਰਖ ਨਾਥ ਜੀ ਇਨ੍ਹਾਂ ਨੂੰ ਖਾਲੀ ਨਾ ਮੋੜਿਓ, ਕਿਉਂਕਿ ਜੋਗੀਆਂ ਦੀ ਬਦ-ਦੁਆ ਬਹੁਤ ਮਾੜੀ ਹੁੰਦੀ ਹੈ!

###

# ਇਹ ਸੋਚਣ ਦੀ ਬੇਲਾ

ਦਵਿੰਦਰ ਕੌਰ
davindergkaur@gmail.com

ਜ਼ਿੰਦਗੀ ਹਰ ਸਾਹ ਨਾਲ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਇਹ ਸਾਡੇ 'ਤੇ ਨਿਰਭਰ ਕਰਦਾ ਕਿ ਅਸੀਂ ਕੀ ਸਿੱਖਣਾ ਤੇ ਕੀ ਨਹੀਂ? ਇਨਸਾਨ ਤਮਾਮ ਉਮਰ ਜਜ਼ਬਾਤੀ ਹੋ ਕੇ ਅਨੇਕਾਂ ਫੈਸਲੇ ਕਰਦਾ ਤੇ ਕਈ ਵਾਰ ਉਨ੍ਹਾਂ ਦਾ ਨਤੀਜਾ ਸਾਡੀ ਸੋਚ ਮੁਤਾਬਿਕ ਉਸ ਵੇਲੇ ਸਹੀ ਨਹੀਂ ਹੁੰਦਾ; ਕਿਉਂਕਿ ਸਾਡੀ ਸੋਚਣ ਸ਼ਕਤੀ ਉਨ੍ਹਾਂ ਹਾਲਾਤ ਦੇ ਅਨੁਕੂਲ ਕੰਮ ਨਹੀਂ ਕਰ ਰਹੀ ਹੁੰਦੀ।

ਇਹ ਸਾਡੇ ਹਾਲਾਤ ਹੀ ਹਨ, ਜਿਨ੍ਹਾਂ ਕਰਕੇ ਅੱਜ ਅਸੀਂ ਕਿਸੇ ਮੁਕਾਮ 'ਤੇ ਪਹੁੰਚ ਅਨੇਕਾਂ ਸੱਜਣ ਪਿਆਰਿਆਂ ਨੂੰ ਮਿਲੇ ਤੇ ਫਿਰ ਵਿੱਛੜ ਵੀ ਗਏ। ਸ਼ਾਇਦ! ਇਹੀ ਜ਼ਿੰਦਗੀ ਦੀ ਬੇਲਾ ਹੈ।

ਮਿਲਣਾ-ਵਿੱਛੜਨਾ ਉਸ ਮਾਲਿਕ ਨੇ ਸਾਡੇ ਜੰਮਣ ਤੋਂ ਪਹਿਲਾਂ ਹੀ ਲਿਖ ਕੇ ਭੇਜਿਆ। ਇਹ ਗੱਲਾਂ ਬਹੁਤ ਸਧਾਰਨ ਹਨ, ਪਰ ਅਸੀਂ ਇਨ੍ਹਾਂ ਦਾ ਹੀ ਮਹੱਤਵ ਭੁੱਲਦੇ ਜਾਂਦੇ ਹਾਂ। ਜੋ ਸਾਡੇ ਕੋਲ ਹੈ, ਅਸੀਂ ਕਿਉਂ ਉਸ 'ਚ ਖੁਸ਼ ਨਹੀਂ ਤੇ ਜੋ ਦੂਜੇ ਕੋਲ ਹੈ, ਉਹਨੂੰ ਦੇਖ ਕਿਉਂ ਪ੍ਰੇਸ਼ਾਨ ਹਾਂ? ਹਰ ਕਿਸੇ ਦੀ ਆਪਣੀ ਜੀਵਨ ਯਾਤਰਾ ਹੈ, ਅਸੀਂ ਉਦੋਂ ਤੀਕ ਹੀ ਉਸ ਦੀ ਯਾਤਰਾ ਦਾ ਹਿੱਸਾ ਹਾਂ, ਜਿੰਨਾ ਚਿਰ ਉਸ ਮਾਲਕ ਦਾ ਹੁਕਮ ਹੈ। ਹੁਣ ਸਵਾਲ ਹੈ, ਹੁਕਮ ਕੀ ਹੈ? ਹੁਕਮ ਉਹਦੀ ਰਜ਼ਾ 'ਚ ਰਾਜ਼ੀ ਰਹਿਣਾ...; ਪਰ ਰਾਜ਼ੀ ਕਿਵੇਂ ਰਹੀਏ? ਕਿਉਂਕਿ ਸਾਨੂੰ ਤਾਂ ਸਾਰਾ ਕੁਝ ਸਾਡੀ ਮਰਜ਼ੀ ਮੁਤਾਬਕ ਜੋ ਚਾਹੀਦਾ! ਮਰਜ਼ੀ ਮੁਤਾਬਕ ਜੋ ਨਹੀਂ ਕਰਦਾ ਜਾਂ ਨਹੀਂ ਹੁੰਦਾ, ਉਹ ਪਲ, ਉਹ ਰਿਸ਼ਤਾ ਦੁੱਖ ਦਿੰਦਾ। ਸੱਜਣ ਪਿਆਰੇ ਰੁੱਸਦੇ ਨੇ ਕੁਝ ਪਲਾਂ ਲਈ ਜਾਂ ਫੇਰ ਉਮਰਾਂ ਤੇ ਜਨਮਾਂ ਲਈ।

ਕਹਿੰਦੇ ਨੇ, "ਬੰਦਾ ਕੇਰਾਂ ਬਿੰਦ ਦਾ ਖੁੰਝਿਆ, ਸੌ ਕੋਹ 'ਤੇ ਜਾ ਪੈਂਦਾ।" ਇਹ ਕਥਨ ਮੁੱਢ ਤੋਂ ਹੀ ਸਾਡੇ ਅਨੇਕਾਂ ਸਵਾਲਾਂ ਦੇ ਜਵਾਬ ਨਾਲ ਲੈ ਪੀੜੀ-ਦਰ-ਪੀੜੀ ਤੁਰਿਆ ਆਉਂਦਾ ਹੈ, ਪਰ ਸਾਡੇ ਕੋਲ ਸਮਾਂ ਹੀ ਕਿੱਥੇ ਹੈ! ਸਾਡੇ ਪੁਰਖਿਆਂ ਦੀਆਂ ਕਥਾ ਕਹਾਣੀਆਂ ਸੁਣਨ ਅਤੇ ਉਨ੍ਹਾਂ 'ਤੇ ਅਮਲ ਕਰਨ ਦਾ! ਅਸੀਂ ਨਾਸ਼ੁਕਰੇ ਲੋਕ ਸਿਰਫ ਆਪਣੀ ਹੋਂਦ ਤੇ ਵਿਰਾਸਤ ਨੂੰ ਨਹੀਂ ਭੁੱਲੇ, ਸਗੋਂ ਅਸੀਂ ਤਾਂ ਆਪਣਾ ਆਪ ਵੀ ਵਿਸਾਰ ਦਿੱਤਾ; ਰਿਸ਼ਤਿਆਂ ਨੂੰ ਜਿਉਣ ਦੀ ਜਾਚ ਭੁੱਲਦੇ ਗਏ ਤੇ ਅੱਜ ਕੱਲਮ 'ਕੱਲੇ ਤੁਰੇ ਫਿਰਦੇ ਹਾਂ।

ਸਾਨੂੰ ਲੋੜ ਹੈ ਸਾਡੇ ਸਹਿਜ ਮਨ ਨਾਲ ਸੋਚਣ ਦੀ ਤੇ ਉਸ ਵੇਲੇ ਨੂੰ ਸਾਂਭਣ ਦੀ, ਤਾਂ ਜੋ ਸਾਡਾ ਕੋਈ ਆਪਣਾ ਸਾਡੇ ਤੋਂ ਸਦਾ ਲਈ ਵਿੱਛੜ ਨਾ ਜਾਵੇ। ਜੇ ਤੁਹਾਡੀ ਜ਼ਿੰਦਗੀ 'ਚ ਕੋਈ ਨਿੱਘਾ ਰਿਸ਼ਤਾ ਹੈ, ਤਾਂ ਉਹਨੂੰ ਹਮੇਸ਼ਾ ਲਈ ਸਾਂਭ ਕੇ ਰੱਖੋ, ਨਾ ਕਿ ਆਪਣੇ ਅਹਿਮ 'ਚ ਉਸ ਨੂੰ ਸਦਾ ਲਈ ਗੁਆ ਲਉ।

ਜ਼ਿੰਦਗੀ ਦਾ ਸਫਰ ਬਹੁਤ ਛੋਟਾ ਹੈ; ਰਿਸ਼ਤਾ ਨਾ ਛੱਡੋ, ਗਲਤਫਹਿਮੀ ਦੂਰ ਕਰੋ। ਮੈਂ ਇਸ ਸੁਨੇਹੇ ਰਾਹੀਂ ਉਨ੍ਹਾਂ ਬੇਪ੍ਰਵਾਹ ਲੋਕਾਂ ਨੂੰ ਗੰਭੀਰਤਾ ਨਾਲ ਸੋਚਣ ਲਈ ਪ੍ਰੇਰਨਾ ਚਾਹੁੰਦੀ ਹਾਂ; ਕੀ ਕਿਸੇ ਨੂੰ ਆਪਣੀ ਸੋਚ ਦੀ ਤੱਕੜੀ 'ਚ ਤੋਲਣ ਤੋਂ ਪਹਿਲਾਂ ਕੇਰਾਂ ਇਕ ਵਾਰੀ ਤਾਂ ਜ਼ਰੂਰ ਉਹਦੇ ਹਲਾਤਾਂ ਵੱਲ ਧਿਆਨ ਦੇਣ, ਕਿਉਂਕਿ 'ਇਹ ਸੋਚਣ ਦੀ ਬੇਲਾ'

# ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਸੰਬੰਧੀ ਕੁਝ ਅਹਿਮ ਸਵਾਲ

28 ਮਾਰਚ 2021 ਨੂੰ ਨੀਤੀ ਆਯੋਗ ਦੇ ਮੈਂਬਰ (ਖੇਤੀਬਾੜੀ) ਡਾ. ਰਮੇਸ਼ ਚੰਦ ਨੇ ਕਿਹਾ ਕਿ ਜੇ ਖੇਤੀਬਾੜੀ ਕਾਨੂੰਨ ਜਲਦੀ ਹੀ ਅਮਲ ਵਿਚ ਨਾ ਲਿਆਂਦੇ ਗਏ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਨੂੰ ਦੁੱਗਣੀ ਕਰਨ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਇਨ੍ਹਾਂ ਕਾਨੂੰਨਾਂ ਉੱਪਰ ਧਾਰਾ-ਦਰ-ਧਾਰਾ ਵਿਚਾਰ-ਵਟਾਂਦਰਾ ਕਰਨ ਲਈ ਤਿਆਰ ਹੈ। ਕਿਸਾਨ ਆਗੂਆਂ ਨੂੰ ਇਸ ਪੇਸ਼ਕਸ਼ ਉੱਪਰ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਮੱਸਿਆ ਦਾ ਹੱਲ ਕੁਝ ਦੇਣ ਤੇ



ਕੁਝ ਲੈਣ ਨਾਲ ਹੀ ਨਿੱਕਲ ਸਕਦਾ ਹੈ ਅਤੇ ਜੇ ਕਿਸਾਨ ਆਪਣੀਆਂ ਮੰਗਾਂ ਉੱਤੇ ਅੜੇ ਰਹਿੰਦੇ ਹਨ ਤਾਂ ਅੱਗੇ ਕੋਈ ਰਾਹ ਨਿਕਲਣਾ ਮੁਸ਼ਕਿਲ ਹੋਵੇਗਾ।

**ਡਾ. ਗਿਆਨ ਸਿੰਘ**
**ਫੋਨ: 424-422-7025**

ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਕਿਸਾਨਾਂ ਲਈ ਇਨ੍ਹਾਂ ਕਾਨੂੰਨਾਂ ਨੂੰ ਡੇਢ ਸਾਲ ਤੱਕ ਲਾਗੂ ਨਾ ਕਰਨ ਦਾ ਇਕ ਚੰਗਾ ਬਦਲ ਦਿੱਤਾ ਹੈ।

ਯੂ. ਪੀ. ਏ.-2 ਸਰਕਾਰ ਨੇ ਅਪਰੈਲ 2013 ਵਿਚ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਕੇਂਦਰ ਨੂੰ ਸਿਫਾਰਸਾਂ ਕਰਨ ਦੀ ਵਿਧੀ ਦੀ ਪੜਚੋਲ ਕਰਨ ਲਈ ਡਾ. ਰਮੇਸ਼ ਚੰਦ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਪਹਿਲੀ ਅਪਰੈਲ 2015 ਨੂੰ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਦੇ ਦਿੱਤੀ ਸੀ। ਡਾ. ਰਮੇਸ਼ ਚੰਦ ਦੀ ਅਗਵਾਈ ਵਾਲੀ ਕਮੇਟੀ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਕੀਤੀਆਂ ਗਈਆਂ ਸਿਫਾਰਸ਼ਾਂ ਡਾ. ਐੱਮ. ਐੱਸ. ਸਵਾਮੀਨਾਥਨ ਮੁੜ ਦਿੱਤੇ ਗਏ ਸੁਝਾਅ, ਜਿਸ ਵਿਚ ਕੁੱਲ ਉਤਪਾਦਨ ਲਾਗਤ (ਸੀ-2) ਉੱਪਰ 50 ਫੀਸਦੀ ਨਫਾ ਦੇਣ ਬਾਰੇ ਕਿਹਾ ਗਿਆ ਸੀ, ਤੋਂ ਕਾਫੀ ਅੱਗੇ ਸਨ, ਜਿਸ ਕਰਕੇ ਉਸ ਸਮੇਂ ਡਾ. ਰਮੇਸ਼ ਚੰਦ ਦੀਆਂ ਸਿਫਾਰਸ਼ਾਂ ਨੂੰ ਕਿਸਾਨ-ਪੱਖੀ ਮੰਨਿਆ ਗਿਆ ਅਤੇ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ।

ਇਸ ਕਮੇਟੀ ਦੀਆਂ ਹੋਰ ਸਿਫਾਰਸ਼ਾਂ ਤੋਂ ਇਲਾਵਾ ਖੇਤੀਬਾੜੀ ਵਿਚ ਜੋਖਮ ਅਤੇ ਉਸ ਦੇ ਪ੍ਰਬੰਧਕੀ ਕੰਮਾਂ ਨੂੰ ਦੇਖਦਿਆਂ 10 ਫੀਸਦੀ ਵਾਧੂ ਭਾਅ ਦੇਣਾ, ਘੱਟੋ-ਘੱਟ ਸਮਰਥਨ ਕੀਮਤਾਂ ਅਤੇ ਮੰਡੀ ਦੀਆਂ ਕੀਮਤਾਂ ਦੇ ਅੰਤਰ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਅਤੇ ਪਰਿਵਾਰ ਦੇ ਮੁਖੀ ਨੂੰ ਹੁਨਰਮੰਦ ਕਿਰਤੀ ਮੰਨ ਕੇ ਉਸ ਦੀ ਮਜ਼ਦੂਰੀ ਨਿਸ਼ਚਿਤ ਕਰਨ ਸੰਬੰਧੀ ਸਿਫਾਰਸ਼ਾਂ ਨੂੰ ਕਿਸਾਨ-ਪੱਖੀ ਮੰਨਦਿਆਂ ਇਨ੍ਹਾਂ ਦੀ ਪ੍ਰਸ਼ੰਸਾ ਹੋਈ। ਇਨ੍ਹਾਂ ਸਿਫਾਰਸ਼ਾਂ ਤੋਂ ਇਲਾਵਾ ਇਸ ਕਮੇਟੀ ਅਨੁਸਾਰ ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਨਾ ਮਿਲਣ ਕਾਰਨ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਹੋਣੀਆਂ ਸੰਭਵ ਨਹੀਂ, ਜਿਸ ਕਰਕੇ ਉਹ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ। ਇਸ ਸੰਬੰਧੀ ਕਮੇਟੀ ਨੇ ਵਿਚਾਰ ਪ੍ਰਗਟਾਇਆ ਸੀ ਕਿ ਕਿਸਾਨਾਂ ਨੂੰ ਮੰਡੀ ਦੀਆਂ ਤਾਕਤਾਂ (ਲੁੱਟਾਂ) ਤੋਂ ਸੁਰਖਿਆ ਦੀ ਲੋੜ ਹੈ। ਐੱਨ. ਡੀ. ਏ. ਸਰਕਾਰ ਦੁਆਰਾ ਯੋਜਨਾ ਕਮਿਸ਼ਨ ਦਾ ਭੋਗ ਪਾਉਣ ਤੋਂ ਬਾਅਦ ਉਸ ਦੀ ਜਗ੍ਹਾ ਬਣਾਏ ਨੀਤੀ ਆਯੋਗ ਵਿਚ ਡਾ. ਰਮੇਸ਼ ਚੰਦ ਮੈਂਬਰ (ਖੇਤੀਬਾੜੀ) ਬਣ ਗਏ ਅਤੇ ਹੁਣ ਉਹ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਲਈ ਮੰਡੀ ਦੀਆਂ ਤਾਕਤਾਂ ਦੀ ਵਕਾਲਤ ਕਰ ਰਹੇ ਹਨ।

ਕਿਸਾਨਾਂ ਦੀ ਆਮਦਨ ਨੂੰ 2022 ਤੱਕ ਦੁੱਗਣਾ ਕਰਨ ਦੇ ਸੰਬੰਧ ਵਿਚ ਸਭ ਤੋਂ ਪਹਿਲਾ ਸਵਾਲ ਇਹ ਬਣਦਾ ਹੈ ਕਿ ਡਾ. ਰਮੇਸ਼ ਚੰਦ ਅਜਿਹਾ ਕਰਨ ਲਈ ਕੇਂਦਰ ਸਰਕਾਰ ਦੁਆਰਾ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਜਲਦੀ ਨਾਲ ਲਾਗੂ ਕਰਨ ਲਈ 28 ਮਾਰਚ 2021 ਨੂੰ ਜ਼ੋਰ ਦੇ ਰਹੇ ਹਨ, ਜਦੋਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਵਾਅਦਾ ਤਾਂ 28 ਫਰਵਰੀ 2016 ਨੂੰ ਬਰੇਲੀ ਵਿਖੇ ਆਪਣੇ ਇਕ ਭਾਸ਼ਨ ਵਿਚ ਕੀਤਾ ਸੀ। ਉਨ੍ਹਾਂ ਨੇ ਇਹ ਵਾਅਦਾ ਕਰਨ ਸਮੇਂ ਖੇਤੀਬਾੜੀ ਨਾਲ ਸੰਬੰਧਿਤ ਕਿਸੇ ਨਵੇਂ ਕਾਨੂੰਨ ਬਣਾਉਣ ਦੀ ਕੋਈ ਵੀ ਸ਼ਰਤ ਨਹੀਂ ਰੱਖੀ ਸੀ। ਜਦੋਂ ਲੋਕ ਸਭਾ ਵਿਚ ਕਿਸਾਨਾਂ ਦੀ ਆਮਦਨ ਦੇ ਅੰਕੜਿਆਂ ਬਾਰੇ ਸਾਵਲ ਕੀਤਾ ਗਿਆ ਤਾਂ ਪਤਾ ਲੱਗਾ ਕਿ ਸਰਕਾਰ ਕੋਲ ਅਜਿਹੇ ਅੰਕੜੇ ਨਹੀਂ ਹਨ। 2015-16 ਦੇ ਸਾਲ ਲਈ ਕਿਸਾਨਾਂ ਦੀ ਆਮਦਨ ਨੂੰ ਜਾਣਨ ਲਈ ਨੈਸ਼ਨਲ ਸੈਂਪਲ ਸਰਵੇ ਦੇ 2011-12 ਦੇ ਅਨੁਮਾਨਾਂ ਨੂੰ ਆਧਾਰ ਬਣਾ ਕੇ 2015-16 ਲਈ ਇਕ ਭਾਰਤੀ ਕਿਸਾਨ ਪਰਿਵਾਰ ਦੀ ਸਾਲਾਨਾ ਆਮਦਨ 96,703 ਰੁਪਏ ਆਂਕੀ ਗਈ, ਜਿਹੜੀ 8059 ਰੁਪਏ ਪ੍ਰਤੀ ਮਹੀਨਾ ਅਤੇ ਪੰਜ ਜੀਆਂ ਦੇ ਪਰਿਵਾਰ ਲਈ 1612 ਰੁਪਏ ਪ੍ਰਤੀ ਜੀਅ ਪ੍ਰਤੀ ਮਹੀਨਾ ਜਾਂ 54 ਰੁਪਏ ਦੇ ਕਰੀਬ ਪ੍ਰਤੀ ਦਿਨ ਪ੍ਰਤੀ ਜੀਅ ਬਣਦੀ ਸੀ।

2016 ਤੋਂ 2022 ਤੱਕ ਦੇ 6 ਸਾਲਾਂ ਵਿਚ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਲਈ ਉਨ੍ਹਾਂ ਦੀ ਆਮਦਨ ਵਿਚ 10.4 ਫੀਸਦੀ ਸਾਲਾਨਾ ਵਾਧਾ ਹੋਣਾ ਬਣਦਾ ਹੈ। ਕਿਸਾਨਾਂ ਦੀ ਆਮਦਨ ਦੇ ਠੀਕ ਅੰਕੜਿਆਂ ਦੀ ਉਪਲਬਧੀ ਦਾ ਨਾ ਹੋਣਾ ਇਕ ਵੱਡੀ ਸਮੱਸਿਆ ਹੈ। ਕੇਂਦਰ ਸਰਕਾਰ ਦੇ ਆਪਣੇ ਇਕ ਦਫਤਰ ਨੈਸ਼ਨਲ ਸੈਂਪਲ ਸਰਵੇ ਦੇ ਅੰਕੜਿਆਂ ਤੋਂ 2018 ਦੌਰਾਨ ਕਿਸਾਨਾਂ ਦੀ ਘਟੀ ਹੋਈ ਆਮਦਨ ਬਾਰੇ ਅਖਬਾਰ ਚਰਚਾ ਦਾ ਵਿਸ਼ਾ ਬਣੀ ਸੀ। ਬਾਅਦ ਵਿਚ ਸਰਕਾਰ ਨੇ ਇਨ੍ਹਾਂ ਅੰਕੜਿਆਂ ਨੂੰ ਜਾਰੀ ਕਰਨ ਤੋਂ ਰੋਕ ਦਿੱਤਾ ਸੀ। ਭਾਰਤ ਵਿਚ ਕਿਸਾਨਾਂ ਦੀ ਆਮਦਨ ਵਿਚ ਵਾਧੇ ਦੇ ਨੇੜੇ-ਤੇੜੇ ਦੇ ਅਨੁਮਾਨ ਲਾਉਣ ਲਈ ਖੇਤੀਬਾੜੀ ਖੇਤਰ ਦੇ ਕੁੱਲ ਮੁੱਲ ਵਾਧੇ ਦੀ ਮਦਦ ਲਈ ਜਾ ਸਕਦੀ ਹੈ। 2016 ਤੋਂ, ਜਦੋਂ ਤੋਂ 6 ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਦਾ ਵਾਅਦਾ ਕੀਤਾ ਗਿਆ ਹੈ, ਹੁਣ ਤੱਕ ਦੇ 5 ਸਾਲਾਂ ਦੌਰਾਨ 24.5 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਡਾ. ਰਮੇਸ਼ ਚੰਦ ਅਨੁਸਾਰ ਆਉਣ ਵਾਲੇ ਸਾਲ ਦੌਰਾਨ ਇਹ ਵਾਧਾ 3.5 ਫੀਸਦੀ ਹੋ ਸਕਦਾ ਹੈ। 2016 ਦੌਰਾਨ ਮੁਲਕ ਦੇ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੀ ਆਮਦਨ ਨੂੰ 2022 ਤੱਕ ਦੁੱਗਣਾ ਕਰਨ ਲਈ ਇਨ੍ਹਾਂ 6 ਸਾਲਾਂ ਦਾ ਵਾਧਾ



100 ਫੀਸਦੀ ਹੋਣਾ ਬਣਦਾ ਹੈ, ਜਦੋਂਕਿ ਸਰਕਾਰੀ ਅੰਕੜਿਆਂ ਅਨੁਸਾਰ ਇਹ ਵਾਧਾ ਤਾਂ ਸਿਰਫ 28 ਫੀਸਦੀ ਬਣਦਾ ਹੈ।

ਕੇਂਦਰ ਸਰਕਾਰ ਦੁਆਰਾ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਮੁਲਕ ਵਿਚ ਕਿਸਾਨਾਂ ਅਤੇ ਹੋਰ ਕਿਰਤੀ ਵਰਗਾਂ ਦੁਆਰਾ ਸੰਘਰਸ਼ ਚੱਲ ਰਿਹਾ ਹੈ। ਇਸ ਸੰਬੰਧ ਵਿਚ ਸੰਜੀਦਗੀ ਨਾਲ ਸੋਚਣ ਵਾਲਾ ਪੱਖ ਇਹ ਹੈ ਕਿ ਜੇ ਇਨ੍ਹਾਂ ਕਾਨੂੰਨਾਂ ਨੂੰ ਤੁਰੰਤ ਲਾਗੂ ਵੀ ਕਰ ਦਿੱਤਾ ਜਾਵੇ ਤਾਂ 6 ਸਾਲਾਂ ਵਿਚੋਂ ਰਹਿੰਦੇ ਇਕ ਸਾਲ ਵਿਚ ਨਿੱਜੀ ਮੰਡੀ ਦਾ ਕਿਹੜਾ ਝੁਰਲੂ ਕਿਸਾਨਾਂ ਦੀ ਆਮਦਨ ਵਿਚ 75 ਫੀਸਦੀ ਤੋਂ ਵਧ ਦਾ ਵਾਧਾ ਕਰ ਦੇਵੇਗਾ? ਜਦੋਂ ਕਿ ਨਿੱਜੀ ਮੰਡੀਆਂ ਦਾ ਉਦੇਸ਼ ਤਾਂ ਕਾਰੋਬਾਰੀਆਂ ਦੇ ਨਫਿਆਂ ਵਿਚ ਬੇਸ਼ੁਮਾਰ ਵਾਧਾ, ਨਾ ਕਿ ਕਿਸਾਨਾਂ ਦਾ ਭਲਾ ਕਰਨਾ ਹੁੰਦਾ ਹੈ।

2016 ਵਿਚ ਅਤੇ ਹੁਣ ਵੀ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਸੰਬੰਧੀ ਹੁਕਮਰਾਨਾਂ ਵੱਲੋਂ ਬਹੁਤ ਹੀ ਤੇਜ਼ੀ ਨਾਲ ਬਿਆਨ ਜਾਰੀ ਕੀਤੇ ਜਾ ਰਹੇ ਹਨ। ਇਸ ਸੰਬੰਧੀ ਕੁਝ ਬਹੁਤ ਹੀ ਮਹੱਤਵਪੂਰਨ ਸਵਾਲ ਹਨ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ 2015-16 ਦੌਰਾਨ ਕਿਸਾਨ ਪਰਿਵਾਰਾਂ ਦੀ ਪ੍ਰਤੀ ਦਿਨ ਪ੍ਰਤੀ ਜੀਅ ਆਮਦਨ 54 ਰੁਪਏ ਸੀ। ਜੇ ਕੇਂਦਰ ਸਰਕਾਰ ਆਪਣਾ ਵਾਅਦਾ ਪੂਰਾ ਕਰਦੀ ਹੈ ਤਾਂ 2022 ਦੌਰਾਨ ਇਹ ਆਮਦਨ 108 ਰੁਪਏ ਹੋ ਜਾਵੇਗੀ। 108 ਰੁਪਏ ਦੀ ਆਮਦਨ ਵਿਚ ਤਾਂ ਤਿੰਨ ਡੰਗਾਂ ਦੀ ਰੋਟੀ ਦਾ ਖਰਚਾ ਵੀ ਪੂਰਾ ਨਹੀਂ ਹੋਣਾ, ਜਦੋਂਕਿ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਵਿਚ ਰੋਟੀ ਤੋਂ ਇਲਾਵਾ ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਆਉਂਦੇ ਹਨ। ਪ੍ਰਤੀ ਜੀਅ ਆਮਦਨ ਔਸਤਨ ਆਮਦਨ ਨੂੰ ਦਰਸਾਉਂਦੀ ਹੈ। ਅਕਸਰ ਔਸਤਨ ਅੰਕੜੇ ਜਿੰਨਾ ਕੁਝ ਦਿਖਾਉਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਲੁਕੋ ਜਾਂਦੇ ਹਨ। ਮੁਲਕ ਦੇ ਸਾਰੇ ਕਿਸਾਨ ਇਕ ਸ਼੍ਰੇਣੀ ਨਾਲ ਸੰਬੰਧ ਨਹੀਂ ਰੱਖਦੇ। ਕਿਸਾਨਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿਚ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਆਉਂਦੇ ਹਨ।

ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਮੁਲਕ ਵਿਚ 68 ਫੀਸਦੀ ਦੇ ਕਰੀਬ ਕਿਸਾਨ ਉਹ ਹਨ, ਜਿਨ੍ਹਾਂ ਕੋਲ 2.5 ਏਕੜ ਤੋਂ ਘੱਟ ਜ਼ਮੀਨ ਹੈ ਅਤੇ 18 ਫੀਸਦੀ ਦੇ ਕਰੀਬ ਉਹ ਕਿਸਾਨ ਹਨ, ਜਿਨ੍ਹਾਂ ਕੋਲ 2.5 ਏਕੜ ਤੋਂ 5 ਏਕੜ ਤੋਂ ਘੱਟ ਜ਼ਮੀਨ ਹੈ। ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁਲਕ ਵਿਚ 86 ਫੀਸਦੀ ਦੇ ਕਰੀਬ ਕਿਸਾਨ ਸੀਮਾਂਤ ਤੇ ਛੋਟੇ ਕਿਸਾਨਾਂ ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ ਅਤੇ ਬਾਕੀ ਦੇ 14 ਫੀਸਦੀ ਕਿਸਾਨ ਅਰਧ-ਦਰਮਿਆਨੇ, ਦਰਮਿਆਨੇ ਤੇ ਵੱਡੇ ਕਿਸਾਨ ਸ਼੍ਰੇਣੀਆਂ ਵਿਚ ਆਉਂਦੇ ਹਨ (ਇਨ੍ਹਾਂ ਕੋਲ ਹੀ ਜ਼ਿਆਦਾ ਜ਼ਮੀਨ ਦੀ ਮਾਲਕੀ ਹੈ)। ਕਿਸਾਨ ਸ਼੍ਰੇਣੀਆਂ ਦੇ ਅੰਕੜੇ ਸਪਸ਼ਟ ਕਰਦੇ ਹਨ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣ ਤੋਂ ਬਾਅਦ ਦੀ ਸੀਮਾਂਤ ਤੇ ਛੋਟੇ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਵੇਗੀ।

ਮੁਲਕ ਦੀ 50 ਫੀਸਦੀ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਕਰਦੀ ਹੈ। ਇਸ ਆਬਾਦੀ ਵਿਚ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਆਉਂਦੇ ਹਨ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਵੱਡੇ ਕਿਸਾਨਾਂ ਨੂੰ ਛੱਡ ਕੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਨ੍ਹਾਂ ਆਪਣੇ ਸਿਰ ਖੜ੍ਹੇ ਕਰਜ਼ੇ ਨੂੰ ਮੋੜਨ ਬਾਰੇ ਤਾਂ ਕੀ ਸੋਚਣਾ ਹੈ, ਉਹ ਤਾਂ ਇਸ ਕਰਜ਼ੇ ਉੱਪਰਲਾ ਵਿਆਜ ਦੇਣ ਦੀ ਸਥਿਤੀ ਵਿਚ ਵੀ ਨਹੀਂ ਹਨ, ਕਿਉਂਕਿ ਉਨ੍ਹਾਂ ਨੂੰ ਆਪਣੀ ਦੋ-ਡੰਗਾਂ ਦੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ।

ਖੇਤੀਬਾੜੀ ਨਾਲ ਸੰਬੰਧਿਤ ਇਨ੍ਹਾਂ ਵਰਗਾਂ ਵਿਚੋਂ ਸਭ ਤੋਂ ਵੱਧ ਮਾੜੀ ਹਾਲਤ ਜ਼ਮੀਨ-ਵਿਹੂਣੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੈ, ਕਿਉਂਕਿ ਖੇਤੀਬਾੜੀ ਖੇਤਰ ਵਿਚ ਵਧਦਾ ਮਸ਼ੀਨੀਕਰਨ ਦਾ ਰੁਝਾਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਉਨ੍ਹਾਂ ਦੇ ਰੁਜ਼ਗਾਰ ਨੂੰ ਲਗਾਤਾਰ ਤੇਜ਼ੀ ਨਾਲ ਘੱਟ ਕਰ ਰਹੇ ਹਨ। ਇਨ੍ਹਾਂ ਦੋਵਾਂ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਬਿਨਾ ਉਤਪਾਦਨ ਦੇ ਕੋਈ ਹੋਰ ਸਾਧਨ ਨਹੀਂ ਹਨ। ਇਹ ਦੋਵੇਂ ਵਰਗ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲੇ ਉਹ ਦੋ ਡੰਡੇ ਹਨ, ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਇਸ ਸੰਬੰਧੀ ਸੰਜੀਦਗੀ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ ਕਿ ਕਿਸਾਨਾਂ ਨਾਲ ਉਨ੍ਹਾਂ ਦੀ ਆਮਦਨ ਦੁੱਗਣਾ ਕਰਨ ਦੇ ਵਾਅਦੇ ਤਾਂ ਕੀਤੇ ਗਏ, ਪਰ ਵਾਅਦਿਆਂ ਵਿਚ ਵੀ ਇਨ੍ਹਾਂ ਦੋਵਾਂ ਵਰਗਾਂ ਨੂੰ ਉੱਕਾ ਹੀ ਵਿਸਾਰ ਦਿੱਤਾ ਗਿਆ, ਜਦੋਂਕਿ ਇਨ੍ਹਾਂ ਦੀ ਆਮਦਨ ਵਧਾਉਣ ਦੀ ਤਰਜੀਹ ਪਹਿਲੀ ਹੋਣੀ ਬਣਦੀ ਹੈ।

ਕਰੋਨਾ ਵਾਇਰਸ ਮਹਾਮਾਰੀ ਨੇ ਚਿੱਟੇ ਦਿਨ ਵਾਂਗ ਚੇਤੇ ਕਰਵਾ ਦਿੱਤਾ ਹੈ ਕਿ ਮਨੁੱਖਾਂ ਦਾ ਕਾਰਾਂ, ਕੋਠੀਆਂ/ਮਹਿਲਾਂ, ਜਹਾਜਾਂ, ਫੋਨਾਂ ਅਤੇ ਇਨ੍ਹਾਂ ਵਰਗੀਆਂ ਹੋਰ ਵਸਤਾਂ ਤੋਂ ਬਿਨਾ ਸਰ ਸਕਦਾ ਹੈ, ਪਰ ਉਨ੍ਹਾਂ ਦੀ ਹੋਂਦ ਲਈ ਰੋਟੀ ਬਹੁਤ ਜ਼ਰੂਰੀ ਹੈ। ਮਨੁੱਖਤਾ ਦੀ ਜੀਵਨ-ਰੇਖਾ ਨੂੰ ਚੱਲਦੇ ਰੱਖਣ ਲਈ ਖੇਤੀਬਾੜੀ ਕਰਨ ਵਾਲੇ ਵਰਗਾਂ ਦਾ ਸੁਖੀ ਹੋਣਾ ਬਹੁਤ ਜ਼ਰੂਰੀ ਹੈ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਜ਼ਿੰਦਗੀ ਨੂੰ ਸੁਖੀ ਬਣਾਉਣ ਲਈ ਆਰਥਿਕ, ਰਾਜਸੀ, ਬੌਧਿਕ ਅਤੇ ਹੋਰ ਪ੍ਰਦੂਸ਼ਣਾਂ ਉੱਪਰ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਮੁਲਕ ਵਿਚ ਵਧ ਰਹੀਆਂ ਆਰਥਿਕ ਅਤੇ ਹੋਰ ਅਸਮਾਨਤਾਵਾਂ ਉੱਪਰ ਕਾਬੂ ਪਾਉਣ ਲਈ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਨਾਇਆ ਜਾਣਾ ਜ਼ਰੂਰੀ ਹੈ। ਰਾਜਸੀ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਲੋਕਾਂ ਦਾ ਸੰਗਠਿਤ ਹੋਣਾ ਅਤੇ ਰਾਜਸੀ ਲੋਕਾਂ ਨੂੰ ਸਵਾਲ ਕਰਨੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੁਆਰਾ ਕੀਤਿਆਂ ਵਾਅਦਿਆਂ ਨੂੰ ਪੂਰਾ ਕਰਨ ਲਈ ਦਬਾ ਪਾਉਣਾ ਜ਼ਰੂਰੀ ਹੈ। ਬੌਧਿਕ ਪ੍ਰਦੂਸ਼ਣ ਉੱਪਰ ਕਾਬੂ ਪਾਉਣ ਲਈ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨ ਕਰਨ ਅਤੇ ਉਨ੍ਹਾਂ ਨੂੰ ਪ੍ਰਚਾਰਨ ਵਾਲੇ ਅਖੌਤੀ ਬੁੱਧੀਜੀਵੀਆਂ ਨੂੰ ਨੰਗਾ ਕਰਨਾ ਅਤੇ ਕਿਰਤੀ-ਪੱਖੀ ਲੋਕਾਂ ਨੂੰ ਅੱਗੇ ਲਿਆਉਣਾ ਬਣਦਾ ਹੈ।

# ਖੇਤੀ ਖਰੀਦ ਏਜੰਸੀ ਦੇ ਕਿਸਾਨ ਮਾਰੂ ਫੈਸਲੇ

ਭਾਰਤ ਸਰਕਾਰ ਦੀ ਅਨਾਜ ਖਰੀਦ ਏਜੰਸੀ (ਐਫ. ਸੀ. ਆਈ.) ਦੇ ਨਵੇਂ ਫੈਸਲੇ ਕਿਸਾਨਾਂ ਦਾ ਕਚੂਮਰ ਕੱਢਣ ਵਾਲੇ ਹਨ। ਇੱਕ ਫੈਸਲੇ ਅਨੁਸਾਰ ਆਪਣੀ ਫਸਲ ਦੀ ਉਪਜ ਵੇਚਣ ਵਾਲੇ ਹਰ ਕਿਸਾਨ ਨੂੰ ਆਪਣੀ ਭੋ ਮਾਲਕੀ ਜਾਂ ਜਮਾਂਬੰਦੀ ਦੀ ਨਕਲ ਐਫ. ਸੀ. ਆਈ. ਦੀ ਵੈਬਸਾਈਟ ‘ਤੇ ਅਪਲੋਡ ਕਰਕੇ ਆਪਣਾ ਬੈਂਕ ਖਾਤਾ ਦੱਸਣਾ

**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**

ਲਾਜ਼ਮੀ ਕਰ ਦਿੱਤਾ ਹੈ ਤਾਂ ਕਿ ਉਸ ਦੀ ਵੇਚੀ ਉਪਜ ਦੇ ਪੈਸੇ ਸਿੱਧੇ ਬੈਂਕ ਖਾਤੇ ਵਿਚ ਭੇਜੇ ਜਾਣ। ਵੇਖਣ ਨੂੰ ਅਸਲ ਕਿਸਾਨ ਹਿਤੈਸ਼ੀ ਜਾਪਦਾ ਹੈ, ਪਰ ਅਸਲ ਵਿਚ ਬਹੁਗਿਣਤੀ ਕਿਸਾਨਾਂ ਦੀ ਵਿਕਰੀ ਦੇ ਰਾਹ ਵਿਚ ਰੋੜਾ ਬਣੇਗਾ। ਬਹੁਤ ਸਾਰੇ ਛੋਟੇ ਕਿਸਾਨਾਂ ਕੋਲ ਆਪਣੀ ਜ਼ਮੀਨ ਥੋੜ੍ਹੀ ਹੈ ਤੇ ਦੂਜਿਆਂ ਤੋਂ ਠੇਕੇ ਜਾਂ ਹਿੱਸੇ ’ਤੇ ਲੈ ਕੇ ਵਾਹੀ ਕਰਦੇ ਹਨ। ਉਹ ਆਪਣੀ ਉਪਜ ਕਿਵੇਂ ਵੇਚਣਗੇ, ਜਦ ਉਨ੍ਹਾਂ ਕੋਲ ਮਾਲਕੀ ਹੀ ਨਹੀਂ? ਜੇ ਉਹ ਮਾਲਕ ਦਾ ਬੈਂਕ ਖਾਤਾ ਦੇਣ ਦਾ ਤਰਲਾ ਕਰਨਗੇ ਤਾਂ ਮਾਲਕ ਉਨ੍ਹਾਂ ਦੀ ਛਿੱਲ ਲਾਹੇਗਾ। ਇਸੇ ਤਰ੍ਹਾਂ ਜਿਹੜੇ ਕਿਸਾਨ ਐਨ. ਆਰ. ਆਈ. ਭਰਾਵਾਂ ਦੀ ਜ਼ਮੀਨ ਵਾਹੁੰਦੇ ਹਨ, ਉਨ੍ਹਾਂ ਦੇ ਅਸਲ ਮਾਲਕ ਆਪਣੀ ਉਪਜ ਵੇਚਣ ਇਥੇ ਨਹੀਂ ਆ ਸਕਦੇ। ਉਹ ਆਪਣੀ ਉਪਜ ਏਜੰਸੀ ਨੂੰ ਕਿਵੇਂ ਵੇਚਣਗੇ?

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਬਹੁਤ ਸਾਰੇ ਪਰਿਵਾਰਾਂ ਵਿਚ ਜ਼ਮੀਨ ਦੀ ਵੰਡ ਹੀ ਬਾਪ ਦੇ ਜਿਉਂਦੇ ਹੁੰਦਿਆਂ ਜ਼ਬਾਨੀ ਕਲਾਮੀ ਹੁੰਦੀ ਹੈ ਅਤੇ ਕਾਗਜ਼ਾਂ ਵਿਚ ਇਹ ਤੇ ਬਾਪ ਦੇ ਨਾਂ ਹੀ ਰਹਿੰਦੀ ਹੈ, ਜਿਸ ਦਾ ਬਹੁਤੀ ਵਾਰ ਕੋਈ ਬੈਂਕ ਖਾਤਾ ਹੀ ਨਹੀਂ ਹੁੰਦਾ। ਜਿਨ੍ਹਾਂ ਪਰਿਵਾਰਾਂ ਨੇ ਪੜਦਾਦੇ ਤੋਂ ਅੱਗੇ ਇੰਤਕਾਲ ਨਹੀਂ ਕਰਵਾਏ, ਉਹ ਬੁਰੀ ਤਰ੍ਹਾਂ ਫਸ ਜਾਣਗੇ। ਖੜ੍ਹੇ ਪੈਰ ਕਾਗਜ਼ੀ ਕਾਰਵਾਈ ਕਰਵਾਉਣ ਲਈ ਤਹਿਸੀਲਾਂ ਵੱਲ ਭੱਜਣਗੇ ਤਾਂ ਉੱਥੋਂ ਵਾਲੀਆਂ ਗਿਰਝਾਂ ਉਨ੍ਹਾਂ ਦੀ ਚਮੜੀ ਉਧੇੜਨ ਲਈ ਤਿਆਰ ਹੋ ਜਾਣਗੀਆਂ। ਕਿਸਾਨ ਕਿਧਰ ਨੂੰ ਭੱਜ ਸਕਦਾ ਹੈ?

ਏਜੰਸੀ ਦੇ ਇੱਕ ਹੋਰ ਫੈਸਲੇ ਅਨੁਸਾਰ ਵੇਚੀ ਜਾਣ ਵਾਲੀ ਕਣਕ ਦੀ ਨਮੀ ਦੀ ਮਾਤਰਾ, ਜੋ ਅੱਜ ਤੱਕ 14 ਫੀਸਦੀ ਚਲੀ ਆ ਰਹੀ ਸੀ, ਅੱਗੇ ਤੋਂ ਭਾਅ ਖੇਤਾਂ ਵਿਚ ਪੱਕਣ ‘ਤੇ ਆਈ ਕਣਕ ਸਮੇਤ ਬਾਰਾਂ ਫੀਸਦੀ ਕੀਤੀ ਗਈ ਹੈ। ਇਸ ਫੈਸਲੇ ਨਾਲ ਕਣਕ ਦੀ ਉਪਜ ਖਰੀਦਣ ਵਾਲੇ ਵਪਾਰੀਆਂ ਤੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਬਾਂਹ ਮਰੋੜਨ ਦਾ ਮੌਕਾ ਮਿਲੇਗਾ। ਉਂਜ ਵੀ ਇੱਕ ਹੋਰ ਫੈਸਲੇ ਅਨੁਸਾਰ ਬੋਲੀ ਦੇਣ ਸਮੇਂ ਅੱਧੀ ਫੀਸਦੀ ਰੋੜ ਹੋਣ ਦੀ ਸੂਰਤ ਵਿਚ ਹੀ ਉਪਜ ਖਰੀਦੀ ਜਾਵੇਗੀ, ਨਹੀਂ ਤਾਂ ਨਹੀਂ। ਅੱਜ ਤੱਕ ਇਹ ਪੱਧਰ ਚੌਦਾਂ ਫੀਸਦੀ ਤੱਕ ਪ੍ਰਵਾਨ ਹੁੰਦਾ ਆ ਰਿਹਾ ਹੈ। ਹੈ ਨਾ ਕਿਸਾਨਾਂ ਨੂੰ ਖੂੰਜੇ ਲਾਉਣ ਵਾਲੀ ਗੱਲ? ਹੋਰ ਤਾਂ ਹੋਰ, ਅੱਗੇ ਤੋਂ ਖੜ੍ਹੀ ਫਸਲ ਵਿਚ ਘਾਹ-ਫੂਸ ਦੀ ਮਾਤਰਾ ਵੀ 0.4 ਫੀਸਦੀ ਹੀ ਪ੍ਰਵਾਨ ਹੋਵੇਗਾ, ਜੋ ਕਿ ਹੁਣ ਤੱਕ ਇਸ ਤੋਂ ਵੱਧ ਮਾਤਰਾ ਵਿਚ ਪ੍ਰਵਾਨ ਹੁੰਦੀ ਆਈ ਹੈ।

ਉਂਜ ਵੀ ਇਹ ਫੈਸਲੇ ਉਦੋਂ ਸੋਚੇ ਜਾ ਰਹੇ ਹਨ, ਜਦ ਕਣਕ ਦੀ ਫਸਲ ਪੱਕਣ ਉੱਤੇ ਆਈ ਖੜ੍ਹੀ ਹੈ। ਜੇ ਇਨ੍ਹਾਂ ਸਖਤੀਆਂ ਦਾ ਐਲਾਨ ਪਿਛਲੇ ਸਾਲ ਕੀਤਾ ਹੁੰਦਾ ਤਾਂ ਕਿਸਾਨ ਲੋਕ ਕਣਕ ਬੀਜਣ ਦੀ ਥਾਂ ਕੋਈ ਹੋਰ ਫਸਲ ਬੀਜਣ ਦੀ ਸੋਚ ਸਕਦੇ ਸਨ, ਹੁਣ ਖੜ੍ਹੇ ਪੈਰ ਕਿਧਰ ਜਾਣ, ਉਨ੍ਹਾਂ ਨੂੰ ਕੁਝ ਨਹੀਂ ਸੁੱਝ ਰਿਹਾ।

ਅਤਿਅੰਤ ਜ਼ਿੰਮੇਵਾਰ ਮੀਡੀਆ ਦੀ ਟਿੱਪਣੀ ਹੈ ਕਿ ਅਜਿਹੀਆਂ ਗੋਂਦਾਂ ਫਸਲ ਦੀ ਖਰੀਦ ਨਾਲ ਏਨਾ ਸੰਬੰਧ ਨਹੀਂ ਰਖਦੀਆਂ, ਜਿੰਨਾ ਕਿਸਾਨ ਨੂੰ ਸਬਕ ਸਿਖਾਉਣ ਨਾਲ ਜਿਹੜੇ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ। ਮੂਲ ਮੰਤਵ ਉਨ੍ਹਾਂ ਦਾ ਭਵਿੱਖ ਵੱਧ ਤੋਂ ਵੱਧ ਹਨੇਰ ਕਰਨਾ ਹੈ। ਸੰਭਲੋ!

**ਵਿਧਾਇਕ ਅਰੁਣ ਨਾਰੰਗ ਨਾਲ ਨਿੰਦਾਯੋਗ ਵਿਹਾਰ:** ਪੰਜਾਬ ਦੇ ਕਸਬੇ ਮਲੋਟ ਵਿਖੇ ਅਬੋਹਰ ਤੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਰੁਣ ਨਾਰੰਗ ਵਿਰੁੱਧ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਸਮੇਂ ਕੁਝ ਸ਼ਰਾਰਤੀ ਤੇ ਗੈਰ-ਜ਼ਿੰਮੇਵਾਰ ਅਨਸਰਾਂ ਵੱਲੋਂ ਬਹੁਤ ਮਾੜਾ ਵਿਹਾਰ ਕਰਨ, ਕੱਪੜੇ ਪਾੜਨ, ਕਾਲੀ ਸਿਆਹੀ ਤੇ ਤੇਲ ਸੁੱਟਣ ਆਦਿ ਦੀ ਨਿਖੇਧੀ ਕਰਨੀ ਬਣਦੀ ਹੈ। ਇਹ ਘਟਨਾ ਪੰਜਾਬ ਪੁਲਿਸ ਦੀ ਅਣਗਹਿਲੀ ਕਾਰਨ ਵਾਪਰੀ ਹੈ ਤੇ ਪੁਲਿਸ ਦਾ ਫਰਜ਼ ਬਣਦਾ ਹੈ ਕਿ ਦੋਸ਼ੀਆਂ ਨੂੰ ਸਬਕ ਸਿਖਾਵੇ। ਇਸ ਲਈ ਵੀ ਕਿ ਅਜਿਹੇ ਵਰਤਾਰੇ ਨਾਲ ਦਿੱਲੀ ਬਾਰਡਰ ਉੱਤੇ ਖੱਜਲ ਹੋ ਰਹੇ ਅੰਦੋਲਨਕਾਰੀਆਂ ਦੀ ਬਦਨਾਮੀ ਹੁੰਦੀ ਹੈ। ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਠੇਸ ਲਗਦੀ ਹੈ।

ਭਾਵੇਂ ਇਹ ਗੱਲ ਵੀ ਜਗ ਜਾਹਰ ਹੈ ਕਿ ਕੇਂਦਰ ਵਿਚ ਭਾਜਪਾ ਦਾ ਬੋਲਬਾਲਾ ਹੋਣ ਕਾਰਨ ਭਾਜਪਾ ਦੇ ਬਹੁਤੇ ਕਾਰਕੁਨ ਮੋਰਚੇ ‘ਤੇ ਬੈਠੇ ਅੰਦੋਲਨਕਾਰੀਆਂ ਦੇ ਪਰਿਵਾਰਾਂ ਨੂੰ ਖਿਝਾਉਣ ਦੀ ਕੋਈ ਕਸਰ ਨਹੀਂ ਛੱਡ ਰਹੇ। ਉਨ੍ਹਾਂ ਦੇ ਪੁੱਤ, ਪੋਤਰੇ ਅਤੇ ਧੀਆਂ ਪੁੱਤਰ ਸ਼ਾਂਤਮਈ ਅੰਦੋਲਨ ਵਿਚ ਉਨ੍ਹਾਂ ਦਾ ਸਾਥ ਦੇ ਰਹੇ ਹਨ ਤਾਂ ਉਨ੍ਹਾਂ ਨੂੰ ਮੌਜ ਮੇਲਾ ਮਾਣਦੇ ਕਹਿਣੋਂ ਨਹੀਂ ਝਿਜਕਦੇ। ਥੋੜ੍ਹੇ ਦਿਨ ਪਹਿਲਾਂ ਹੁਸ਼ਿਆਰਪੁਰ ਦੇ ਭਾਜਪਾ ਨੇਤਾ ਤੀਕਸ਼ਣ ਸੂਦ ਨੇ ਅਤਿਅੰਤ ਸਰਦੀ ਵਿਚ ਬੈਠੇ ਕਿਸਾਨਾਂ ਨੂੰ ਪਿਕਨਿਕ ਮਾਣਦੇ ਕਿਹਾ ਸੀ ਤਾਂ ਕਿਸਾਨਾਂ ਨੇ ਉਸ ਦੇ ਦਰਵਾਜੇ ਉੱਤੇ ਗੋਹੇ, ਕੂੜੇ ਦੀਆਂ ਟਰਾਲੀਆਂ ਢੇਰੀ ਕਰਕੇ ਤੀਕਸ਼ਣ ਦੇ ਪਰਿਵਾਰ ਨੂੰ ਸਬਕ ਸਿਖਾਇਆ। ਤੀਕਸ਼ਣ ਦੇ ਬੋਲੇ ਇਹ ਸ਼ਬਦ ਉਸ ਦੀ ਪਤਨੀ ਦੇ ਸਥਾਨਕ ਚੋਣਾਂ ਵਿਚ ਹਾਰਨ ਦਾ ਕਾਰਨ ਵੀ ਬਣੇ।

ਸਾਰੇ ਜਾਣਦੇ ਹਨ ਕਿ ਭਾਜਪਾ ਹਲ-ਵਾਹਕਾਂ ਦੀ ਪਾਰਟੀ ਨਹੀਂ। ਦੁਕਾਨਾਂ ਵਿਚ ਗੱਦਿਆਂ ਉੱਤੇ ਬੈਠ ਕੇ ਕਮਾਈ ਕਰਨ ਵਾਲੇ ਇਸ ਦੇ ਆਗੂ ਹਨ। ਮੈਂ ਨਿੱਜੀ ਤੌਰ ਤੇ ਅਰੁਣ ਨਾਰੰਗ ਨੂੰ ਨਹੀਂ ਜਾਣਦਾ। ਨਿਸ਼ਚੇ ਹੀ ਉਸ ਨੇ ਕਿਸਾਨਾਂ ਬਾਰੇ ਅਜਿਹੇ ਸ਼ਬਦ ਬੋਲੇ ਹੋਣਗੇ, ਜੋ ਇਸ ਮੰਦਭਾਗੀ ਘਟਨਾਕ੍ਰਮ ਦਾ ਕਾਰਨ ਬਣੇ। ਫਿਰ ਵੀ ਕਿਸਾਨਾਂ ਨੂੰ ਸਬਰ ਤੋਂ ਕੰਮ ਲੈਣਾ ਚਾਹੀਦਾ ਸੀ। ਸਮੇਂ ਨੇ ਉਸ ਨੂੰ ਸਬਕ ਸਿਖਾ ਦੇਣਾ ਸੀ। ਅੱਜ ਨਹੀਂ ਤਾਂ ਕੱਲ੍ਹ। ਜੇ ਤੀਕਸ਼ਣ ਦੇ ਸ਼ਬਦ ਉਸ ਦੀ ਪਤਨੀ ਦੀ ਹਾਰ ਦਾ ਕਾਰਨ ਬਣ ਸਕਦੇ ਹਨ ਤਾਂ ਸਮੇਂ ਨੇ ਅਰੁਣ ਨਾਰੰਗ ਨੂੰ ਵੀ ਨਹੀਂ ਸੀ ਬਖਸ਼ਣਾ। ਸਹਿਜ ਤੋਂ ਕੰਮ ਲਓ ਕਿਸਾਨੋ! ਤੁਸੀਂ ਤਾਂ ਮਾੜੇ ਮੌਸਮਾਂ ਤੇ ਮਾੜੇ ਸਮਿਆਂ ਨਾਲ ਨਿਪਟਣਾ ਜਾਣਦੇ ਹੋ।

**ਅੰਤਿਕਾ: (ਬਾਵਾ ਬਲਵੰਤ)**

ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗੁਲਾਮ।
ਜਾਗ ਜੀਵਨ ਦੀ ਕਲਾ ਦੇ ਇੰਤਕਾਮ,
ਆਉਣ ਵਾਲੀ ਏ ਤੇਰੇ ਪਰਬਤ ਤੇ ਸ਼ਾਮ।

# ਸਫੈਦ ਪੱਗ ਤੇ ਨਿਰਮਲ ਚਿੱਤ ਵਾਲਾ ਅਰਧ-ਫਕੀਰ ਇੰਦੇ

***ਇੰਦੇ ਸਾਹਿਤ ਦਾ ਸ਼ਾਂਤ-ਚਿੱਤ ਕਾਮਾ ਸੀ। ਉਹਨੇ ਕਵਿਤਾ ਵੀ ਲਿਖੀ ਅਤੇ ਬਾਲ ਕਵਿਤਾਵਾਂ ਦੀ ਰਚਨਾ ਕੀਤੀ। ਇਨ੍ਹਾਂ ਰਚਨਾਵਾਂ ਦਾ ਆਪਣਾ ਹੀ ਰੰਗ ਹੈ। ਉਂਜ, ਉਸ ਦੀ ਬਹੁਤੀ ਚਰਚਾ ਅਨੁਵਾਦ ਕਰ ਕੇ ਹੀ ਹੋਈ। ਸੱਚਮੁੱਚ ਉਸ ਦਾ ਅਨੁਵਾਦ ਦੰਗ ਕਰਨ ਵਾਲਾ ਹੈ। ਉਹ ਇਕੱਲੇ-ਇਕੱਲੇ ਸ਼ਬਦ ਉਤੇ ਮਿਹਨਤ ਕਰਦਾ ਹੈ ਅਤੇ ਇਨ੍ਹਾਂ ਸ਼ਬਦਾਂ ਨੂੰ ਕਾਵਿ-ਸਤਰਾਂ ਵਿਚ ਇਉਂ ਬੀੜਦਾ ਹੈ ਕਿ ਕਾਵਿਕ ਵਿਚਾਰ ਨਿੱਖਰ ਕੇ ਸਾਹਮਣੇ ਆ ਜਾਂਦੇ ਹਨ। ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਇਸ ਸਾਹਿਤ ਕਾਮੇ ਦੀ ਸ਼ਖਸੀਅਤ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਇੰਦੇ ਚਲਿਆ ਗਿਆ। ਸਮਾਜ ਮੈਨੂੰ ਸਮਝਾਉਂਦਾ ਹੈ, ਜੋ ਆਇਆ ਹੈ, ਰਾਜਾ, ਰੰਕ, ਫਕੀਰ, ਸਭ ਨੇ ਹੀ ਜਾਣਾ ਹੈ, ਵਾਰੀ ਆਪੋ ਆਪਣੀ! ਦਿਲ ਰੋਣਹਾਕਾ ਹੋ ਕੇ ਉਜ਼ਰ ਕਰਦਾ ਹੈ, 53 ਸਾਲ ਦਾ ਵਾਹ ਸੀ। ਮਨ ਤਰਕ ਦਾ ਪੱਲਾ ਫੜਾਉਂਦਾ ਹੈ, ਜੋ ਹੋਇਆ, ਠੀਕ ਹੋਇਆ ਸਗੋਂ ਉਹਨੂੰ ਪਹਿਲਾਂ ਹੀ ਚਲੇ ਜਾਣਾ ਚਾਹੀਦਾ ਸੀ। ਸਵਾ ਦੋ ਸਾਲ ਪਹਿਲਾਂ ਡਿੱਗ ਕੇ ਉਹਨੂੰ ਸੱਟ ਲੱਗ ਗਈ ਸੀ। ਮੈਨੂੰ ਪਤਾ ਕੁਝ ਦਿਨਾਂ ਬਾਅਦ ਲਗਿਆ। ਮੈਂ ਉਹਦੀ ਪਤਨੀ ਤੋਂ ਹਸਪਤਾਲ ਦੇ ਮਿਲਣ ਦੇ ਸਮੇਂ ਦੀ ਜਾਣਕਾਰੀ ਚਾਹੀ ਤਾਂ ਉਹ ਬੋਲੀ, "ਹਸਪਤਾਲ ਵਾਲੇ ਕਹਿੰਦੇ ਹਨ, ਅਸੀਂ ਜੋ ਕੁਝ ਕਰ ਸਕਦੇ ਸੀ, ਕਰ ਦਿੱਤਾ, ਹੁਣ ਤਾਂ ਸੰਭਾਲ ਹੀ ਇਹਨਾਂ ਦਾ ਇਲਾਜ ਹੈ। ਅਸੀਂ ਇਥੋਂ ਛੁੱਟੀ ਹੋਈ ਤੋਂ ਬੇਟੀ ਦੇ ਹਸਪਤਾਲ ਜਾ ਰਹੇ ਹਾਂ, ਤੁਸੀਂ ਇਕ-ਦੋ ਦਿਨਾਂ ਨੂੰ ਉਥੇ ਆਉਣਾ।"



ਗੁਰਬਚਨ ਸਿੰਘ ਭੁੱਲਰ
ਫੋਨ: 011-42502364

ਉਹਦੀਆਂ ਦੋ ਬੇਟੀਆਂ ਵਿਚੋਂ ਇਕ ਕੈਨੇਡਾ ਹੈ ਤੇ ਦੂਜੀ ਡਾਕਟਰ ਹੈ ਜਿਸ ਨੇ ਦਿੱਲੀ ਵਿਚ ਕਾਫੀ ਕਮਰਿਆਂ ਵਾਲਾ ਚੰਗਾ-ਖਾਸਾ ਆਪਣਾ ਹਸਪਤਾਲ ਬਣਾਇਆ ਹੋਇਆ ਹੈ। ਮੈਂ ਤੇ ਮੇਰਾ ਕਵੀ ਮਿੱਤਰ ਗੁਰਚਰਨ ਗਏ ਤਾਂ ਉਹ ਸਭ ਲੋੜੀਂਦੀਆਂ ਚੀਜ਼ਾਂ ਤੇ ਸਹੂਲਤਾਂ ਨਾਲ ਲੈਸ ਕਮਰੇ ਵਿਚ ਪਿਆ ਸੀ, ਜਿਸ ਕਮਰੇ ਨੇ ਅਗਲੇ ਸਵਾ ਦੋ ਸਾਲ ਉਹਦਾ 'ਘਰ' ਬਣੇ ਰਹਿਣਾ ਸੀ। ਡਿੱਗਣ ਨਾਲ ਉਹਦੀ ਰੀੜ੍ਹ ਦੀ ਹੱਡੀ ਨੂੰ ਜਰਬ ਆ ਗਈ ਸੀ। ਹੇਠਲਾ ਧੜ ਨਕਾਰਾ ਹੋ ਗਿਆ ਸੀ ਤੇ ਹੱਥ ਕਮਜ਼ੋਰ ਹੋ ਗਏ ਸਨ। ਏਨੇ ਕਮਜ਼ੋਰ ਕਿ ਉਹ ਪਿਆਲਾ ਫੜਨ ਤੋਂ ਤੇ ਚਮਚਾ ਚੁੱਕਣ ਤੋਂ ਵੀ ਅਸਮਰੱਥ ਹੋ ਗਿਆ ਸੀ। ਸੋਚਣਾ, ਸਮਝਣਾ, ਸੁਣਨਾ, ਬੋਲਣਾ, ਸਭ ਠੀਕ ਬਣਿਆ ਰਿਹਾ। ਬੇਵੱਸ ਤਨ ਅਤੇ ਕੰਮ ਕਰਦੇ ਮਨ ਦੀ ਇਹ ਦੁਫਾੜ ਉਹਦੇ ਲਈ ਸਰਾਪ ਬਣ ਗਈ। ਪਤਨੀ ਤੋਂ ਇਲਾਵਾ ਇਕ ਕਰਮਚਾਰੀ ਸਿਰਫ ਉਹਦੀ ਸੰਭਾਲ ਲਈ ਸੀ। ਸੁੱਖ-ਸਾਂਦ ਮਗਰੋਂ ਉਹ ਪਹਿਲਾਂ ਵਾਂਗ ਹੀ ਸਾਹਿਤ ਦੀਆਂ ਗੱਲਾਂ ਕਰਨ ਲੱਗਿਆ। ਅਸੀਂ ਤੁਰਨ ਲੱਗੇ ਤਾਂ ਬੋਲਿਆ, "ਮਿੱਤਰੋ, ਅਗਲੀ ਵਾਰ ਕਿਤਾਬਾਂ ਲੈ ਕੇ ਆਉਣਾ।" ਉਹਨੇ ਕਿਤਾਬ ਖੋਲ੍ਹ ਕੇ ਟਿਕਾਉਣ ਦਾ ਜੁਗਾੜ ਕਰ ਲਿਆ ਸੀ ਤੇ ਵਰਕਾ ਸੇਵਾਦਾਰ ਪਲਟ ਦਿੰਦਾ ਸੀ। ਕਈ ਵਾਰ ਫੋਨ ਕਰਨਾ ਤਾਂ ਸੇਵਾਦਾਰ ਨੇ ਉਹਦੇ ਕੰਨ-ਮੂੰਹ ਕੋਲ ਕਰ ਦੇਣਾ। ਕਈ ਵਾਰ ਮੈਂ ਸੇਵਾਦਾਰ ਨੂੰ ਆਖ ਦਿੰਦਾ, ਤੂੰ ਹੀ ਉਹਨਾਂ ਨੂੰ ਦੱਸ ਦੇ, ਮੈਂ ਹਾਲ-ਚਾਲ ਪੁਛਦਾ ਹਾਂ।

ਦੁੱਧ-ਚਿੱਟੇ ਹਸਪਤਾਲੀ ਬਿਸਤਰੇ ਉੱਤੇ ਪਿਆ ਦੇਖ ਮੈਨੂੰ ਖਿਆਲ ਆਇਆ, ਉਹ ਸਫੈਦ ਬਸਤਰ ਪਹਿਨ ਕੇ ਹੀ ਖੁਸ਼ ਸੀ, ਨਿਰਮਲਤਾ ਦੀ ਨਿਸ਼ਾਨੀ। ਪਗੜੀ ਤਾਂ ਉਹ ਹਮੇਸ਼ਾ ਸਫੈਦ ਹੀ ਰਖਦਾ। ਪੱਗ ਵਾਂਗ ਉਹ ਮਨ-ਚਿੱਤ ਨੂੰ ਵੀ ਮੈਲਾ ਨਹੀਂ ਸੀ ਹੋਣ ਦਿੰਦਾ। ਉਹਦੇ ਸੁਭਾਅ ਵਿਚ ਕੁਝ-ਕੁਝ ਫਕੀਰੀ ਸੀ। ਉਹ ਸਾਹਿਤਕ ਬਹਿਸ-ਮੁਬਾਹਸੇ ਤੇ ਗਰਮਾ-ਗਰਮੀ ਉਥੇ ਹੀ ਛੱਡ ਆਉਣ ਦੀ ਜਾਚ ਤੇ ਜੁਗਤ ਸਿੱਖ ਗਿਆ ਸੀ। ਅਟੱਕ ਹੋ ਜਾਂਦਾ। ਵਿਰੋਧ ਨੂੰ ਮਨ ਦਾ ਬੋਝ ਬਣਾ ਕੇ ਨਹੀਂ ਸੀ ਢੋਂਦਾ। ਸਮਾਜ ਵਿਚ ਵੀ, ਪਰ ਸਾਹਿਤ ਵਿਚ ਤਾਂ ਉਸ ਤੋਂ ਵੀ ਵੱਧ, ਉਹ ਸੱਚ ਦਾ ਹਾਮੀ ਸੀ। ਸਾਹਿਤਕ ਸਭਾਵਾਂ ਵਿਚ ਕਿਸੇ ਦੀ ਰਚਨਾ ਸੁਣ ਕੇ ਉਹਦੀ ਟਿੱਪਣੀ ਨਿਰਪੱਖ-ਨਿਰਲੇਪ ਹੁੰਦੀ। ਚੰਗੀ ਰਚਨਾ ਦੇ ਗੁਣ ਉਹ ਤਹਿਆਂ ਫਰੋਲ-ਫਰੋਲ ਦਸਦਾ। ਮੰਨ ਲਵੋ, ਕਿਸੇ ਦੀ ਕਵਿਤਾ ਕਮਜ਼ੋਰ ਹੈ, ਉਹ ਪਹਿਲਾਂ ਬੋਲ ਕੇ ਗਿਆਂ ਦੇ ਉਸਤਤੀ ਗੁਲਦਸਤੇ ਪਾਸੇ ਕਰ ਕੇ ਆਖਦਾ, "ਮਿੱਤਰੋ, ਤੁਸੀਂ ਜੋ ਕੁਝ ਕਵਿਤਾ ਆਖ ਕੇ ਪੜ੍ਹ ਗਏ ਹੋ, ਕਵਿਤਾ ਤਾਂ ਇਸ ਵਿਚੋਂ ਗੈਰ-ਹਾਜ਼ਰ ਰਹੀ। ਤੁਸੀਂ ਵਾਰਤਕ ਦੀਆਂ ਸਤਰਾਂ ਕੋਮਿਆਂ ਨਾਲ ਤੋੜ ਕਵਿਤਾ ਆਖ ਕੇ ਪੜ੍ਹ ਦਿੱਤੀਆਂ।" ਤੇ ਕੁਰਸੀ ਉੱਤੇ ਜਾ ਬੈਠਦਾ।

ਉਹ ਸ਼ਬਦਾਂ ਦਾ ਮੁੱਲ ਵੀ ਜਾਣਦਾ ਸੀ ਤੇ ਉਹਨਾਂ ਨੂੰ ਵਰਤਣ ਦਾ ਵੀ ਗਿਆਨੀ ਸੀ। ਸ਼ਾਇਦ ਇਸੇ ਕਰਕੇ ਉਹ ਸ਼ਬਦਾਂ ਨੂੰ ਬੜੇ ਸਰਫੇ ਨਾਲ ਵਰਤਦਾ। ਬਹੁਤੇ ਵਾਰ ਉਹ ਇਕ ਸ਼ਬਦ ਤੋਂ ਹੀ ਪੂਰੇ ਵਾਕ ਦਾ ਕੰਮ ਲੈ ਲੈਂਦਾ। ਉਹਨੂੰ ਪੁੱਛਣਾ, "ਹੋਰ ਫੇਰ ਇੰਦੇ ਭਾਈ, ਕੀ ਹਾਲ-ਚਾਲ ਹੈ?" ਉਹਨੇ ਮੁਸਕਰਾ ਕੇ ਆਖਣਾ, "ਭਲਾ!" ਗੱਲਬਾਤ ਵਿਚ ਉਹ ਭਲਾ ਤੇ ਚੰਗਾ ਵਰਗੇ ਸ਼ਬਦ ਅਕਸਰ ਵਰਤਦਾ। ਸੰਬੋਧਨ ਉਹਦਾ 'ਮਿੱਤਰੋ' ਸੀ। ਫੋਨ 'ਤੇ ਪੁਛਣਾ, "ਕੀ ਹਾਲ ਹੈ, ਮਿੱਤਰੋ?" ਫੋਨ 'ਤੇ ਦਸਦਾ, "ਭਲਾ-ਚੰਗਾ, ਮਿੱਤਰੋ!" ਸਾਹਿਤ, ਪੜ੍ਹਨਾ ਤੇ ਲਿਖਣਾ ਦੋਵੇਂ, ਉਹਦੇ ਜੀਵਨ ਦਾ ਮੁੱਖ ਪੱਖ ਸਨ। ਫੋਨ ਹੋਵੇ ਜਾਂ ਮਿਲਣਾ, ਸਾਹਿਤ ਤੋਂ ਵਧੀਕ ਗੱਲ ਸੁੱਖ-ਸਾਂਦ ਦੀ ਪੁੱਛ-ਦੱਸ ਨਾਲ ਮੁੱਕ ਜਾਂਦੀ।



ਗਲਤ ਪੰਜਾਬੀ ਲਿਖਣ ਵਾਲਿਆਂ ਤੋਂ, ਸਾਡੀ ਵਿਸ਼ਵਵਿਦਿਆਲੀ ਖੋਜ ਦੇ ਮਿਆਰਾਂ ਤੋਂ, ਆਲੋਚਨਾ ਦੇ ਨਾਂ ਹੇਠ ਕੀਤੀਆਂ ਜਾਂਦੀਆਂ ਬੇਤੁਕੀਆਂ ਤੋਂ ਉਹਨੂੰ ਬਹੁਤ ਤਕਲੀਫ ਹੁੰਦੀ ਸੀ। ਇਹ ਗੱਲਾਂ ਉਹ ਅਕਸਰ ਕਰਦਾ। ਜਦੋਂ ਕਦੀ ਮੌਕਾ ਮਿਲਦਾ, ਉਹ ਆਪਣਾ ਇਹ ਦਰਦ ਮੰਚ ਉੱਤੇ ਵੀ ਜ਼ਾਹਿਰ ਕਰਨ ਤੋਂ ਖੁੰਝਦਾ ਤੇ ਝਿਜਕਦਾ ਨਹੀਂ ਸੀ। ਕਿਸ ਨੂੰ ਪੀੜ ਹੁੰਦੀ ਹੈ ਤੇ ਕੌਣ ਖਿਝਦਾ ਹੈ, ਇਹ ਅਗਲਾ ਜਾਣੇ। ਨਤੀਜਾ ਇਹ ਕਿ ਦਿੱਲੀ ਦੇ ਅਕਾਦਮਿਕ ਸੰਸਾਰ ਲਈ ਉਹਦੀ ਕੋਈ ਹੋਂਦ ਨਹੀਂ ਸੀ। ਉਸ ਨੂੰ ਪਰ ਇਹਨਾਂ ਗੱਲਾਂ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਅਜਿਹੇ ਲੋਕਾਂ ਦੀ ਨਜ਼ਰ ਵਿਚ ਆਪਣੀ ਹੋਂਦ ਜਤਾਉਣਾ ਉਹਦਾ ਉਦੇਸ਼ ਹੀ ਨਹੀਂ ਸੀ। ਉਹ ਆਪਣੇ ਕਲਮੀ ਸੰਸਾਰ ਵਿਚ ਮਸਤ ਰਹਿੰਦਾ।

ਅੱਧੀ ਸਦੀ ਤੋਂ ਵੱਧ ਪਹਿਲਾਂ ਇੰਦੇ ਨਾਲ ਮੇਰੀ ਮੁਲਾਕਾਤ ਐਵੇਂ ਸਬੱਬੀ ਹੀ ਹੋ ਗਈ। ਮੈਂ ਦਿੱਲੀ ਪਹੁੰਚਿਆ ਤਾਂ ਫਰੀਦਕੋਟ ਤੋਂ ਮੇਰੇ ਇਕ ਹਮਜਮਾਤੀ ਮਿੱਤਰ ਦੀ ਚਿੱਠੀ ਆਈ, "ਮੇਰਾ ਛੋਟਾ ਭਰਾ ਜਗਦੀਸ਼ ਕੌਸ਼ਲ, ਜੋ ਕਹਾਣੀਆਂ ਲਿਖਦਾ ਹੈ, ਐਸ ਪਤੇ ਉੱਤੇ ਰਹਿੰਦਾ ਹੈ। ਦੋਵੇਂ ਮਿਲਿਆ-ਗਿਲਿਆ ਕਰੋ।" ਅਸੀਂ ਆਉਂਦੇ ਐਤਵਾਰ ਉਹਦੇ ਘਰ ਪਹੁੰਚ ਗਏ। ਗੱਲਾਂ ਵਿਚ ਪਤਾ ਲੱਗਿਆ, ਉਹ ਕਿਰਾਏਦਾਰ ਸੀ ਤੇ ਘਰ ਦਾ ਮਾਲਕ ਇੰਦੇ ਦਾ ਸਾਂਝਾ ਪਰਿਵਾਰ ਸੀ। ਇੰਦੇ ਓਦੋਂ ਸਮਰਾਲੇ ਨੇੜੇ ਬੋਂਦਲੀ ਕਾਲਜ ਵਿਚ ਪੜ੍ਹਾਉਂਦਾ ਸੀ ਤੇ ਉਹਦੀ ਅਧਿਆਪਕ ਪਤਨੀ ਦੋਵਾਂ ਬਾਲੜੀਆਂ ਸਮੇਤ ਦਿੱਲੀ ਉਸੇ ਘਰ ਦੇ ਇਕ ਹਿੱਸੇ ਵਿਚ ਰਹਿੰਦੀ ਸੀ। ਕੌਸ਼ਲ ਕਹਿੰਦਾ, ਇੰਦੇ ਆਇਆ ਹੋਇਆ ਹੈ, ਬੁਲਾਵਾਂ? ਉਹਨੇ ਬੱਚਾ ਭੇਜ ਕੇ ਉਹਨੂੰ ਬੁਲਾ ਲਿਆ।

ਉਸ ਪਿੱਛੋਂ ਕਦੀ-ਕਦੀ ਕਿਸੇ ਸਾਹਿਤਕ ਇਕੱਠ ਜਾਂ 'ਨਾਗਮਣੀ ਸ਼ਾਮ' ਵਿਚ ਮੇਲ ਹੋ ਜਾਂਦਾ। ਉਹ 'ਨਾਗਮਣੀ' ਵਿਚ ਛਪਦਾ ਹੁੰਦਾ ਸੀ। ਕੁਝ ਸਾਲਾਂ ਮਗਰੋਂ ਬੱਚੀਆਂ ਦੀ ਪਰਵਰਿਸ਼ ਤੇ ਪੜ੍ਹਾਈ ਦਾ ਖਿਆਲ ਕਰਦਿਆਂ ਉਹ ਨੌਕਰੀ ਛੱਡ ਕੇ ਦਿੱਲੀ ਆ ਗਿਆ। ਮਨੁੱਖੀ ਜੀਵਨ ਸਬੱਬਾਂ ਦਾ ਭਰਿਆ ਹੋਇਆ ਹੈ। ਇਕ ਅਜਿਹੇ ਸਬੱਬ ਨੇ ਸਾਡੀ ਰਸਮੀ ਦੁਆ-ਸਲਾਮ ਨੂੰ ਚੰਗੀ ਦੋਸਤੀ ਵਿਚ ਬਦਲ ਦਿੱਤਾ। ਇਕ ਦਿਨ ਇਹ ਮੇਰੇ ਦਫਤਰ ਆਇਆ ਤੇ ਮੈਨੂੰ ਕਹਿਣ ਲੱਗਿਆ, "ਮੈਨੂੰ ਕੰਮ ਦੀ ਲੋੜ ਹੈ। ਜੇ ਤੁਹਾਡੇ ਦਫਤਰ ਕਦੀ ਕੋਈ ਮੇਰੇ ਜੋਗ ਨੌਕਰੀ ਨਿੱਕਲੇ, ਮੇਰਾ ਖਿਆਲ ਰੱਖਣਾ।" ਮੈਨੂੰ ਅਜਿਹੀ ਕਿਸੇ ਨੌਕਰੀ ਦੀ ਕੋਈ ਆਸ ਨਹੀਂ ਸੀ। ਜੇ ਨੌਕਰੀ ਹੋ ਵੀ ਜਾਂਦੀ, ਰੂਸੀਆਂ ਨੇ ਕਿਸੇ ਨੂੰ ਮੇਰੇ ਆਖਿਆਂ ਥੋੜ੍ਹੋ ਲਾ ਦੇਣਾ ਸੀ। ਪਰ ਇਹ ਗੱਲ ਕਹਿਣੀ ਮੈਨੂੰ ਠੀਕ ਨਾ ਲੱਗੀ। ਮੈਂ ਹਾਮੀ ਭਰ ਕੇ ਉਹਨੂੰ ਤੋਰ ਦਿੱਤਾ। ਤਿੰਨ-ਚਾਰ ਹਫਤਿਆਂ ਮਗਰੋਂ ਮੈਨੂੰ ਮੈਗਜ਼ੀਨ ਸੈਕਸ਼ਨ ਦੇ ਮੁਖੀ ਰੂਸੀ ਨੇ ਬੁਲਾ ਕੇ ਕਿਹਾ, "ਪੰਜਾਬੀ 'ਸੋਵੀਅਤ ਦੇਸ' ਲਈ ਸੰਪਾਦਕ ਦੀ ਲੋੜ ਹੈ। ਤੁਹਾਡਾ ਸਾਹਿਤਕ ਘੇਰਾ ਵੱਡਾ ਹੈ। ਤੁਸੀਂ ਇਹ ਤਾਂ ਜਾਣਦੇ ਹੀ ਹੋ ਕਿ ਆਪਾਂ ਨੂੰ ਬੰਦਾ ਕਿਹੋ ਜਿਹਾ ਚਾਹੀਦਾ ਹੈ।"

ਮੈਂ ਇੰਦੇ ਨੂੰ ਬੁਲਾ ਕੇ ਸਮਝਾ ਦਿੱਤਾ ਕਿ ਰੂਸੀ ਉਹਤੋਂ ਕੀ ਕੁਝ ਪੁੱਛ ਸਕਦਾ ਹੈ ਤੇ ਉਹਨੂੰ ਕੀ ਜਵਾਬ ਦੇਣੇ ਚਾਹੀਦੇ ਹਨ। ਸਿਆਣਾ ਬੰਦਾ ਸੀ, ਝੱਟ ਮੇਰੀ ਰਮਜ਼ ਸਮਝ ਗਿਆ। ਰੂਸੀ ਨੂੰ ਮਿਲਾਇਆ ਤਾਂ ਇਹ ਉਹਦੀ ਕਸਵੱਟੀ ਉੱਤੇ ਖਰਾ ਉੱਤਰਨ ਵਿਚ ਸਫਲ ਰਿਹਾ। ਕੁਦਰਤੀ ਸੀ ਕਿ ਇਕੋ ਦਫਤਰ ਵਿਚ ਕੰਮ ਕਰਦਿਆਂ ਅਸੀਂ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ। ਉਥੋਂ ਵਿਹਲਾ ਹੋਣ ਮਗਰੋਂ ਉਹ ਲਿਖਣ-ਪੜ੍ਹਨ ਨੂੰ ਹੀ ਸਮਰਪਿਤ ਹੋ ਗਿਆ। ਬੱਚੀਆਂ ਪੜ੍ਹ-ਲਿਖ ਕੇ ਘਰੋ-ਘਰੀ ਜਾ ਚੁੱਕੀਆਂ ਸਨ। ਦੋਵੇਂ ਜੀਅ, ਕਿਸੇ ਬਹੁਤੀ ਭੱਜ-ਭਜਾਈ ਦੀ ਲੋੜ ਨਹੀਂ ਸੀ ਰਹਿ ਗਈ। ਸਾਂਝੇ ਘਰ ਦੀ ਵੰਡ-ਵੰਡਾਈ ਤੋਂ ਮਗਰੋਂ ਉਹਨੇ ਜਿਸ ਵਸੇਬੇ ਵਿਚ ਨਿਵਾਸ ਖਰੀਦਿਆ, ਉਹਦੇ ਨਾਂ 'ਸਾਖਸ਼ਰ ਵਿਹਾਰ' ਨੇ ਵੀ ਜਿਵੇਂ ਪਸੰਦ ਵਿਚ ਭੂਮਿਕਾ ਨਿਭਾਈ ਹੋਵੇ। ਮੈਂ ਹਸਦਾ, "ਇੰਦੇ ਭਾਈ, ਸਾਖਸ਼ਰਾਂ ਵਿਚਕਾਰ ਰਹਿੰਦੇ ਹੋ, ਇਸੇ ਮਾਹੌਲ ਸਦਕਾ ਚੌਵੀ ਘੰਟੇ ਅੱਖਰਾਂ ਨਾਲ ਵਾਹ ਬਣਿਆ ਰਹਿੰਦਾ ਹੈ ਤੇ ਰਚਨਾ ਹੁੰਦੀ ਰਹਿੰਦੀ ਹੈ।" ਉਹ ਮੁਸਕਰਾ ਕੇ ਅਲਪ-ਸ਼ਬਦਾ ਉੱਤਰ ਦਿੰਦਾ, "ਸਾਖਸ਼ਰ ਨੇ, ਸਾਹਿਤ-ਰਸੀਏ ਨਹੀਂ!"

ਉਹਨੇ ਇਧਰ-ਉਧਰ ਖਿੱਲਰੀਆਂ ਰਚਨਾਵਾਂ ਨੂੰ ਛਾਣਨੀ ਲਾ ਕੇ 2004 ਵਿਚ ਪਹਿਲਾ ਕਾਵਿ-ਸੰਗ੍ਰਹਿ 'ਮਨ ਦਾ ਵਾਸੀ' ਛਪਵਾਇਆ। ਸੱਤ ਸਾਲ ਦੇ ਫਰਕ ਨਾਲ 2011 ਵਿਚ ਉਹਦਾ ਬਾਲ-ਕਵਿਤਾਵਾਂ ਦਾ ਪਹਿਲਾ ਸੰਗ੍ਰਹਿ 'ਅਸੀਂ ਉੱਡਾਂਗੇ' ਛਪਿਆ। ਇਸ ਪਿੱਛੋਂ ਉਹਦੇ ਲਿਖਣ-ਕਾਰਜ ਵਿਚ ਅਨੁਵਾਦ ਵੀ ਸ਼ਾਮਲ ਹੋ ਗਿਆ। ਉਹਦੀਆਂ ਪੁਸਤਕਾਂ ਲਗਾਤਾਰ ਛਪਣ ਲੱਗੀਆਂ, ਕਈ ਵਾਰ ਸਾਲ ਵਿਚ ਦੋ-ਦੋ ਵੀ। ਕਵਿਤਾ ਉਹਦੀ ਮੰਚਾਂ ਤੋਂ ਦੱਸੀ ਹੋਈ ਕਾਵਿਕਤਾ ਦੀ ਕਸਵੱਟੀ ਉੱਤੇ ਪੂਰੀ ਉੱਤਰਦੀ ਸੀ। ਬਾਲ-ਕਵਿਤਾਵਾਂ ਉਹਦੇ ਵਰਗੀਆਂ ਪੰਜਾਬੀ ਵਿਚ ਹੋਰ ਕਿਸੇ ਨੇ ਨਹੀਂ ਲਿਖੀਆਂ, ਵਿਸ਼ੇ ਤੇ ਨਿਭਾਅ ਦੇ ਪੱਖੋਂ ਵੱਖਰੀਆਂ, ਆਪਣੇ ਵਰਗੀਆਂ ਸਿਰਫ ਆਪ। ਉਹ ਬਾਲ-ਰਚਨਾ ਕਰਨ ਸਮੇਂ ਮਨ ਦੀ ਕਾਇਆ ਪਲਟ ਕੇ ਬਾਲ ਹੋ ਜਾਂਦਾ। ਬੱਚਿਆਂ ਵਾਲੀ ਕਲਪਨਾ, ਬੱਚਿਆਂ ਵਾਲੇ ਬੋਲ। ਉਹਦੇ ਦੋ ਸੰਗ੍ਰਹਿ ਕਵਿਤਾਵਾਂ ਦੇ ਤੇ ਚਾਰ ਸੰਗ੍ਰਹਿ ਬਾਲ-ਕਵਿਤਾਵਾਂ ਦੇ ਛਪੇ।

ਉਹਦਾ ਅਨੁਵਾਦ-ਕਾਰਜ ਸਹੀ ਅਰਥਾਂ ਵਿਚ ਮੁੱਲਵਾਨ ਹੈ। ਉਹਨੇ ਅਨੁਵਾਦ ਲਈ ਸਾਡੇ ਲਗਭਗ ਸਭੇ ਅਨੁਵਾਦਕਾਂ ਵਾਲਾ, ਹਿੰਦੀ ਤੋਂ ਕਹਾਣੀਆਂ-ਕਵਿਤਾਵਾਂ ਪੰਜਾਬੀ ਵਿਚ ਕਰ ਦੇਣ ਦਾ ਸੌਖਾ ਤੇ ਸਮਾਂ-ਲੰਘਾਊ ਰਾਹ ਨਹੀਂ ਸੀ ਫੜਿਆ। ਸਾਹਿਤ ਨੂੰ ਉਹ ਸੌਖ ਨਾਲ ਨਹੀਂ ਸੀ ਜੋੜਦਾ ਤੇ ਲੰਘਾਉਣ ਲਈ ਵਾਧੂ ਸਮਾਂ ਉਸ ਕੋਲ ਹੈ ਹੀ ਨਹੀਂ ਸੀ। ਅਨੁਵਾਦ ਵਾਸਤੇ ਰਚਨਾਵਾਂ ਉਹਨੇ ਸੋਚ ਕੇ, ਮਿਥ ਕੇ ਉਹ ਚੁਣੀਆਂ ਜੋ ਪੰਜਾਬੀ ਪਾਠਕਾਂ ਦਾ ਹਾਸਲ ਬਣ ਸਕਣ। ਪੰਜਾਬੀ ਦੀ ਐਮ.ਏ. ਨਾਲ ਉਹਨੇ ਅੰਗਰੇਜ਼ੀ ਦੀ ਐਮ.ਏ. ਵੀ ਕੀਤੀ ਤੇ ਫੇਰ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਵੀ ਰਿਹਾ। ਪੰਜਾਬੀ ਵਾਂਗ ਹੀ ਉਹ ਅੰਗਰੇਜ਼ੀ ਸਾਹਿਤ ਦਾ ਵੀ ਰਸੀਆ ਪਾਠਕ ਸੀ। ਉਹ ਡੂੰਘਾ, ਤਾਂ ਵੀ ਸਰਲ-ਸਹਿਜ ਕਵੀ ਸੀ, ਅਨੁਵਾਦ ਕਵਿਤਾ ਦਾ ਕੀਤਾ ਤੇ ਕਵਿਤਾ ਵਿਚ ਹੀ ਕੀਤਾ। ਕਵਿਤਾ ਦੀ ਅੰਤਰੀਵ ਭਾਵਨਾ ਨੂੰ ਸਮਝਦੇ ਹੋਣਾ, ਅੰਗਰੇਜ਼ੀ ਭਾਸ਼ਾ ਦੀਆਂ ਬਰੀਕੀਆਂ ਦਾ ਜਾਣੂ ਹੋਣਾ ਅਤੇ ਪੰਜਾਬੀ ਦਾ ਆਪ ਇਕ ਚੰਗਾ ਕਵੀ ਹੋਣਾ ਉਹਨੂੰ ਚੰਗਾ ਅਨੁਵਾਦਕ ਬਣਾ ਦਿੰਦੇ ਸਨ। ਅਨੁਵਾਦ ਵਿਚ ਉਹਦੀ ਆਪਣੀ ਸਮਰੱਥਾ ਵੀ ਉਜਾਗਰ ਹੁੰਦੀ ਸੀ ਤੇ ਅਤੇ ਪੰਜਾਬੀ ਸ਼ਬਦਾਂ ਦੀ ਸਮਰੱਥਾ ਵੀ।

ਉਹਦੀ ਪਲੇਠੀ ਅਨੁਵਾਦ ਪੁਸਤਕ 'ਯੂਰਪ ਦੀ ਕਵਿਤਾ' ਸੀ। ਸਮਕਾਲੀਆਂ ਨਾਲੋਂ ਵੱਧ ਧਿਆਨ ਉਹਨੇ ਪੁਰਾਤਨ ਤੇ ਮੱਧਕਾਲੀ ਕਵੀਆਂ ਵੱਲ ਦਿੱਤਾ। ਉਹਨੇ 'ਜਾਪਾਨ ਦੀ ਆਦਿ ਕਵਿਤਾ' ਤੇ 'ਚੀਨ ਦੀ ਮੁੱਢਲੀ ਕਵਿਤਾ' ਨੂੰ ਪੰਜਾਬੀ ਵਿਚ ਢਾਲਿਆ। ਪਿਛਲੀ ਸਦੀ ਦਾ ਪੁਰਤਗਾਲੀ ਕਵੀ ਫਰਨਾਂਦੋ ਪੈਸੋਆ ਤੇ ਸਤਵੀਂ ਸਦੀ ਦਾ ਚੀਨੀ ਕਵੀ ਹੈਨਸ਼ੈਨ ਤਾਂ ਉਹਨੂੰ ਏਨੇ ਚੰਗੇ ਲੱਗੇ ਕਿ ਉਹਨਾਂ ਦੀ ਇਕ-ਇਕ ਪੂਰੀ ਪੁਸਤਕ ਛਪਵਾ ਦਿੱਤੀ। ਮੈਂ 'ਚੀਨ ਦੀ ਕਵਿਤਾ ਦੇ ਪੰਜ ਪੁਰਾਣੇ ਪੰਨੇ' ਨਾਂ ਦੀ ਪੁਸਤਕ ਉਚੇਚ ਨਾਲ ਪੜ੍ਹੀ ਕਿਉਂਕਿ ਇਸ ਵਿਚ ਸ਼ਾਮਲ ਮੱਧਕਾਲੀ ਦੇਵ-ਕਵੀ ਸਾਡੇ ਆਪਣੇ ਮਧਕਾਲੀ ਸੰਤ-ਭਗਤ ਕਵੀਆਂ ਵਰਗੇ ਹਨ, ਉਹਨਾਂ ਵਾਂਗ ਹੀ ਕਵਿਤਾ ਦੇ ਨਾਲ-ਨਾਲ ਸੰਗੀਤ ਦੇ ਵੀ ਗੁੜ੍ਹ-ਗਿਆਨੀ ਜਿਹੜਾ ਸੁਮੇਲ ਰਚਨਾ ਨੂੰ ਵਿਸ਼ੇਸ਼ ਗੌਰਵ ਬਖਸ਼ ਦਿੰਦਾ ਹੈ। ਚਾਰ ਕਵੀ ਅੱਠਵੀਂ ਸਦੀ ਦੇ ਤੇ ਇਕ ਨੌਵੀਂ ਸਦੀ ਦਾ। ਆਪਣੇ ਦਾਰਸ਼ਨਿਕ-ਅਧਿਆਤਮਕ ਵਿਰਸੇ ਦੇ ਰੰਗ ਵਿਚ ਗੂੜ੍ਹੇ ਰੰਗੇ ਹੋਏ, ਕੋਈ ਬੋਧੀ, ਕੋਈ ਤਾਓਵਾਦੀ ਤੇ ਕੋਈ ਕਨਫਿਊਸ਼ਸ ਮੱਤ ਨੂੰ ਮੰਨਣ ਵਾਲਾ। ਮੌਲਿਕ ਪੰਜਾਬੀ ਕਵਿਤਾਵਾਂ ਵਰਗੇ ਪਾਠ ਵਿਚ ਅਨੁਵਾਦ ਦਾ ਪਤਾ ਓਦੋਂ ਲਗਦਾ ਜਦੋਂ ਕਿਤੇ ਚੀਨੀ ਨਾਂ-ਥਾਂ ਦਾ ਓਪਰਾ ਜ਼ਿਕਰ ਆਉਂਦਾ। ਮੈਂ ਆਖਿਆ, "ਭਾਈ ਇੰਦੇ, ਤੁਸੀਂ ਇਹ ਅਨੁਵਾਦ ਨਹੀਂ ਕੀਤਾ ਸਗੋਂ ਸਮੇਂ ਤੇ ਸਥਾਨ ਨੂੰ ਪਾਰ ਕਰਦਿਆਂ ਹਰ ਕਵੀ ਦੇ ਮਨ-ਚਿੱਤ ਵਿਚ ਵੜ ਕੇ ਬੇਨਤੀ ਕੀਤੀ ਹੈ, 'ਬਾਬਾ ਜੀ, ਮੇਰੇ ਲਈ ਆਪਣੀਆਂ ਇਹ ਕਵਿਤਾਵਾਂ ਪੰਜਾਬੀ ਵਿਚ ਉਚਾਰ ਦਿਉ!' ਤੇ ਉਹ ਚੀਨੀ ਸੰਤ ਪੰਜਾਬੀ ਵਿਚ ਪੁਨਰ-ਸਿਰਜਣ ਕਰਦੇ ਗਏ ਤੇ ਤੁਸੀਂ ਬੱਸ ਕਾਗਦ ਉੱਤੇ ਉਤਾਰਦੇ ਗਏ!"

ਅਕਾਦਮਿਕ ਸੰਸਾਰ ਵਾਂਗ ਸਾਹਿਤਕ ਸੱਤਾਧਾਰੀਆਂ ਲਈ ਵੀ ਉਹ ਕਿਸੇ ਗਿਣਤੀ ਵਿਚ ਨਹੀਂ ਸੀ। ਜਿਥੇ ਸਾਹਿਤ ਅਕਾਦਮੀ ਦੇ ਇਨਾਮ ਦੇ ਨਿਸ਼ਾਨੇ ਨਾਲ ਇਕੋ ਪੁਸਤਕ ਅਨੁਵਾਦਣ ਵਾਲੇ ਨਿਵਾਜੇ ਜਾਂਦੇ ਰਹੇ, ਅਨੁਵਾਦਕ ਇੰਦੇ ਉਹਨਾਂ ਦੇ ਨਜ਼ਰ ਨਹੀਂ ਸੀ ਪਿਆ।

ਕੁਝ ਦਿਨ ਪਹਿਲਾਂ ਅਚਾਨਕ ਉਹਦੀ ਇਕ ਕਵਿਤਾ 'ਅੰਤਮ ਯਾਤਰਾ' ਵ੍ਹੱਟਸਐਪ ਉੱਤੇ ਆ ਉੱਤਰੀ। ਮਨ ਘਬਰਾ ਗਿਆ। ਫੋਨ ਕੀਤਾ। ਉਹ ਮਰਨਾ ਸਾਡੇ ਲਈ ਛੱਡ ਕੇ ਅੰਤਮ ਯਾਤਰਾ ਉੱਤੇ ਤੁਰ ਚੁੱਕਿਆ ਸੀ!

**ਅੰਤਮ ਯਾਤਰਾ**

ਕਰਤਾਰਪੁਰ ਛੱਡੋ
ਜਾਂ ਹਰਿਦੁਆਰ
ਏਸ ਪਾਰ ਜਾਂ ਓਸ ਪਾਰ
ਇਹ ਫੁੱਲ ਤੁਹਾਡੇ ਨੇ।
ਅਸੀਂ ਜੀਣਾ ਸੀ
ਸੋ ਜੀ ਲਿਆ
ਮਰਨਾ ਤੁਹਾਡੇ ਲਈ ਛੱਡ ਚੱਲੇ ਹਾਂ।
ਲਿਆਓ ਫੜਾਓ ਆਪਣੇ ਫੁੱਲ ਵੀ
ਰਲ ਕੇ ਚੁੱਭੀ ਲਾਉਂਦੇ ਹਾਂ!

## ਇਥਾਕਾ

### ਸੀ.ਪੀ. ਕਵਾਫੀ ਦੀ ਕਵਿਤਾ, ਇੰਦੇ ਦਾ ਅਨੁਵਾਦ

ਤੁਸੀਂ ਜਿਉਂ ਹੀ ਇਥਾਕਾ ਨੂੰ ਮੂੰਹ ਕਰਦੇ ਹੋ,
ਆਸ ਹੁੰਦੀ ਏ, ਯਾਤਰਾ ਲੰਮੀ ਹੋਵੇਗੀ,
ਵੱਡੇ-ਵੱਡੇ ਕਾਰਨਾਮੇ ਹੋਣਗੇ
ਤੇ ਹੋਣਗੀਆਂ ਵੱਡੀਆਂ-ਵੱਡੀਆਂ ਲੱਭਤਾਂ।
ਇਕ-ਅੱਖੇ ਦੈਂਤ ਤੋਂ ਜਾਂ ਰੋਹ 'ਚ ਆਏ
ਪੋਜ਼ੀਦਨ ਤੋਂ ਨਾ ਡਰੋ।
ਜਦ ਤੀਕ ਤੁਸੀਂ
ਆਪਣੀਆਂ ਸੋਚਾਂ ਨੂੰ ਉਦਾਤ ਰੱਖੋਗੇ,
ਜਦ ਤੀਕ ਕੋਈ ਦੁਰਲੱਭ ਉਤੇਜਨਾ
ਤੁਹਾਡੀ ਆਤਮਾ
ਤੇ ਕਾਇਆ ਨੂੰ ਟੁੰਬਦੀ ਰਵ੍ਹੇਗੀ,
ਤੁਹਾਨੂੰ ਰਾਹ 'ਚ ਕੋਈ ਡਰ ਭੈਅ ਨਹੀਂ
ਵਿਆਪੇਗਾ।
ਜਦ ਤੀਕ ਤੁਸੀਂ ਇਕ-ਅੱਖੇ ਦੈਂਤਾਂ
ਤੇ ਕਰੋਧਵਾਨ ਪੋਜ਼ੀਦਨ ਨੂੰ
ਆਪਣੀ ਰੂਹ 'ਚ ਥਾਂ ਨਹੀਂ ਦਿੰਦੇ,
ਜਦ ਤੀਕ ਰੂਹ ਤੁਹਾਡੀ
ਇਨ੍ਹਾਂ ਨੂੰ ਸਿਰ ਮੱਥੇ ਨਹੀਂ ਬਿਠਾਉਂਦੀ,
ਤੁਹਾਡੇ ਰਾਹ 'ਚ ਇਹ ਨਹੀਂ ਆਉਣਗੇ।


ਆਸ ਰੱਖੋ ਯਾਤਰਾ ਲੰਮੀ ਏ।
ਹੋ ਸਕਦਾ ਏ, ਗਰਮੀਆਂ 'ਚ
ਅਜਿਹੀਆਂ ਕਿੰਨੀਆਂ ਹੀ ਸਵੇਰਾਂ ਆਉਣਗੀਆਂ
ਜਦ ਤੁਸੀਂ ਖੁਸ਼ੀ ਨਾਲ ਖੀਵੇ ਹੋਏ
ਪਹਿਲੀ ਵਾਰ
ਅਣਡਿੱਠੀਆਂ ਬੰਦਰਗਾਹਾਂ 'ਤੇ ਉਤਰੋਗੇ।
ਤੁਸੀਂ ਸ਼ਾਇਦ
ਫਿਨੀਸ਼ੀਆ ਦੇ ਵਪਾਰ ਕੇਂਦਰਾਂ 'ਚ ਉਤਰੋਗੇ
ਤੇ ਓਥੋਂ ਆਹਲਾ ਉਮਦਾ ਚੀਜ਼ਾਂ ਖਰੀਦੋਗੇ:
ਸਿੱਪੀਆਂ, ਮੂੰਗੇ, ਐਂਬਰ ਤੇ ਆਬਨੂਸ
ਤੇ ਤਰ੍ਹਾਂ-ਤਰ੍ਹਾਂ ਦੀਆਂ ਕਾਮਨਾਵਾਂ ਜਗਾਉਂਦੀਆਂ
ਖੁਸ਼ਬੂਆਂ,
ਮਨ-ਭਾਉਂਦੀਆਂ ਕਿੰਨੀਆਂ ਹੀ ਲੂੰਆਂ ਛੇੜਦੀਆਂ
ਖੁਸ਼ਬੂਆਂ
ਤੇ ਮਿਸਰ ਦੇ ਵਿਦਵਾਨਾਂ ਦਾ ਗਿਆਨ ਹਾਸਲ
ਕਰਨ ਲਈ
ਤੁਸੀਂ ਓਥੋਂ ਦੇ ਕਈ ਸ਼ਹਿਰਾਂ ਵਿਚ ਜਾਵੋਗੇ।

ਇਥਾਕਾ ਨੂੰ ਸਦਾ ਮਨ 'ਚ ਵਸਾਈ ਰੱਖੋ,
ਓਥੇ ਜਾਣਾ ਤੁਹਾਡੇ ਭਾਗਾਂ 'ਚ ਲਿਖਿਆ ਏ।
ਪਰ ਏਸ ਸਫਰ ਨੂੰ ਮੁਕਾਉਣ ਦੀ ਕਾਹਲ ਨਾ
ਕਰਿਓ।
ਏਸ ਸਫਰ ਨੂੰ ਚੱਲਣ ਦਿਓ, ਸਾਲਾਂ ਦੇ ਸਾਲ
ਚੱਲਣ ਦਿਓ
ਤੇ ਜਦ ਤੁਸੀਂ ਟਾਪੂ 'ਤੇ ਪੁੱਜੋ
ਤਾਂ ਧੌਲੇ ਬਾਬੇ ਬਣ ਚੁੱਕੇ ਹੋਵੋਗੇ।
ਏਸ ਰਾਹ 'ਤੇ ਪਿਆਂ
ਤੁਸੀਂ ਕਿੰਨਾ ਕੁਝ ਵੇਖ-ਪੇਖ ਕੇ
ਸਮਰਿਧ ਹੋਏ ਹੋਵੋਗੇ
ਤੇ ਕਦੀ ਸੋਚਿਆ ਨਹੀਂ ਹੋਣਾ,
ਇਥਾਕਾ ਤੁਹਾਨੂੰ ਮਾਲਾਮਾਲ ਕਰ ਸਕਦਾ ਏ।
ਇਥਾਕਾ ਨੇ ਤੁਹਾਨੂੰ
ਖੂਬਸੂਰਤ ਯਾਤਰਾ ਦਿੱਤੀ ਏ,
ਇਥਾਕਾ ਨਾ ਹੁੰਦਾ
ਤਾਂ ਤੁਸੀਂ ਏਸ ਰਾਹੇ ਨਹੀਂ ਸੀ ਪੈਣਾ
ਤੇ ਹੁਣ ਉਹਦੇ ਕੋਲ ਤੁਹਾਨੂੰ ਦੇਣ ਜੋਗਾ ਕੁਝ
ਬਚਿਆ ਨਹੀਂ।


ਤੇ ਜੇ ਤੁਹਾਨੂੰ ਇਥਾਕਾ ਹੱਥੋਂ ਹੌਲਾ ਲੱਗਦਾ ਏ
ਤਾਂ ਇਹਨੇ ਤੁਹਾਡੇ ਨਾਲ ਕੋਈ ਛਲ ਨਹੀਂ ਕੀਤਾ।
ਤਜਰਬੇ ਏਨੇ ਖੱਟ-ਖੱਟ ਕੇ
ਤੁਸੀਂ ਜ਼ਰੂਰ ਸਿਆਣੇ ਹੋ ਗਏ ਹੋਵੋਗੇ
ਤੇ ਜਾਣ ਗਏ ਹੋਵੋਗੇ,
ਇਥਾਕਿਆਂ ਦਾ ਮਹੱਤਵ ਕੀ ਏ।

# ਅੰਬਰਾਂ 'ਚ ਲਿਖਿਆ ਨਾਂ ਕੁਲਵੰਤ ਸਿੰਘ ਗਰੇਵਾਲ

*ਕੁਲਵੰਤ ਗਰੇਵਾਲ ਸਦਾ-ਸਦਾ ਲਈ ਤੁਰ ਗਿਆ ਹੈ। ਇਸ ਫਕੀਰ ਬਾਰੇ ਡਾ. ਹਰਪਾਲ ਸਿੰਘ ਪੰਨੂ ਨੇ ਇਹ ਲੇਖ ਭੇਜਿਆ ਹੈ, ਜਿਸ ਵਿਚ ਉਸ ਦੀ ਸ਼ਖਸੀਅਤ ਅਤੇ ਸ਼ਾਇਰੀ ਦੇ ਦੀਦਾਰ ਹੁੰਦੇ ਹਨ। ਡਾ. ਪੰਨੂ ਦਾ 'ਅੰਮ੍ਰਿਤ ਸੰਤਾਨ' ਵਾਲਾ ਦੂਜਾ ਲੇਖ ਪੰਜਾਬ ਟਾਈਮਜ਼ ਵਿਚ 2010 ਵਿਚ ਛਪਿਆ ਸੀ। ਪਟਿਆਲੇ ਦਾ ਭੂਤਵਾੜਾ ਇਕ ਸੰਸਥਾ, ਇਕ ਦੰਤ ਕਥਾ ਸੀ। 1960-62 ਦੇ ਸਾਲਾਂ ਦੌਰਾਨ ਮਹਿੰਦਰਾ ਕਾਲਜ ਦੇ ਨੇੜੇ ਕਬਰਿਸਤਾਨ ਵਰਗੇ ਇਕ ਅਹਾਤੇ ਵਿਚ ਰਹਿ ਰਹੇ ਹੋਣਹਾਰ ਬੁੱਧੀਜੀਵੀਆਂ ਦੀ ਉਸ ਸੰਗਤ ਨੂੰ ਭੂਤਵਾੜੇ ਦਾ ਨਾਂ ਕੁਲਵੰਤ ਗਰੇਵਾਲ ਨੇ ਹੀ ਦਿੱਤਾ ਸੀ। ਕਹਿੰਦੇ ਹਨ ਕਿ ਉਸ ਸੰਗਤ ਦੇ ਅਸਲ ਰੂਹੇ ਰਵਾਂ ਲਾਲੀ ਬਾਬਾ, ਡਾ. ਗੁਰਭਗਤ ਸਿੰਘ, ਨਵਤੇਜ ਭਾਰਤੀ ਜਾਂ ਸਵਰਗੀ ਹਰਿੰਦਰ ਸਿੰਘ ਮਹਿਬੂਬ ਨਹੀਂ ਬਲਕਿ ਕੁਲਵੰਤ ਸਿੰਘ ਗਰੇਵਾਲ ਹੀ ਸਨ। ਉਨ੍ਹਾਂ ਦੀ ਪੰਜਾਬੀ-ਸਿੱਖ ਸਭਿਆਚਾਰ ਨੂੰ ਸਭ ਤੋਂ ਕੀਮਤੀ ਦੇਣ ਇਹ ਆਖੀ ਜਾਂਦੀ ਹੈ ਕਿ ਉਨ੍ਹਾਂ ਨੇ ਮਹਿਬੂਬ ਸਾਹਿਬ ਨੂੰ ਕਾਮਰੇਡਾਂ ਦੇ ਪਾਲੇ ਵਿਚੋਂ ਖੱਗ ਕੇ ਸਿੱਖੀ ਦੇ ਪਾਲੇ ਵਿਚ ਲਿਆਂਦਾ। ਖੁਦ ਗਰੇਵਾਲ ਦੇ ਦੱਸਣ ਅਨੁਸਾਰ ਉਨ੍ਹਾਂ ਨਾਲ ਮੁਲਾਕਾਤ ਤੋਂ ਪਹਿਲਾਂ ਹਰਿੰਦਰ ਸਿੰਘ ਮਹਿਬੂਬ ਉਨ੍ਹਾਂ ਸਮਿਆਂ ਦੇ ਹੋਰ ਅਨੇਕਾਂ ਕਮਿਊਨਿਸਟ ਮੁੰਡਿਆਂ ਵਾਂਗੂ ਰੋੜੇ ਭੋੜੇ ਸਨ ਅਤੇ ਕਾਮਰੇਡ ਮਾਓ ਜੇ-ਤੁੰਗ ਦੀਆਂ ਕਵਿਤਾਵਾਂ ਦਾ ਅਨੁਵਾਦ ਕਰਦੇ ਹੁੰਦੇ ਸਨ। ਇਸ ਲੇਖ ਵਿਚ ਡਾ.ਪੰਨੂ ਨੇ ਕੁਲਵੰਤ ਗਰੇਵਾਲ ਦੀ ਫਕੀਰੀ 'ਤੇ ਝਾਤ ਪੁਆਈ ਹੈ। -ਸੰਪਾਦਕ*



ਜੁਲਾਈ 1968 ਵਿਚ ਜਦੋਂ ਮੈਂ ਮਹਿੰਦਰਾ ਕਾਲਜ ਪਟਿਆਲੇ ਦਸਵੀਂ ਕਰਨ ਮਗਰੋਂ ਦਾਖਲ ਹੋਇਆ ਤਾਂ ਬਹੇੜਾ ਰੋਡ ਉਪਰ ਸਥਿਤ ਫਤਿਹਗੜ੍ਹੀਏ ਸਰਦਾਰ ਗੁਰਨਾਮ ਸਿੰਘ ਸਿੱਧੂ ਨੇ ਤਬੇਲੇ ਦਾ ਇਕ ਕੋਨਾ ਰਹਿਣ ਲਈ ਦਿੱਤਾ। ਇਹ ਸਰਦਾਰ, ਪ੍ਰੋ. ਹਰਦਿਲਜੀਤ ਸਿੰਘ ਲਾਲੀ ਦਾ ਪਿਤਾ ਸੀ, ਜਿਸ ਦੀ ਦਾਨਸ਼ਵਰੀ ਦਾ ਅਸਰ ਮੇਰੇ ਉਪਰ ਸਥਾਈ ਹੋ ਗਿਆ। ਉਹ ਅਗਸਤ ਵਿਚ ਦੁਬਾਰਾ ਪਟਿਆਲੇ ਆਇਆ ਤਾਂ ਪੁੱਛਿਆ, ਪਟਿਆਲਾ ਦੇਖਿਆ? ਮੈਂ ਕਿਹਾ, ਹਾਂ ਜੀ, ਦੇਖਿਆ। ਫਿਰ ਪੁੱਛਿਆ, ਕੀ ਕੀ ਦੇਖਿਆ? ਮੈਂ ਕਿਹਾ, ਜੀ ਮਾਲ-ਰੋਡ, ਬਾਰਾਂਦਰੀ, ਅਦਾਲਤ ਬਾਜ਼ਾਰ, ਮੋਤੀ ਬਾਗ। ਉਹ ਹੱਸ ਪਿਆ। ਕਹਿਣ ਲੱਗਾ, ਇਹ ਪਟਿਆਲਾ ਨਹੀਂ। ਇਹ ਤਾਂ ਉਹ ਥਾਂਵਾਂ ਹਨ, ਜਿੱਥੇ ਪਟਿਆਲਾ ਵਸਦਾ ਹੈ। ਪਟਿਆਲਾ ਤੁਹਾਨੂੰ ਮੈਂ ਦਿਖਾਵਾਂਗਾ। ਤੁਹਾਨੂੰ ਮਿਲਾਵਾਂਗਾ ਮਹਾਰਾਜਾ ਯਾਦਵੇਂਦਰ ਸਿੰਘ, ਡਾ. ਗੰਡਾ ਸਿੰਘ, ਦਲੀਪ ਕੌਰ ਟਿਵਾਣਾ, ਭਲਵਾਨ ਕੇਸਰ ਸਿੰਘ, ਉਸਤਾਦ ਬਾਕਰ ਹੁਸੈਨ, ਸਿਤਾਰਵਾਦਕ ਕੰਵਰ ਮ੍ਰਿਗੇਂਦਰ ਸਿੰਘ ਅਤੇ ਹੋਣਹਾਰ ਸ਼ਾਇਰ ਕੁਲਵੰਤ ਗਰੇਵਾਲ। ਇਹ ਹੈ ਸਾਡਾ ਪਟਿਆਲਾ ਸ਼ਹਿਰ। ਸ਼ਹਿਰ ਦੀ ਪਛਾਣ ਪੱਥਰਾਂ, ਸੜਕਾਂ, ਬਾਗਾਂ ਨਾਲ ਨਹੀਂ, ਉਥੇ ਕਿਹੋ ਜਿਹੇ ਲੋਕ ਵੱਸ ਰਹੇ ਹਨ, ਉਸ ਤੋਂ ਹੋਇਆ ਕਰਦੀ ਹੈ। ਜੇ ਇਹ ਪਟਿਆਲਾ ਦੇਖਣਾ ਹੈ ਤਾਂ ਟਾਂਗੇ, ਰਿਕਸ਼ੇ ਜਾਂ ਬੱਸ ਵਿਚ ਨਹੀਂ ਬੈਠਣ ਦਿਆਂਗਾ। ਪੈਦਲ ਤੁਰਨਾ ਪੈਣਾ ਹੈ।



ਹਰਪਾਲ ਸਿੰਘ ਪੰਨੂ
ਫੋਨ: 91-94642 51454

ਇਸ ਜ਼ਿਆਰਤ ਦੌਰਾਨ ਪੰਜਾਬੀ ਯੂਨੀਵਰਸਿਟੀ ਵਿਚ ਸਰਦਾਰ ਨਾਲ ਪੈਦਲ ਗਏ ਜਿੱਥੇ ਕੁਲਵੰਤ ਸਿੰਘ ਗਰੇਵਾਲ ਨਾਲ ਪਹਿਲੀ ਮੁਲਾਕਾਤ ਹੋਈ। ਨਾਲ ਸੁਰਿੰਦਰ ਸਿੰਘ ਖਹਿਰਾ, ਜੋਗਿੰਦਰ ਸਿੰਘ ਹੀਰ ਅਤੇ ਬਲਬੀਰ ਸਿੰਘ ਨੰਦਾ ਬੈਠੇ ਸਨ। ਨਵੀਂ ਨਵੀਂ ਨੌਕਰੀ ਮਿਲੀ ਸੀ। ਨਵੀਂ ਬਿਲਡਿੰਗ ਉਤੇ ਤਾਜ਼ੀ ਕਲੀ ਕੀਤੀ ਕੰਧ ਉਪਰ ਕਿਸੇ ਨੇ ਪੈਨ ਛਿਣਕਿਆ ਹੋਇਆ ਸੀ ਤੇ ਛਿੱਟਿਆਂ ਦੀ ਇਕ ਕਤਾਰ ਦਿਸੀ। ਸਾਰੇ ਜਣੇ ਖੜ੍ਹੇ ਹੋ ਕੇ ਮਿਲੇ ਤਾਂ ਕੁਰਸੀ 'ਤੇ ਬੈਠਣ ਤੋਂ ਪਹਿਲੋਂ ਸਰਦਾਰ ਬੋਲਿਆ, ਦੂਜੀ ਤੀਜੀ ਜਮਾਤ ਵਿਚ ਅਸੀਂ ਕਲਮਾਂ ਛੰਡਣੀਆਂ ਬੰਦ ਕਰ ਦਿੱਤੀਆਂ ਸਨ। ਕੀ ਕਰ ਰੱਖਿਐ ਤੁਸੀਂ ਇਹ? ਹੱਸਦਿਆਂ ਗਰੇਵਾਲ ਨੇ ਕਿਹਾ, ਕਿਸੇ ਹੋਰ ਦੀ ਵਾਰਦਾਤ ਹੈ ਜੀ, ਸਾਡਾ ਕਸੂਰ ਨਹੀਂ। ਸਰਦਾਰ ਨੇ ਕਿਹਾ, ਕਿਸੇ ਦਾ ਕਸੂਰ ਹੋਏ ਬੇਸ਼ਕ, ਪਰ ਇਕ ਸ਼ਾਇਰ ਇਸ ਕਮਰੇ ਵਿਚ ਇਸ ਲਕੀਰ ਹੁੰਦਿਆਂ ਬੈਠ ਕਿਵੇਂ ਸਕਦਾ ਹੈ? ਮੈਂ ਜਿਹੜਾ ਸ਼ਾਇਰ ਨਹੀਂ, ਇੱਥੇ ਤਾਂ ਮੈਂ ਨਾ ਬੈਠਾਂ।

ਸਾਰੇ ਜਣੇ ਕਾਫੀ ਹਾਊਸ ਵਿਚ ਚਾਹ ਪੀਣ ਤੁਰ ਪਏ ਤਾਂ ਹੌਲੀ ਦੇ ਕੇ ਗਰੇਵਾਲ ਨੇ ਮੈਨੂੰ ਕਿਹਾ, ਇਕ ਸਰਦਾਰ ਕਪੂਰ ਸਿੰਘ, ਦੂਜਾ ਇਹ ਸਰਦਾਰ ਹੈ ਫਤਿਹਗੜ੍ਹੀਆ, ਜਿਨ੍ਹਾਂ ਦੀਆਂ ਝਿੜਕਾਂ ਦਾ ਖਜ਼ਾਨਾ ਕਿਸੇ ਕਿਸੇ ਕਰਮਾਂ ਵਾਲੇ ਨੂੰ ਨਸੀਬ ਹੁੰਦਾ ਹੈ। ਮੈਂ ਕਿਹਾ, ਏਸ ਫਤਿਗੜ੍ਹੀਏ ਸਰਦਾਰ ਨੂੰ ਤਾਂ ਜੀ ਮੈਂ ਜਾਣਦਾ ਹਾਂ, ਦੂਜਾ ਸਰਦਾਰ ਕਿਹੜੇ ਪਿੰਡ ਦਾ ਹੈ ਕਪੂਰ ਸਿੰਘ? ਗਰੇਵਾਲ ਹੱਸ ਪਿਆ। ਕੋਈ ਉਤਰ ਨਾ ਦਿੱਤਾ।

ਆਪਣੀ ਸ਼ਾਇਰੀ ਵਿਚੋਂ ਕੁਝ ਹਿੱਸੇ ਗਰੇਵਾਲ ਨੇ ਇਸ ਮਜਲਿਸ ਵਿਚ ਸੁਣਾਏ ਤਾਂ ਮੈਨੂੰ ਲੱਗਾ ਜਿਵੇਂ ਇਸ ਦੀ ਸੁਰ ਬਾਕੀਆਂ ਨਾਲੋਂ ਵੱਖਰੀ ਹੈ। ਪੰਦਰਾਂ ਸਾਲ ਦੀ ਉਮਰ ਤੱਕ ਮੈਂ ਕਵੀਸ਼ਰਾਂ ਦੇ ਕਿੱਸੇ ਪੜ੍ਹੇ ਸਨ। ਵੱਡਾ ਭਰਾ ਜੋ ਫੌਜ ਵਿਚ ਨੌਕਰੀ ਕਰਦਾ ਸੀ, ਜਨ-ਸਾਹਿਤ, ਆਰਸੀ ਅਤੇ ਕਵਿਤਾ ਰਿਸਾਲੇ ਖਰੀਦਦਾ ਹੁੰਦਾ ਤੇ ਛੁੱਟੀ ਆਉਣ ਵੇਲੇ ਸਾਰੇ ਮੇਰੇ ਵਾਸਤੇ ਚੁੱਕ ਲਿਆਉਂਦਾ। ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਮੋਹਨ ਸਿੰਘ, ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ, ਬਾਵਾ ਬਲਵੰਤ ਅਤੇ ਦਰਸ਼ਨ ਸਿੰਘ ਅਵਾਰਾ ਇਨ੍ਹਾਂ ਮੈਗਜ਼ੀਨਾਂ ਵਿਚ ਛਪਦੇ। ਇਨ੍ਹਾਂ ਦੀ ਕਵਿਤਾ ਚੰਗੀ ਲਗਦੀ; ਪਰ ਗਰੇਵਾਲ ਦੀ ਕਵਿਤਾ ਦਾ ਰੰਗ ਇਨ੍ਹਾਂ ਤੋਂ ਇਕਦਮ ਵੱਖਰਾ ਲੱਗਾ। ਸਾਰਿਆਂ ਤੋਂ ਵੱਖਰਾ। 1968 ਵਿਚ ਪਹਿਲੇ ਦਿਨ ਮਿਲ ਕੇ ਮੈਂ ਪੁੱਛਿਆ, ਤੁਹਾਡੀਆਂ ਕਵਿਤਾਵਾਂ, ਟੱਪੇ ਇੰਨੇ ਸੁਹਣੇ ਹਨ, ਪਰ ਇਹ ਕਿਧਰੇ ਛਪੇ ਹੋਏ ਕਿਉਂ ਨਹੀਂ ਮੈਂ ਪੜ੍ਹੇ? ਗਰੇਵਾਲ ਹੱਸ ਪਿਆ। ਉਤਰ ਨਾ ਦਿੱਤਾ।

ਉਦੋਂ ਮੈਨੂੰ ਕੀ ਪਤਾ ਸੀ ਕਿ ਲਿਖੀਆਂ ਗਈਆਂ ਕਵਿਤਾਵਾਂ ਨੂੰ ਛਪਣ ਵਾਸਤੇ ਅਜੇ ਅੱਧੀ ਸਦੀ ਹੋਰ ਲੱਗ ਜਾਵੇਗੀ।

ਕਵਿਤਾ, ਸਿੱਖੀ ਅਤੇ ਗਰੇਵਾਲ-ਤਿੰਨੇ ਦਰਿਆ ਨਾਲ ਨਾਲ ਇਕੱਠੇ ਵਗੇ। ਮੈਨੂੰ ਉਦੋਂ ਇਨ੍ਹਾਂ ਤਿੰਨਾਂ ਬਾਬਤ ਕੋਈ ਸਮਝ ਨਹੀਂ ਸੀ। ਮਾੜਾ ਮੋਟਾ ਅਹਿਸਾਸ ਜਿਹਾ ਹੋ ਰਿਹਾ ਸੀ ਕਿ ਸਿੱਖੀ, ਸ਼ਾਇਰੀ ਅਤੇ ਗਰੇਵਾਲ-ਤਿੰਨੇ ਕੋਈ ਵਧੀਆ ਚੀਜ਼ਾਂ ਹਨ। ਕਿਵੇਂ ਵਧੀਆ ਹਨ? ਪਤਾ ਨਹੀਂ। ਇਸ ਤਰ੍ਹਾਂ ਦਾ ਬੰਦਾ ਵੀ ਪਹਿਲਾਂ ਮੈਂ ਕੋਈ ਨਹੀਂ ਦੇਖਿਆ ਸੀ, ਸੋਚਿਆ, ਸਾਰੇ ਸ਼ਾਇਰ ਜੇ ਇਹੋ ਜਿਹੇ ਹੁੰਦੇ ਹਨ ਤਾਂ ਸੁਹਣੇ ਹੁੰਦੇ ਹਨ।

ਉਹ ਰਾਘੋਮਾਜਰੇ ਰਹਿੰਦਾ ਸੀ। ਹੁਣ ਵੀ ਰਾਘੋਮਾਜਰੇ ਰਿਹਾਇਸ਼ ਹੈ। ਯੂਨੀਵਰਸਿਟੀ ਵਿਚ ਵੱਡੀ ਤੋਂ ਵੱਡੀ ਅਲਾਟ ਹੋਈ ਕੋਠੀ ਵਿਚ ਨਹੀਂ ਰਿਹਾ। ਕਾਰਨ ਦਾ ਨਾ ਪਤਾ ਲੱਗਾ, ਨਾ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਅਮਰੀਕਾ ਵਿਚ ਰਹਿੰਦਾ ਮੇਰਾ ਦੋਸਤ ਜਗਤਿੰਦਰ ਬੱਚਿਆਂ ਨੂੰ ਪੈਰਿਸ ਦਿਖਾਉਣ ਲੈ ਕੇ ਗਿਆ। ਪੈਰਿਸ ਦੇਖ ਕੇ ਕਹਿਣ ਲੱਗਾ, ਸੁਹਣਾ ਹੈ ਇਹ ਸ਼ਹਿਰ। ਕਿਤੇ ਕਿਤੇ ਤਾਂ ਏਨਾ ਸੁਹਣਾ ਹੈ ਕਿ ਮੇਰੇ ਪਿੰਡ ਵਰਗਾ ਲਗਦਾ ਹੈ, ਪਰ ਜੇ ਦੋਹਾਂ ਦਾ ਪੂਰਾ ਮੁਕਾਬਲਾ ਕਰੀਏ ਤਾਂ ਪਿੰਡ ਜ਼ਿਆਦਾ ਸੁਹਣੈ। ਉਸ ਦੀ ਪਤਨੀ ਨੇ ਖਿੱਲ੍ਹੀ ਉਡਾਉਂਦਿਆਂ ਇਹ ਗੱਲ ਮੈਨੂੰ ਦੱਸੀ।

ਰਾਘੋਮਾਜਰੇ ਉਸ ਦੇ ਘਰ ਪੰਜ ਸੱਤ ਮਿੱਤਰਾਂ ਦਾ ਡੇਰਾ ਪੱਕਾ ਹੁੰਦਾ। ਗਰੇਵਾਲ ਨੂੰ ਛੱਡ ਕੇ ਬਾਕੀ ਸਾਰੇ ਬੇਰੁਜ਼ਗਾਰ ਸਨ ਜਾਂ ਸਾਡੇ ਵਰਗੇ ਵਿਦਿਆਰਥੀ। ਬੰਦਗੀ, ਸ਼ਾਇਰੀ, ਮਜ਼ਾਕ, ਸਿਆਸਤ, ਆਲੋਚਨਾ ਅਤੇ ਸੰਗੀਤ ਦੀਆਂ ਧੁਨਾਂ-ਸਾਰਿਆਂ ਦਾ ਟਿਕਾਣਾ ਇਸ ਘਰ ਵਿਚ ਹੁੰਦਾ। ਜੋਗਿੰਦਰ ਸਿੰਘ ਹੀਰ ਦੀ ਸੁਰ ਤੰਗ ਗਲੀ ਵਿਚੋਂ ਉਠ ਕੇ ਧਰੂ ਤਾਰਾ ਪਾਰ ਕਰਦੀ ਹੋਈ ਤਾਂ ਮੈਂ ਆਮ ਦੇਖਦਾ। ਆਮ ਧਾਰਨਾ ਇਹ ਬਣੀ ਹੋਈ ਸੀ ਕਿ ਦੋਸਤ ਉਸ ਦਾ ਵਿਆਹ ਹੋਣ ਕਿਉਂ ਦੇਣਗੇ, ਜਿਨ੍ਹਾਂ ਦਾ ਲੰਗਰ ਪ੍ਰਸ਼ਾਦਾ ਚਲਦਾ ਹੀ ਇੱਥੇ ਹੈ! ਸਵਾਲ ਨਹੀਂ, ਕਿਸੇ ਮਹੀਨੇ ਦਸ ਰੁਪਏ ਬਚ ਜਾਣ। ਇਹ ਸੂਫੀ ਸਤਰਾਂ ਗਰੇਵਾਲ ਦੇ ਮੂੰਹੋਂ ਸੁਣੀਆਂ ਸਨ,

ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ।
ਜਿਨ੍ਹਾਂ ਤਕੀਆ ਓਸ ਦਾ ਤਿਨ੍ਹਾ ਰਿਜ਼ਕ ਹਮੇਸ਼।

ਜੋਗਿੰਦਰ ਸਿੰਘ ਹੀਰ ਦਾ ਕਾਰੋਬਾਰ ਨਾਹਨ ਹੁੰਦਾ ਸੀ। ਅਕਸਰ ਉਥੇ ਜਾਂਦੇ। ਬਹੁਤ ਸਾਲਾਂ ਬਾਅਦ ਜਦੋਂ ਉਨ੍ਹਾਂ ਥਾਂਵਾਂ ਨੂੰ ਦੁਬਾਰਾ ਦੇਖਣ ਗਏ ਤਾਂ ਕਣੀਆਂ ਪੈਣ ਲੱਗੀਆਂ। ਤੇਜ਼ ਕਦਮੀਂ ਇਕ ਦੁਕਾਨ ਵਿਚ ਜਾ ਵੜੇ। ਦੁਕਾਨਦਾਰ ਨੇ ਗਰੇਵਾਲ ਨੂੰ ਪਛਾਣ ਲਿਆ, ਕਿਹਾ, ਸਰਦਾਰੋ ਕੀ ਗੱਲ ਹੋ ਗਈ, ਕਣੀਆਂ ਉਤਰਦੀਆਂ ਤਾਂ ਤੁਸੀਂ ਬਾਹਰ ਨਿਕਲਿਆ ਕਰਦੇ। ਅੱਜ ਉਲਟੇ ਕੰਮ ਕਿਉਂ ਸ਼ੁਰੂ ਹੋ ਗਏ, ਖੈਰ ਤਾਂ ਹੈ?

ਮੁਸ਼ਾਇਰਿਆਂ, ਕਵੀ ਦਰਬਾਰਾਂ ਦੀ ਪੂਰੀ ਸ਼ਾਨ ਹੋਇਆ ਕਰਦੀ ਸੀ। ਪੰਜਾਬੀ ਦਾ ਕਵੀ ਦਰਬਾਰ ਪਟਿਆਲੇ ਹੋਵੇ, ਗਰੇਵਾਲ ਹੋਵੇ ਨਾ, ਇਹ ਨਹੀਂ ਹੋ ਸਕਦਾ ਸੀ। ਖੂਬ ਦਾਦ ਮਿਲਦੀ। ਉਸ ਦੀ ਸ਼ਾਇਰੀ ਨਵੇਂ ਫੁੱਟੇ ਚਸ਼ਮੇ ਵਾਂਗ ਸੀ-ਧੀਮੀ, ਪਵਿੱਤਰ, ਸਾਦੀ, ਅੰਮ੍ਰਿਤ ਵੇਲੇ ਵਰਗੀ ਸ਼ਾਂਤ। ਉਸ ਨੂੰ ਸੁਣਦਿਆਂ ਮੈਂ ਸੋਚਦਾ, ਇਕ ਸਮਾਂ ਆਏਗਾ ਜਦੋਂ ਗਰੇਵਾਲ ਤਾਕਤਵਰ ਦਰਿਆ ਵਾਂਗ



ਤੇਜ਼ ਮੋੜ ਕਟਦਾ ਹੋਇਆ ਗਰਜਦਾ ਪਹਾੜਾਂ ਨਾਲ ਟਕਰਾਉਂਦਾ ਦੌੜੇਗਾ। ਮੇਰੀ ਇਹ ਗੱਲ ਗਲਤ ਸਾਬਤ ਹੋਈ। ਦੌੜਨਾ, ਗਰਜਣਾ, ਹਫਣਾ ਨਾ ਉਸ ਦਾ ਆਪਣਾ ਸੁਭਾਅ ਹੈ, ਨਾ ਉਸ ਦੀ ਸ਼ਾਇਰੀ ਦਾ।

ਕੱਚੇ ਕੰਢੇ ਦਰਿਆਵਾਂ ਦੇ
ਖੁੱਲ੍ਹੇ ਵਾਂਗ ਕਿਤਾਬ ਦੇ।
ਤਾਰਾ ਤਾਰਾ ਗੱਲਾਂ ਹੋਈਆਂ
ਹੋਈਆਂ ਬਾਝ ਹਿਸਾਬ ਦੇ।

ਉਸ ਦਾ ਖਿਆਲ ਅਵਾਣਾ ਜਜ਼ਬਾ ਨਹੀਂ, ਉਸ ਵਿਚ ਬਾਰੀਕ ਦਰਸ਼ਨ ਅਤੇ ਡੂੰਘੀ ਰੂਹਾਨੀਅਤ ਤੁਹਾਨੂੰ ਆਮ ਦਿਸੇਗੀ,

ਯਾਰਾਂ ਖੂਬ ਲਤਾੜਿਆ
ਮਨ-ਰੁੱਤਾਂ ਦਾ ਦੇਸ।
ਜੇ ਦੁਨੀਆਂ ਨਹੀਂ ਬਦਲਦੀ
ਕਿਉਂ ਬਦਲੇ ਦਰਵੇਸ।

ਹੁਣੇ ਛਪੀ ਉਸ ਦੀ ਕਿਤਾਬ 'ਤੇਰਾ ਅੰਬਰਾਂ 'ਚ ਨਾਂ ਲਿਖਿਆ' ਫੋਲੀ। ਜਿਲਦ ਅੰਦਰ ਤੁਹਾਨੂੰ ਦੇਵਿੰਦਰ ਸਤਿਆਰਥੀ ਦਾ ਲਿਖਿਆ ਖਤ ਮਿਲੇਗਾ, ਜੋ ਪ੍ਰਕਾਸ਼ਕ ਨੇ ਮੂਲ-ਲਿਖਤ ਦੀ ਫੋਟੋ ਕਰਕੇ ਛਾਪਿਆ ਹੈ। ਇਹ ਖਤ 1995 ਵਿਚ ਲਿਖਿਆ ਸੀ, ਜਿਸ ਵਿਚ ਗਰੇਵਾਲ ਦੇ ਇਸ ਬੰਦ ਦੀ ਤਾਰੀਫ ਕੀਤੀ ਹੈ,

ਪਰ ਪਰਾਰ ਕੋਈ ਸੂਰਮਾ
ਐਸ ਸ਼ਰੀਂਹ ਦੇ ਕੋਲ।
ਹੱਥ ਮੋਢੇ ਧਰ ਤੁਰ ਗਿਆ
ਬਿਨ ਹੰਝੂ ਬਿਨ ਬੋਲ।

ਹੇਠਾਂ ਲਿਖਿਆ ਹੈ, "ਕਾਸ਼ ਇਹ ਪੰਕਤੀਆਂ ਮੈਂ ਲਿਖੀਆਂ ਹੁੰਦੀਆਂ।" ਮੈਂ ਸਤਿਆਰਥੀ ਜੀ ਦੀ ਲੰਮੀ ਕਵਿਤਾ ਪੜ੍ਹੀ ਹੋਈ ਹੈ, ਜਿਸ ਦਾ ਇਕ ਬੰਦ ਹੈ,

ਏਸ ਸ਼ਹਿਰ ਦਾ ਕੀ ਇਤਿਹਾਸ
ਵਜਦਾ ਆਵੇ ਢੋਲ।
ਮੈਂ ਬਲ ਦਾ ਅੰਨ੍ਹਾ ਦਰਵੇਸ
ਹੰਝੂ ਜਿਸ ਦੇ ਬੋਲ।

ਇਸ ਲੰਮੀ ਨਜ਼ਮ ਦੀ ਸੁਰ ਗਰੇਵਾਲ ਦੇ ਉਕਤ ਬੰਦ ਨਾਲ ਮਿਲਦੀ ਹੈ। ਏਨੀ ਸਮਾਨਤਾ ਕਿ ਦੋਵੇਂ ਨਜ਼ਮਾਂ ਇਕੱਠੀਆਂ ਕਰਕੇ ਛਾਪ ਦਿਉ ਤਾਂ ਪਛਾਣ ਨਹੀਂ ਆਏਗੀ, ਕਿਹੜੇ ਬੰਦ ਕਿਸ ਸ਼ਾਇਰ ਦੇ ਹਨ।

ਮਹਿੰਦਰਾ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਨਰਿੰਦਰ ਕਾਲੀਆ ਮੈਨੂੰ ਬਹੁਤ ਚੰਗਾ ਲਗਦਾ। ਉਹ ਸ਼ਾਨਦਾਰ ਅਧਿਆਪਕ ਅਤੇ ਉਰਦੂ ਸ਼ਾਇਰ ਸੀ। ਇਕ ਦਿਨ ਮੈਂ ਸਟਾਫ ਰੂਮ ਵਿਚ ਉਸ ਨੂੰ ਇਕੱਲਿਆਂ ਬੈਠਾ ਦੇਖ ਕੇ ਕਿਹਾ, ਸਰ, ਤੁਸੀਂ ਉਹ ਅਧਿਆਪਕ ਹੋ ਜਿਸ ਦਿਨ ਨਹੀਂ ਆਉਂਦੇ, ਅਸੀਂ ਤੁਹਾਨੂੰ ਮਿੱਸ ਕਰਦੇ ਹਾਂ। ਹੱਸ ਪਿਆ, ਕਹਿੰਦਾ, ਤੂੰ ਅਜੇ ਛੋਟਾ ਹੈਂ, ਤੈਨੂੰ ਅਜੇ ਏਸ ਗੱਲ ਦਾ ਪਤਾ ਨਹੀਂ ਹੋਣਾ ਕਿ ਕੋਈ ਕੋਈ ਵਿਦਿਆਰਥੀ ਵੀ ਅਜਿਹਾ ਹੋਇਆ ਕਰਦਾ ਹੈ, ਜਿਹੜਾ, ਜਿਸ ਦਿਨ ਨਾ ਆਏ, ਲਗਦਾ ਹੈ ਪੀਰੀਅਡ ਬੇਕਾਰ ਗਿਆ। ਕਲਾਸ ਵਿਚ ਨਜ਼ਰ ਮਾਰ ਕੇ ਮੈਂ ਵੀ ਦੇਖਦਾ ਹੁੰਨਾ, ਮੇਰਾ ਫਲਾਂ ਵਿਦਿਆਰਥੀ ਆਇਆ ਹੈ?

ਸਤਨਾਮ ਸਿੰਘ ਖੁਮਾਰ ਉਰਦੂ ਦਾ ਅਜ਼ੀਮ ਸ਼ਾਇਰ ਮੇਰਾ ਮਿੱਤਰ ਸੀ। ਉਸ ਨੂੰ ਇਕ ਦਿਨ ਪੁੱਛਿਆ, ਉਰਦੂ ਵਧੀਕ ਲੋਕਾਂ ਨੂੰ ਨਹੀਂ ਆਉਂਦੀ। ਤੁਹਾਡੀ ਗਜ਼ਲ ਪੁਰਅਸਰ ਹੈ ਕਿ ਨਹੀਂ, ਕਿਵੇਂ ਜਾਣਦੇ ਹੋ? ਉਸ ਨੇ ਕਿਹਾ, ਪਹਿਲਾਂ ਦੋ ਚਾਰ ਸ਼ਿਅਰ ਸੁਣਾਉਂਦਾ ਹਾਂ। ਤਿੰਨ-ਚਾਰ ਸੌ ਦੀ ਹਾਜ਼ਰੀ ਉਪਰ ਨਜ਼ਰ ਦੁੜਾਉਂਦਾ ਹਾਂ। ਕਿਤੇ ਨਾ ਕਿਤੇ ਇਕ ਸਰੋਤਾ ਬੈਠਾ ਹੁੰਦਾ ਹੈ, ਜਿਹੜਾ ਮੇਰੇ ਸ਼ਿਅਰ ਦੀ ਭਰਪੂਰ ਦਾਦ ਦਿੰਦਾ ਹੈ। ਉਸ ਇਕੱਲੇ ਨੂੰ ਮੈਂ ਆਪਣੀ ਗ਼ਜ਼ਲ ਸੁਣਾ ਆਉਂਦਾ ਹਾਂ। ਫੋਟੋ, ਬਾਕੀਆਂ ਦੀ ਵੀ ਨਾਲ ਛਪ ਜਾਂਦੀ ਹੈ।

ਜਾਪਾਨੀ ਸ਼ਾਇਰ ਕਾਕੂਜ਼ੋ ਓਕਾਕੁਰਾ ਆਪਣੇ ਚਿੱਤਰਕਾਰ ਮਿੱਤਰ ਰਿਕਯੂ ਬਾਬਤ ਲਿਖਦਾ ਹੈ, ਪਤਾ ਲੱਗਾ ਉਸ ਦੇ ਸਾਰੇ ਚਿੱਤਰਾਂ ਦੀ ਨੁਮਾਇਸ਼ ਲੱਗੀ ਹੈ। ਮੈਂ ਦੇਖਣ ਗਿਆ। ਇਕ ਤੋਂ ਇਕ, ਵਧੀਕ ਤੋਂ ਵਧੀਕ ਸ਼ਾਨਦਾਰ। ਬਾਹਰ ਆਇਆ, ਪੰਜ ਚਾਰ ਜੁਆਨ ਉਸ ਦੀ ਕਲਾ ਬਾਰੇ ਗੱਲਾਂ ਕਰ ਰਹੇ ਸਨ। ਇਕ ਨੇ ਕਿਹਾ, ਲੱਖਾਂ ਵਿਚੋਂ ਕਿਸੇ ਇਕ ਅੱਧ ਨੂੰ ਉਸ ਦੀ ਕਲਾ ਸਮਝ ਵਿਚ ਆਉਂਦੀ ਹੋਣੀ, ਸਾਨੂੰ ਤਾਂ ਪਤਾ ਨਹੀਂ ਲਗਦਾ। ਮੈਂ ਕਿਹਾ, ਸਹੀ ਹੈ ਜੁਆਨੋ। ਲੱਖਾਂ ਵਿਚੋਂ ਇਕ ਹੈ ਰਿਕਯੂ। ਪਹਿਲਾਂ ਮੈਂ ਚਿੱਤਰਕਾਰ ਦੀ ਪ੍ਰਸ਼ੰਸਾ ਕਰਦਾ ਰਹਿੰਦਾ। ਹੁਣ ਮੈਂ ਆਪਣੇ ਗੁਣ ਗਾਉਣ ਲੱਗ ਗਿਆ ਹਾਂ, ਕਿਉਂਕਿ ਮੈਂ ਹਾਂ ਲੱਖਾਂ ਵਿਚੋਂ ਇਕ ਅਜਿਹਾ ਬਾਦਸ਼ਾਹ ਜਿਸ ਨੂੰ ਅਨੰਦਿਤ ਕਰਨ ਲਈ ਰੱਬ ਨੇ ਇਹ ਕਲਾਕਾਰ ਭੇਜਿਆ ਹੈ।

ਕਾਲੀਆ, ਖੁਮਾਰ ਅਤੇ ਓਕਾਕੁਰਾ ਦੀ ਗੱਲ ਮੈਂ ਇਸ ਕਰਕੇ ਲਿਖੀ ਹੈ, ਕਿਉਂਕਿ ਮੈਨੂੰ ਲਗਦਾ ਹੁੰਦਾ ਹੈ, ਮੇਰੇ ਲਈ ਲਿਖੀ ਗਈ ਹੈ ਗਰੇਵਾਲ ਦੀ ਕਵਿਤਾ, ਸਿਰਫ ਮੇਰੇ ਵਾਸਤੇ ਭੇਜਿਆ ਗਿਆ ਹੈ ਉਸ ਨੂੰ ਧਰਤੀ ਉਪਰ। ਦਰਸ਼ਕ ਅਤੇ ਸਰੋਤਾ ਕਿੰਨਾ ਅਮੀਰ ਹੁੰਦਾ ਹੈ, ਓਕਾਕੁਰਾ ਨੂੰ ਪੁੱਛੋ।

ਖੁਮਾਰ ਨੂੰ ਪੰਜਾਬੀ ਕਵੀ ਨੇ ਪੁੱਛਿਆ, ਤੁਹਾਡੀ ਗਜ਼ਲ ਵਿਚ ਸੰਗੀਤ ਵਰਤਦਾ ਹੈ। ਸੰਗੀਤ ਵਾਸਤੇ ਵੱਖ ਮਿਹਨਤ ਕਰਦੇ ਹੋ?

ਖੁਮਾਰ ਨੇ ਕਿਹਾ, ਮਿਹਨਤ ਤਾਂ ਮੈਂ ਕਰਦਾ ਈ ਨ੍ਹੀਂ। ਜਿਹੜਾ ਪਿਉ ਤਾਜ਼ਾ ਤਰੀਨ ਖਿਆਲ ਭੇਜਦਾ ਹੈ, ਉਸ ਨੂੰ ਕਹਿ ਰੱਖਿਐ ਸੰਗੀਤ ਨਾਲ ਈ ਭੇਜਿਆ ਕਰ। ਤੁਸੀਂ ਮੰਗ ਕੇ ਤਾਂ ਦੇਖੋ ਉਸ ਤੋਂ। ਉਰਦੂ ਦਾ ਕਮਜ਼ੋਰ ਸ਼ਾਇਰ ਇਹ ਸੋਚ ਕੇ ਸ਼ਿਅਰ ਲਿਖਦਾ ਹੈ ਕਿ ਉਸ ਨੂੰ ਕੋਈ ਗਾਏਗਾ। ਅਜੋਕੇ ਪੰਜਾਬੀ ਸ਼ਾਇਰ ਨੂੰ ਇਤਬਾਰ ਨਹੀਂ ਕਿ ਉਸ ਦੀ ਲਿਖਤ ਨੂੰ ਕੋਈ ਪੜ੍ਹੇਗਾ ਵੀ, ਗਾਉਣਾ ਤਾਂ ਦੂਰ ਦੀ ਗੱਲ ਐ।

ਗਰੇਵਾਲ ਦੀ ਨਜ਼ਮ ਸੰਗੀਤ ਦਾ ਲਿਬਾਸ ਪਹਿਨ ਕੇ ਉਤਰੀ ਹੈ। ਸਾਵਧਾਨ ਹੋ ਕੇ ਇਸ ਦਾ ਸੁਆਗਤ ਕਰੀਏ।

ਸਮਰਾਟ ਲਿੱਛਵੀ ਦੇ ਦਰਬਾਰ ਵਿਚ ਨੱਚਦਿਆਂ ਆਮਰਪਾਲੀ ਨੇ ਏਨੇ ਜੋਸ਼ ਅਤੇ ਜ਼ੋਰ ਨਾਲ ਧਰਤੀ ਉਪਰ ਅੱਡੀ ਮਾਰੀ ਕਿ ਉਸ ਦੇ ਖੱਬੇ ਪੈਰ ਦੀ ਝਾਂਜਰ ਦੇ ਘੁੰਗਰੂ ਟੁੱਟ ਕੇ ਮੰਚ ਉਪਰ ਖਿਲਰ ਗਏ। ਅਜੇ ਉਹ ਹੋਰ ਨੱਚਣ ਦੀ ਇਛੁੱਕ ਸੀ ਕਿ ਤਬਲਾ-ਵਾਦਕ ਆਮਰਪਾਲੀ ਦੇ ਪੈਰ ਫੜ ਕੇ ਬੈਠ ਗਿਆ, ਕਿਹਾ, ਬਸ ਮਾਲਕਣ। ਹੁਣ ਬੱਸ। ਆਮਰਪਾਲੀ ਨੇ ਕਿਹਾ, ਦੂਜੀ ਝਾਂਜਰ ਦੇ ਘੁੰਗਰੂ ਵੀ ਟੁੱਟਣ ਦੇਹ ਅੱਜ। ਤਬਲਾ-ਵਾਦਕ ਨੇ ਕਿਹਾ, ਨਹੀਂ। ਦੂਜੀ ਝਾਂਜਰ ਕਿਸੇ ਹੋਰ ਦਿਨ ਕੰਮ ਆਏਗੀ ਮਾਲਕਣ। ਅੱਜ ਨਹੀਂ। ਆਮਰਪਾਲੀ ਹੱਸ ਪਈ, ਮੈਂ ਕਲਾਕਾਰ ਹੋਣ ਕਰਕੇ ਬੇਸਮਝ ਹਾਂ। ਮੇਰਾ ਇਹ ਉਸਤਾਦ ਸਿਆਣਾ ਹੈ। ਇਸ ਦੀ ਮੰਨਣੀ ਪਵੇਗੀ।

ਦੂਜੀ ਝਾਂਜਰ ਸੰਭਾਲ ਲਈ ਗਈ। ਜਿਸ ਦਿਨ ਸਾਕਯਮੁਨੀ ਦਾ ਅੰਤਿਮ ਸੰਸਕਾਰ ਕੁਸ਼ੀਨਗਰ ਵਿਚ ਹੋਣਾ ਸੀ, ਵੈਸ਼ਾਲੀ ਤੋਂ ਉਹ ਕੁਸ਼ੀਨਗਰ ਪੁੱਜੀ। ਅਨੰਦ ਅੱਗੇ ਪ੍ਰਾਰਥਨਾ ਕੀਤੀ, ਮਹਾਰਾਜ ਦੇ ਨਜ਼ਦੀਕ ਗਾਉਣ ਦੀ ਆਗਿਆ ਹੈ ਮਹਾਂਭਿੱਖੂ? ਆਨੰਦ ਨੇ ਹਾਂ ਵਿਚ ਸਿਰ ਹਿਲਾਇਆ। ਉਹ ਬੋਧਵਾਣੀ ਦਾ ਕੀਰਤਨ ਕਰਨ ਲੱਗੀ। ਜਦੋਂ ਅਰਥੀ ਉਠੀ, ਅਨੰਦ ਨੇ ਕਿਹਾ, ਇਸ ਪਵਿੱਤਰ ਕਾਫਲੇ ਦੀ ਅਗਵਾਈ ਕਰੋ ਹੇ ਸਮਰਾਟ ਲਿਛਵੀ, ਹੇ ਸਮਰਾਟ ਅਜਾਤਸ਼ੱਤਰੂ, ਹੇ ਸਮਰਾਟ ਪ੍ਰਸ਼ਨਜੀਤ।

ਲਿਛਵੀ ਨੇ ਕਿਹਾ, ਇਸ ਪਵਿੱਤਰ ਕਾਫਲੇ ਦੀ ਅਗਵਾਈ ਉਹ ਕਰਨਗੇ ਹੇ ਮੁਨੀ ਜਿਨ੍ਹਾਂ ਨੂੰ ਸਿਧਾਰਥ ਪਿਆਰ ਕਰਦਾ ਸੀ। ਇਸ ਕਾਫਲੇ ਦੀ ਅਗਵਾਈ ਆਮਰਪਾਲੀ ਕਰੇ, ਆਨੰਦ ਕਰੇ। ਅਸੀਂ ਰਾਜੇ ਤੁਹਾਡੇ ਤੋਂ ਬੜੇ ਪਿੱਛੇ ਰਹਿ ਗਏ, ਇਸ ਕਰਕੇ ਇਸ ਕਾਫਲੇ ਵਿਚ ਸਭ ਤੋਂ ਪਿੱਛੇ ਅਸੀਂ ਤੁਰਾਂਗੇ। ਅਰਥੀ ਉਠੀ, ਆਮਰਪਾਲੀ ਨੱਚਣ ਲੱਗੀ,

(ਬਾਕੀ ਅਗਲੇ ਸਫੇ 'ਤੇ)

# ਭੂਤਵਾੜੇ ਦੀ 'ਅੰਮ੍ਰਿਤ ਸੰਤਾਨ': ਕੁਲਵੰਤ ਸਿੰਘ ਗਰੇਵਾਲ

ਨਵਤੇਜ ਭਾਰਤੀ ਨੇ ਕੁਲਵੰਤ ਗਰੇਵਾਲ ਬਾਰੇ ਲਿਖਿਆ, "ਉਸ ਦੀ ਕਵਿਤਾ ਪੜ੍ਹਨ ਲਈ ਅਨਪੜ੍ਹ ਬਣਨਾ ਪੈਂਦਾ ਹੈ। ਉਹ ਕਵਿਤਾ ਲਿਖਦਾ ਵੀ ਅਨਪੜ੍ਹ ਬਣ ਕੇ ਹੈ। ਨਵੀਂ ਲਿਖਣ ਵੇਲੇ ਪੁਰਾਣੀ ਭੁੱਲ ਜਾਂਦਾ ਹੈ। ਅਸਲ ਵਿਚ ਉਹ ਨਵੀਂ ਜਾਂ ਪੁਰਾਣੀ ਨਹੀਂ ਹੁੰਦੀ, ਪਹਿਲੀ ਹੁੰਦੀ ਹੈ ਹਰ ਵਾਰ। ਉਸ ਨੇ ਕੋਈ ਵਿਕਾਸ ਨਹੀਂ ਕੀਤਾ। ਵਿਕਾਸ ਤਾਂ ਦੂਜੀ ਕਵਿਤਾ ਤੋਂ ਸ਼ੁਰੂ ਹੁੰਦਾ ਹੈ।"

ਇਕ ਦਿਨ ਗਣਿਤ ਸ਼ਾਸਤਰੀ ਪ੍ਰੋ. ਸ਼ਾਮ ਲਾਲ ਸਿੰਗਲਾ ਨੂੰ ਮੈਂ ਅਲਬਰਟ ਆਈਨਸਟੀਨ ਦੀ ਇਹ ਪੰਕਤੀ ਸੁਣਾਈ, "ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਜੋ ਕੁੱਝ ਤੁਸੀਂ ਸਿੱਖਿਆ, ਉਹ ਮਨਫੀ ਕਰ ਕੇ ਜੋ ਬਚਦਾ ਹੈ, ਤੁਸੀਂ ਅਸਲ ਵਿਚ ਉਹ ਹੁੰਦੇ ਹੋ।" ਵਾਕ ਸੁਣਦਿਆਂ ਸਿੰਗਲਾ

ਹਰਪਾਲ ਸਿੰਘ ਪੰਨੂ

ਸਾਹਿਬ ਹੱਸੇ, ਕਿਹਾ, "ਫੇਰ ਤਾਂ ਕੁਝ ਵੀ ਨਹੀਂ ਬਚਦਾ, ਫੇਰ ਤਾਂ ਕੁਲਵੰਤ ਗਰੇਵਾਲ ਬਚਦਾ ਹੈ ਬਸ।" ਗਰੇਵਾਲ ਬਾਰੇ ਜਿਹੜੀ ਰਾਇ ਕਵੀ ਭਾਰਤੀ ਦੀ ਹੈ, ਉਹੀ ਗਣਿਤ ਸ਼ਾਸਤਰੀ ਦੀ ਨਿਕਲੀ।


ਆਈਨਸਟੀਨ ਦੀ ਇਹੋ ਪੰਕਤੀ ਪ੍ਰੋ. ਭੁਪਿੰਦਰ ਸਿੰਘ ਨੂੰ ਸੁਣਾਈ। ਸੁਣਨ ਅਤੇ ਕਹਿਣ ਦੀ ਜਾਚ ਕਿਸੇ ਨੇ ਜੇ ਸਿੱਖਣੀ ਹੋਵੇ, ਇਨ੍ਹਾਂ ਤੋਂ ਸਿੱਖੇ। ਸੁਣ ਕੇ ਮੈਨੂੰ ਸਵਾਲ ਕੀਤਾ, "ਇਸ ਗੱਲ ਦੀ ਵਿਆਖਿਆ ਭਲਾ ਕਿਵੇਂ ਕਰੀਏ ਪੰਨੂ ਸਾਹਿਬ?"

ਮੈਨੂੰ ਫਲਸਫੇ ਦਾ, ਸ਼ਾਇਰੀ ਦਾ ਪਤਾ ਨਹੀਂ ਲਗਦਾ। ਸਾਖੀ ਪਰੰਪਰਾ ਰਾਹੀਂ ਮੈਂ ਕੋਈ-ਕੋਈ ਗੱਲ ਸਮਝ ਲੈਂਦਾ ਹਾਂ। ਗੋਪੀ ਨਾਥ ਮਹੰਤੀ ਦਾ ਉੜੀਆ ਨਾਵਲ 'ਅੰਮ੍ਰਿਤ ਸੰਤਾਨ' ਪੜ੍ਹੋ। ਕੰਧ ਨਾਮ ਦੇ ਕਬੀਲੇ ਦੀ ਦਾਸਤਾਨ ਸੱਤ ਸੌ ਪੰਨਿਆਂ ਵਿਚ ਬਿਆਨ ਕੀਤੀ ਹੈ। ਇਹ ਉਹ ਕਬੀਲਾ ਹੈ ਜਿਹੜਾ ਜੰਗਲ ਵਿਚ ਵਸਦਾ ਹੈ, ਜਿਸ ਦਾ ਬਾਹਰਲੀ ਦੁਨੀਆ ਨਾਲ ਕੋਈ ਲੈਣ ਦੇਣ ਨਹੀਂ, ਯਾਨਿ ਸਭਿਅਤਾ ਨੇ ਉਸ ਨੂੰ ਦੂਸ਼ਿਤ ਨਹੀਂ ਕੀਤਾ। ਅਸਮਾਨੋਂ ਡਿਗੀ ਸਾਫ ਸ਼ਫਾਫ ਅੰਮ੍ਰਿਤ ਦੀ ਬੂੰਦ, ਮਿਟੀ ਘੱਟੇ ਤੋਂ ਮੁਕਤ ਅੰਮ੍ਰਿਤ ਸੰਤਾਨ। ਅੱਜ ਤਾਂ ਕੇਵਲ ਉਹ ਕਥਾ ਲਿਖਾਂਗਾ ਜਿਹੜੀ ਆਈਨਸਟੀਨ ਦੇ ਵਾਕ ਦੀ ਵਿਆਖਿਆ ਕਰਦਿਆਂ ਪ੍ਰੋ. ਭੁਪਿੰਦਰ ਸਿੰਘ ਦੀ ਕੋਠੀ ਵਿਚ ਸੁਣਾਈ।

ਡਾ. ਨਰਿੰਦਰ ਸਿੰਘ ਪੂਨੀਆਂ ਮੇਰੇ ਪਿੰਡ ਘੱਗੇ ਪੰਨੂਆਂ ਦਾ ਦੋਹਤਾ ਹੈ। ਉਸ ਦਾ ਸਾਰਾ ਜੀਵਨ ਵਚਿੱਤਰ ਹੈ, ਜੀਅ ਕਰਦੈ ਸਾਰਾ ਲਿਖਾਂ ਪਰ ਅੱਜ ਕੇਵਲ ਇਕ ਘਟਨਾ ਲੰਡਨ ਦੀ ਕਬੂਲ ਕਰੋ। ਕੈਮਿਸਟਰੀ ਵਿਚ ਐਮ. ਐਸ. ਸੀ. ਅਤੇ ਪੀ. ਐਚ. ਡੀ. ਇਥੋਂ ਕਰ ਕੇ ਉਹ ਲੈਕਚਰਾਰ ਨਿਯੁਕਤ ਹੋ ਗਿਆ। ਰਸਾਇਣ ਵਿਗਿਆਨ ਵਿਚ ਖੋਜ ਪੱਤਰ ਲਿਖ ਲਿਖ ਕੌਮਾਂਤਰੀ ਸਾਇੰਸ ਮੈਗਜ਼ੀਨਾਂ ਨੂੰ ਭੇਜਦਾ ਰਹਿੰਦਾ। ਦੂਜੀ ਮੰਜ਼ਲ 'ਤੇ ਰਿਹਾਇਸ਼ ਸੀ। ਖੋਜ ਪੱਤਰ 80-90 ਪੰਨਿਆਂ ਤੱਕ ਕਾਗਜ਼ ਦੇ ਇਕ ਪਾਸੇ ਟਾਈਪ ਕਰ ਕੇ ਭੇਜੇ ਜਾਂਦੇ। ਡਾਕ ਰਾਹੀਂ ਖੋਜ ਪੱਤਰ ਜਦੋਂ ਰੱਦ ਹੋ ਕੇ ਵਾਪਸ ਆਉਂਦਾ ਤਾਂ ਡਾਕੀਆ ਪੌੜੀਆਂ ਚੜ੍ਹਨ ਦੀ ਬਜਾਏ ਹੇਠੋਂ ਹੀ ਉਪਰ ਵਗਾਹ ਦਿੰਦਾ ਜੋ ਠਾਹ ਕਰਦਾ ਦਰਵਾਜ਼ੇ 'ਤੇ ਵੱਜਦਾ। ਬੱਚੇ ਤਾੜੀਆਂ ਮਾਰਦੇ, ਹੱਸਦੇ- ਦੇਖੋ ਪਾਪਾ ਦਾ ਨੋਬੇਲ ਪ੍ਰਾਈਜ਼ ਆਇਆ ਹੈ। ਬੱਚਿਆਂ ਦੀ ਖੁਸ਼ੀ ਦਾ ਕਾਰਨ ਇਹ ਹੁੰਦਾ ਕਿ ਪਾਪਾ ਜਦੋਂ ਖੁਦ ਨਾਲਾਇਕ ਹੈ ਤਾਂ ਸਾਨੂੰ ਝਿੜਕ ਨਹੀਂ ਸਕਦਾ ਕਿ ਪੜ੍ਹਦੇ ਕਿਉਂ ਨਹੀਂ। ਪਾਪਾ ਨੂੰ ਕਿਹੜਾ ਕੁਝ ਲਿਖਣਾ ਆਉਂਦੈ?

ਹੌਲੀ ਹੌਲੀ ਖੋਜ ਪ੍ਰਵਾਨ ਹੋਣ ਲਗੀ। ਪੇਪਰ ਮਨਜ਼ੂਰ ਹੋਣ ਲੱਗੇ, ਛਪਣ ਲੱਗੇ। "ਸੋਡੀਅਮ ਦਾ ਜੀਵਾਂ ਵਿਚ ਸੰਚਾਰ" ਖੋਜ ਪੱਤਰ ਮੈਗਜ਼ੀਨ ਵਿਚ ਛਪਿਆ ਤਾਂ ਸੰਪਾਦਕੀ ਵਿਚ ਲਿਖਿਆ ਗਿਆ - ਰਸਾਇਣ ਵਿਗਿਆਨ ਦੀ ਵਿਦਿਆ ਵਿਚ ਨਵੇਂ ਅਧਿਆਇ ਦਾ ਪ੍ਰਕਾਸ਼ ਹੋਇਆ ਹੈ। (It is a new chapter in the science of chemistry), ਕਾਮਨਵੈਲਥ ਨੇ ਅਖਬਾਰ ਵਿਚ ਫੈਲੋਸ਼ਿਪ ਦਾ ਇਸ਼ਤਿਹਾਰ ਛਾਪਿਆ ਕਿ ਉਨ੍ਹਾਂ ਨੂੰ ਡੀ. ਐਸ. ਸੀ. ਦੀ ਡਿਗਰੀ ਵਾਸਤੇ ਖੋਜਾਰਥੀ ਦੀ ਲੋੜ ਹੈ। ਹੋਰਨਾਂ ਨਾਲ ਪੂਨੀਏ ਨੇ ਵੀ ਅਰਜ਼ੀ ਭੇਜ ਦਿਤੀ ਤੇ ਆਪਣੀਆਂ ਪ੍ਰਾਪਤੀਆਂ ਨੱਥੀ ਕਰ ਦਿਤੀਆਂ। ਚੁਣਿਆ ਗਿਆ। ਵੀਜ਼ਾ/ਟਿਕਟ ਆ ਗਏ। ਸਾਮਾਨ ਬੰਨ੍ਹਿਆ ਜਾਣ ਲੱਗਾ। ਲੋੜੀਂਦੀਆਂ ਸਭ ਚੀਜ਼ਾਂ ਟਰੰਕ ਵਿਚ ਪਾ ਦਿਤੀਆਂ ਤਾਂ ਪੂਨੀਏ ਨੇ ਸੋਚਿਆ, ਯਾਰੋ ਮੈਂ ਉਥੇ ਇਕੱਲਾ ਰਹਾਂਗਾ। ਕਈ ਵਾਰ ਦਾਲ ਸਬਜ਼ੀ ਨਾ ਹੋਵੇ, ਆਪਾਂ ਚਟਣੀ ਰਗੜ ਕੇ ਮੱਖਣ ਧਰ ਕੇ ਰੋਟੀ ਖਾ ਲੈਂਦੇ ਹਾਂ। ਚੰਗਾ ਕੰਮ ਚੱਲ ਜਾਂਦੈ। ਮੈਂ ਇਕ ਕੂੰਡੀ ਸੋਟਾ ਨਾ ਲੈ ਜਾਵਾਂ? ਕੂੰਡੀ ਸੋਟਾ ਖਰੀਦ ਕੇ ਟਰੰਕ ਵਿਚ ਧਰ ਦਿੱਤਾ। ਲੰਡਨ ਪੁੱਜ ਗਿਆ। ਦੂਜੀ ਮੰਜ਼ਲ ਉਤੇ ਫਲੈਟ ਕਿਰਾਏ 'ਤੇ ਲੈ ਲਿਆ। ਦੋ ਕੁ ਹਫ਼ਤੇ ਬੀਤੇ ਸਨ। ਪੜ੍ਹਦਿਆਂ-ਪੜ੍ਹਦਿਆਂ ਅੱਧੀ ਰਾਤ ਭੁੱਖ ਲੱਗ ਗਈ। ਨਾ ਦਾਲ ਨਾ ਸਬਜ਼ੀ। ਸੋਚਣ ਲੱਗਾ, ਕਰ ਗਿਆ ਸੀ ਨਾ ਦਿਮਾਗ ਵੇਲੇ ਸਿਰ ਕੰਮ, ਹੁਣ ਚਟਣੀ ਕੰਮ ਆਊਗੀ। ਹੁਣ ਕੂੰਡੀ ਸੋਟਾ ਵਰਤਦੇ ਆਂ। ਗੰਢਾ ਕੱਟਿਆ। ਹਰੀਆਂ ਮਿਰਚਾਂ, ਲੂਣ, ਅਦਰਕ ਸੁੱਟ ਕੇ ਅੱਧਾ ਕੁ ਨਿੰਬੂ ਨਚੋੜ ਦਿਤਾ। ਹੋ ਗਈ ਚਟਣੀ ਕੁੱਟਣੀ ਸ਼ੁਰੂ। ਠਾਹ-ਠਾਹ, ਦੜਾਕ-ਦੜਾਕ ਹੋਈ। ਲੱਕੜ ਦੀਆਂ ਛੱਤਾਂ ਸ਼ੋਰ ਬਹੁਤ ਜ਼ਿਆਦਾ ਕਰਦੀਆਂ ਹਨ।

ਅੱਧੀ ਰਾਤ ਗੋਰਿਆਂ ਦੀਆਂ ਛੱਤਾਂ ਦੜਾਕ-ਦੜਾਕ ਠਾਹ-ਠਾਹ ਨਾਲ ਗੂੰਜਣ ਲੱਗੀਆਂ ਤਾਂ ਚੀਕ ਚਿਹਾੜਾ ਮੱਚ ਗਿਆ।... ਚੇਨ ਐਕਸਪਲੋਜ਼ਨਜ਼, ਡੇਂਜਰਸ ਐਕਸਪਲੋਜ਼ਨਜ਼, (ਲਗਾਤਾਰ ਧਮਾਕੇ...ਖਤਰਨਾਕ ਧਮਾਕੇ...)", ਕਰਦੇ ਚੀਕਾਂ ਮਾਰਦੇ ਬੱਚੇ, ਗੋਰੀਆਂ, ਗੋਰੇ ਬਾਹਰ ਭੱਜੇ। ਪੁਲਿਸ ਨੂੰ ਫੋਨ ਖੜਕਾ ਦਿਤੇ। ਵਿਸਲ ਹੂਟਰ ਵਜਾਉਂਦੀ ਪੁਲਿਸ ਆ ਗਈ। ਟੱਲੀਆਂ ਖੜਕਾਉਂਦਾ ਫਾਇਰ ਬ੍ਰਿਗੇਡ ਪੁੱਜ ਗਿਆ। ਲਾਊਡ-ਸਪੀਕਰ ਉਪਰ ਐਲਾਨ ਹੋ ਗਿਆ- ਇਹ ਬਿਲਡਿੰਗ ਸੁਰੱਖਿਅਤ ਨਹੀਂ, ਤੁਰੰਤ ਬਾਹਰ ਨਿਕਲ ਆਉ। ਚੌਵੀ ਫਲੈਟਾਂ ਦਾ ਇਹ ਕੰਪਲੈਕਸ ਜਦੋਂ ਫਟਾਫਟ ਖਾਲੀ ਕਰਵਾਇਆ ਜਾਣ ਲੱਗਾ ਉਦੋਂ ਪੂਨੀਆਂ ਲੱਤਾਂ ਨਿਸਾਲੀ ਚਟਣੀ ਨਾਲ ਰੋਟੀਆਂ ਖਾਣ ਦਾ ਮਜ਼ਾ ਲੈ ਰਿਹਾ ਸੀ, ਬਾਹਰ ਦੀ ਹਰ ਘਟਨਾ ਤੋਂ ਬੇਖਬਰ। ਚਟਣੀ ਰਗੜਨ ਵਾਲਾ ਬੰਦਾ ਵਜਦ ਵਿਚ ਆ ਜਾਂਦਾ ਹੈ। ਕੂੰਡੀ ਸੋਟੇ ਦਾ ਆਪਣਾ ਸੰਗੀਤ ਖੁਦ ਏਨਾ ਵਿਸ਼ਾਲ ਅਤੇ ਸੂਖਮ ਹੁੰਦਾ ਹੈ ਕਿ ਬੰਦੇ ਨੂੰ ਬਾਹਰਲਾ ਸ਼ੋਰ ਸ਼ਰਾਬਾ ਬਿਲਕੁਲ ਸੁਣਾਈ ਨਹੀਂ ਦਿੰਦਾ।



ਕਰੀਬ 40 ਸਾਲ ਪੁਰਾਣੀ ਇਸ ਤਸਵੀਰ ਵਿਚ ਨਜ਼ਰ ਆ ਰਹੇ ਹਨ-ਕੁਲਵੰਤ ਸਿੰਘ ਗਰੇਵਾਲ ਅਤੇ ਪੱਤਰਕਾਰ ਗੁਰਦਿਆਲ ਸਿੰਘ ਬੱਲ, ਸੰਗਰੂਰ ਜਿਲ੍ਹੇ ਵਿਚ ਪਿੰਡ ਬਡਬਰ ਦੇ ਇਕ ਪੁਰਾਣੇ ਮਜਾਰ ਦੇ ਬਾਹਰਵਾਰ

ਸਾਰੇ ਬੰਦੇ ਸੁਰੱਖਿਅਤ ਥਾਂ ਪਹੁੰਚਾ ਕੇ ਪੁਛ-ਗਿਛ ਹੋਣ ਲੱਗੀ। ਦੱਸਿਆ ਗਿਆ ਕਿ ਜਿਸ ਛੱਤ ਉਪਰ ਧਮਾਕੇ ਹੋਏ, ਉਸ ਫਲੈਟ ਅੰਦਰ ਇਕ ਇੰਡੀਅਨ ਸਟੂਡੈਂਟ ਰਹਿੰਦਾ ਹੈ। ਪੁਲਿਸ ਨੇ ਦੇਖਿਆ ਕਿ ਬਾਹਰ ਨਿਕਲ ਕੇ ਆਏ ਦੁਖਿਆਰਿਆਂ ਵਿਚ ਇੰਡੀਅਨ ਸਟੂਡੈਂਟ ਨਹੀਂ ਆਇਆ। ਇਸ ਦਾ ਮਤਲਬ ਹੈ ਕਿ ਇਕ ਤਾਂ ਦੋਸ਼ੀ ਲੱਭ ਗਿਆ, ਦੂਜਾ ਹੋ ਸਕਦੈ, ਹੋਰ ਧਮਾਕੇ ਕਰਨ ਵਾਸਤੇ ਵਿਉਂਤ ਬਣਾ ਰਿਹਾ ਹੋਵੇ। ਵਾਰਨਿੰਗ ਦੇਣ ਦੇ ਬਾਵਜੂਦ ਨਹੀਂ ਨਿਕਲਿਆ। ਬਾਕੀ ਫੋਰਸ ਚਾਰੇ ਪਾਸੇ ਤਾਇਨਾਤ ਕਰ ਕੇ ਦਸ ਕਮਾਂਡੋ ਪੂਨੀਏ ਦੇ ਕਮਰੇ ਵਲ ਉਪਰ ਚੜ੍ਹੇ। ਜ਼ੋਰ ਨਾਲ ਦਰਵਾਜ਼ਾ ਖੜਕਾਇਆ। ਪੂਨੀਏ ਨੇ ਚਿਟਕਣੀ ਖੋਲ੍ਹੀ ਤਾਂ ਦੋ ਜਵਾਨਾਂ ਨੇ ਲਪਕ ਕੇ ਦੋਵੇਂ ਬਾਹਵਾਂ ਫੜ ਲਈਆਂ, ਪਿੱਠ ਪਿਛੇ ਕਰ ਕੇ ਹੱਥਾਂ ਨੂੰ ਹੁੱਕ ਲਾ ਦਿਤੀ। ਫਿਰ ਪੁੱਛਿਆ, ਧਮਾਕੇ ਕਿਉਂ ਕੀਤੇ? ਬਾਰੂਦ, ਸਮੱਗਰੀ ਕਿਥੇ ਹੈ?

ਪੂਨੀਏ ਨੇ ਕਿਹਾ, ਨਾ ਕੋਈ ਧਮਾਕਾ ਕੀਤਾ, ਨਾ ਕੋਈ ਮੇਰੇ ਕੋਲ ਐਕਸਪਲੋਸਿਵ ਸਮੱਗਰੀ ਹੈ। ਉਨ੍ਹਾਂ ਫਿਰ ਕਿਹਾ, ਜ਼ਬਰਦਸਤ ਠਾਹ-ਠਾਹ ਦੜਾਕ-ਦੜਾਕ ਦੇਰ ਤੱਕ ਹੋਈ ਜਿਸ ਕਰ ਕੇ ਬਿਲਡਿੰਗ ਵਾਲੀ ਥਾਂ ਖਾਲੀ ਕਰਵਾ ਲਈ ਹੈ। ਪੂਨੀਏ ਨੇ ਦੱਸਿਆ ਕਿ ਭੁੱਖ ਲੱਗੀ ਹੋਈ ਸੀ, ਮੈਂ ਤਾਂ ਚਟਣੀ ਰਗੜੀ ਸੀ। ਕੂੰਡੇ ਸੋਟੇ ਵੱਲ ਇਸ਼ਾਰਾ ਕਰਦਿਆਂ ਕਿਹਾ, ਆਹ ਦੇਖੋ ਗ੍ਰਾਈਂਡਰ। ਜੇ ਮੇਰੇ ਹੱਥ ਖੋਲ੍ਹ ਦਿਉਂ ਤਾਂ ਮੈਂ ਤੁਹਾਨੂੰ ਗ੍ਰਾਈਂਡਰ ਚਲਾ ਕੇ ਵੀ ਦਿਖਾ ਦਿੰਦਾ ਹਾਂ ਤੇ ਚਟਣੀ ਖੁਆਵਾਂਗਾ ਵੀ। ਬਹੁਤ ਸੁਆਦ ਲੱਗੇਗੀ, ਜੇ ਤੁਹਾਨੂੰ ਭੁੱਖ ਲੱਗੀ ਹੈ। ਜੇ ਭੁੱਖ ਨਹੀਂ ਤਾਂ ਚਿਕਨ ਵੀ ਨਹੀਂ ਸੁਆਦ। ਪਹਿਲਾਂ ਸਾਰੇ ਕਮਰੇ ਦੀ ਤਲਾਸ਼ੀ ਲਈ। ਅੰਦਰ ਕੁੱਤੇ ਗੇੜੇ ਕਢਦੇ ਰਹੇ। ਫੇਰ ਉਸ ਨੂੰ ਪੁੱਛਿਆ, ਤੂੰ ਕਰਨ ਕੀ ਆਇਐਂ ਇਥੇ? ਉਸ ਨੇ ਕਿਹਾ, ਮੇਰੇ ਹੱਥ ਖੋਲ੍ਹੋ। ਮੈਂ ਤੁਹਾਨੂੰ ਆਪਣਾ ਸ਼ਨਾਖਤੀ ਕਾਰਡ ਦਿਖਾਉਨਾ। ਮੈਂ ਕੈਮਿਸਟਰੀ ਦਾ ਸਾਇੰਟਿਸਟ ਹਾਂ, ਡਾਕਟਰੇਟ ਕਰ ਕੇ ਆਇਆਂ, ਹੁਣ ਡਾਕਟਰ ਆਫ ਸਾਇੰਸ, ਜਿਹੜੀ ਦੁਨੀਆ ਦੀ ਸਭ ਤੋਂ ਵੱਡੀ ਡਿਗਰੀ ਹੈ, ਉਹ ਕਰ ਰਿਹਾਂ।

ਪੂਨੀਏ ਨੇ ਇਕ ਹੌਲਦਾਰ ਨੂੰ ਕਿਹਾ, ਜ਼ਰਾ ਖਾ ਕੇ ਤਾਂ ਦੇਖ, ਬੜੀ ਟੇਸਟੀ ਹੈ। ਖਾਣੀ ਤਾਂ ਕੀ ਸੀ, ਹੌਲਦਾਰ ਨੇ ਸਿਰ ਨੀਵਾਂ ਕਰ ਕੇ ਸੁੰਘੀ। ਉਸ ਨੂੰ ਉਹ ਧਾਂਸ ਚੜ੍ਹੀ ਕਿ ਛਿੱਕਾਂ ਮਾਰਦਾ-ਮਾਰਦਾ ਬਾਹਰ ਵੱਲ ਭੱਜਿਆ। ਕਹਿਣ ਲੱਗਾ, ਇਹ ਖਾ ਕੇ ਕਿਤੇ ਖੁਦਕਸ਼ੀ ਨਾ ਕਰਦਾ ਹੋਵੇ। ਏਨਾ ਤਿੱਖਾ ਪੰਜੈਂਟ ਮੈਟਰ ਤਾਂ ਬਾਰੂਦ ਵੀ ਨਹੀਂ। ਕਮਰੇ ਵਿਚੋਂ ਕੁਝ ਇਤਰਾਜ਼ਯੋਗ ਨਾ ਮਿਲਿਆ। ਇਹ ਸਾਰਾ ਕੁੱਤਪੁਣਾ ਕਰਦਿਆਂ ਦਿਨ ਚੜ੍ਹ ਗਿਆ। ਦੋ ਤਿੰਨ ਭਾਰਤੀਆਂ ਨੂੰ ਬੁਲਾ ਕੇ ਇਸ ਖਾਧ-ਪਦਾਰਥ ਦੀ ਜਾਂਚ ਕਰਵਾਈ। ਉਨ੍ਹਾਂ ਨੇ ਕਿਹਾ, ਜੀ ਇਹ ਪੰਜਾਬ ਵਿਚ ਆਮ ਖਾਣ ਵਾਲੀ ਸਾਦੀ ਜਿਹੀ ਪੇਸਟ ਹੁੰਦੀ ਹੈ ਜੋ ਤਿੰਨ ਚਾਰ ਚੀਜ਼ਾਂ ਨੂੰ ਕੁੱਟ ਕੇ ਬਣਾਉਂਦੇ ਹਨ। ਇਹ ਮੁੰਡਾ ਨਵਾਂ ਹੈ। ਇਸ ਨੂੰ ਪਤਾ ਨਹੀਂ ਕਿ ਏਨਾ ਖੜਾਕ ਇੰਗਲੈਂਡ ਵਿਚ ਕਰੀਦਾ ਨਹੀਂ, ਉਹ ਵੀ ਅੱਧੀ ਰਾਤੀਂ। ਦਰਅਸਲ ਹੋਇਆ ਇਹ ਕਿ ਨੀਂਦ ਵਿਚੋਂ ਅਭੜਵਾਹੇ ਉਠਦਿਆਂ ਬੰਦਾ ਬੌਂਦਲ ਜਾਂਦਾ ਹੈ। ਉਸ ਨੂੰ ਕੁਝ ਸਮਝ ਵਿਚ ਆਉਂਦਾ ਨਾ ਹੋਣ ਕਰ ਕੇ ਖਤਰਾ ਲੋੜ ਤੋਂ ਵਧੀਕ ਪ੍ਰਤੀਤ ਹੋਣ ਲਗਦਾ ਹੈ।

ਪੁਲਿਸ ਅਫ਼ਸਰ ਨੇ ਪੁੱਛਿਆ, ਤੂੰ ਇਹ ਗ੍ਰਾਈਂਡਰ ਖਰੀਦਿਆ ਕਿਥੋਂ? ਪੂਨੀਏ ਨੇ ਕਿਹਾ, ਆਪਣੇ ਦੇਸ ਵਿਚੋਂ। ਮੈਨੂੰ ਪਤਾ ਸੀ, ਇਹ ਕੰਮ ਦੀ ਚੀਜ਼ ਤੁਹਾਡੇ ਦੇਸ ਵਿਚ ਹੋਣੀ ਨਹੀਂ।

ਪੁਲਿਸ ਨੇ ਪੂਨੀਏ ਨੂੰ ਵਾਰਨਿੰਗ ਦਿਤੀ ਤੇ ਇਕ ਖਾਸ ਸਕੂਲ ਵਿਚ ਦਸ ਦਿਨ ਟਰੇਨਿੰਗ ਲੈਣ ਦਾ ਹੁਕਮ ਦਿਤਾ। ਇਸ ਸਕੂਲ ਵਿਚ ਨਵੇਂ ਗਏ ਏਸ਼ੀਆਈਆਂ ਨੂੰ ਅੰਗਰੇਜ਼ੀ ਤਹਿਜ਼ੀਬ ਸਿਖਾਈ ਜਾਂਦੀ ਹੈ। ਗੱਲ ਕਿਵੇਂ ਕਰਨੀ ਹੈ, ਹੌਲੀ ਕਰਨੀ ਹੈ, ਹੈਲੋ ਕਿਵੇਂ ਕਰਨੀ ਹੈ, ਹੱਥ ਵੀ ਇਉਂ ਨਹੀਂ ਮਿਲਾਉਣਾ ਕਿ ਮੋਢਾ ਉਤਰ ਜਾਵੇ, ਘਰ ਦੇ ਅੰਦਰ ਬੂਟ ਪਾ ਕੇ ਨਹੀਂ ਤੁਰਨਾ, ਨੰਗੇ ਪੈਰੀਂ ਤੁਰਦਿਆਂ ਵੀ ਅੱਡੀ ਨਾਲ ਧਮਕ ਪੈਦਾ ਨਹੀਂ ਕਰਨੀ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਵੀ ਪੱਤਰ ਲਿਖੇ ਕਿ ਆਉਣ ਵਾਲੇ ਵਿਦਿਆਰਥੀਆਂ ਨੂੰ ਵਲੈਤੀ ਤੌਰ ਤਰੀਕੇ ਸਿਖਾ ਕੇ ਭੇਜਿਆ ਕਰੋ। ਇਸ ਪੱਤਰ ਵਿਚ ਉਨ੍ਹਾਂ ਚਟਣੀ ਰਗੜਨ ਉਪਰ ਪੂਰਨ ਪਾਬੰਦੀ ਲਾਉਣ ਬਾਰੇ ਲਿਖਿਆ।

ਪੂਨੀਆ ਹੱਸ ਹੱਸ ਦੂਹਰਾ ਹੁੰਦਾ ਦਸਦਾ ਹੁੰਦੈ, ਕਈ ਦਿਨ ਮੈਂ ਇਹੀ ਸੋਚਦਾ ਰਿਹਾ ਅੰਗਰੇਜ਼ ਦੁਨੀਆ 'ਤੇ ਰਾਜ ਕਰ ਗਏ, ਇਹ ਝੂਠੀ ਖਬਰ ਲਗਦੀ ਹੈ। ਇਕ ਚਟਣੀ ਦੀ ਘਟਨਾ ਨੇ ਦੋ ਸੌ ਗੋਰਿਆਂ ਨੂੰ ਪਦੀੜਾਂ ਪਾ ਦਿੱਤੀਆਂ। ਪੂਨੀਏ ਦੇ ਵਿਹਾਰ ਤੋਂ ਆਈਨਸਟੀਨ ਦੇ ਵਾਕ ਦੀ ਅਜੇ ਵੀ ਜੇ ਵਿਆਖਿਆ ਅਧੂਰੀ ਹੈ ਤਾਂ ਫੇਰ ਕਦੀ ਗਰੇਵਾਲ ਸਾਹਿਬ ਦੀ ਗੋਡ-ਬੰਦਨਾ ਕਰੋ। ਪੂਨੀਆ ਰਿਟਾਇਰ ਹੋ ਗਿਆ ਹੈ ਪਰ ਉਹ ਵਿਹਲਾ ਨਹੀਂ। ਚਾਰ ਭਾਰਤੀ ਯੂਨੀਵਰਸਿਟੀਆਂ ਅਤੇ ਛੇ ਦੇਸਾਂ ਦਾ ਉਹ ਰਸਾਇਣ-ਵਿਗਿਆਨੀ ਸਲਾਹਕਾਰ ਹੈ। ਪੂਨੀਏ ਨੂੰ ਭਾਰਤ ਸਰਕਾਰ ਵਲੋਂ ਸ਼੍ਰੋਮਣੀ ਸਾਇੰਸਦਾਨ ਦਾ ਸਟੇਟ ਐਵਾਰਡ ਮਿਲਿਆ।

ਸ਼ਾਇਰ ਉਦੈ ਸਿੰਘ ਸ਼ਾਇਕ ਆਪਣੇ ਸ਼ਾਇਰ ਦੋਸਤ ਕਿਰਪਾਲ ਸਿੰਘ ਬੇਦਾਰ ਨੂੰ ਮਿਲਣ ਆਇਆ। ਘਰ ਪੁੱਜੇ ਤਾਂ ਦੇਖਿਆ, ਬੇਦਾਰ ਕੱਚੀ ਕੰਧ ਉਪਰ ਇਸ ਤਰ੍ਹਾਂ ਬੈਠਾ ਗਜ਼ਲ ਲਿਖ ਰਿਹਾ ਸੀ, ਜਿਵੇਂ ਬੰਦਾ ਘੋੜੀ 'ਤੇ ਸਵਾਰ ਹੋਵੇ। ਦੇਖਣਸਾਰ ਸ਼ਾਇਕ ਨੇ ਕਿਹਾ, ਤਾਲੀਮ ਭੀ ਇਸ ਕੰਬਖਤ ਦਾ ਕੁਛ ਨਹੀਂ ਵਿਗਾੜ ਸਕੀ। ਬੇਦਾਰ ਪੰਜਾਬੀ ਯੂਨੀਵਰਸਿਟੀ ਦੇ ਅਰਬੀ, ਫਾਰਸੀ ਵਿਭਾਗ ਦਾ ਮੁਖੀ ਪ੍ਰੋਫੈਸਰ ਸੀ।

ਪੂਨੀਆ ਅਤੇ ਗਰੇਵਾਲ, ਵਿਦਿਆ ਮਨਫੀ ਕਰਨ ਤੋਂ ਬਾਅਦ ਵੀ ਬਹੁਤ ਬਚ ਜਾਂਦੇ ਹਨ। ਸਾਡੇ ਲਹੂ ਲੁਹਾਣ ਸੰਸਾਰ ਵਿਚ ਇਹ ਮਨੁਖ ਅੰਮ੍ਰਿਤ ਸੰਤਾਨ ਹਨ। ਆਪਣੀ ਵਿੱਦਿਆ ਆਪਣੇ ਵਿਚੋਂ ਮਨਫੀ ਕਰ ਕੇ ਕਦੀ ਹਿਸਾਬ ਲਾਉਣਾ ਕਿ ਤੁਸੀਂ ਕੀ ਹੋ?

# ਅੰਬਰਾਂ 'ਚ ਲਿਖਿਆ ਨਾਂ ਕੁਲਵੰਤ ਸਿੰਘ ਗਰੇਵਾਲ

*(ਪਿਛਲੇ ਸਫੇ ਦੀ ਬਾਕੀ)*

ਸ਼ਮਸ਼ਾਨਘਾਟ ਤੱਕ ਨੱਚਦੀ ਗਈ ਤੇ ਚਿਖਾ ਦੇ ਚਰਨਾਂ ਵਿਚ ਸੱਜੀ ਝਾਂਜਰ ਟਿਕਾ ਦਿੱਤੀ। ਇਸ ਪਿੱਛੋਂ ਕਿਸੇ ਮਹਿਲ ਵਿਚ ਗਾਉਣ ਨਹੀਂ ਗਈ। ਉਸ ਦੀ ਬਦਨਾਮ ਹਵੇਲੀ ਸਰਬੋਤਮ ਬੋਧ ਆਸ਼ਰਮ ਬਣਿਆ। ਜਦੋਂ ਟਿਕੀ ਰਾਤ ਤੇਜ਼ ਹਵਾਵਾਂ ਵਗਦੀਆਂ ਹਨ, ਝਾਂਜਰਾਂ ਦੀ ਆਵਾਜ਼ ਦੂਰੋਂ ਸਾਫ ਸੁਣਾਈ ਦਿੰਦੀ ਹੈ।

ਗਰੇਵਾਲ ਦੀ ਇਹ ਕਿਤਾਬ ਰਮਣੀਕ ਵਾਦੀ ਵਿਚਲਾ ਕੋਈ ਰਾਜਰਿਖੀ ਆਸ਼ਰਮ ਹੈ। ਇਸ ਆਸ਼ਰਮ ਵਿਚ ਇਕ ਧਰਮ, ਇਕ ਲਿਬਾਸ ਅਤੇ ਇਕ ਕਲਚਰ ਦੇ ਮੁਰੀਦ ਨਹੀਂ ਹਨ। ਗੁਰੂ ਨਾਨਕ ਦੇਵ ਏਸ਼ੀਆ ਵਿਚ ਜਿਸ ਜਿਸ ਨੂੰ ਮਿਲੇ, ਕਿਹਾ, ਤੁਹਾਨੂੰ ਦੱਸਣ ਆਏ ਹਾਂ ਜੁ ਤੁਹਾਡਾ ਧਰਮ ਠੀਕ ਸੀ, ਪਰ ਇਸ ਵਾਹਨ ਦਾ ਇੰਜਣ ਵਿਗੜ ਗਿਆ ਹੈ, ਇਸ ਨੂੰ ਠੀਕ ਠਾਕ ਕਰਕੇ ਤੁਹਾਨੂੰ ਦੇਵਾਂਗੇ।

ਗਰੇਵਾਲ ਦੀ ਕਵਿਤਾ ਪੂਰਬ ਦਿਸ਼ਾ ਵੱਲ ਤੁਰਦੀ ਹੈ। ਨਾ ਕਿਤੇ ਓਪਰੀ ਹੈ, ਨਾ ਬੋਝਲ,

ਸਾਵਣ ਆਇਆ ਹੇ ਸਖੀ
ਬੱਦਲ ਜੋਰ ਕਰੇ।
ਜਾਂ ਨਿਰਮੋਹੀ ਯਾਰ ਦਾ
ਮੱਥਾ ਠਰੇ ਠਰੇ।

ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਰਾਹੀਂ ਜਿਸ ਪੰਜਾਬ ਦੇ ਦਰਸ਼ਨ ਹੁੰਦੇ ਹਨ, ਗਰੇਵਾਲ ਦੀ ਕਵਿਤਾ ਇਸ ਮੰਚ ਉਪਰੋਂ ਮੁੜ ਪਰਦਾ ਪਰੇ ਸਰਕਾਂਦੀ ਹੈ ਤਾਂ ਇਹ ਚਿਹਰਾ ਦਿਸਦਾ ਹੈ,

ਨੱਢੀਆਂ ਧੁਪ ਚੜ੍ਹਦੇ ਦੀ
ਗੱਭਰੂ ਘੁੱਟ ਚਾਨਣ ਦਾ,
ਕਿਸ ਦੌਰ 'ਚ ਗੁੰਮ ਹੋ ਗਈ
ਮਹਿਫਿਲ ਸੁਲਤਾਨਾਂ ਦੀ।

ਉਸ ਦੀ ਕਵਿਤਾ ਨੂੰ ਸਮਝਣ ਦੀ ਲੋੜ ਨਹੀਂ, ਇਸ ਵਿਚ ਤਾਰੀ ਲਾਉਣੀ ਠੀਕ ਰਹੇ।

ਰਹੱਸਵਾਦੀ ਸ਼ਾਇਰ ਐਜ਼ਰਾਪਾਊਂਡ ਨੂੰ ਪੁੱਛਿਆ ਗਿਆ, ਰੂਹਾਨੀਅਤ ਕੀ ਹੁੰਦੀ ਹੈ? ਉਸ ਨੇ ਕਿਹਾ, ਮੈਨੂੰ ਕੀ ਪਤਾ? ਦਰਿਆ ਨੂੰ ਥਰਮੋਡਾਇਨਾਮਿਕਸ ਦੇ ਫਾਰਮੂਲਿਆਂ ਦਾ ਪਤਾ ਨਹੀਂ ਹੁੰਦਾ। ਬੰਦੇ ਫਾਰਮੂਲੇ ਪਤਾ ਲਾਉਣਗੇ, ਦਰਿਆ ਵਗੇਗਾ।

ਮੇਰਾ ਬਚਾਉ ਇਸ ਵਿਚ ਹੈ ਕਿ ਮੈਂ ਨਜ਼ਮ ਦੇ ਫਾਰਮੂਲਿਆਂ ਦੀ ਤਲਾਸ਼ ਨਾ ਕਰਾਂ!

# ਜੇ ਕਲਮਾਂ ਦੇ ਕਾਫਲੇ ਨਾ ਹੁੰਦੇ...

ਅਕਸਰ ਜਦੋਂ ਵੀ ਲਿਖਣ ਦਾ ਮਨ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਇਹੀ ਖਿਆਲ ਆਉਂਦਾ ਹੈ ਕਿ ਕਿਸ ਮੁੱਦੇ 'ਤੇ ਲਿਖਿਆ ਜਾਵੇ। ਕਈ ਵਾਰ ਮੁੱਦਾ ਸਾਡੇ ਸਾਹਮਣੇ ਹੀ ਹੁੰਦਾ ਹੈ, ਜਿਸ ਨੂੰ ਆਪਣੀ ਕਲਮ ਨਾਲ ਪੰਨਿਆਂ 'ਤੇ ਉਲੀਕਿਆ ਜਾਂਦਾ ਹੈ ਤੇ ਕਈ ਵਾਰ ਮੁੱਦਾ ਸੋਚਣਾ ਪੈਂਦਾ ਹੈ ਕਿ ਕਿਸ ਮੁੱਦੇ 'ਤੇ ਲਿਖਿਆ ਜਾਵੇ। ਫਿਰ ਉਹ ਮੁੱਦਾ ਸੋਚ ਤੇ ਕਲਮ ਰਾਹੀਂ ਆਪਣੇ ਆਪ ਹੀ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਉਹ ਕਵਿਤਾ, ਜੋ ਕਿਸੇ ਸੋਹਣੀ ਧੁੱਪ ਵਾਂਗ ਹੁੰਦੀ ਹੈ, ਜੋ ਰੁੱਖਾਂ ਦੇ ਪੱਤਿਆਂ ਦੇ ਓਹਲੇ ਹੋ ਕੇ ਪਾਣੀਆਂ ਨੂੰ ਝਾਕਦੀ ਹੈ। ਜਿਵੇਂ ਉਸ ਪਾਣੀ ਨਾਲ ਕੋਈ ਬਰਸੋਂ ਪੁਰਾਣਾ ਪਿਆਰ ਹੈ ਤੇ ਸ਼ਾਮ ਪੈਣ 'ਤੇ ਉਸੇ ਪਾਣੀ (ਸਮੁੰਦਰ) ਵਿਚ ਗੋਤੇ ਲਗਾਉਂਦੀ ਹੈ।

ਇਹ ਕਵਿਤਾਵਾਂ, ਇਹ ਲੇਖ ਇਹ ਇੱਕ ਕਵੀ ਜਾਂ ਲਿਖਾਰੀ ਨੂੰ ਜਨਮ ਲੈਣ ਦੇ ਨਾਲ ਹੀ ਇੱਕ ਵਰਦਾਨ ਦੇ ਰੂਪ ਵਿਚ ਮਿਲ ਜਾਂਦੇ ਨੇ। ਇਹ ਕਲਮਾਂ ਦੀ ਤਾਕਤ, ਇਹ ਪੁਸਤਕਾਂ ਨਾਲ ਪ੍ਰੇਮ, ਇਹ ਅੱਖਰਾਂ ਨਾਲ ਸਾਂਝ, ਇਹੀ ਇੱਕ ਕਵੀ ਜਾਂ ਲਿਖਾਰੀ ਦੀ ਅਸਲੀ ਜਾਇਦਾਦ ਹੈ।

ਕਵੀ ਜਦੋਂ ਕੋਈ ਕਵਿਤਾ ਲਿਖਦਾ ਹੈ ਤਾਂ ਸਾਰੀ ਕਾਇਨਾਤ, ਸਾਰੀ ਕੁਦਰਤ ਉਸ ਦੀ ਕਲਮ ਨੂੰ ਸਜਦਾ ਕਰਦੀ ਹੈ ਤੇ ਕਵਿਤਾ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਇਹ ਅੰਬਰ ਇਹ ਧਰਤੀ, ਇਹ ਪਾਣੀ ਇਹ ਹਵਾ, ਇਹ ਰੁੱਖ, ਇਹ ਪਰਿੰਦੇ, ਇਹ ਝਰਨੇ,



ਝੀਲਾਂ, ਨਦੀਆਂ-ਇਨ੍ਹਾਂ ਸਾਰਿਆਂ ਨੂੰ ਕਵੀ ਆਪਣੀ ਕਵਿਤਾ ਵਿਚ ਪਰੋ ਲੈਂਦਾ ਹੈ।

ਕਈ ਵਾਰ ਮਾੜੇ ਹਾਲਾਤ ਵੀ ਇੱਕ ਆਮ ਆਦਮੀ ਅੰਦਰ ਕਵੀ ਬਣਨ ਦੀ ਚਿਣਗ ਜਗਾ ਦਿੰਦੇ ਹਨ। ਕਹਿਣ ਦਾ ਭਾਵ ਕੋਈ ਬੰਦਾ ਜ਼ਿੰਦਗੀ ਦੇ ਬਹੁਤ ਹੀ ਮਾੜੇ ਹਾਲਾਤਾਂ 'ਚੋਂ ਲੰਘ ਰਿਹਾ ਹੋਵੇ ਤਾਂ ਉਨ੍ਹਾਂ ਹਾਲਾਤ ਤੋਂ ਉਹ ਬਹੁਤ ਕੁਝ ਸਿੱਖਦਾ ਹੈ ਜਾਂ ਉਨ੍ਹਾਂ ਹਾਲਾਤ ਦਾ ਸਾਹਮਣਾ ਕਰਨ ਲਈ ਕਲਮ ਨੂੰ ਹੀ ਆਪਣਾ ਹਥਿਆਰ ਬਣਾ ਲੈਂਦਾ ਹੈ।

ਜੇ ਸੋਚੀਏ ਕਿ ਕਵੀ ਜਾਂ ਲਿਖਾਰੀ ਹੀ ਨਾ ਹੁੰਦੇ ਤਾਂ ਕੀ ਹੁੰਦਾ? ਕਿਸ ਤਰ੍ਹਾਂ ਚਲਣੀ ਸੀ ਇਹ ਦੁਨੀਆਂ? ਸ਼ਾਇਦ ਗਿਆਨ ਵੀ ਅਧੂਰਾ ਜਿਹਾ ਹੀ ਹੁੰਦਾ। ਸ਼ਾਇਦ ਪੁਸਤਕਾਂ ਹੀ ਨਾ ਛਪਦੀਆਂ। ਫਿਰ ਗਿਆਨ ਨੂੰ ਸੰਭਾਲ ਕੇ ਰੱਖਣਾ ਵੀ ਸ਼ਾਇਦ ਮੁਸ਼ਕਿਲ ਹੋ ਜਾਂਦਾ। ਕੁਦਰਤ ਦਾ ਕੀ ਹਾਲ ਹੁੰਦਾ? ਕੌਣ ਫੁੱਲਾਂ ਦੀ ਤਾਰੀਫ ਕਰਦਾ? ਮੁਰਝਾਏ ਫੁੱਲਾਂ ਨੂੰ ਵੀ ਕੌਣ ਹੌਂਸਲਾ ਦਿੰਦਾ? ਸ਼ਾਇਦ ਰੰਗਾਂ ਦਾ ਵੀ ਕੋਈ ਵਜੂਦ ਹੀ ਨਾ ਹੁੰਦਾ। ਰੰਗ ਹੋਣ ਦੇ ਬਾਵਜੂਦ ਦੁਨੀਆਂ ਬੇ-ਰੰਗ ਜਿਹੀ ਲੱਗਣੀ ਸੀ। ਇਹ ਸੂਰਜ, ਚੰਨ, ਤਾਰੇ ਸਿਰਫ ਕੁਦਰਤ ਨੂੰ ਚਲਾਉਣ ਵਾਲੇ ਕੁਦਰਤੀ ਸਾਧਣ ਜਾਂ ਸਾਇੰਸ ਦੀ ਖੋਜ ਬਣ ਕੇ ਰਹਿ ਜਾਂਦੇ। ਸ਼ਾਇਦ ਇਸੇ ਲਈ ਰੱਬ ਨੇ ਕਵੀ ਜਾਂ ਲੇਖਕਾਂ ਨੂੰ ਭੇਜਿਆ ਹੈ, ਤਾਂ ਜੋ ਕੁਦਰਤ ਨੂੰ ਖੂਬਸੂਰਤ ਅੱਖਰਾਂ ਵਿਚ ਪਰੋ ਕੇ ਰੱਖਿਆ ਜਾ ਸਕੇ।

*-ਹਰਜੀਤ ਸਿੰਘ ਗਹੂਣੀਆ*
*ਫੋਨ: 91-94175-68175*

# ਮੁਹੱਬਤ ਅਤੇ ਮਾਸੂਮੀਅਤ

ਕਲਾ ਪਰਿਕਰਮਾ

ਕਹਾਣੀ ਪੂਰੀ ਫਿਲਮੀ ਹੈ ਪਰ ਹੈ ਸੱਚੀ। ਇਨਸਾਨੀਅਤ ਨੂੰ ਸਰਹੱਦੀ ਵਲਗਣਾਂ ਅਤੇ ਕੌਮਪ੍ਰਸਤੀ ਵਰਗੇ ਜਜ਼ਬਿਆਂ ਤੋਂ ਉਚੇਰਾ ਸਾਬਤ ਕਰਨ ਵਾਲੀ। ਸਿਰੜ, ਸਬਰ ਤੇ ਸੰਘਰਸ਼ ਦੀ ਜਿੱਤ ਦਾ ਸੁਨੇਹਾ ਦੇਣ ਵਾਲੀ। ਦੋ ਸਾਲ ਪਹਿਲਾਂ ਇਹ ਕਹਾਣੀ ਮੀਡੀਆ ਵਿਚ ਵੀ ਆਈ ਸੀ। ਚੰਦ ਦਿਨ ਚਰਚਾ ਵਿਚ ਰਹੀ, ਫਿਰ ਭੁੱਲ-ਭੁਲਾ ਦਿੱਤੀ ਗਈ। ਹੁਣ ਇਹ ਮੁੱਖ ਕਿਰਦਾਰ ਦੀ ਕਲਮ ਅਤੇ ਜ਼ੁਬਾਨ ਰਾਹੀਂ ਕਿਤਾਬੀ ਦਸਤਾਵੇਜ਼ ਦੇ ਰੂਪ ਵਿਚ ਸਾਡੇ ਸਾਹਮਣੇ ਆਈ ਹੈ। 'ਹਾਮਿਦ' (ਪੈਂਗੁਇਨ ਰੈਂਡਮ ਹਾਊਸ; 359 ਪੰਨੇ; 399 ਰੁਪਏ) ਹਾਮਿਦ ਅਨਸਾਰੀ ਦੇ ਬੰਦੀ ਜੀਵਨ ਅੰਦਰਲੀ ਦਰਿੰਦਗੀ, ਜ਼ਿੰਦਗੀ ਦੀ ਸਲਾਮਤੀ ਲਈ ਜੱਦੋ-ਜਹਿਦ ਅਤੇ ਫਿਰ ਆਜ਼ਾਦੀ ਪ੍ਰਾਪਤੀ ਤੋਂ ਉਪਜੇ ਹੁਲਾਸ ਦੀ ਕਹਾਣੀ ਹੈ। ਇਸ ਨੂੰ ਉਸ ਨੇ ਸੀਨੀਅਰ ਪੱਤਰਕਾਰ ਗੀਤਾ ਮੋਹਨ ਦੀ ਮਦਦ ਨਾਲ ਕਲਮਬੰਦ ਕੀਤਾ ਹੈ।

ਚੰਗਾ ਪੜ੍ਹਿਆ-ਲਿਖਿਆ ਨੌਜਵਾਨ ਸੀ ਹਾਮਿਦ ਅਨਸਾਰੀ। ਮੁੰਬਈ ਦਾ ਜੰਮ-ਪਲ।

**ਸੁਰਿੰਦਰ ਸਿੰਘ ਤੇਜ**

ਬਿਜ਼ਨਸ ਐਡਮਿਨਿਸਟਰੇਸ਼ਨ ਨਾਲ ਜੁੜੇ ਵਿਸ਼ਿਆਂ ਤੇ ਦੋ ਮਾਸਟਰ ਡਿਗਰੀਆਂ ਨਾਲ ਲੈਸ ਇਕ ਮਲਟੀਨੈਸ਼ਨਲ ਵਿਚ ਰੁਜ਼ਗਾਰ-ਯਾਫਤਾ; ਨਾਲ ਹੀ ਬਟੂਏ ਤੇ ਚਮੜੇ ਦੀਆਂ ਹੋਰ ਵਸਤਾਂ ਤਿਆਰ ਕਰਨ ਦੇ ਪਰਿਵਾਰਕ ਕਾਰੋਬਾਰ ਵਿਚ ਹੱਥ ਵਟਾਉਣ ਵਾਲਾ। ਵੱਖ-ਵੱਖ ਸੋਸ਼ਲ ਮੀਡੀਆ ਮੰਚਾਂ ਉਤੇ ਪੂਰਾ ਸਰਗਰਮ ਸੀ। ਉਂਜ ਇਸੇ ਸ਼ੌਕ ਦੀ ਬਦੌਲਤ ਉਸ ਦਾ ਕੋਹਾਟ ਵਿਚ ਵਸੀ ਪਖਤੂਨ ਮੁਟਿਆਰ ਫਿਜ਼ਾ ਨਾਲ ਆਨਲਾਈਨ ਇਸ਼ਕ ਹੋ ਗਿਆ। ਅੰਨ੍ਹਾ ਇਸ਼ਕ। ਫਿਜ਼ਾ ਦੇ ਭਰਾ ਨੇ ਕਿਸੇ ਦਾ ਕਤਲ ਕਰ ਦਿੱਤਾ। ਪਖਤੂਨ 'ਵਾਣੀ' ਰਵਾਇਤ ਮੁਤਾਬਕ ਦੁਸ਼ਮਣੀ ਮੁਕਾਉਣ ਅਤੇ ਮੁਜਰਿਮ ਦੀ ਰਿਹਾਈ ਸੰਭਵ ਬਣਾਉਣ ਲਈ ਵਡੇਰਿਆਂ ਨੇ ਫੈਸਲਾ ਦਿੱਤਾ ਕਿ ਫਿਜ਼ਾ ਨੂੰ ਮਕਤੂਲ ਦੇ ਪਰਿਵਾਰ ਦੀ ਨੂੰਹ ਬਣਾ ਦਿੱਤਾ ਜਾਵੇ। ਫਿਜ਼ਾ ਨੂੰ ਇਹ ਹੋਣੀ ਸਵੀਕਾਰ ਨਹੀਂ ਸੀ। ਉਸ ਨੇ ਹਾਮਿਦ ਨੂੰ ਦੁਹਾਈ ਦਿੱਤੀ ਕਿ ਉਹ ਉਸ ਨੂੰ ਬਚਾਉਣ ਵਾਸਤੇ ਕੁਝ ਕਰੇ। ਹਾਮਿਦ ਨੇ ਬੜੇ ਹੱਥ-ਪੈਰ ਮਾਰੇ; ਪਾਕਿਸਤਾਨੀ ਵੀਜ਼ਾ ਲੈਣ ਦੀ ਨਾਕਾਮ ਕੋਸ਼ਿਸ਼ ਕੀਤੀ; ਕਈ ਪਾਕਿਸਤਾਨੀ ਆਨਲਾਈਨ ਦੋਸਤਾਂ ਤੋਂ ਮਦਦ ਮੰਗੀ। ਹਰ ਪਾਸਿਓਂ ਨਾਕਾਮੀ ਪੱਲੇ ਪਈ। ਇਹ ਗੱਲਾਂ 2012 ਦੀਆਂ ਹਨ। ਇਕ ਪਾਕਿਸਤਾਨੀ ਪੱਤਰਕਾਰ ਨੇ ਹਾਮਿਦ ਨੂੰ ਅਫਗਾਨਸਤਾਨ ਜ਼ਰੀਏ ਚੋਰੀ ਪਾਕਿਸਤਾਨ ਵਿਚ ਦਾਖਲ ਹੋਣ ਦਾ ਰਾਹ ਸੁਝਾਇਆ। ਅਜਿਹਾ ਕਰਨ ਵਿਚ ਉਸ ਦੀ ਮਦਦ ਵੀ ਕੀਤੀ, ਇਸ ਆਸ ਨਾਲ ਕਿ ਹਾਮਿਦ ਪਾਸ ਢੇਰ ਸਾਰੇ ਪੈਸੇ ਹੋਣਗੇ। ਜਦੋਂ ਹਾਮਿਦ ਪੈਸਿਆਂ ਪੱਖੋਂ ਹੌਲਾ ਨਿਕਲਿਆ ਤਾਂ ਉਸ ਨੂੰ ਭਾਰਤੀ ਸੂਹੀਆ ਦੱਸ ਕੇ ਪਾਕਿਸਤਾਨੀ ਫੌਜ ਕੋਲ ਫੜਾ ਦਿੱਤਾ ਗਿਆ।

ਇਥੋਂ ਸ਼ੁਰੂ ਹੋਈ ਹਾਮਿਦ ਦੀ ਦਰਦੀਲੀ ਦਾਸਤਾਂ। ਪਾਕਿਸਤਾਨੀ ਖੁਫੀਆ ਏਜੰਸੀਆਂ ਨੇ ਉਸ ਨੂੰ ਅੰਤਾਂ ਦੇ ਤਸੀਹੇ ਦਿੱਤੇ, ਇਹ ਕਬੂਲ ਕਰਵਾਉਣ ਲਈ ਕਿ ਉਹ ਭਾਰਤੀ ਸੂਹੀਆ ਹੈ। ਹਾਮਿਦ ਆਪਣੀ ਮਾਸੂਮੀਅਤ ਦੀ ਦੁਹਾਈ ਦਿੰਦਾ ਰਿਹਾ। ਜ਼ਮੀਨੀ ਸਤਹਿ ਤੋਂ 20 ਫੁੱਟ ਥੱਲੇ ਬਣੇ ਤਹਿਖਾਨੇ ਵਿਚ ਉਹ ਤਿੰਨ ਵਰ੍ਹਿਆਂ ਤਕ ਤਸੀਹੇ ਝੱਲਦਾ ਰਿਹਾ। ਰੂਹ ਬੇਜ਼ਾਰ ਹੋ ਗਈ, ਜਿਗਰਾ ਜਵਾਬ ਦੇਣ ਲੱਗਾ ਪਰ ਉਹ ਜਿਵੇਂ-ਤਿਵੇਂ ਜਾਸੂਸ ਨਾ ਹੋਣ ਦੇ ਦਾਅਵੇ ਉਤੇ ਕਾਇਮ ਰਿਹਾ। ਉਸ ਦੇ ਮੁਸਲਮਾਨ ਹੋਣ 'ਤੇ ਸ਼ੱਕ ਕੀਤਾ ਗਿਆ। ਜਦੋਂ ਸ਼ੱਕ ਦੀ ਗੁੰਜਾਇਸ਼ ਨਾ ਰਹੀ ਤਾਂ ਇਹ ਕਿਹਾ ਗਿਆ ਕਿ ਭਾਰਤੀ ਮੁਸਲਮਾਨ ਤਾਂ ਪਾਕਿਸਤਾਨ ਲਈ ਵੱਧ ਖਤਰਨਾਕ ਹਨ। ਉਨ੍ਹਾਂ ਦੀ ਪਛਾਣ ਪਾਕਿਸਤਾਨੀਆਂ ਤੋਂ ਵੱਖਰੀ ਨਹੀਂ। ਇਸੇ ਲਈ ਉਹ ਵੱਧ ਡੰਗ ਮਾਰਨ ਦੇ ਸਮਰੱਥ ਹਨ।


ਹਾਮਿਦ ਦੀ ਗੁੰਮਸ਼ੁਦਗੀ ਮਾਪਿਆਂ-ਫੌਜ਼ੀਆ ਅਤੇ ਨਿਹਾਲ ਅਨਸਾਰੀ ਲਈ ਕਹਿਰ ਬਣ ਕੇ ਆਈ। ਉਨ੍ਹਾਂ ਉਸ ਦੀ ਉਘ-ਸੁੱਘ ਜਾਨਣ ਲਈ ਬੜੇ ਜ਼ਫਰ ਜਾਲੇ। ਉਨ੍ਹਾਂ ਨੂੰ ਸ਼ੱਕ ਸੀ ਕਿ ਹਾਮਿਦ ਫਿਜ਼ਾ ਨੂੰ ਬਚਾਉਣ ਲਈ ਗਿਆ ਹੈ ਪਰ ਹੈ ਕਿੱਥੇ? ਇਸਲਾਮਾਬਾਦ ਵਿਚ ਭਾਰਤੀ ਹਾਈ ਕਮਿਸ਼ਨ ਕੋਲ ਕੋਈ ਜਾਣਕਾਰੀ ਨਹੀਂ ਸੀ। ਪਾਕਿਸਤਾਨੀ ਮੀਡੀਆ ਵਿਚੋਂ ਵੀ ਕੁਝ ਨਹੀਂ ਸੀ ਲੱਭ ਰਿਹਾ। ਜੇਕਰ ਹਾਮਿਦ ਇਹ ਮੰਨ ਜਾਂਦਾ ਕਿ ਉਹ 'ਭਾਰਤੀ ਜਾਸੂਸ' ਹੈ ਤਾਂ ਇਹ ਖਬਰ ਪਾਕਿਸਤਾਨੀ ਮੀਡੀਆ ਦਾ 'ਸ਼ਿੰਗਾਰ' ਬਣ ਜਾਣੀ ਸੀ ਪਰ ਅਜਿਹੇ ਕਬੂਲਨਾਮੇ ਦੀ ਅਣਹੋਂਦ ਵਿਚ ਪਾਕਿਸਤਾਨੀ ਫੌਜ ਕਿਸ ਮੂੰਹ ਨਾਲ ਦੁਨੀਆ ਨੂੰ ਇਹ ਦੱਸਦੀ ਕਿ ਉਸ ਨੇ 'ਭਾਰਤੀ ਜਾਸੂਸ' ਕਾਬੂ ਕੀਤਾ ਹੋਇਆ ਹੈ।

ਅਜਿਹੀਆਂ ਕਠਿਨਾਈਆਂ ਦੇ ਬਾਵਜੂਦ ਫੌਜ਼ੀਆ ਅਤੇ ਨਿਹਾਲ ਨੇ ਹਾਮਿਦ ਨੂੰ ਲੱਭਣ ਦੇ ਯਤਨ ਜਾਰੀ ਰੱਖੇ। ਪਾਕਿਸਤਾਨੀ ਮੀਡੀਆ ਤੋਂ ਵੀ ਮਦਦ ਮੰਗਣੀ ਜਾਰੀ ਰੱਖੀ ਗਈ। ਅੱਲ੍ਹਾ ਦੇ ਦਰਾਂ 'ਤੇ ਜਾ ਕੇ ਪੁੱਤਰ ਦੀ ਸਲਾਮਤੀ ਲਈ ਜੋਦੜੀਆਂ ਵੀ ਨਾਲੋ-ਨਾਲ ਚਲਦੀਆਂ ਰਹੀਆਂ। ਉਹ ਮੱਕਾ ਸ਼ਰੀਫ ਵਿਖੇ ਜ਼ਿਆਰਤ 'ਤੇ ਸਨ ਜਦੋਂ ਉਨ੍ਹਾਂ ਨੂੰ ਪਿਸ਼ਾਵਰ ਤੋਂ ਪੱਤਰਕਾਰ ਜ਼ੀਨਤ ਸ਼ਹਿਜ਼ਾਦੀ ਦਾ ਫੋਨ ਆਇਆ। ਜ਼ੀਨਤ ਨੂੰ ਹਾਮਿਦ ਬਾਰੇ ਕੁਝ ਜਾਣਕਾਰੀ ਮਿਲੀ ਸੀ ਜਿਸ ਦੀ ਉਹ ਤਸਦੀਕ ਚਾਹੁੰਦੀ ਸੀ; ਨਾਲ ਹੀ ਉਸ ਨੇ ਹਾਮਿਦ ਦੀ ਬੇਗੁਨਾਹੀ ਦੇ ਸਬੂਤ ਵੀ ਮੰਗੇ। ਇਹ ਗੱਲ ਦਸੰਬਰ 2015 ਦੀ ਹੈ। ਇਸ ਫੋਨ ਤੋਂ ਪਹਿਲੀ ਵਾਰ ਫੌਜ਼ੀਆ ਨੂੰ ਹਾਮਿਦ ਦੇ ਜ਼ਿੰਦਾ ਹੋਣ ਦਾ ਸਬੂਤ ਮਿਲਿਆ ਅਤੇ ਨਾਲ ਹੀ ਉਸ ਦੀ ਰਿਹਾਈ ਲਈ ਜੱਦੋ-ਜਹਿਦ ਹੋਰ ਤੇਜ਼ ਕਰਨ ਦਾ ਬਲ ਵੀ ਮਿਲਿਆ। ਖਬਰ ਨਸ਼ਰ ਹੋਣ ਤੋਂ ਬਾਅਦ ਭਾਰਤੀ ਹਾਈ ਕਮਿਸ਼ਨ ਵੀ ਸਰਗਰਮ ਹੋਇਆ। ਸਾਢੇ ਤਿੰਨ ਵਰ੍ਹਿਆਂ ਬਾਅਦ ਹਾਮਿਦ ਨੂੰ ਫੌਜੀ ਤਹਿਖਾਨੇ ਵਿਚੋਂ ਕੱਢ ਕੇ ਐਬਟਾਬਾਦ ਜੇਲ੍ਹ ਵਿਚ ਤਬਦੀਲ ਕੀਤਾ ਗਿਆ। ਏਨੇ ਲੰਮੇ ਸਮੇਂ ਬਾਅਦ ਸੂਰਜ ਦੇ ਦਰਸ਼ਨ ਨਸੀਬ ਹੋਣ ਅਤੇ ਹਰਿਆਵਲ ਦਿਸਣ ਦੇ ਮੰਜ਼ਰ ਨੂੰ ਉਸ ਨੇ ਬੜੇ ਮਾਰਮਿਕ ਲਹਿਜੇ ਨਾਲ ਬਿਆਨ ਕੀਤਾ ਹੈ।

ਉਸ ਦਾ ਮਾਮਲਾ ਭਾਰਤ ਤੇ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਕੋਲ ਵੀ ਪੁੱਜਾ ਅਤੇ ਸੰਯੁਕਤ ਰਾਸ਼ਟਰ ਦੇ ਅਜਿਹੇ ਮੰਚਾਂ ਤੇ ਵੀ। ਸਿਵਲੀਅਨ ਅਦਾਲਤ ਵਿਚ ਉਸ ਉਤੇ ਮੁਕੱਦਮਾ ਚੱਲਿਆ, ਪਾਕਿਸਤਾਨ ਵਿਚ ਗੈਰ-ਕਾਨੂੰਨੀ ਤੌਰ ਤੇ ਦਾਖਲ ਹੋਣ ਦੇ ਦੋਸ਼ਾਂ ਹੇਠ ਸਜ਼ਾ ਹੋਈ। ਪਾਕਿਸਤਾਨੀ 'ਅਸਟੈਬਲਿਸ਼ਮੈਂਟ' ਉਸ ਨੂੰ ਸੁੱਕਾ ਛੱਡਣ ਦੇ ਰੌਂਅ ਵਿਚ ਨਹੀਂ ਸੀ ਪਰ ਹਿੰਦੋਸਤਾਨੀਆਂ-ਪਾਕਿਸਤਾਨੀਆਂ ਦਰਮਿਆਨ ਇਨਸਾਨੀ ਰਿਸ਼ਤਿਆਂ ਦੀ ਬਰਕਰਾਰੀ ਲਈ ਜੂਝਣ ਵਾਲਿਆਂ ਨੇ ਹਾਮਿਦ ਦੀ ਰਿਹਾਈ ਲਈ ਘੋਲ ਜਾਰੀ ਰੱਖਿਆ। ਤੱਤਕਾਲੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਹਾਮਿਦ ਦੀ ਮਾਂ ਫੌਜ਼ੀਆ ਲਈ ਹਮਦਰਦੀ ਦਾ ਮੁਜੱਸਮਾ ਬਣੀ ਰਹੀ। ਉਸ ਨੇ ਇਹ ਵਾਅਦਾ ਪੁਗਾਇਆ ਕਿ ਉਹ ਹਾਮਿਦ ਨੂੰ ਵਤਨ ਪਰਤਾ ਕੇ ਰਹੇਗੀ। ਉਥੇ ਪਾਕਿਸਤਾਨੀ ਵਕੀਲ ਕਾਜ਼ੀ ਅਨਵਰ ਅਤੇ ਐਡਵੋਕੇਟ ਰਖਸ਼ੰਦਾ ਨਾਜ਼ ਨੇ ਵੱਖ ਵੱਖ ਅਦਾਲਤੀ ਮੰਚਾਂ ਤੇ ਹਾਮਿਦ ਦੇ ਮੁਕੱਦਮੇ ਨਾ ਸਿਰਫ ਮੁਫਤ ਲੜੇ ਸਗੋਂ ਉਸ ਵਾਸਤੇ ਮਾਨਸਿਕ ਤੇ ਮਨੋਵਿਗਿਆਨਕ ਸਹਾਰਾ ਵੀ ਬਣੇ ਰਹੇ। ਸਭ ਤੋਂ ਵੱਧ ਖਮਿਆਜ਼ਾ ਜ਼ੀਨਤ ਸ਼ਹਿਜ਼ਾਦੀ ਅਤੇ ਉਸ ਦੇ ਪਰਿਵਾਰ ਨੇ ਭੁਗਤਿਆ। ਸੁਰੱਖਿਆ ਏਜੰਸੀਆਂ ਵੱਲੋਂ ਲਗਾਤਾਰ ਪ੍ਰੇਸ਼ਾਨ ਕੀਤੇ ਜਾਣ ਕਾਰਨ ਉਸ ਦੇ ਭਰਾ ਨੇ ਖੁਦਕੁਸ਼ੀ ਕਰ ਲਈ। ਜ਼ੀਨਤ ਨੂੰ ਵੀ ਅਗਵਾ ਕਰ ਲਿਆ ਗਿਆ। ਉਸ ਦੀ ਰਿਹਾਈ, ਸਿਵਲ ਸੁਸਾਇਟੀ ਅਤੇ ਮੀਡੀਆ ਭਾਈਚਾਰੇ ਵੱਲੋਂ ਜ਼ੋਰਦਾਰ ਮੁਹਿੰਮ ਚਲਾਏ ਜਾਣ ਸਦਕਾ ਸੰਭਵ ਹੋਈ। ਅੰਤ ਪਿਸ਼ਾਵਰ ਹਾਈ ਕੋਰਟ ਨੇ ਹੁਕਮ ਦਿੱਤਾ ਕਿ ਹਾਮਿਦ ਨੂੰ ਭਾਰਤ ਪਰਤਾਇਆ ਜਾਵੇ ਪਰ ਹਿੰਦ-ਪਾਕਿ ਸਬੰਧਾਂ ਅੰਦਰਲੀ ਕੁੜਿੱਤਣ ਨੇ ਨਵੇਂ ਖਤਰੇ ਖੜ੍ਹੇ ਕਰ ਦਿੱਤੇ। ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਸਮਾਗਮ ਇਨ੍ਹਾਂ ਖਤਰਿਆਂ ਨੂੰ ਦੂਰ ਕਰਨ ਦਾ ਸਬੱਬ ਬਣਿਆ। ਇਸ ਸਮਾਗਮ ਦੌਰਾਨ ਸੀਨੀਅਰ ਪੱਤਰਕਾਰ ਰਾਜਦੀਪ ਸਰਦੇਸਾਈ ਨੇ ਹਾਮਿਦ ਦੀ ਤ੍ਰਾਸਦੀ ਦੀ ਚਰਚਾ ਪਾਕਿਸਤਾਨੀ ਵਜ਼ੀਰੇ-ਆਜ਼ਮ ਇਮਰਾਨ ਖਾਨ ਕੋਲ ਕੀਤੀ। ਇਮਰਾਨ ਨੇ ਛੇਤੀ ਕੁਝ ਕਰਨ ਦਾ ਭਰੋਸਾ ਦਿੱਤਾ। 21 ਦਿਨਾਂ ਬਾਅਦ 18 ਦਸੰਬਰ 2018 ਹਾਮਿਦ ਵਾਹਗਾ-ਅਟਾਰੀ ਸਰਹੱਦੀ ਲਾਂਘੇ ਰਾਹੀਂ ਵਤਨ ਪਰਤ ਆਇਆ।

ਦੁਖਾਂਤ ਤੋਂ ਸੁਖਾਂਤ ਤੱਕ ਦਾ ਇਹ ਸਫਰ ਦਿਲਾਂ ਉਤੇ ਡੂੰਘੀ ਛਾਪ ਛੱਡਣ ਵਾਲਾ ਹੈ। ਬੜਾ ਸਕੂਨ ਹੈ ਇਸ ਅਹਿਸਾਸ ਵਿਚ ਕਿ ਹੈਵਾਨਾਂ ਦੀ ਬਹੁਤਾਤ ਦੇ ਬਾਵਜੂਦ ਜਦੋਂ ਤੱਕ ਇਨਸਾਨੀਅਤ ਜ਼ਿੰਦਾ ਹੈ, ਸਾਡਾ ਜਹਾਨ ਤਬਾਹੀ ਅਤੇ ਫਨਾਹੀ ਤੋਂ ਮਹਿਫੂਜ਼ ਹੈ।

ਵਿਗਿਆਨਕ ਪੁੱਠ ਵਾਲਾ ਅਦਬ: ਡਾ. ਸ਼ਿਆਮ ਸੁੰਦਰ ਦੀਪਤੀ ਪੇਸ਼ੇਵਰ ਡਾਕਟਰ ਹੋਣ ਦੇ ਨਾਲ ਨਾਲ ਕਲਮ ਦੇ ਵੀ ਧਨੀ ਹਨ। ਉਨ੍ਹਾਂ ਦੇ ਲੇਖਣ ਵਿਚ ਅਦਬੀ ਲੱਜ਼ਤ ਤਾਂ ਹੈ ਹੀ, ਵਿਗਿਆਨਕ ਲੀਹਾਂ ਤੇ ਗਿਆਨ ਵੰਡਣ ਵਾਲਾ ਤੱਤ ਵੀ ਭਰਪੂਰ ਮਿਕਦਾਰ ਵਿਚ ਰਿਹਾ ਹੈ। 'ਇਕ ਭਰਿਆ-ਪੂਰਾ ਦਿਨ' (ਪ੍ਰੇਰਨਾ ਪ੍ਰਕਾਸ਼ਨ; 176 ਪੰਨੇ; 100 ਰੁਪਏ) ਸ਼ੂਗਰ ਰੋਗ ਦੇ ਬਾਵਜੂਦ 45 ਵਰ੍ਹਿਆਂ ਤੋਂ ਵੱਧ ਸਮੇਂ ਤੋਂ ਸਿਹਤਮੰਦ ਜੀਵਨ ਜੀਣ ਦੇ ਦਾਅ-ਪੇਚ ਦੱਸਣ ਵਾਲਾ ਲੇਖ ਸੰਗ੍ਰਹਿ ਹੈ। ਸਾਰੇ ਦਾਅ-ਪੇਚ ਡਾ. ਦੀਪਤੀ ਦੇ ਨਿੱਜੀ ਤਜਰਬਿਆਂ ਉਤੇ ਆਧਾਰਿਤ ਹਨ। ਉਹ ਐਮ. ਬੀ. ਬੀ. ਐਸ ਕਰ ਰਹੇ ਸਨ ਜਦੋਂ 22 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ ਸ਼ੂਗਰ ਰੋਗ ਹੋ ਗਿਆ। ਉਨ੍ਹਾਂ ਨੇ ਇਸ ਮਰਜ਼ ਦੀ ਗੰਭੀਰਤਾ ਨੂੰ ਸਮਝਿਆ, ਇਸ ਨੂੰ ਚੁਣੌਤੀ ਵਜੋਂ ਲਿਆ ਅਤੇ ਜੀਵਨ ਸ਼ੈਲੀ ਨੂੰ ਅਜਿਹੀ ਤਰਤੀਬ ਦਿੱਤੀ ਕਿ ਸ਼ੂਗਰ, ਸਿਹਤਮੰਦ ਜ਼ਿੰਦਗੀ ਦੇ ਰਸ-ਰੰਗ ਵਿਚ ਕਦੇ ਅੜਿੱਕਾ ਨਹੀਂ ਬਣੀ। ਸੰਗ੍ਰਹਿ ਅੰਦਰਲੇ ਸਾਰੇ 18 ਲੇਖ ਇਸ ਜਜ਼ਬੇ ਦੀ ਸ਼ਾਹਦੀ ਭਰਦੇ ਹਨ। ਅੰਤਿਕਾ ਵਿਚ ਉਨ੍ਹਾਂ ਨੇ ਨਾਮਵਰ ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਨਾਲ ਜੁੜਿਆ ਪ੍ਰੇਰਕ ਪ੍ਰਸੰਗ ਪੇਸ਼ ਕਰ ਕੇ ਦੱਸਿਆ ਹੈ ਕਿ ਉਸ ਪ੍ਰਸੰਗ ਨੇ ਉਨ੍ਹਾਂ ਨੂੰ ਸਵੈ ਨਾਲ ਜੁੜੀਆਂ ਲਿਖਤਾਂ ਰਚਣ ਦੀ ਜੁਗਤ ਤੇ ਦਿਸ਼ਾ ਦਿਖਾਈ। ਕਿਤਾਬ ਵਿਚ ਨਸੀਹਤਾਂ ਨਹੀਂ, ਜੁਗਤਾਂ ਹਨ; ਜ਼ਿੰਦਗੀ ਨੂੰ ਸਾਰਥਿਕ ਢੰਗ ਨਾਲ ਜੀਣ ਦੀਆਂ। ਇਹ ਪੱਖ ਇਸ ਕਿਤਾਬ ਨੂੰ ਖਾਸ ਤੌਰ 'ਤੇ ਜ਼ਿਕਰਯੋਗ ਬਣਾਉਂਦਾ ਹੈ।




ਹਾਮਿਦ ਅਨਸਾਰੀ ਦੀ ਕਿਤਾਬ 'ਹਾਮਿਦ' ਦਾ ਮੁਖੜਾ।



ਹਾਮਿਦ ਅਨਸਾਰੀ

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਪਰੈਲ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-477



*ਫਸਲਾਂ ਦੇ ਰੰਗ ਵੇਖ ਸੁਨਹਿਰੀ ਚਿਹਰਾ ਤਾਂ ਖਿੜ ਜਾਂਦਾ ਏ।*
*ਫਿਰ ਵੀ ਸ਼ੀਸ਼ਾ ਕਿਸਮਤ ਵਾਲਾ ਖੌਰੇ ਕਿਉਂ ਤਿੜ ਜਾਂਦਾ ਏ?*
*ਮਰਦਿਆਂ ਖਪਦਿਆਂ ਲੰਘ ਗਈ, ਕੀ ਕਰੀਏ ਭਗਵਾਨ ਕੌਰੇ,*
*ਅੰਨਦਾਤੇ ਨਾਲ ਮੁੱਢ ਤੋਂ ਹਾਕਮ ਹਰ ਵਾਰੀ ਚਿੜ ਜਾਂਦਾ ਏ!*

### ਕੈਪਸ਼ਨ ਮੁਕਾਬਲਾ-475



ਦੇਖੋ ਕੁਦਰਤ ਦੇ ਨਜ਼ਾਰੇ
ਤਪਦੇ ਭੱਠੀਆਂ ਤੇ ਹਾਰੇ।
ਰੋਟੀਆਂ ਸਭ ਲਈ ਪਕਾ ਤੂੰ
ਪੰਜਾਬਣ ਸੋਹਣੀਏ ਮੁਟਿਆਰੇ।
ਬੁਰਕੀ ਬੁਰਕੀ ਰੋਟੀ ਖਾ ਕੇ
ਕੂਕਰ ਜਾਣਗੇ ਬਲਿਹਾਰੇ।
ਪਹਿਰਾ ਦੇਣ ਸਾਰੀ ਰਾਤ
ਚੋਰ ਆਉਣ ਨਾ ਗਲਿਆਰੇ।
*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਭੂਰੂ, ਕਾਲੂ ਸਭ ਮਾਰਨ ਪੂਛਾਂ
ਨਾਲ ਆਸ ਦੇ ਨਿਗਾਹ ਟਿਕਾਈ।
ਬੇਬੇ ਨੇ ਵੀ ਵਧਾ ਲਿਆ ਪੇੜਾ
ਰੋਟੀ ਤਵੇ ਦੇ ਉਪਰ ਪਾਈ।
ਵੱਡੇ ਦਿਲਾਂ ਦੀਆਂ ਵੱਡੀਆਂ ਗੱਲਾਂ
ਭੁੱਖੇ ਢਿੱਡੀਂ ਕੋਈ ਨਾ ਜਾਈ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮੋਹ ਤੇ ਮਮਤਾ 'ਕੱਠੇ ਹੋਏ
ਦਰ ਬੈਠੇ ਦਰਵੇਸ਼,
ਨਾਲ ਸਬਰ ਦੇ ਉਡੀਕਦੇ
ਮੁੱਦਤਾਂ ਤੋਂ ਹਮੇਸ਼।
ਸੈਲ ਪੱਥਰ 'ਚ ਉਪਾ ਕੇ
ਜੀਵ ਜੰਤ ਕਰਤਾਰ,
ਰਿਜ਼ਕ ਅੱਗੇ ਟਿਕਾ ਕੇ
ਬਹੁ ਅਨਿਕ ਪ੍ਰਕਾਰ।
*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਦਰਵੇਸ਼ਾਂ ਨੂੰ ਚੁੱਲ੍ਹੇ ਨਿਉਂਦਾ
ਬੇਬੇ ਰੋਟੀਆਂ ਜਾਵੇ ਪਕਾਈ।
ਸਬਰ, ਸੰਤੋਖ ਨਾਲ ਬੈਠੇ ਦੁਆਲੇ
ਨਾ ਕੁੱਤੇ-ਝਾਕ, ਨਾ ਭਕਾਈ।
ਖਾ ਕੇ ਬੁਰਕੀ ਮੁੱਲ ਮੋੜਦੇ
ਜਾਣੇ ਮਾਈ ਰੱਬ ਰਜਾਈ।
*-ਦਵਿੰਦਰ ਕੌਰ*

---

ਮਮਤਾ ਦਾ ਦਰਦ ਮਮਤਾ ਹੀ ਜਾਣੇ
ਹਮਦਰਦੀ ਦੇ ਵਿਚ ਪਿਘਲੀ ਜਾਵੇ।
ਪਸ਼ੂ-ਪੰਛੀਆਂ ਲਈ ਵੀ ਮੋਹ ਜਾਗਦਾ
ਖਾਣਾ ਬਣਾਉਂਦੀ ਨੂੰ
ਉੱਕਾ ਅਕੇਵਾ ਨਾ ਆਵੇ।
ਕੂਕਰ ਤਾਂ ਮਨੁੱਖ ਦਾ ਵਫਾਦਾਰ ਮਿੱਤਰ।
ਆਪਣੇ ਹੀ ਕੁਨਬੇ ਦਾ ਭੁਲੇਖਾ ਪਾਵੇ।
ਬੁਢਾਪਾ ਲੰਘਾਉਣ ਦਾ ਵਧੀਆ ਉਪਰਾਲਾ
ਆਪਣਾ ਟੱਬਰ ਜਦੋਂ ਅਪਣੱਤ ਨਾ ਦਿਖਾਵੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਮਾਂ ਦਾ ਦਿਲ ਕੋਮਲ ਹੁੰਦਾ
ਜੋ ਹੈ ਬੱਚੇ ਦੀ ਪਰਵਰਿਸ਼ ਕਰਦੀ,
ਉਹੀ ਹਿਰਦਾ ਲੈ ਸਮਾਜ 'ਚ ਵਿਚਰਦੀ।
ਬਹਿ ਜਾਂਦੀ ਜਦ ਤਾਮ ਪਕਾਵਣ
ਆ ਬੈਠਦੇ ਸਭ ਦੁਆਲੇ
ਹੋਵਣ ਭਾਵੇਂ ਅਵਾਰਾ ਕੁੱਤੇ,
ਤੋਏ ਤੋਏ ਭਾਵੇਂ ਲੋਕੀਂ ਕਰਦੇ
ਪਰ ਮਾਂ ਦਿਲ, ਉਸ ਨੂੰ ਬੁਰਕੀ ਪਾ
ਨਿੱਘ ਦੁਆਲੇ ਬੈਠਣ ਦਾ ਮੌਕਾ ਦਿੰਦੀ।
ਇਹੋ ਦੁਨਿਆਵੀ ਪ੍ਰੀਤ
ਪੁਸ਼ਪ ਕੜੀਆਂ 'ਚ ਪਰੋਈ ਜਾਂਦੀ।
*-ਦਰਸ਼ਨਪਾਲ ਦੋਸਾਂਝ*

To Advertise with Punjab Times Call: 847-359-0746
Fax:847-705-9388, e-mail:punjabtimes1@gmail.com
Visit us on the web:www.punjabtimesusa.com

# ਕਾਵਿ-ਜਗਤ

## ਚਿੜੀ ਤੇ ਕਾਂ

ਚਿੜੀ ਕਾਂ ਤੋਂ ਕਿਉਂ ਡਰੇ,
ਪਾਣੀ ਉਸ ਦਾ ਕਿਉਂ ਭਰੇ!
ਰਲਮਿਲ ਖਿਚੜੀ ਬਣਾਈ ਸੀ,
ਸਾਰੀ ਕਾਂ ਨੇ ਖਾ ਮੁਕਾਈ ਸੀ।
ਪੂਛਲ ਉਸ ਦੀ ਵੱਢੀ ਸੀ,
ਡਰੀ ਨਹੀਂ, ਘਬਰਾਈ ਨਹੀਂ,
ਜਦੋਂ ਚੱਕੀ ਉਸ ਘੁਮਾਈ ਸੀ।

ਖੇਤੀ ਸਾਂਝੀ ਕੀਤੀ ਸੀ,
ਕਦੇ ਖੇਤ ਨਾ ਆਇਆ ਸੀ।
ਪੈਰੀਂ ਲਾਲ ਮੌਜੇ ਪਾ, ਠੁੰਮ ਠੁੰਮ ਕਰਕੇ,
ਆਉਣ ਦਾ ਲਾਰਾ ਲਾਇਆ ਸੀ।
ਵਾਹੁਣ ਤੋਂ ਵੱਢਣ ਤੱਕ,
'ਕੱਲੀ ਨੇ ਕੰਮ ਨਿਪਟਾਇਆ ਸੀ।

ਕਣਕ ਦਾ ਬੋਹਲ ਸਾਂਭ ਲਿਆ,
ਤੂੜੀ ਵੰਡੇ ਉਸ ਦੇ ਪਾ ਗਿਆ।
ਇਹ ਠੱਗੀ ਸੀ, ਚਤਰਾਈ ਸੀ,
ਸਾਂਝ ਰਾਸ ਨਾ ਆਈ ਸੀ।
ਕੁਦਰਤ ਨੂੰ ਕਦੇ ਨਾ ਭਾਈ ਸੀ।
ਇੱਕ ਝੱਖੜ ਵੱਡਾ ਆ ਗਿਆ,
ਚਿੜੀ, ਤੂੜੀ ਥੱਲੇ ਵੜ ਬੈਠੀ,
ਕਰ ਆਪਣਾ ਉਸ ਬਚਾਅ ਲਿਆ।

ਕਾਂ ਬੋਹੜ ਥੱਲੇ ਆ ਗਿਆ,
ਜਾਨ ਆਪਣੀ ਉਹ ਗੁਆ ਗਿਆ।
ਕੀਤੇ ਲਾਲਚ ਦਾ ਫਲ ਪਾ ਗਿਆ।
ਚਿੜੀ ਵਿਚਾਰੀ ਕੀ ਕਰੇ,
ਠੰਡਾ ਪਾਣੀ ਪੀ ਮਰੇ!

***-ਦਵਿੰਦਰ ਕੌਰ***

---

## ਕਿਸਾਨ ਸੰਘਰਸ਼

ਮਿਲ ਕੇ ਰਿਹੋ ਕਿਸਾਨ ਵੀਰਿਓ
ਦੁਸ਼ਮਨ ਹੈ ਸ਼ੈਤਾਨ ਵੀਰਿਓ
ਜੋਸ਼ 'ਚ ਆ ਕੇ ਕੰਮ ਵਿਗੜਦੇ
ਰੱਖਿਓ ਪੂਰਾ ਧਿਆਨ ਵੀਰਿਓ।

ਜੋ ਗੱਲ ਕਰਨੀ ਮਿਲ ਕੇ ਕਰਿਓ
ਬਣ ਕੇ ਸੁੱਘੜ ਸੁਜਾਨ ਵੀਰਿਓ
ਦੇਖ ਰਿਹਾ ਅੱਜ ਵੱਲ ਤੁਹਾਡੇ
ਸਾਰਾ ਜਗਤ ਜਹਾਨ ਵੀਰਿਓ।

ਮੋਦੀ, ਸ਼ਾਹ ਤੇ ਖੱਟੜ ਵਰਗੇ
ਬੰਦੇ ਸਭ ਬੇ-ਈਮਾਨ ਵੀਰਿਓ
ਅੰਬਾਨੀ ਜਿਹੇ ਜਾਲਮ ਦੀ ਹੁਣ
ਹੋਣੀ ਬੰਦ ਦੁਕਾਨ ਵੀਰਿਓ।

ਮੁਲਕ ਅਸਾਡਾ ਧਰਤ ਅਸਾਡੀ
ਸਾਡਾ ਹੈ ਅਸਮਾਨ ਵੀਰਿਓ
ਮੋਦੀ ਦੀ ਜਾਗੀਰ ਨਹੀਂ ਇਹ
ਸਾਡਾ ਏ ਹਿੰਦੁਸਤਾਨ ਵੀਰਿਓ।

ਹੱਕ ਆਪਣਾ ਨਹੀਂ ਲੁੱਟਣ ਦੇਣਾ
ਅਣਖੀ ਤੇ ਬਲਵਾਨ ਵੀਰਿਓ
ਜੈ ਜਵਾਨ ਤੇ ਜੈ ਕਿਸਾਨ ਦੇ
ਝੁਲਦੇ ਰਹਿਣ ਨਿਸ਼ਾਨ ਵੀਰਿਓ।

ਆਪਣਾ ਸਿਦਕ ਕਦੀ ਨਾ ਛੱਡਿਓ
ਯੋਧੇ ਤੁਸੀਂ ਮਹਾਨ ਵੀਰਿਓ
ਮੈਂ 'ਸੁਰਜੀਤ' ਕਰਾਂ ਅਰਦਾਸਾਂ
ਹੋਣ ਪੂਰੇ ਅਰਮਾਨ ਵੀਰਿਓ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਏਕਾ

ਸਾਰੇ ਵਰਗਾਂ ਦੀ ਏਕਤਾ
ਪਹਾੜ ਬਣ ਗਈ,
ਦਿੱਲੀ ਸਾਹਵੇਂ ਸ਼ੇਰ ਦੀ
ਦਹਾੜ ਬਣ ਗਈ,
ਘੁੰਡ ਚੱਕ ਕੇ ਮਿਲਾ ਹੁਣ ਅੱਖ ਨੀ,
ਵੇਖ-ਜੱਟਾਂ ਤੇ ਜਾਟਾਂ ਨੇ,
ਘੁੱਟ ਕੇ, ਮਿਲਾ ਲਏ ਹੱਥ ਨੀ।

ਸਾਂਝੀ ਬੋਲੀ, ਸਾਂਝੀਆਂ ਵੱਟਾਂ
ਵਾਹੀਆਂ ਬੀਜੀਆਂ ਜਾਟਾਂ-ਜੱਟਾਂ
ਅੱਡੋ-ਅੱਡੀ ਹੋ ਕੇ ਰੁਲ ਗਏ
ਦਿੱਲੀ ਤੋਂ ਖਾ ਸਿਆਸੀ ਸੱਟਾਂ।
ਸਮਝ ਗਏ ਹੁਣ ਤੇਰੀਆਂ ਚਾਲਾਂ
ਕੀਤਿਆਂ ਵੀ ਹੋਵਾਂਗੇ ਨਾ ਵੱਖ ਨੀ।
ਵੇਖ ਜੱਟਾਂ ਤੇ ਜਾਟਾਂ ਨੇ,
ਘੁੱਟ ਕੇ, ਮਿਲਾ ਲਏ ਹੱਥ ਨੀ।

ਅੱਗੇ ਸਹਿ ਲਏ ਬਥੇਰੇ
ਹੋਰ ਜੁਲਮ ਨਹੀਂ ਝੱਲਣੇ ਤੇਰੇ,
ਧਰਮਾਂ ਤੇ ਜਾਤਾਂ ਵਾਲੇ
ਹੁਣ ਪੱਤੇ ਨਹੀਂਓਂ ਚਲਣੇ ਤੇਰੇ।
ਵੇਖ ਸਾਡੀ ਏਕਤਾ ਰਕਾਨੇ
ਤੇਰੇ ਸੂਹੀਏ ਭਾਵੇਂ
ਮਾਰੀ ਜਾਣ ਦਿਨ ਰਾਤ ਝੱਖ ਨੀ।
ਵੇਖ ਜੱਟਾਂ ਤੇ ਜਾਟਾਂ ਨੇ,
ਘੁੱਟ ਕੇ, ਮਿਲਾ ਲਏ ਹੱਥ ਨੀ।

ਦਿੱਲੀਏ ਨੀ ਸਾਡੇ ਅਰਮਾਨ ਜਾਗ ਪਏ,
ਜਾਗੇ ਸਾਡੇ ਖੇਤ ਕਿਰਸਾਨ ਜਾਗ ਪਏ,
ਲੜਾਂਗੇ ਜਰੂਰ ਹੁਣ ਜੰਗ ਆਰ-ਪਾਰ ਦੀ
ਪਾਉਂਦੀ ਨਹੀਂ ਫਰਕ 'ਕੈਲ' ਗੱਲ ਜਿੱਤ-ਹਾਰ ਦੀ
ਗੱਦੀ ਦੀ ਲੜਾਈ ਤੇਰੇ ਨਾਲ ਪਿੱਛੋਂ ਲੜ'ਲਾਂਗੇ,
ਪਹਿਲਾਂ ਅਸੀਂ ਲੈਣੇ ਹੱਕ ਨੀ।
ਵੇਖ ਜੱਟਾਂ ਤੇ ਜਾਟਾਂ ਨੇ,
ਘੁੱਟ ਕੇ, ਮਿਲਾ ਲਏ ਹੱਥ ਨੀ।

***-ਕਰਨੈਲ ਕੈਲ, ਸਿਆਟਲ***
***ਫੋਨ: 206-557-9419***

---

## ਹੋਲੀ

ਰੰਗਾਂ ਦਾ ਤਿਉਹਾਰ ਮਨਾਉਂਦੇ
ਹੋਲੀ ਹੋਲੀ ਸਨ ਸਾਰੇ ਗਾਉਂਦੇ
ਆਪਸੀ ਵੈਰ ਵਿਰੋਧ ਭੁਲਾਉਂਦੇ
ਜਾਤ ਪਾਤ ਨਾ ਗਲੇ ਲਗਾਉਂਦੇ।

ਊਚ ਨੀਚ ਵਾਲਾ ਛੱਡ ਕੇ ਖੇਲ੍ਹ
ਦਿਲਾਂ ਦਿਲਾਂ ਵਾਲਾ ਹੁੰਦਾ ਮੇਲ
ਰੰਗ ਗੁਲਾਲ ਭਰ ਪਿਚਕਾਰੀ
ਭਿੱਜਦੀ ਰੂਹ ਸਾਰੀ ਦੀ ਸਾਰੀ।

ਕਹਿਣ ਨੂੰ ਹੈ ਹਿੰਦੂ ਤਿਉਹਾਰ
ਉਂਜ ਹੁੰਦਾ ਹੈ ਇੱਕ ਉਪਹਾਰ
ਉਮਰਾਂ ਦਾ ਫਰਕ ਜਾਂਦੇ ਭੁੱਲ
ਭਿੱਜਣ ਭਿਉਂਣ 'ਤੇ ਜਾਂਦੇ ਤੁੱਲ।

ਦਿਨ ਰਾਤ ਨਾ ਰਹਿੰਦੇ ਯਾਦ
ਹੱਲਾ ਗੁੱਲਾ ਹੀ ਰੱਖਦੇ ਯਾਦ
ਕਹਿੰਦੇ ਸੀ ਹਰਨਾਖਸ਼ ਰਾਜਾ
ਹੰਕਾਰ ਵਿਚ ਹੋ ਗਿਆ ਬਾਜਾ।

ਉਸ ਨੇ ਪਾਇਆ ਨਵਾਂ ਯੱਭ
ਖੁਦ ਨੂੰ ਉਹ ਮੰਨ ਬੈਠਾ ਰੱਬ
ਕਹਿੰਦਾ ਮੇਰੀ ਪੂਜਾ ਕਰੋ ਸਾਰੇ
ਨਾਮ ਜਪੋ ਫਿਰ ਲਉ ਨਜ਼ਾਰੇ।

ਪਰ ਪੁੱਤਰ ਹੋ ਗਿਆ ਆਕੀ
ਆਖੇ ਭਗਤੀ ਨ ਬਚੀ ਬਾਕੀ
ਹਰਨਾਖਸ਼ ਹੋਲਿਕਾ ਭੈਣ ਭਰਾ
ਝੱਟ ਕਰਵਾਣੇ ਆਈ ਸੁਲਾਹ।

ਸੱਚ ਝੂਠ ਦੀ ਬੱਸ ਠਣ ਆਈ
ਅਗਨੀ ਪਰੀਖਿਆ ਕਰਵਾਈ
ਹੋਲਿਕਾ ਸੀ ਸੜ ਹੋਈ ਸੁਆਹ
ਪ੍ਰਹਿਲਾਦ ਦੀ ਹੋਈ ਵਾਹ ਵਾਹ!

ਬੁਰਾਈ ਉੱਤੇ ਭਲਾਈ ਦੀ ਜਿੱਤ
ਕਰ ਦਿੱਤੀ ਨਫਰਤ ਇੰਜ ਚਿੱਤ।

***-ਸੇਵਾ ਸਿੰਘ ਨੂਰਪੁਰੀ***

## ਤੇਰੇ ਸ਼ਹਿਰ ਵਿਚ...

ਡੁੱਬ ਰਹੀ ਏ ਮੁਲਕ ਦੀ ਬੇੜੀ ਮੰਝਧਾਰ ਤੇਰੇ ਸ਼ਹਿਰ ਵਿਚ
ਪੱਤਾ ਪੱਤਾ, ਟਹਿਣੀ ਟਹਿਣੀ ਏ ਬੇਜ਼ਾਰ ਤੇਰੇ ਸ਼ਹਿਰ ਵਿਚ।

ਭੁੱਖ ਮਰੀ ਦੀ ਹਾਲਤ ਵਿਚ ਲੋਕ ਜਿਉਣ ਲਈ ਮਜ਼ਬੂਰ ਨੇ
ਕਰੋੜਾਂ ਪੜ੍ਹੇ-ਲਿਖੇ ਕਿਰਤੀ ਨੇ ਬੇਰੁਜ਼ਗਾਰ ਤੇਰੇ ਸ਼ਹਿਰ ਵਿਚ।

ਸਰਮਾਇਦਾਰਾਂ ਨੂੰ ਮੁਲਕ, ਤੂੰ ਦੋਹੀਂ ਹੱਥੀਂ ਲੁਟਾ ਰਿਹਾ ਏਂ
ਕੀ ਇਹੋ ਏ ਤੇਰਾ ਤਰੱਕੀ ਦਾ ਸਰੋਕਾਰ ਤੇਰੇ ਸ਼ਹਿਰ ਵਿਚ।

ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਬੇਖੌਫ ਯੋਧੇ
ਦੇਸ਼-ਧ੍ਰੋਹੀ ਕਹੇ ਜਾ ਰਹੇ ਨੇ ਵਾਰ-ਵਾਰ ਤੇਰੇ ਸ਼ਹਿਰ ਵਿਚ।

ਚਿਰਾਂ ਦੀਆਂ ਸਾਂਝਾਂ ਨੂੰ ਤੋੜਨ ਦੀ ਹਰ ਕੋਸ਼ਿਸ਼ ਹੋ ਰਹੀ ਹੈ
ਜਨੂੰਨੀ ਨਫਰਤ ਦਾ ਹੋ ਰਿਹੈ ਕਾਰੋਬਾਰ ਤੇਰੇ ਸ਼ਹਿਰ ਵਿਚ।

ਇਹ ਕਾਮੇ-ਕਿਰਤੀ, ਕਿਰਸਾਨ ਜੋ ਤੇਰੇ ਦਰ 'ਤੇ ਆ ਬੈਠੇ ਨੇ
ਮੰਗ ਰਹੇ ਨੇ ਤੈਥੋਂ ਹੱਕ ਪੁਕਾਰ ਪੁਕਾਰ ਤੇਰੇ ਸ਼ਹਿਰ ਵਿਚ।

ਆਪਣੇ ਹੱਕ ਮੰਗਦੇ ਸੈਂਕੜੇ ਕਿਰਸਾਨ ਸ਼ਹੀਦ ਹੋ ਗਏ ਨੇ
ਠੰਡਾਂ ਵਿਚ ਤੇਰਾ ਜ਼ਬਰ ਸਹਾਰ ਸਹਾਰ ਤੇਰੇ ਸ਼ਹਿਰ ਵਿਚ।

ਕਿੰਨਾ ਗੈਰ-ਮਨੁੱਖੀ ਵਤੀਰਾ ਏ ਤੇਰਾ, ਹਮਦਰਦੀ ਦੇ ਤੈਥੋਂ
ਚਾਰ ਲਫਜ਼ ਵੀ ਨਹੀ ਹੋ ਸਕੇ ਦਰਕਾਰ ਤੇਰੇ ਸ਼ਹਿਰ ਵਿਚ।

ਬੁਨਿਆਦੀ ਜ਼ਰੂਰੀ ਜ਼ਰੂਰਤਾਂ ਤੋਂ ਪ੍ਰੇਸ਼ਾਨ ਕੀਤਾ ਜਾ ਰਿਹੈ
ਕਿਤੇ ਦੀਵਾਰ ਕਿਤੇ ਵਲੀ ਏ ਕੰਡਾਤਾਰ ਤੇਰੇ ਸ਼ਹਿਰ ਵਿਚ।

ਹਰ ਇਨਸਾਫਪਸੰਦ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹੈ
ਤਸ਼ੱਦਦ ਢਾਹ ਰਹੀ ਏ ਤੇਰੀ ਸਰਕਾਰ ਤੇਰੇ ਸ਼ਹਿਰ ਵਿਚ।

ਇਹ ਮਰ-ਜੀਵੜੇ ਈ ਇਸ ਮੁਲਕ ਦੇ ਵਾਹਿਦ ਵਾਰਿਸ ਨੇ
ਆਪਣੇ ਈ ਘਰ 'ਚ ਹੋ ਰਹੇ ਨੇ ਖੁਆਰ ਤੇਰੇ ਸ਼ਹਿਰ ਵਿਚ।

ਹੋਸ਼ ਕਰ, ਸੰਭਲ ਜਾਹ, ਨਾ ਕਰ ਇਸ ਮੁਲਕ ਨੂੰ ਬਰਬਾਦ
ਹੋ ਰਿਹੈ ਗਰੀਬਾਂ ਦਾ ਜਿਉਣਾ ਦੁਸ਼ਵਾਰ ਤੇਰੇ ਸ਼ਹਿਰ ਵਿਚ।

ਇਹ ਲੋਕ ਤਾਕਤ ਦਾ ਹੜ੍ਹ ਸਭ ਕੂੜਾ-ਕਰਕਟ ਹੂੰਝ ਦਊ
ਚੁਤਰਫੀਂ ਲੱਗੇ ਹੋਏ ਨੇ ਇਹ ਜੋ ਅੰਬਾਰ ਤੇਰੇ ਸ਼ਹਿਰ ਵਿਚ।

ਕ੍ਰਿਤੀਆਂ, ਕਿਸਾਨਾਂ, ਮਿਹਨਤਕਸ਼ਾਂ ਦੀ ਵਹੀਰ ਤੇਰੇ ਸ਼ਹਿਰ ਵਿਚ
ਲਿਖ ਰਹੀ ਹੈ ਲੋਕ ਏਕਤਾ ਦੀ ਨਵੀਂ ਤਹਿਰੀਰ ਤੇਰੇ ਸ਼ਹਿਰ ਵਿਚ।

ਸ਼ੱਕ ਨਹੀਂ ਕਿ ਤੂੰ ਸਰਮਾਇਦਾਰੀ ਦੀ ਗੁਲਾਮੀ ਕਬੂਲ ਕਰ ਚੁਕੈਂ
ਗੈਰਤਮੰਦ ਵਾਰਸਾਂ ਦੀ ਅਜੇ ਮਰੀ ਨਹੀਂ ਜ਼ਮੀਰ ਤੇਰੇ ਸ਼ਹਿਰ ਵਿਚ।

ਹਰ ਇਕ ਬਸ਼ਰ ਆਪਣੀ ਹੋਣੀ ਦੀ ਘਾੜਤ ਆਪ ਹੀ ਘੜਦਾ ਹੈ
ਧੁਰੋਂ ਕੋਈ ਲਿਖਵਾ ਕੇ ਨਹੀਂ ਆਉਂਦਾ ਤਕਦੀਰ ਤੇਰੇ ਸ਼ਹਿਰ ਵਿਚ।

ਇਹ ਉਹ ਬੇਖੌਫ, ਜਾਂਬਾਜ ਲੋਕ ਨੇ ਜੋ ਮੁਲਕ ਦੀ ਹੋਣੀ ਘੜਦੇ ਹਨ
ਇਨ੍ਹਾਂ ਦੀ ਮਿਹਨਤ ਘੜਦੀ ਹੈ ਹੱਥਾਂ ਦੀ ਲਕੀਰ ਤੇਰੇ ਸ਼ਹਿਰ ਵਿਚ।

ਕਿੰਨਾ ਦਰਮਾਂਦਾ, ਸ਼ਰਮਨਾਕ ਮੰਜਰ ਹੈ ਕੌਮ ਦੀ ਬੇੜੀ ਡੁੱਬ ਰਹੀ ਹੈ
ਕੰਢੇ 'ਤੇ ਖਲੋ ਹੱਸ ਰਹੀ ਹੈ ਬੈਗੈਰਤਾਂ ਦੀ ਵਹੀਰ ਤੇਰੇ ਸ਼ਹਿਰ ਵਿਚ।

'ਲੰਡਾ ਲੁੱਚਾ ਚੌਧਰੀ, ਗੁੰਡੀ ਰੰਨ ਪ੍ਰਧਾਨ' ਮੰਜਰ ਤਾਰੀ ਹੈ ਹਰ ਪਾਸੇ
ਨਮੂੰਦਾਰ ਤੇਰੇ ਹੀ ਮੁਕੱਦਮ, ਅਹਿਲਕਾਰ, ਮੁਸ਼ੀਰ ਤੇਰੇ ਸ਼ਹਿਰ ਵਿਚ।

ਦਰਿੰਦਗੀ ਦੇ ਇਸ ਮਹੌਲ ਵਿਚ ਵੀ ਬੁਲੰਦ ਹੌਸਲੇ ਪਸਤ ਨਹੀਂ ਹੋਏ
ਰਾਂਝੇ ਤਲਾਸ਼ ਕਰ ਕੇ ਹੀ ਰਹਿਣਗੇ ਗਵਾਚੀ ਹੀਰ ਤੇਰੇ ਸ਼ਹਿਰ ਵਿਚ।

ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ ਇਕ ਅੱਟਲ ਸੱਚਾਈ ਏ
ਬੇਸ਼ੱਕ ਮੂੰਹ ਮੋੜ ਰਹੇ ਨੇ ਤੇਰੇ ਮੁਸ਼ੀਰ ਤੇਰੇ ਵਜ਼ੀਰ ਤੇਰੇ ਸ਼ਹਿਰ ਵਿਚ।

ਤੁਫਾਨਾਂ ਵਿਚ ਗੈਰਤਾਂ ਵਾਲਾ ਦੀਵਾ ਬਲਦਾ ਹਰ ਕੋਈ ਵੇਖ ਰਿਹਾ ਹੈ
ਵੇਲੇ ਦੀ ਦੀਵਾਰ 'ਤੇ ਲਿਖੀ ਜਾ ਰਹੀ ਹੈ ਤਹਿਰੀਰ ਤੇਰੇ ਸ਼ਹਿਰ ਵਿਚ।

ਮਿਹਨਤਕਸ਼ਾਂ ਦਾ ਇਹ ਸੰਘਰਸ਼ ਨਵਾਂ ਇਤਿਹਾਸ ਸਿਰਜ ਰਿਹਾ ਹੈ
ਫਿੱਕੀ ਪੈਂਦੀ ਜਾ ਰਹੀ ਹੈ ਫਿਰਕਾਪ੍ਰਸਤੀ ਦੀ ਲਕੀਰ ਤੇਰੇ ਸ਼ਹਿਰ ਵਿਚ।

ਭਾਈਚਾਰੇ, ਸਾਂਝੀਵਾਲਤਾ ਦੀ ਇਹ ਮਸ਼ਾਲ ਕੋਈ ਬੁਝਾ ਨਹੀਂ ਸਕਦਾ
ਤੇਰੇ ਜਨੂੰਨ ਤੋਂ ਡਾਢੇ ਉਚੇ ਹੋ ਚੁਕੇ ਨੇ ਇਹ ਫਕੀਰ ਤੇਰੇ ਸ਼ਹਿਰ ਵਿਚ।

ਯਾਦ ਰੱਖ ਇਤਿਹਾਸ ਬੇਗੈਰਤ ਤਾਨਾਸ਼ਾਹਾਂ ਨੂੰ ਕਦੀ ਮਾਫ ਨਹੀਂ ਕਰਦਾ
ਤੇਰਾ ਵੀ ਏਸੇ ਤਰ੍ਹਾਂ ਦਾ ਈ ਹਸ਼ਰ ਹੋਣਾ ਏਂ ਅਖੀਰ ਤੇਰੇ ਸ਼ਹਿਰ ਵਿਚ।

**-ਚੰਨ**
***ਫੋਨ: 908-788-8427***

## ਹੋਸ਼ਿਆਰ ਖਬਰਦਾਰ! ਮੇਰੀ ਸਰਕਾਰ

ਮੈਂ ਕਿਸਾਨ ਹਾਂ, ਜਵਾਨ ਹਾਂ।
ਮਿੱਟੀ ਦਾ ਪੁਤਲਾ ਹਾਂ ਧਰਤੀ ਦਾ ਪੁੱਤਰ!
ਪਰਖ ਲੈ, ਪਛਾਣ ਲੈ...ਵੇਖ ਲੈ!
ਓਹੋ ਹੀ ਹਾਂ ਮੈਂ,
ਜੋ ਗੁਲਾਮੀ ਬੇੜੀਆਂ ਕੱਟਣ ਹਿਤ
ਤੇਰੀ ਆਜ਼ਾਦੀ ਖਾਤਰ ਲੜਿਆ ਸਾਂ,
ਫਾਂਸੀ 'ਤੇ ਚੜ੍ਹਿਆ ਸਾਂ,
ਤੇਰੀ ਇੱਜ਼ਤ ਆਬਰੂ ਖਾਤਰ,
ਸਰਹੱਦਾਂ 'ਤੇ ਖੜ੍ਹਿਆ ਹਾਂ।
ਤੇਰੇ ਢਿੱਡ ਦੇ ਝੁਲਕੇ ਵਾਸਤੇ,
ਕਕਰੀਲੀਆਂ ਰਾਤਾਂ ਵਿਚ ਠਰਿਆ ਹਾਂ।

ਸਬਰ ਸੰਤੋਖ ਤਹੱਮਲ ਵਾਲਾ
ਸਰਬੱਤ ਦਾ ਭਲਾ ਮੰਗਣ ਵਾਲਾ
ਸਰਬ ਸਾਂਝੀਵਾਲ ਸ਼ਾਂਤੀ ਦਾ ਮਤਵਾਲਾ ਹਾਂ।
ਮੈਂ ਅਤਿਵਾਦੀ, ਨਕਸਲੀ ਨਹੀਂ,
ਨਾ ਹੀ ਵੱਖਵਾਦੀ ਹਾਂ।
ਨਾ ਪਾਕਿਸਤਾਨ,ੀ ਮਾਉਵਾਦੀ, ਖਾਲਿਸਤਾਨੀ।
ਨਾ ਟੁਕੜੇ ਟੁਕੜੇ ਗੈਂਗ, ਬਾਗੀ
ਤੇ ਨਾ ਗੱਦਾਰ, ਨਾ ਗੁਨਾਹਗਾਰ!
ਹਾਂ ਸਿਦਕੀ ਸਿਰੜੀ ਨਿਸ਼ਕਪਟ ਜੁਝਾਰੂ
ਦੇਸ਼ ਕੌਮ ਦਾ ਸੱਚਾ ਸਿਪਾਹੀ ਵਫਾਦਾਰ।
ਹੋਸ਼ ਕਰ ਮੇਰੀ ਸਰਕਾਰ।

---

ਨਵ-ਜਾਤ ਬੱਚੇ ਦੀ ਜਨਮ ਘੁੱਟੀ ਤੋਂ,
ਪੀਜ਼ਾ ਬਰਗਰ ਡਬਲ ਰੋਟੀ ਤੱਕ,
ਮਜ਼ਦੂਰ ਮਸ਼ੱਕਤ ਦੇ ਕੀਤੇ ਤਿਆਰ!
ਮੈਂ ਨਹੀਂ ਮੰਗਦਾ ਕੋਈ ਇਵਜ਼ ਇਨਾਮ!
ਬਿਆਈਆਂ ਪਾਟੇ ਹੱਥਾਂ ਪੈਰਾਂ ਦੀ ਲੈ ਕੁਝ ਸਾਰ!
ਉਚਿੱਤ ਹੱਕੀ ਦਾਅਵਾ ਨਾ ਵਿਸਾਰ।
ਹੋਸ਼ ਕਰ ਮੇਰੀ ਸਰਕਾਰ।

ਮੈਂ ਕਰ ਰਿਹਾ ਹਾਂ ਸੰਘਰਸ਼,
ਆਪਣਾ ਅਸਤਿਤਵ ਬਚਾਉਣ ਖਾਤਰ.
ਜਮਹੂਰੀ ਹੱਕ ਹਥਿਆਉਣ ਖਾਤਰ।
ਦਿੱਲੀ ਦੇ ਦਰ ਮੂਹਰੇ ਸੜਕਾਂ ਤੇ
ਨੰਗੇ ਠੰਢੇ ਅਸਮਾਨ ਹੇਠ,
ਸ਼ਾਂਤਮਈ ਰੋਸ ਮਾਰਚ ਧਰਨੇ ਬੈਠਾ,
ਤੈਨੂੰ ਜਗਾਉਣ ਲਈ।
ਭਰਮ ਭੁਲੇਖੇ ਮਿਟਾਉਣ ਲਈ।
ਖਾਣ ਵਾਲੇ ਹੋਰ ਤੇ ਵਿਖਾਉਣ ਵਾਲੇ ਹੋਰ
ਤੇਰੇ ਵਿਭਿੰਨ ਟਪਲਾਊ ਦੰਦਾਂ ਦਾ ਪ੍ਰਦਰਸ਼ਨ।
ਤੇਰੇ ਕੱਚੇ ਚਿੱਠੇ, ਕਾਲੇ ਪ੍ਰਯੋਜਿਤ,
ਨਿਰਵਸਤਰ ਹੋ ਗਏ ਸਾਰੇ ਨਕਾਬਪੋਸ਼ ਚਿਹਰੇ।
ਜਿਸ ਥਾਲ਼ੀ ਵਿਚ ਖਾਣਾ ਉਸੇ ਵਿਚ ਛੇਕ ਕਰਨਾ!
ਸੋਂਹਦਾ ਨਹੀਂ ਬੱਚੇ ਖਾਣੀ ਸੱਪਣੀ,
ਤੇ ਅਕ੍ਰਿਤਘਣ ਡੈਣ ਦਾ ਕਿਰਦਾਰ।
ਹੋਸ਼ ਕਰ ਮੇਰੀ ਸਰਕਾਰ।

ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ।
ਮੌਕਾਪ੍ਰਸਤ ਫੱਫੇਕੁਟਣ ਕੂਟਨੀਤੀਆਂ ਤੋਂ ਸੁਚੇਤ
ਜਾਗਰੂਕ ਹੋ ਗਈ ਜਨਤਾ
ਪੈ ਗਈ ਡਾਂਡੇ-ਮੀਂਡੇ ਇਨਕਲਾਬ ਦੇ ਵੱਢ।
ਅੰਬਾਨੀ, ਅਡਾਨੀ ਬਿਨ-ਸਿੰਗੇ ਸਾਨ੍ਹ
ਕਰ ਰਹੇ ਉਜਾੜਾ ਮੇਰੇ ਖੇਤਾਂ ਦਾ!
ਚੀਰਹਰਣ ਡਰਾਮਾ ਤੇਰਾ ਹੋ ਜਾਣਾ ਵਿਫਲ।
ਚੌਕਸ ਹੋ ਉੱਠਿਆ ਹੈ ਦੇਸ਼ ਦਾ ਕਿਸਾਨ
ਉਹਦੀ ਪਿੱਠ 'ਤੇ ਆ ਗਿਆ ਸਾਰਾ ਜਹਾਨ।
ਉਖੜ ਜਾਣੀ ਤੇਰੀ ਹਕੂਮਤ,
ਹਾਕਮ ਨਹੀਂ ਜਚਦਾ ਏਨਾ ਮੱਕਾਰ।
ਹੋਸ਼ ਕਰ ਮੇਰੀ ਸਰਕਾਰ।

ਉਤਰ ਆ ਹੇਠਾਂ ਧਨਾਢਾਂ ਦੇ ਕੁੱਛੜੋਂ
ਮੰਨ ਲੈ ਜਲਦੀ ਹੱਕੀ ਮੰਗ ਹੱਕਦਾਰਾਂ ਦੀ।
ਨਾ ਹੋਰ ਪਰਖ ਜਿਗਰੇ
ਮਜ਼ਦੂਰਾਂ ਦੇ ਕਿਸਾਨਾਂ ਦੇ!
ਉਨ੍ਹਾਂ ਨਹੀਂ ਖਾਲੀ ਮੁੜਨਾ
ਨਿਆਂਇਕ ਭੁਗਤਾਨ ਤੋਂ ਬਿਨਾ।
ਛੱਬੀ ਜਨਵਰੀ ਗਣਤੰਤਰ ਦੀ ਪੁਕਾਰ,
ਖੇਤਾਂ ਪਿੰਡਾਂ ਸ਼ਹਿਰਾਂ ਤੋਂ ਰਾਜਧਾਨੀ ਤੱਕ,
ਗਲੋਬਲ ਜਾਗਰੂਕਤਾ ਸ਼ਾਂਤੀ ਮਾਰਚ।
ਲੱਖਾਂ ਟਰੈਕਟਰਾਂ ਦਾ ਰੋਹਿਲਾ ਤੂਫਾਨ,
ਕਾਮਯਾਬ ਸੰਗਰਾਮ ਦਾ
ਅਜ਼ਮਾਇਸ਼ੀ ਟਰੇਲਰ!
ਅੰਦੋਲਨ ਬਦਨਾਮ ਕਰਨ ਹਿਤ
ਫੁੱਟ ਪਾਉਣ ਲਈ ਰਚੀ ਗੰਦੀ ਸਾਜ਼ਿਸ਼
ਹੋ ਗਈ ਆਖਰ ਬੇਨਕਾਬ।
ਦੇਣਾ ਪੈਣਾ ਹੈ ਤੈਨੂੰ ਦੁਸ਼ਟਤਾ ਦਾ ਹਿਸਾਬ।
ਪਿੱਛੇ ਮੁੜ ਆ, ਨਾ ਜਰਾ ਦੇਰ ਲਾ।
ਅੜੀ ਨਾ ਪੁਗਾ, ਨਾ ਹੋਰ ਭਾਜੀ ਪਾ।
ਰੱਦ ਕਰ ਕਿਸਾਨ ਬੇਦਖਲੀ ਮਨਸੂਬੇ,
ਤਜ ਮਤਰੇਈ ਵਾਲੇ ਸੰਸਕਾਰ,
ਸਮਝ ਸਭ ਨੂੰ ਬਰਾਬਰ ਇੱਕ ਪਰਿਵਾਰ।
ਪੂਰੇ ਕਰ, ਕੀਤੇ ਜੋ ਕੌਲ ਇਕਰਾਰ।
ਹੋਸ਼ ਕਰ ਮੇਰੀ ਸਰਕਾਰ।

ਗੁਮਰਾਹਕੁਨ ਕੋਝੀ ਸਿਆਸਤ ਦੀ
ਹੁੰਦੀ ਹੈ ਥੋੜ੍ਹਚਿਰੀ ਆਰਜ਼ੂ।
ਕੁਫਰ ਨਹੀਂ ਤੋਲ ਸਕਦੀ ਹੁਣ,
ਝੂਠ ਨਹੀਂ ਬੋਲ ਸਕਦੀ ਤੂੰ।
ਸਮਰੱਥ ਪਾਰਦਰਸ਼ੀ ਸ਼ੀਸ਼ਾ,
ਵੇਖਣ ਪਛਾਣਨ ਦੇ ਸਮਰੱਥ ਹੈ,
ਮਖੌਟਿਆਂ ਪਰਦਿਆਂ ਅੰਦਰ ਛਿਪੇ,
ਅੰਤਰ-ਪ੍ਰੇਰਨਾ ਬਹੁਤੰਤਰੀ ਧੁਆਂਖੇ ਕਰੂਪ,
ਬਹੁਰੰਗੀ ਅਸਲੀ ਨਕਲੀ ਚਿਹਰੇ।
ਸੁੱਟ ਦੇਹ ਹੋਛੇ ਕੋਝੇ ਹਥਿਆਰ!
ਛੱਡ ਹੈਂਕੜ ਹਉਮੈ ਹੰਕਾਰ
ਹੋਸ਼ ਕਰ ਮੇਰੀ ਸਰਕਾਰ।

ਵੇਖ! ਸਿੰਘੂ ਟਿੱਕਰੀ ਗਾਜ਼ੀਪੁਰ ਖੜ੍ਹ ਕੇ,
ਸੋਝੀ ਕਰ ਕੰਧ 'ਤੇ ਲਿਖਿਆ ਪੜ੍ਹ ਕੇ।
ਮੋੜ ਲੈ ਨਾਜਾਇਜ਼ ਕਾਲੇ ਭੈੜੇ ਕਾਨੂੰਨ।
ਸ਼ਰਮਸਾਰ ਹੋ ਰਹੇ ਜੋ ਕਸਵੱਟੀ 'ਤੇ
ਚਿੰਤਨ ਮੰਥਨ ਤਰਕ ਦੇ ਸ਼ਿਕਾਰ।
ਨਕਦੋ ਨਕਦ ਸੌਦਾ ਹੈ ਹੁਣ,
ਹੇ ਕਲਯੁਗ ਦੇ ਅਵਤਾਰ!
ਮੂੰਹ ਸਿਰ ਤੋਂ ਮੁਖੌਟਾ ਉਤਾਰ।
ਹੋਰ ਨਹੀਂ ਚੱਲਣਾ ਉਧਾਰ।
ਹੁਸ਼ਿਆਰ! ਖਬਰਦਾਰ।
ਹੋਸ਼ ਕਰ ਮੇਰੀ ਸਰਕਾਰ।

***-ਚਰਨਜੀਤ ਸਿੰਘ ਪੰਨੂ***
***ਸੈਨਹੋਜ਼ੇ, ਕੈਲੀਫੋਰਨੀਆ।***

# ਸੁਹੇਲੇ ਦੀ ਪੁਸਤਕ 'ਰੁਸਤਮ-ਏ-ਕਬੱਡੀ ਬਲਵਿੰਦਰ ਫਿੱਡਾ'

ਪੰਜਾਬੀ ਖੇਡ ਸਾਹਿਤ

36



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸਤਵਿੰਦਰ ਸਿੰਘ ਸੁਹੇਲਾ ਅਲਬੇਲਾ ਖੇਡ ਲੇਖਕ ਸੀ। ਅਲੋਕਾਰ ਕਾਰਜ ਕਰਨ ਵਾਲਾ। ਉਸ ਨੇ ਖੇਡ ਪੁਸਤਕ ਨਹੀਂ, ਕਬੱਡੀ ਦੇ ਧੱਕੜ ਧਾਵੀ ਬਲਵਿੰਦਰ ਫਿੱਡੇ ਦੀ ਖੇਡ ਐਲਬਮ ਛਾਪੀ, ਜਿਸ ਨੂੰ ਕੌਫੀ ਟੇਬਲ ਬੁੱਕ ਵੀ ਕਿਹਾ ਜਾ ਸਕਦੈ। ਹਰ ਸਫੇ 'ਤੇ ਰੰਗੀਨ ਤਸਵੀਰਾਂ ਅਤੇ ਹਰ ਪੰਨੇ 'ਤੇ ਗੁਰਬਾਣੀ ਦੀਆਂ ਤੁਕਾਂ। ਛਪਾਈ ਹਜ਼ਾਰਾਂ 'ਚ ਨਹੀਂ, ਲੱਖਾਂ 'ਚ ਪਈ ਹੋਵੇਗੀ। ਉਹ ਹਰ ਗੱਲ ਹੋਰਨਾਂ ਤੋਂ ਹਟਵੀਂ ਕਰਦਾ। ਖਾਲਸਾ ਰੂਪ ਵਿਚ ਸਭਨਾਂ ਤੋਂ ਨਿਆਰਾ ਦਿਸਦਾ। ਉਹਨੇ ਮਾੜੀ ਗੱਲ ਇਹ ਕੀਤੀ ਕਿ ਪੰਜਾਹ ਸਾਲ ਦਾ ਹੋਣ ਤੋਂ ਪਹਿਲਾਂ ਹੀ ਆਪਣੀ ਪਤਨੀ ਨੂੰ ਗੋਲੀ ਮਾਰ ਕੇ ਅੰਨ੍ਹੇ ਖੂਹ 'ਚ ਛਾਲ ਮਾਰ ਗਿਆ। ਪਿੱਛੇ ਦੋ ਬੱਚੇ, ਖੇਡਾਂ ਦਾ ਸਮਾਨ, ਖੇਡ ਪੁਸਤਕਾਂ, ਵਰਦੀਆਂ ਤੇ ਟਰੈਕ ਸੂਟ, ਕੱਪ ਤੇ ਸ਼ੀਲਡਾਂ, ਚੋਖੀ ਜ਼ਮੀਨ ਜਾਇਦਾਦ ਅਤੇ ਬੰਗੇ ਵਿਚ ਮਾਲ ਮੱਤੇ ਨਾਲ ਭਰਿਆ ਸੁਹੇਲਾ ਸਟੋਰ ਸੁੰਨਾ ਛੱਡ ਗਿਆ। ਹੁਣ ਉਹਦੀਆਂ ਯਾਦਾਂ ਰਹਿ ਗਈਆਂ ਹਨ ਜਾਂ ਖੇਡ ਰਚਨਾਵਾਂ।

ਮੈਨੂੰ ਉਹ 2000 ਦੇ ਆਸ-ਪਾਸ ਗੁਰਜੀਤ ਸਿੰਘ ਪੁਰੇਵਾਲ ਨਾਲ ਹਕੀਮਪੁਰ ਮਿਲਿਆ ਸੀ। ਉੱਚਾ ਲੰਮਾ ਕੱਦ, ਕੇਸਰੀ ਫਿਫਟੀ 'ਤੇ ਕਾਲੀ ਪੱਗ, ਮੋਟਾ ਕੜਾ, ਮੋਟੀਆਂ ਅੱਖਾਂ, ਭਰਵੀਆਂ ਮੁੱਛਾਂ ਤੇ ਲੰਮੀ ਝੂਲਦੀ ਦਾੜ੍ਹੀ। ਫਿਰ ਉਹ ਹਰ ਸਾਲ ਪੁਰੇਵਾਲ ਖੇਡ ਮੇਲੇ ਵਿਚ ਮਿਲਦਾ। ਪੁਰੇਵਾਲ ਖੇਡਾਂ ਦੀ ਉਹ ਰੂਹ ਸੀ। ਖੇਡ ਮੇਲੇ ਦੇ ਸੱਦਾ ਪੱਤਰ ਤੇ ਇਸ਼ਤਿਹਾਰ ਛਪਵਾਉਣ ਤੋਂ ਲੈ ਕੇ ਕੱਪ, ਟਰਾਫੀਆਂ ਤੇ ਗੁਰਜਾਂ ਖਰੀਦਣ ਅਤੇ ਖੇਡ ਸਮਾਨ ਦਾ ਸੁਹੇਲਾ ਹੀ ਕਾਰਮੁਖਤਾਰ ਹੁੰਦਾ ਸੀ। ਉਹ ਤੇ ਗੁਰਜੀਤ ਪੁਰੇਵਾਲ ਸਿੱਖ ਨੈਸ਼ਨਲ ਕਾਲਜ ਬੰਗੇ ਵਿਚ 'ਕੱਠੇ ਪੜ੍ਹਦੇ ਤੇ ਖੇਡਦੇ ਰਹੇ ਸਨ। ਪੁਰਾਣੇ ਜਾਣੂ ਸਨ। ਉਹਦੇ ਹੱਥੀਂ ਮੇਲੇ ਦੇ ਲੱਖਾਂ ਰੁਪਏ ਖਰਚ ਹੁੰਦੇ।

ਬੱਸ ਉਦੋਂ ਕੁ ਹੀ ਉਸ ਨੇ ਆਪਣੀ ਐਲਬਮਨੁਮਾ ਪੋਥੀ 'ਰੁਸਤਮ-ਏ-ਕਬੱਡੀ ਬਲਵਿੰਦਰ ਸਿੰਘ ਫਿੱਡਾ' ਮੈਨੂੰ ਪਿਆਰ ਸਤਿਕਾਰ ਸਹਿਤ ਭੇਟ ਕੀਤੀ। ਮੈਨੂੰ ਉਸ ਪੋਥੀ ਵਿਚੋਂ ਉਹਦੀ ਲਿਖਤ, ਸ਼ੌਕ ਤੇ ਜਨੂੰਨ ਦੇ ਦਰਸ਼ਨ ਹੋਏ। ਬਲਵਿੰਦਰ ਫਿੱਡੇ ਬਾਰੇ ਕਾਫੀ ਕੁਝ ਪਤਾ ਲੱਗਾ, ਜੋ ਮੈਨੂੰ ਫਿੱਡੇ ਦਾ ਰੇਖਾ ਚਿੱਤਰ ਲਿਖਣ ਵਿਚ ਸਹਾਈ ਹੋਇਆ। ਮੋਟੇ ਮੋਮੀ ਕਾਗਜ਼ ਦੇ ਹਰ ਸਫੇ 'ਤੇ ਛਪੀਆਂ ਰੰਗੀਨ ਤਸਵੀਰਾਂ ਵਾਲੀ ਇਸ ਪੋਥੀ ਦੇ 242 ਪੰਨੇ ਹਨ। ਜਿਲਦ ਵੀ ਮੋਟੀ ਹੈ। ਤੋਲੀ ਤਾਂ ਨਹੀਂ, ਪਰ ਇਸ ਦਾ ਭਾਰ ਦੋ ਕਿੱਲੋ ਦੇ ਕਰੀਬ ਹੋਵੇਗਾ। ਰੀਵੀਊ ਕਰਨ ਵੇਲੇ ਮੈਂ ਇਸ ਵੱਡਅਕਾਰੀ ਪੁਸਤਕ ਨੂੰ 'ਕਬੱਡੀ ਦਾ ਗ੍ਰੰਥ' ਕਹਿ ਕੇ 'ਪੰਜਾਬੀ ਟ੍ਰਿਬਿਊਨ' ਨੂੰ ਭੇਜ ਦਿੱਤਾ। ਜਦ ਰੀਵੀਊ ਛਪਿਆ ਤਾਂ ਫਿੱਡੂ ਦੇ ਫੈਨਾਂ ਨੇ ਉਹਦੀਆਂ ਸੈਂਕੜੇ ਫੋਟੋਸਟੈਟ ਕਾਪੀਆਂ ਕਬੱਡੀ ਖਿਡਾਰੀਆਂ, ਕਬੱਡੀ ਪ੍ਰੇਮੀਆਂ ਤੇ ਖੇਡ ਅਧਿਕਾਰੀਆਂ ਨੂੰ ਭੇਜੀਆਂ। ਸ. ਸੁਖਦੇਵ ਸਿੰਘ ਢੀਂਡਸਾ ਉਦੋਂ ਕੇਂਦਰੀ ਖੇਡ ਮੰਤਰੀ ਸਨ। ਉਹਦੇ ਤਕ ਵੀ ਬਲਵਿੰਦਰ ਫਿੱਡੂ ਦੀ ਸ਼ੋਭਾ ਜਾ ਪੁੱਜੀ। ਸਿੱਟੇ ਵਜੋਂ ਫਿੱਡੇ ਨੂੰ ਖੇਡਾਂ ਦਾ ਪੁਰਸਕਾਰ ਅਰਜਨਾ ਅਵਾਰਡ ਮਿਲ ਗਿਆ। ਉਸ ਤੋਂ ਪਹਿਲਾਂ ਕੁਝ ਸਮੇਂ ਤੋਂ ਫਿੱਡਾ ਬਿਮਾਰ ਚੱਲ ਰਿਹਾ ਸੀ। ਅਸਲ ਵਿਚ ਅਰਜਨਾ ਅਵਾਰਡ ਉਡੀਕਦਾ ਹੀ ਉਹ ਡਿਪਰੈਸ਼ਨ ਵਿਚ ਚਲਾ ਗਿਆ ਸੀ। ਅਵਾਰਡ ਮਿਲਣ ਨਾਲ ਫਿੱਡੂ ਦੀ ਬਿਮਾਰੀ ਆਪਣੇ ਆਪ ਠੀਕ ਹੋ ਗਈ ਤੇ ਉਹ ਸੁਹੇਲੇ ਵਾਂਗ ਖਾਲਸਾ ਸਜ ਕੇ ਮੁੜ ਚੜ੍ਹਦੀ ਕਲਾ ਵਿਚ ਵਿਚਰਨ ਲੱਗਾ।

ਪੁਸਤਕ ਭਾਰੀ ਹੋਣ ਦੇ ਬਾਵਜੂਦ ਮੈਂ ਇਸ ਨੂੰ ਆਪਣੇ ਨਾਲ ਹੀ ਕੈਨੇਡਾ ਲੈ ਆਇਆ ਸਾਂ, ਜੋ ਮੇਰੀ ਲਾਇਬ੍ਰੇਰੀ ਦਾ ਸ਼ਿੰਗਾਰ ਬਣੀ। ਪੰਜਾਬੀ ਖੇਡ ਸਾਹਿਤ ਦਾ ਕਾਲਮ ਲਿਖਦਿਆਂ ਇਹ ਮੇਰੀ ਨਿਗ੍ਹਾ ਚੜ੍ਹ ਗਈ। ਇਹਨੂੰ ਮੁੜ ਪੜ੍ਹ ਕੇ ਮੇਰਾ ਮਨ ਸਤਵਿੰਦਰ ਸਿੰਘ ਸੁਹੇਲਾ ਉਰਫ 'ਸ਼ਿੰਦਾ' ਅਤੇ ਬਲਵਿੰਦਰ ਸਿੰਘ ਉਰਫ 'ਫਿੱਡਾ' ਦੀਆਂ ਗੱਲਾਂ ਕਰਨ ਨੂੰ ਕਰ ਆਇਆ ਹੈ। ਸੁਹੇਲਾ ਆਪਣੇ ਆਪ ਨੂੰ ਦਾਸਨਿ-ਏ-ਦਾਸ ਕਹਿੰਦਾ ਸੀ। ਲਿਖਦਾ ਸੀ, 'ਸਾਹਿਬ ਹੱਥ ਵਡਿਆਈਆ, ਜਿਸ ਭਾਵੈ ਤਿਸੁ ਦੇਇ।' ਵੇਖਣ ਵਾਲੇ ਨੂੰ ਉਹ ਤਿਆਰ-ਬਰ-ਤਿਆਰ ਖਾਲਸਾ ਲੱਗਦਾ ਸੀ। ਛੇ ਫੁੱਟ ਤੋਂ ਉੱਚਾ ਕੱਦ, ਨਿੱਗਰ ਲੱਤਾਂ ਬਾਹਾਂ ਤੇ ਉੱਚਾ ਭਾਰਾ ਬੋਲ। ਸਰੀਰਕ ਭਾਰ ਵੀ ਸੁੱਖ ਨਾਲ ਕੁਇੰਟਲ ਤੋਂ ਉਪਰ ਸੀ। ਉਹਦਾ ਜਨਮ ਕਿਸਾਨੀ ਪਰਿਵਾਰ ਵਿਚ 1950ਵਿਆਂ 'ਚ ਬੰਗੇ ਨੇੜਲੇ ਪਿੰਡ ਕਲੇਰਾਂ ਵਿਚ ਹੋਇਆ ਸੀ, ਜਿਥੋਂ ਦਾ ਗੁਰੂ ਨਾਨਕ ਹਸਪਤਾਲ ਢਾਹਾਂ ਕਲੇਰਾਂ ਪ੍ਰਸਿੱਧ ਹੈ। ਉਸ ਦਾ ਬਾਨੀ ਬਾਬਾ ਬੁੱਧ ਸਿੰਘ ਸੀ। ਬਾਬਾ ਬੁੱਧ ਸਿੰਘ ਦਾ ਸਪੁੱਤਰ ਬਰਜ ਸਿੰਘ ਢਾਹਾਂ, 2014 ਤੋਂ ਪੰਜਾਬੀ ਸਾਹਿਤ ਵਿਚ ਪੈਸਿਆਂ ਪੱਖੋਂ ਸਭ ਤੋਂ ਵੱਡੇ 25+10+10 ਪੰਤਾਲੀ ਹਜ਼ਾਰ ਡਾਲਰ ਦੇ ਤਿੰਨ ਪੁਰਸਕਾਰ ਹਰ ਸਾਲ ਪੰਜਾਬੀ ਨਾਵਲਕਾਰਾਂ ਤੇ ਕਹਾਣੀਕਾਰਾਂ ਨੂੰ ਦੇ ਰਿਹੈ।

ਸੁਹੇਲਾ ਮੁਢਲੀਆਂ ਜਮਾਤਾਂ ਪਿੰਡੋਂ ਪਾਸ ਕਰ ਕੇ ਸਿੱਖ ਨੈਸ਼ਨਲ ਕਾਲਜ ਬੰਗੇ ਵਿਚ ਪੜ੍ਹਾਈ ਨਾਲ ਖੇਡਾਂ ਵਿਚ ਵੀ ਭਾਗ ਲੈਣ ਲੱਗ ਪਿਆ ਸੀ। ਖੇਡਣ ਨੂੰ ਤਾਂ ਉਹ ਗੁਰਜੀਤ ਪੁਰੇਵਾਲ ਹੋਰਾਂ ਨਾਲ ਕਬੱਡੀ ਵੀ ਖੇਡ ਲੈਂਦਾ ਸੀ, ਪਰ ਹੈਮਰ ਥਰੋਅ ਕਰਨਾ ਉਹਦਾ ਮੁੱਖ ਈਵੈਂਟ ਸੀ। ਉਹ ਵੇਟਲਿਫਟਿੰਗ ਵੀ ਕਰਦਾ ਤੇ ਸਟੇਜ 'ਤੇ ਵੀ ਚੜ੍ਹਦਾ। ਮਸ਼ਹੂਰੀ ਹੋਣੀ ਹੀ ਸੀ। ਫਿਰ ਉਹਦੀ ਲਵ-ਮੈਰਿਜ ਹੋ ਗਈ ਤੇ ਮੀਆਂ-ਬੀਵੀ ਦੋ ਬੱਚਿਆਂ ਦੇ ਮਾਪੇ ਬਣ ਗਏ। ਰੱਬ ਜਾਣੇ ਝਗੜਾ ਕਿਉਂ ਹੋਇਆ, ਪਰ ਜਿੰਨੇ ਮੂੰਹ ਉਨੀਆਂ ਗੱਲਾਂ ਜ਼ਰੂਰ ਹੋਈਆਂ। ਕੋਈ ਕਹੇ ਜਾਇਦਾਦ ਦਾ ਝਗੜਾ ਸੀ, ਕੋਈ ਕੁਝ ਕਹੇ, ਕੋਈ ਕੁਝ। ਅਖੀਰ ਸਾਰੇ ਇਹੋ ਕਹਿਣ ਬਈ ਬਹੁਤ ਮਾੜੀ ਹੋਈ।



ਬਾਲ ਬੱਚੇਦਾਰ ਬਣ ਕੇ ਸਤਵਿੰਦਰ ਸ਼ਿੰਦੇ ਨੇ ਆਪਣੇ ਨਾਂ ਨਾਲੋਂ ਸ਼ਿੰਦਾ ਲਾਹ ਕੇ ਤਖੱਲਸ 'ਸੁਹੇਲਾ' ਜੋੜ ਲਿਆ ਅਤੇ ਬੰਗੇ ਦੀ ਮੇਨ ਸੜਕ 'ਤੇ 'ਸੁਹੇਲਾ ਸਟੋਰ' ਖੋਲ੍ਹ ਲਿਆ। ਮੈਂ ਢੁੱਡੀਕੇ ਕਾਲਜ ਤੋਂ ਅਮਰਦੀਪ ਕਾਲਜ ਮੁਕੰਦਪੁਰ ਚਲਾ ਗਿਆ। ਮੈਨੂੰ ਵੀ ਸੁਹੇਲਾ ਸਟੋਰ 'ਚ ਜਾਣ ਦਾ ਮੌਕਾ ਮਿਲਿਆ। ਉਹਦੀਆਂ ਕੰਧਾਂ 'ਤੇ ਖਿਡਾਰੀਆਂ 'ਤੇ ਪਹਿਲਵਾਨਾਂ ਦੀਆਂ ਤਸਵੀਰਾਂ ਜੜਾ ਕੇ ਲਾਈਆਂ ਹੋਈਆਂ ਸਨ। ਵਿਚੇ ਕਿੱਕਰ ਸਿੰਘ, ਵਿਚੇ ਗਾਮਾ ਤੇ ਵਿਚੇ ਮਿਲਖਾ ਸਿੰਘ। ਵਿਚੇ ਬਲਬੀਰ ਸਿੰਘ ਕੰਵਲ ਤੇ ਹੋਰ ਖੇਡ ਲੇਖਕ। ਉਥੇ ਖੇਡ ਸਾਹਿਤ ਦੀਆਂ ਕਿਤਾਬਾਂ ਸ਼ਿੰਗਾਰ ਕੇ ਰੱਖੀਆਂ ਹੋਈਆਂ ਸਨ। ਮੇਰੀਆਂ ਕਿਤਾਬਾਂ ਵੀ ਪਈਆਂ ਸਨ। ਸੁਹੇਲੇ ਨੇ ਮੇਰੀ ਮੇਜ਼ ਕੁਰਸੀ 'ਤੇ ਬਹਾ ਕੇ ਫੋਟੋ ਲੁਹਾਈ ਤੇ ਸ਼ੀਸ਼ੇ ਵਿਚ ਜੜਾ ਕੇ ਹੋਰਨਾਂ ਤਸਵੀਰਾਂ ਵਿਚ ਲਾਈ। ਕਾਜੂ ਬਦਾਮ ਖੁਆਏ ਤੇ ਜੂਸ ਪਿਲਾਇਆ। ਆਏ ਗਏ ਦੀ ਸੇਵਾ ਕਰ ਕੇ ਉਹ ਬਹੁਤ ਖੁਸ਼ ਹੁੰਦਾ ਸੀ। ਉਹਦਾ ਸਟੋਰ ਉਪਰਲੀ ਛੱਤ 'ਤੇ ਸੀ। ਚੁਬਾਰੇ ਦੀ ਬਾਰੀ 'ਚੋਂ ਜੇ ਕਿਸੇ ਖਿਡਾਰੀ ਜਾਂ ਖੇਡ ਪ੍ਰੋਮੋਟਰ ਨੂੰ ਸੜਕ 'ਤੇ ਵੇਖ ਲੈਂਦਾ ਤਾਂ ਥੱਲੇ ਉੱਤਰ ਕੇ ਉਪਰ ਲੈ ਜਾਂਦਾ ਅਤੇ ਦੁਕਾਨਦਾਰ ਨੂੰ ਦੁੱਧ ਜਾਂ ਜੂਸ ਦਾ ਆਰਡਰ ਕਰ ਜਾਂਦਾ। ਆਮ ਗੱਲਾਂ ਕਰਦਾ ਅਗਮ ਨਿਗਮ ਦੀਆਂ ਗੱਲਾਂ ਤੋਰ ਲੈਂਦਾ। ਉਹਦਾ ਭੇਤ ਪਾਉਣਾ ਸੌਖਾ ਨਹੀਂ ਸੀ।

ਉਹਦੀ ਰੁਸਤਮ-ਏ-ਕਬੱਡੀ ਐਲਬਮ ਦੇ ਟਾਈਟਲ ਦੀ ਪਹਿਲੀ ਸਤਰ ਹੈ, 'ਜਿਸ ਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸਾਹੀ ਪਾਤਿਸਾਹ।' ਪਹਿਲੇ ਪੰਨੇ 'ਤੇ ਛਪਿਆ ਹੈ, 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।' ਵਾਹਿਗੁਰੂ ਤੇਰਾ ਸ਼ੁਕਰ-ਸ਼ੁਕਰ ਏ। ਸੱਜੇ ਹਾਸ਼ੀਏ 'ਤੇ ਪੰਜਾਬੀ ਤੇ ਅੰਗਰੇਜ਼ੀ 'ਚ ਛਪਿਐ: 'ਪ੍ਰਮਾਤਮਾ ਇਕ ਏ', 'ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ।' ਖੱਬੇ ਹਾਸ਼ੀਏ 'ਤੇ ਛਪਿਐ: 'ਪੰਜਾਬੀਆਂ ਦੀ ਮਾਂ ਖੇਡ ਕਬੱਡੀ-ਕਬੱਡੀ-ਕਬੱਡੀ' ਤੇ 'ਨਸ਼ੇ ਛੱਡੋ-ਕਸਰਤ ਕਰੋ।' ਪੁਸਤਕ ਦੇ ਟਾਈਟਲ ਉਤੇ ਫਿੱਡਾ ਘੋਨੇ ਸਿਰ ਨਾਲ ਕਬੱਡੀ ਪਾ ਰਿਹੈ ਤੇ ਪਹਿਲੇ ਪੰਨੇ ਉਤੇ ਉਹ 'ਖਾਲਸਾ ਮੇਰੋ ਰੂਪ ਹੈ ਖਾਸ' ਬਣਿਆ ਖੁੱਲ੍ਹੇ ਦਾੜ੍ਹੇ ਨਾਲ ਸਿਰੋਪਾਓ ਪਾਈ ਚੌਕੜਾ ਮਾਰੀ ਬੈਠੈ। ਅਗਾਂਹ ਏਨਾ ਕੁਛ ਹੈ ਕਿ ਐਲਬਮ ਵੇਖਿਆ ਹੀ ਅਨੰਦ ਮਾਣਿਆ ਜਾ ਸਕਦੈ। ਵਿਚੇ ਫਿੱਡੇ ਦੇ ਮਾਂ-ਪਿਉ, ਭੈਣ-ਭਰਾਵਾਂ, ਦੋਸਤਾਂ-ਮਿੱਤਰਾਂ, ਸਕੇ-ਸੰਬੰਧੀਆਂ, ਖੇਡ ਪ੍ਰੋਮੋਟਰਾਂ ਤੇ ਖੇਡ ਅਧਿਅਕਾਰੀਆਂ ਦੀਆਂ ਤਸਵੀਰਾਂ ਹਨ ਅਤੇ ਵਿਚੇ ਫਿੱਡੇ ਦੀ ਬਰਾਤ, ਸਰਬਾਲੇ ਤੇ ਭੈਣਾਂ ਭਰਜਾਈਆਂ ਦੀਆਂ। ਵਿਚੇ ਅਰਜਨਾ ਅਵਾਰਡ ਲੈਂਦੇ ਤੇ ਪੁਰੇਵਾਲ ਖੇਡ ਮੇਲੇ ਦੀਆਂ। ਜਾਪਦੈ ਪੁਰੇਵਾਲ ਭਰਾਵਾਂ ਨੇ ਇਸ ਐਲਬਮਨੁਮਾ ਪੁਸਤਕ ਦੀ ਛਪਾਈ ਵਿਚ ਯੋਗਦਾਨ ਪਾਇਆ ਹੋਵੇਗਾ। ਐਲਬਮ ਵੇਖਣ ਤੇ ਪੜ੍ਹਨ ਅਤੇ ਬਲਵਿੰਦਰ ਸਿੰਘ ਨੂੰ ਮਿਲਣ ਪਿਛੋਂ ਮੈਂ ਫਿੱਡੇ ਬਾਰੇ ਲਿਖਿਆ:

ਕਬੱਡੀ ਦਾ ਧੱਕੜ ਧਾਵੀ

ਬਲਵਿੰਦਰ ਫਿੱਡਾ ਕਬੱਡੀ ਦਾ ਅੱਵਲ ਨੰਬਰ ਧਾਵੀ ਰਿਹਾ। ਉਸ ਨੇ ਕਬੱਡੀ ਸਿਰੋਂ ਕਰੋੜਾਂ ਰੁਪਏ ਕਮਾਏ ਤੇ ਨਾਮਣਾ ਉਸ ਤੋਂ ਵੀ ਵੱਧ ਖੱਟਿਆ। 'ਫਿੱਡਾ' ਨਾਂ ਲੱਖਾਂ ਵਾਰ ਹਵਾਵਾਂ ਦੀਆਂ ਤਰੰਗਾਂ ਵਿਚ ਗੂੰਜਿਆ ਤੇ ਹਜ਼ਾਰਾਂ ਵਾਰ ਲਿਖਿਆ ਗਿਆ। ਪੰਜਾਬੀ ਖੇਡ ਜਗਤ ਵਿਚ ਉਹਦੀ ਮਸ਼ਹੂਰੀ ਦਾ ਕੋਈ ਲੇਖਾ ਨਾ ਰਿਹਾ। 2000 ਦੇ ਆਸ-ਪਾਸ ਮੈਂ ਇੰਗਲੈਂਡ ਗਿਆ ਤਾਂ ਸਾਊਥਾਲ ਦਾ ਇਕ ਕਬੱਡੀ ਪ੍ਰੇਮੀ ਪੁੱਛਣ ਲੱਗਾ, "ਫਿੱਡੇ ਦਾ ਕੀ ਹਾਲ ਐ? ਪਤਾ ਲੱਗੈ ਬਿਮਾਰ ਐ, ਮਰਦਾ-ਮਰਦਾ ਮਸੀਂ ਬਚਿਐ!" ਟੋਰਾਂਟੋ ਗਿਆ ਤਾਂ ਇਕ ਸੱਜਣ ਕਹਿਣ ਲੱਗਾ, "ਮੈਂ ਸੁਣਿਐਂ, ਫਿੱਡਾ ਸਾਧ ਬਣ ਗਿਐ!" ਵੈਨਕੂਵਰ ਵਿਚ ਇਕ ਹੋਰ ਨੇ ਹੋਰ ਈ ਕੱਢ ਮਾਰੀ, ਅਖੇ ਫਿੱਡੇ ਦੇ ਤਾਂ ਸੰਗਲ ਲੱਗਾ ਹੋਇਐ! ਕੈਲੀਫੋਰਨੀਆਂ 'ਚ ਖਬਰ ਮਿਲੀ ਕਿ ਫਿੱਡਾ ਸਿੰਘ ਸਜ ਗਿਐ। ਮੈਂ ਫਿੱਡੇ ਦੇ ਬਿਮਾਰ ਹੋਣ ਬਾਰੇ ਤਾਂ ਸੁਣਿਆਂ ਸੀ, ਪਰ ਬਾਹਰ ਜਿੰਨੇ ਮੂੰਹ ਓਨੀਆਂ ਗੱਲਾਂ ਸਨ। ਗੱਲਾਂ ਹੋਣ ਵੀ ਕਿਉਂ ਨਾ? ਪੰਜਾਬੀਆਂ ਦੀ ਧੱਕੜ ਖੇਡ ਕਬੱਡੀ ਵਿਚ ਉਸ ਨੇ ਧੱਕੜ ਧਾਵੀ ਦਾ ਮੁਕਾਮ ਜੁ ਹਾਸਲ ਕਰ ਲਿਆ ਹੋਇਆ ਸੀ। ਉਹ ਲੱਖਾਂ ਦਿਲਾਂ ਦੀ ਧੜਕਣ ਸੀ। ਉਹ ਪਹਿਲਾ ਖਿਡਾਰੀ ਸੀ, ਜਿਸ ਨੇ ਕਬੱਡੀ ਨੂੰ ਡਾਲਰਾਂ/ਪੌਂਡਾਂ ਦੇ ਰਾਹ ਪਾਇਆ ਤੇ ਪੇਸ਼ਾਵਰ ਖੇਡ ਬਣਾਇਆ।

ਪੰਜਾਬ ਪਰਤ ਕੇ ਮੈਂ ਪੁਰੇਵਾਲ ਖੇਡ ਮੇਲੇ 'ਚ ਫਿੱਡੇ ਨੂੰ ਮਿਲਿਆ। ਮੈਨੂੰ ਉਹ ਸੱਚੀਮੁੱਚੀਂ ਉਦਾਸ ਤੇ ਉਪਰਾਮ ਲੱਗਾ। ਛੇ ਕੁ ਮਹੀਨਿਆਂ ਵਿਚ ਈ ਕਾਫੀ ਬਦਲ ਗਿਆ ਸੀ। ਪੀਲੇ ਚਿਹਰੇ ਉਤੇ ਲੰਮੀਆਂ ਮੁੱਛਾਂ ਤੇ ਲੰਮੀ ਦਾੜ੍ਹੀ ਨਾਲ ਮਸੀਂ ਸਿਆਣਿਆ ਗਿਆ। ਉਹਦੇ ਬੋਲਾਂ ਵਿਚਲਾ ਗੜ੍ਹਕਾ ਗਾਇਬ ਸੀ ਤੇ ਉਹ ਬੜੀ ਹਲੀਮੀ ਨਾਲ ਧੀਮੀ 'ਵਾਜ਼ ਵਿਚ ਬੋਲ ਰਿਹਾ ਸੀ। ਮੂੰਹ ਉਤੋਂ ਗੁੱਸੇ ਗਿਲੇ ਦੀ ਝਲਕ ਸਾਫ ਪੜ੍ਹੀ ਜਾ ਸਕਦੀ ਸੀ। ਉਸ ਨੂੰ ਰੰਜ ਸੀ ਕਿ ਅਰਜਨਾ ਅਵਾਰਡ ਨਾ ਦੇ ਕੇ ਉਸ ਨਾਲ ਨੰਗਾ ਚਿੱਟਾ ਵਿਤਕਰਾ ਕੀਤਾ ਜਾ ਰਿਹਾ ਸੀ। ਕੋਈ ਹਾਅ ਦਾ ਨਾਹਰਾ ਵੀ ਨਹੀਂ ਸੀ ਮਾਰ ਰਿਹਾ, ਸਗੋਂ ਸ਼ਰੀਕ ਚਹੇਡਾਂ ਕਰ ਰਹੇ ਸਨ। ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ ਸੀ।

ਖੁੱਲ੍ਹ ਕੇ ਗੱਲਾਂ ਬਾਤਾਂ ਹੋਈਆਂ ਤਾਂ ਮਾਲੂਮ ਹੋਇਆ ਕਿ ਉਹ ਫਗਵਾੜੇ ਦੇ ਕਿਸੇ ਵੈਦ ਹਕੀਮ ਤੋਂ ਆਪਣਾ ਇਲਾਜ ਕਰਵਾ ਰਿਹਾ ਸੀ। ਗਰਮੀਆਂ 'ਚ ਜਰਮਨੀ ਤੋਂ ਇਲਾਜ ਕਰਾਉਣ ਬਾਰੇ ਸੋਚ ਰਿਹਾ ਸੀ। ਉਸ ਨੇ ਗੋਡੇ ਦਾ ਇਲਾਜ ਵੀ ਜਰਮਨੀ ਤੋਂ ਕਰਾਇਆ ਸੀ, ਜੋ ਠੀਕ ਹੋ ਗਿਆ ਸੀ। ਅਸੀਂ ਘਰ-ਪਰਿਵਾਰ ਤੋਂ ਲੈ ਕੇ ਦੇਸ ਪਰਦੇਸ ਤਕ ਦੀਆਂ ਗੱਲਾਂ ਕਰਦੇ ਰਹੇ। ਮੇਰੀ ਮਨਸ਼ਾ ਉਸ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਵੇਖਣ ਦੀ ਸੀ। ਮੈਂ ਆਖਿਆ, "ਇਨਾਮਾਂ ਸ਼ਨਾਮਾਂ ਦੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ। ਅਰਜਨਾ ਅਵਾਰਡ ਭਲਾ ਕਿੱਡੀ ਕੁ ਚੀਜ਼ ਐ? ਕਬੱਡੀ ਪ੍ਰੇਮੀਆਂ ਨੇ ਉਸ ਤੋਂ ਕਿਤੇ ਵੱਡੇ ਇਨਾਮ ਬਖਸ਼ੇ ਨੇ। ਤੁਹਾਡੀ ਰੀਸ ਕਿਹੜਾ ਕਰ-ਲੂ? ਚੜ੍ਹਦੀ ਕਲਾ 'ਚ ਰਹੀਦੈ।" ਮੁਲਾਕਾਤ ਮੁੱਕਣ ਉਤੇ ਉਹ ਸੱਚਮੁੱਚ ਹੀ ਚੜ੍ਹਦੀ ਕਲਾ ਵਿਚ ਸੀ ਤੇ ਉਸ ਨੇ ਮੈਨੂੰ ਆਖ ਵੀ ਦਿੱਤਾ ਕਿ ਲਿਖ ਦਿਓ ਪਈ ਮੈਨੂੰ ਕੁਝ ਨਹੀਂ ਹੋਇਆ।

ਅਗਲੇ ਸਾਲ ਉਸ ਨੂੰ ਅਰਜਨਾ ਅਵਾਰਡ ਵੀ ਮਿਲ ਗਿਆ। ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਅਤੇ ਸੱਜਣਾਂ ਮਿੱਤਰਾਂ ਨਾਲ ਖੁਸ਼ੀ ਸਾਂਝੀ ਕੀਤੀ। ਉਸ ਨੇ ਕਬੱਡੀ ਖੇਡਣੀ ਛੱਡ ਦਿੱਤੀ, ਪਰ ਕਬੱਡੀ ਵੇਖਣੀ ਨਾ ਛੱਡੀ। ਉਹ ਕਬੱਡੀ ਟੂਰਨਾਮੈਂਟਾਂ 'ਤੇ ਜਾਂਦਾ, ਜਿਥੇ ਫੁੱਲਾਂ ਦੇ ਹਾਰ ਪੈਂਦੇ। ਖੇਡ ਮੇਲਿਆਂ 'ਚ ਸਿੱਕਿਆਂ ਨਾਲ ਤੋਲਿਆ ਜਾਂਦਾ। 2006 'ਚ ਕਪੂਰਥਲੇ ਦੇ ਕਬੱਡੀ ਟੂਰਨਾਮੈਂਟ ਵਿਚ ਉਸ ਨੂੰ ਮਹਿੰਗੀ ਕਾਰ ਨਾਲ ਸਨਮਾਨਿਆ ਗਿਆ। ਭਰਤੀ ਕਾਂਸਟੇਬਲ ਹੋਇਆ ਸੀ, ਰਿਟਾਇਰ ਸੁਪਰਡੰਟ ਪੁਲਿਸ ਬਣ ਕੇ ਹੋਇਆ। ਅੱਜ ਕੱਲ੍ਹ ਉਹ ਸਿਆਲ 'ਚ ਜਲੰਧਰ ਤੇ ਗਰਮੀਆਂ 'ਚ ਬਰੈਂਪਟਨ ਰਹਿੰਦੈ।

ਉਸ ਦਾ ਜਨਮ 23 ਮਾਰਚ 1956 ਨੂੰ ਪਿੰਡ ਟਾਂਡੀ ਜਿਲਾ ਕਪੂਰਥਲਾ ਵਿਚ ਲੁਬਾਣੇ ਕਿਸਾਨ ਬੰਤਾ ਸਿੰਘ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ ਹੋਇਆ। ਉਹ ਚਾਰ ਭੈਣਾਂ ਤੇ ਚਾਰ ਭਰਾਵਾਂ ਵਿਚਕਾਰ ਚੌਥੀ ਥਾਂ ਜੰਮਿਆ। ਬੀਬੀ ਰਾਜ ਕੌਰ ਨਾਲ ਵਿਆਹਿਆ ਗਿਆ, ਜਿਸ ਦੀ ਕੁੱਖੋਂ ਦੋ ਪੁੱਤਰ-ਸਤਿੰਦਰਜੀਤ ਸਿੰਘ ਤੇ ਬਲਰਾਜਵੀਰ ਸਿੰਘ ਅਤੇ ਦੋ ਧੀਆਂ-ਰਵਿੰਦਰ ਕੌਰ ਤੇ ਉਪਿੰਦਰ ਕੌਰ ਨੇ ਜਨਮ ਲਿਆ। ਫਿੱਡੇ ਨੇ ਕਬੱਡੀ ਨੂੰ ਕੱਲਰਾਂ ਦੀ ਖੇਡ ਤੋਂ ਖੇਡ ਭਵਨਾਂ ਦੀ ਖੇਡ ਬਣਾਇਆ ਤੇ ਕਬੱਡੀ ਨੇ ਵੀ ਉਸ ਨੂੰ ਮਾਲਾ ਮਾਲ ਕੀਤਾ। ਉਹ ਪੱਚੀ ਸਾਲ ਉੱਚ ਪੱਧਰੀ ਕਬੱਡੀ ਖੇਡਿਆ। ਖੁਦ ਪੇਸ਼ਾਵਰ ਖਿਡਾਰੀ ਬਣਿਆ ਤੇ ਕਬੱਡੀ ਨੂੰ ਪੇਸ਼ਾਵਰ ਖੇਡ ਬਣਾਇਆ। ਆਪਣੀ ਖੇਡ ਦੇ ਲੱਖਾਂ ਪ੍ਰਸ਼ੰਸਕ ਬਣਾਏ, ਨਾਲ ਸੈਂਕੜੇ ਨਿੰਦਕ ਵੀ ਸਹੇੜੇ। ਇਹ ਸਤਰਾਂ ਲਿਖਦਿਆਂ ਮੈਨੂੰ ਉਹਦੀ ਖੇਡ ਤੇ ਉਹਦੇ ਵਿਹਾਰ ਦੇ ਅਨੇਕਾਂ ਦ੍ਰਿਸ਼ ਯਾਦ ਆ ਰਹੇ ਹਨ, ਜਿਨ੍ਹਾਂ 'ਚੋਂ ਕੁਝ ਇਕਨਾਂ ਦਾ ਜ਼ਿਕਰ ਕਰਨਾ ਵਾਜਬ ਹੋਵੇਗਾ।

ਫਿੱਡਾ ਦੱਸਦਾ ਹੈ ਕਿ ਉਹਦੀ ਟੀਮ ਨੂੰ ਪੰਜ ਹਜ਼ਾਰ ਰੁਪਏ ਦਾ ਪਹਿਲਾ ਵੱਡਾ ਇਨਾਮ ਮਹਿਦੀਆਣੇ ਦੇ ਮੈਚ ਵਿਚ ਮਿਲਿਆ ਸੀ। ਗੁਰਦੁਆਰਾ ਮਹਿਦੀਆਣਾ ਮੇਰੇ ਪਿੰਡ ਚਕਰ, ਲੱਖਾ, ਮਾਣੂੰਕੇ ਤੇ ਮੱਲ੍ਹੇ ਦੇ ਵਿਚਕਾਰ ਹੈ। ਮੈਂ ਉਸ ਮੈਚ ਦਾ ਚਸ਼ਮਦੀਦ ਗਵਾਹ ਹਾਂ, ਕਿਉਂਕਿ ਮਾਈਕ ਮੇਰੇ ਹੱਥ ਸੀ। ਇਕ ਪਾਸੇ ਕਪੂਰਥਲੇ ਦੀ ਟੀਮ ਸੀ, ਦੂਜੇ ਪਾਸੇ ਲੁਧਿਆਣੇ ਦੀ। ਸੱਤਰਵਿਆਂ ਵਿਚ ਅਸੀਂ ਫਿੱਡੂ ਨੂੰ ਪੰਜ ਸੌ ਦੀ ਸਾਈ ਦੇ ਕੇ ਪੰਜ ਹਜ਼ਾਰ ਦੇ ਇਨਾਮ ਵਾਲਾ ਮੈਚ ਖੇਡਣ ਲਈ ਲਿਆਏ ਸਾਂ। ਫਿੱਡੂ ਤੇ ਉਹਦੇ ਸਾਥੀਆਂ ਨੂੰ ਸੱਚ ਨਹੀਂ ਸੀ ਆ ਰਿਹਾ ਕਿ ਕਬੱਡੀ ਖੇਡਣ ਦੇ ਸੱਚਮੁੱਚ ਪੰਜ ਹਜ਼ਾਰ ਮਿਲਣਗੇ। ਇਹ ਇਤਿਹਾਸਕ ਤੱਥ ਹੈ ਕਿ ਕਬੱਡੀ ਮਹਿਦੇਆਣੇ ਤੋਂ ਪੇਸ਼ਾਵਰ ਖੇਡ ਬਣਨ ਦੇ ਰਾਹ ਪਈ। ਪੰਜ ਹਜ਼ਾਰ ਤੋਂ ਵਧਦਾ-ਵਧਦਾ ਫਿੱਡੂ ਦਾ ਭਾਅ ਵੈਨਕੂਵਰ ਵਿਚ ਇਕ ਪੁਆਇੰਟ ਉਤੇ ਇਕ ਲੱਖ ਰੁਪਏ ਤਕ ਜਾ ਪੁੱਜਾ!

ਲੱਖ ਰੁਪਏ ਦੀ ਗੱਲ ਵੀ ਸੁਣ ਲਓ। 6 ਅਗਸਤ 1995 ਦੇ ਦਿਨ ਵੈਨਕੂਵਰ ਦੇ ਬੀ. ਸੀ. ਪਲੇਸ ਵਿਚ ਕਬੱਡੀ ਦਾ ਵਰਲਡ ਕੱਪ ਖੇਡਿਆ ਜਾ ਰਿਹਾ ਸੀ। ਪੰਦਰਾਂ-ਸੌਲਾਂ ਹਜ਼ਾਰ ਦਰਸ਼ਕਾਂ ਦਾ 'ਕੱਠ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦਾ ਮੈਚ ਉਡੀਕ ਰਿਹਾ ਸੀ। ਜਦੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਜੁਆਨ ਮੈਦਾਨ ਵਿਚ ਨਿੱਤਰੇ ਤਾਂ ਮੈਂ ਮਾਈਕ ਤੋਂ ਭੂਮਿਕਾ ਬੰਨ੍ਹੀ, "ਲਓ ਆ ਗਏ ਪੰਜਾਬ ਦੇ ਬੱਬਰ ਸ਼ੇਰ। ਮਾਂਵਾਂ ਦੇ ਬਲੀ ਪੁੱਤਰ। ਬਾਘੀਆਂ ਪਾਉਂਦੇ ਤੇ ਬੜ੍ਹਕਾਂ ਮਾਰਦੇ। ਸੋਹਣੇ ਸੁਡੌਲ ਜੁੱਸੇ, ਮੇਲ੍ਹਦੇ ਤੇ ਮਚਲਦੇ। ਨਿਗਾਹਾਂ ਤਿਲ੍ਹਕ ਤਿਲ੍ਹਕ ਪੈਂਦੀਆਂ। ਏਹਨਾਂ ਦੀ ਚੜ੍ਹਤ ਵੇਖੋ ਤੇ ਵੇਖਿਓ ਇਨ੍ਹਾਂ ਦੀਆਂ ਪਕੜਾਂ। ਇਕ ਇਕ ਕਬੱਡੀ ਲੱਖ-ਲੱਖ ਦੀ ਪਊ, ਜੋ ਸਭਨਾਂ ਦਾ ਸੇਰ-ਸੇਰ ਲਹੂ ਵਧਾਊ। ਲਓ ਟੇਕ'ਤਾ ਧਰਤੀ ਮਾਂ ਨੂੰ ਮੱਥਾ ਤੇ ਹੋਣ ਲੱਗੇ ਆ ਨਿਤਾਰੇ...।"

ਮੈਚ ਸ਼ੁਰੂ ਹੋਇਆ ਤਾਂ ਕੁਝ ਪਾਕਿਸਤਾਨੀ ਸੱਜਣ ਮੇਰੇ ਕੋਲ ਆਏ ਤੇ ਕਿਹਾ ਪਈ ਐਲਾਨ ਕਰ ਦਿਓ ਕਿ ਪਾਕਿਸਤਾਨ ਦਾ ਜਿਹੜਾ ਜਾਫੀ ਹਿੰਦੁਸਤਾਨ ਦੇ ਫਿੱਡੇ ਜਾਂ ਹਰਜੀਤ ਨੂੰ ਡੱਕ ਗਿਆ ਉਹਨੂੰ ਪਾਕਿਸਤਾਨੀ ਕਰੰਸੀ ਵਿਚ ਇਕ ਲੱਖ




(ਬਾਕੀ ਅਗਲੇ ਸਫੇ 'ਤੇ)

## ਮਾਨਸਿਕ ਉਤੇਜਨਾ ਦੀ ਤੀਬਰਤਾ ਨੂੰ ਰੂਪਮਾਨ ਕਰਦਾ ਕਹਾਣੀ ਸੰਗ੍ਰਹਿ

# 'ਆ ਆਪਾਂ ਘਰ ਬਣਾਈਏ'


ਪੁਸਤਕ ਚਰਚਾ

ਨਿਰੰਜਣ ਬੋਹਾ
ਫੋਨ: 91-89682-82700

ਸਿਮਰਨ ਧਾਲੀਵਾਲ ਨਵੀਂ ਪੰਜਾਬੀ ਕਹਾਣੀ ਦੀਆਂ ਕਲਾਤਮਿਕ ਲੋੜਾਂ ਨੂੰ ਸੁਚੇਤ ਤੌਰ 'ਤੇ ਪਛਾਣਨ ਵਾਲਾ ਨੌਜਵਾਨ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਬਾਹਰੀ ਤੌਰ 'ਤੇ ਸਾਬਤ ਸਬੂਤੇ ਵਿਖਾਈ ਦੇਣ ਵਾਲੇ ਪਾਤਰਾਂ ਦੀ ਅੰਦਰਲੀ ਉਧੇੜ ਬੁਣ ਤੇ ਟੁੱਟ ਭੱਜ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਕੇ ਪੰਜਾਬੀ ਕਹਾਣੀ ਦੀ ਅਭਿਵਿਅਕਤੀਗਤ ਸਮਰੱਥਾ ਵਿਚ ਵਾਧਾ ਕਰਨ ਵਾਲੀਆਂ ਹਨ। 'ਆ ਘਰ ਬਣਾਈਏ' ਉਸ ਦਾ ਚੌਥਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਉਸ ਦੀਆਂ 10 ਨਵੀਆਂ ਕਹਾਣੀਆਂ ਸ਼ਾਮਿਲ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਪਾਤਰ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਬਾਵਾਂ ਕਾਰਨ ਆਪਣੇ ਹਿੱਸੇ ਆਈ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਨਾਲ ਨਾ ਜਿਉਂ ਸਕਣ ਦੀ ਮਜਬੂਰੀ ਵਿਚੋਂ ਲੰਘਦਿਆਂ ਮਾਨਸਿਕ ਤੌਰ 'ਤੇ ਬਹੁਤ ਬੇ-ਚੈਨ ਤੇ ਅਸ਼ਾਂਤ ਹਨ ਅਤੇ ਉਨ੍ਹਾਂ ਅੰਦਰਲੀ ਇਹ ਅਸ਼ਾਂਤੀ ਹੀ ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਵਿਚ ਨਿਰੰਤਰ ਸਰਗਰਮ ਰੱਖਦੀ ਹੈ। ਉਸ ਦੀਆਂ ਕਹਾਣੀਆਂ ਵਿਅਕਤੀਗਤ ਪੱਧਰ 'ਤੇ ਅਨੇਕਾਂ ਤਰ੍ਹਾਂ ਦੀਆਂ ਮਨੋ ਸਮਾਜਿਕ ਸਮੱਸਿਆਵਾਂ ਨਾਲ ਜੂਝ ਰਹੇ ਅਜੋਕੇ ਮਨੁੱਖ ਅੰਦਰਲੀ ਮਨੋ ਉਤੇਜਨਾ ਨੂੰ ਉਸ ਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਆ ਆਪਾਂ ਘਰ ਬਣਾਈਏ' ਛੋਟੀ ਕਿਸਾਨੀ ਤੇ ਖੇਤ ਮਜਦੂਰ ਜਮਾਤ ਦੇ ਆਪਸੀ ਸਬੰਧਾਂ ਨੂੰ ਕੇਂਦਰ ਵਿਚ ਰੱਖ ਕੇ ਸਮੇਂ ਤੇ ਸਥਿਤੀਆਂ ਅਨੁਸਾਰ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਪੈਦਾ ਹੋਣ ਵਾਲੇ ਤਣਾਓ ਨੂੰ ਰੂਪਮਾਨ ਕਰਦੀ ਹੈ। ਇਸ ਤਣਾਓ ਦਾ ਕਾਰਨ ਦੋਹਾਂ ਧਿਰਾਂ ਵਿਚਕਾਰ ਪੈਦਾ ਹੋਇਆ ਨਵੇਂ ਰੂਪ ਦਾ ਆਰਥਿਕ ਪਾੜਾ ਹੈ। ਛੋਟੇ ਕਿਸਾਨ ਮੇਜਾ ਸਿੰਘ ਨਾਲ ਸੀਰ ਕਰਦਾ ਰਿਹਾ ਨਰੈਣਾ ਆਪਣੇ ਪੁੱਤਰਾਂ ਦੀ ਮਿਹਨਤ ਦੇ ਬਲਬੂਤੇ 'ਤੇ ਤੱਰਕੀ ਕਰ ਰਿਹਾ ਹੈ, ਪਰ ਮੇਜੇ ਦਾ ਪੁੱਤਰ ਘਰ ਦੀ ਆਰਥਿਕ ਦਿਸ਼ਾ ਉਪਰ ਚੁੱਕਣ ਦੀ ਥਾਂ ਇਸ ਦੇ ਨਿਘਾਰ ਦਾ ਕਾਰਨ ਬਣ ਰਿਹਾ ਹੈ। ਨਰੈਣੇ ਦੀ ਆਰਥਿਕ ਹੈਸੀਅਤ ਵਿਚ ਵਾਧੇ ਕਾਰਨ ਮੇਜਾ ਸਿੰਘ ਅੰਦਰ ਪੈਦਾ ਹੋਈ ਹੀਣ ਭਾਵਨਾ ਤੇ ਸੂਖਮ ਈਰਖਾ ਉਸ ਲਈ ਮਾਨਸਿਕ ਤਣਾਓ ਦਾ ਕਾਰਨ ਤਾਂ ਬਣਦੀ ਹੈ, ਪਰ ਕਹਾਣੀਕਾਰ ਦੀ ਸੁਚੇਤਤਾ ਕਾਰਨ ਇਹ ਦੋ ਧਿਰੀ ਟਕਰਾਉ ਦਾ ਰੂਪ ਨਹੀਂ ਧਾਰਦੀ। ਜਮਾਤੀ ਦ੍ਰਿਸ਼ਟੀਕੋਣ ਤੋਂ ਇਸ ਸਾਂਝ ਦਾ ਟੁੱਟਣਾ ਦੋਹਾਂ ਲਈ ਹੀ ਘਾਤਕ ਹੈ, ਇਸ ਲਈ ਮੇਜਾ ਸਿੰਘ ਦੇ ਨਵੇਂ ਘਰ ਦੀ ਨੀਂਹ ਦੀ ਪੁਟਾਈ ਵੇਲੇ ਨਰੈਣੇ ਵੱਲੋਂ ਪੁਰਾਣੀ ਸਾਂਝ ਦੇ ਆਧਾਰ ਆਪ ਕਹੀ ਫੜਨੀ, ਇਸ ਸਾਂਝ ਨੂੰ ਬਰਕਰਾਰ ਰੱਖਣ ਵੱਲ ਪੁੱਟਿਆ ਇਕ ਸਹੀ ਤੇ ਸੁਚੇਤ ਕਦਮ ਹੈ।


ਸਿਮਰਨ ਧਾਲੀਵਾਲ




ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਸੂਖਮ ਈਰਖਾ ਤੇ ਨਫਰਤ ਵਰਗੀਆਂ ਨਕਾਰਾਤਮਕ ਮਨੁੱਖੀ ਪ੍ਰਵਿਰਤੀਆਂ ਦੀ ਦਖਲਅੰਦਾਜ਼ੀ ਕਾਰਨ ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਣ ਵਾਲੇ ਤਣਾਓ ਤੇ ਇਸ ਦੇ ਘਾਤਕ ਨਤੀਜਿਆਂ ਨੂੰ ਵਿਸ਼ੇਸ਼ ਤੌਰ 'ਤੇ ਉਭਾਰਦੀਆਂ ਹਨ। ਕਹਾਣੀਆਂ ਖੁਲਾਸਾ ਕਰਦੀਆਂ ਹਨ ਕਿ ਇਨ੍ਹਾਂ ਪ੍ਰਵਿਰਤੀਆਂ ਦੀ ਕਾਰਜ਼ਸ਼ੀਲਤਾ ਰਿਸ਼ਤਿਆਂ ਵਿਚਲੀ ਨਿੱਘ ਨੂੰ ਖਤਮ ਕਰਕੇ ਪਰਿਵਾਰਕ ਮੈਂਬਰਾਂ ਨੂੰ ਸਦੀਵੀ ਬੇਚੈਨੀ ਦਾ ਸ਼ਿਕਾਰ ਬਣਾਉਣ ਦੇ ਸਮਰੱਥ ਹੈ। ਕਹਾਣੀ 'ਧੂੰਆਂ' ਦਾ ਮੁੱਖ ਪਾਤਰ ਰਵੀ ਆਪਣੀ ਪਤਨੀ ਤੇ ਆਪਣੇ ਮਸੇਰ ਭਰਾ ਸੋਨੀ ਵਿਚਕਾਰ ਜੁੜੇ ਨਾਜਾਇਜ਼ ਸਬੰਧਾਂ ਨੂੰ ਲੈ ਕੇ ਭਾਰੀ ਮਾਨਸਿਕ ਤਣਾਓ ਵਿਚੋਂ ਲੰਘਦਾ ਹੈ ਤੇ ਅੰਤ ਇਨ੍ਹਾਂ ਨੇੜਲੇ ਰਿਸ਼ਤਿਆਂ ਪ੍ਰਤੀ ਉਸ ਦਾ ਪਿਆਰ ਘੋਰ ਨਫਰਤ ਵਿਚ ਬਦਲ ਜਾਂਦਾ ਹੈ। ਨਫਰਤ ਦੀ ਪ੍ਰਵਿਰਤੀ ਦਾ ਪ੍ਰਬਲ ਵੇਗ ਹੀ ਪਹਿਲਾਂ ਉਸ ਨੂੰ ਪਤਨੀ ਦਾ ਕਤਲ ਕਰਨ ਦੀ ਕੋਸ਼ਿਸ਼ ਕਰਨ ਅਤੇ ਫਿਰ ਸਮੇਰ ਭਰਾ ਨੂੰ ਜ਼ਹਿਰ ਦੇ ਕੇ ਮਾਰਨ ਲਈ ਉਕਸਾਉਂਦਾ ਹੈ।

ਕਹਾਣੀ 'ਨਿਸ਼ਾਨ' ਵਿਚਲੀ ਪਤਨੀ ਨੀਰੂ ਆਪਣੇ ਸ਼ਰਾਬੀ ਅੜਬੈਲ ਪਤੀ ਵੱਲੋਂ ਕੀਤੇ ਜਾਣ ਵਾਲੀ ਮਾਰ ਕੁੱਟ ਨੂੰ ਤਾਂ ਇਸ ਭਾਵਨਾ ਅਧੀਨ ਸਹਿਣ ਕਰਦੀ ਰਹਿੰਦੀ ਹੈ ਕਿ ਉਸ ਦਾ ਪਤੀ ਉਸ ਨੂੰ ਦਿਲੋਂ ਪਿਆਰ ਕਰਦਾ ਹੈ, ਪਰ ਜਦੋਂ ਉਸ ਨੂੰ ਪਤਾ ਚਲਦਾ ਹੈ ਕਿ ਉਸ ਦਾ ਪਤੀ ਬਿਗਾਨੀਆਂ ਖੁਰਲੀਆਂ ਵਿਚ ਵੀ ਮੂੰਹ ਮਾਰਦਾ ਹੈ ਤਾਂ ਉਹ ਆਪਣੇ ਪਤੀ ਦੀ ਪ੍ਰੇਮ ਨਿਸ਼ਾਨੀ ਛੱਲੇ ਨੂੰ ਨਫਰਤ ਨਾਲ ਪਰ੍ਹਾਂ ਵਗਾਹ ਮਾਰਦੀ ਹੈ।

ਕਹਾਣੀ 'ਸਾਂਵਲੀ ਕੁੜੀ' ਉਸ ਪਤਨੀ ਅੰਦਰਲੀ ਤੜਫ ਤੇ ਸੂਖਮ ਈਰਖਾ ਦੀ ਸ਼ਿੱਦਤ ਬਿਆਨੀ ਕਰਦੀ ਹੈ, ਜਿਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਸ ਦਾ ਪਤੀ ਉਸ ਨੂੰ ਦਿਮਾਗ ਤੋਂ ਉਸ ਨੂੰ ਮੁਹੱਬਤ ਕਰਦਾ ਹੈ, ਪਰ ਉਸ ਦੇ ਦਿਲ ਵਿਚ ਕਿਸੇ ਹੋਰ ਔਰਤ ਲਈ ਵੀ ਥਾਂ ਹੈ। ਉਸ ਦਾ ਪਤੀ ਵੀ ਭਾਵੇਂ ਸੁਚੇਤ ਤੌਰ 'ਤੇ ਆਪਣੀ ਪਹਿਲੀ ਮੁਹੱਬਤ ਨੂੰ ਬੀਤੇ ਦੀ ਕਹਾਣੀ ਆਖਦਿਆਂ ਉਸ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਵਰਤਮਾਨ ਵਿਚ ਉਹ ਸਿਰਫ ਉਸ ਦਾ ਹੀ ਹੈ, ਪਰ ਉਸ ਦੇ ਅਵਚੇਤਨ ਵਿਚ ਪਈ ਪਹਿਲੀ ਮੁਹੱਬਤ ਆਪਣੇ ਬਾਹਰਮੁਖੀ ਪ੍ਰਗਟਾਅ ਲਈ ਮੌਕੇ ਤਲਾਸ਼ ਹੀ ਲੈਂਦੀ ਹੈ। ਪਤਨੀ ਅੰਦਰਲੀ ਤੜਫ ਤੇ ਈਰਖਾ ਨੂੰ ਪਛਾਣ ਕੇ ਉਹ ਉਸ ਨਾਲ ਵਾਅਦਾ ਕਰਦਾ ਹੈ ਕਿ ਉਹ ਆਪਣੇ ਅਤੀਤ ਨੂੰ ਕਦੇ ਵੀ ਵਰਤਮਾਨ 'ਤੇ ਹਾਵੀ ਨਹੀਂ ਹੋਣ ਦੇਵੇਗਾ, ਪਰ ਐਕਸੀਡੈਂਟ ਕਾਰਨ ਅਰਧ ਬੇਹੋਸ਼ੀ ਦੀ ਹਾਲਤ ਵਿਚ ਉਸ ਦੇ ਮੂੰਹੋਂ ਪਤਨੀ ਦੀ ਥਾਂ ਆਪਣੀ ਪ੍ਰੇਮਿਕਾ ਰਿਸ਼ਮ ਦਾ ਨਾਂ ਹੀ ਨਿਕਲਦਾ ਹੈ। ਉਸ ਵੇਲੇ ਕਹਾਣੀ ਪ੍ਰੀਤਲੜੀ ਦੇ ਸਿਧਾਂਤ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੀ ਪ੍ਰੋੜਤਾ ਕਰਦੀ ਜਾਪਦੀ ਹੈ, ਜਦੋਂ ਪਤਨੀ ਪੂਰਨ ਸਮਰਪਿਤ ਭਾਵਨਾ ਨਾਲ ਆਖਦੀ ਹੈ, "ਆਪਾ ਦੋਹੇ ਮਿਲ ਕੇ ਆਵਾਂਗੇ ਉਸ ਨੂੰ... ਕੁੰਵਰ ਤੂੰ ਠੀਕ ਹੋ ਕੇ ਘਰ ਤਾਂ ਚੱਲ।"

ਕਹਾਣੀ 'ਸਾਵਨ ਸਰਸੀ ਕਾਮਨੀ' ਤੇ 'ਗੂੜ੍ਹੇ ਰੰਗਾਂ ਦੀ ਤਸਵੀਰ' ਭਾਰਤੀ ਔਰਤ ਦੀ ਆਪਣੇ ਘਰ ਪਰਿਵਾਰ ਤੇ ਪਤੀ ਪ੍ਰਤੀ ਸਮਰਪਿਤ ਭਾਵਨਾ ਨੂੰ ਸਤਿਕਾਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੀਆਂ ਔਰਤ ਪਾਤਰ ਆਪਣੇ ਗ੍ਰਹਿਸਥੀ ਜੀਵਨ ਵਿਚ ਪਤੀ ਦਾ ਸਹਾਰਾ ਤੇ ਪੂਰਕ ਬਣ ਕੇ ਆਪਣੇ ਔਰਤ ਹੋਣ ਦੇ ਅਰਥਾਂ ਨੂੰ ਹੋਰ ਵਿਸਥਾਰਦੀਆਂ ਹਨ। ਕਹਾਣੀ ਸਾਵਨ ਸਰਸੀ ਕਾਮਨੀ ਦਾ ਕਹਾਣੀ ਦਾ ਦਲਿਤ ਮਜਦੂਰ ਜਮਾਤ ਨਾਲ ਸਬੰਧਤ ਪਾਤਰ ਬੀਰਾ ਗੁੰਥੀ ਬਿਮਾਰ ਹੋਣ ਦੇ ਬਾਵਜੂਦ ਇਹ ਨਹੀਂ ਚਾਹੁੰਦਾ ਕਿ ਉਸ ਦੀ ਪਤਨੀ ਲੋਕਾਂ ਦੇ ਘਰਾਂ ਵਿਚ ਗੋਹਾ ਕੂੜਾ ਕਰੇ, ਪਰ ਉਸ ਦੀ ਪਤਨੀ ਪਾਸ਼ੀ ਅਜਿਹਾ ਕਰਕੇ ਆਪਣੇ ਬੇ-ਸਹਾਰਾ ਪਤੀ ਦਾ ਸਹਾਰਾ ਬਣਦੀ ਹੈ।

ਕਹਾਣੀ 'ਪਰਛਾਵਿਆਂ ਦੀ ਦੌੜ' ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਆਪਣੇ ਵਰਤਮਾਨ ਨੂੰ ਦਾਅ 'ਤੇ ਲਾ ਦੇਣ ਦੀ ਦੌੜ ਵਿਚ ਸ਼ਾਮਿਲ ਲੋਕਾਂ ਦੀ ਮਾਨਸਿਕ ਬੇ-ਚੈਨੀ ਤੇ ਛਟਪਟਾਹਟ ਨੂੰ ਬਿਆਨਦੀ ਹੈ। ਕਹਾਣੀ ਵਿਚਲਾ ਤਨਵੀਰ ਕਹਿਣ ਨੂੰ ਸੂਖਮ ਭਾਵੀ ਕਵੀ ਹੈ, ਪਰ ਆਪਣੇ ਬੱਚੇ ਨੂੰ ਮਹਿੰਗੇ ਸਕੂਲ ਵਿਚ ਦਾਖਲਾ ਦੁਆ ਕੇ ਉਸ ਦਾ ਭਵਿੱਖ ਬਣਾਉਣ ਦੇ ਮਾਮਲੇ ਉਹ ਆਪਣੇ ਮਾਪਿਆਂ, ਪਤਨੀ ਤੇ ਬੱਚੇ ਦੀਆਂ ਭਾਵਨਾਵਾਂ ਦੀ ਬਿਲਕੁਲ ਵੀ ਪ੍ਰਵਾਹ ਨਹੀਂ ਕਰਦਾ। ਉਹ ਆਪਣੇ ਬੱਚੇ ਤੇ ਉਸ ਦੇ ਭਵਿੱਖ ਦੀਆਂ ਜ਼ਿੰਮੇਵਾਰੀਆਂ ਇਸ ਕਦਰ ਥੋਪਦਾ ਹੈ ਕਿ ਬੱਚੇ ਦੇ ਨਾਲ ਉਹ ਤੇ ਉਸ ਦੀ ਪਤਨੀ ਖੁਦ ਵੀ ਮਾਨਸਿਕ ਤਣਾਓ ਦੇ ਸ਼ਿਕਾਰ ਰਹਿਣ ਲੱਗ ਪੈਂਦੇ ਹਨ। ਅੰਤ ਕਹਾਣੀ ਆਪਣੇ ਇਸ ਉਦੇਸ਼ਮੁਖੀ ਪ੍ਰਗਟਾਵੇ ਨਾਲ ਸਮਾਪਤ ਹੁੰਦੀ ਹੈ ਕਿ ਆਪਣੇ ਬੱਚੇ ਨੂੰ ਉਹੀ ਕੁਝ ਬਣਨ ਦਿਉ, ਜੋ ਉਹ ਦਿਲੋਂ ਬਣਨਾ ਚਾਹੁੰਦਾ ਹੈ।

ਕਹਾਣੀ 'ਉਦਾਸ ਨਦੀ ਦਾ ਅਧੂਰਾ ਖਤ' ਜੀਵਨ ਦੀ ਕੁਦਰਤੀ ਧਾਰਾ ਨਾਲ ਟੁੱਟ ਕੇ ਮਸ਼ੀਨੀ ਤਰਜ਼ ਦੀ ਜ਼ਿੰਦਗੀ ਜਿਉਂ ਰਹੇ ਮਨੁੱਖ ਨੂੰ ਮੁੜ ਤੋਂ ਕੁਦਰਤ ਦੀਆਂ ਨਿਆਮਤਾਂ ਨਾਲ ਜੋੜਨ ਦੀ ਸੁਹਿਰਦ ਕੋਸ਼ਿਸ਼ ਕਰਦੀ ਹੈ। ਕਹਾਣੀ ਦੀ ਪਾਤਰ ਤਰੰਨੁਮ ਕਹਾਣੀ ਵਿਚਲੇ ਲੇਖਕ ਨੂੰ ਵੰਗਾਰ ਪਾਉਂਦੀ ਹੈ ਕਿ ਉਹ ਦਿਨੋ ਦਿਨ ਪ੍ਰਦੂਸ਼ਿਤ ਹੋ ਰਹੇ ਹਵਾ ਪਾਣੀ ਨੂੰ ਬਚਾਉਣ ਲਈ ਆਪਣੇ ਹਿੱਸੇ ਦਾ ਯੋਗਦਾਨ ਜ਼ਰੂਰ ਪਾਵੇ ਤੇ ਉਹ ਆਪਣੇ ਦਿਲੋਂ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ, ਪਰ ਇਸ ਕਹਾਣੀ ਦਾ ਸੰਦੇਸ਼ ਪਾਤਰਾਂ ਦੀਆਂ ਮਾਨਸਿਕ ਕ੍ਰਿਆਤਮਿਕਤਾ ਵਿਚ ਸਹਿਜ ਰੂਪ ਵਿਚ ਨਹੀਂ ਉਘੜਦਾ, ਸਗੋਂ ਇਸ ਬਾਰੇ ਲੇਖਕ ਆਪ ਵੱਧ ਬੋਲਦਾ ਪ੍ਰਤੀਤ ਹੁੰਦਾ ਹੈ।

'ਸੰਦੂਕ' ਤੇ 'ਸੋਹਣੀ ਪਹਿਲਵਾਨ' ਆਪਣੀ ਜਨਮ ਭੋਇੰ ਨਾਲੋਂ ਟੁੱਟਣ ਦੇ ਹੇਰਵੇ ਨਾਲ ਸਬੰਧਤ ਕਹਾਣੀਆਂ ਹਨ। ਕਹਾਣੀ ਸੰਦੂਕ ਵਿਚ ਪਹਿਲਾਂ ਬਾਪੂ ਆਪਣੇ ਪਿੰਡ ਨਾਲ ਟੁੱਟਣ ਕਾਰਨ ਉਦਾਸ ਰਹਿੰਦਾ ਹੈ ਤੇ ਫਿਰ ਬਾਪੂ ਦੀ ਮੌਤ ਤੋਂ ਬਾਅਦ ਇਹ ਉਦਾਸੀ ਉਸ ਦੇ ਪੁੱਤਰ ਬੀਰੇ ਦੇ ਦਿਲ-ਦਿਮਾਗ 'ਤੇ ਛਾ ਜਾਂਦੀ ਹੈ। ਕਹਾਣੀ ਸੋਹਣੀ ਪਹਿਲਵਾਨ ਦੇ ਅਵਚੇਤਨ ਵਿਚ ਉਸ ਦਾ ਪਿਛੋਕੜੀ ਪਿੰਡ ਤੇ ਉੱਥੋ ਦੇ ਮੋਹ-ਮੁਹੱਬਤੀ ਰਿਸ਼ਤੇ ਸਮੋਏ ਹੋਏ ਹਨ, ਜਿਸ ਕਾਰਨ ਉਹ ਆਪਣੇ ਇਕਲੌਤੇ ਪੁੱਤਰ ਦੇ ਵਿਆਹ ਸਮੇਂ ਪੇਂਡੂ ਭਾਈਚਾਰਕ ਅਪਣੱਤ ਨੂੰ ਫਿਰ ਤੋਂ ਮਾਣਨਾ ਚਾਹੁੰਦਾ ਹੈ, ਪਰ ਮਹਾਂ ਨਗਰੀ ਸਭਿਆਚਾਰ ਨਾਲ ਜੁੜ ਚੁਕੇ ਆਪਣੇ ਪੁੱਤਰ ਕਾਰਨ ਉਸ ਦੇ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ।

ਇਸ ਸੰਗ੍ਰਹਿ ਰਾਹੀਂ ਪੇਸ਼ ਹੋਈਆਂ ਮਨੋ ਸਮਾਜਿਕ ਸਮੱਸਿਆਵਾਂ ਭਾਵੇਂ ਸਾਡੀਆਂ ਜਾਣੀਆਂ-ਪਛਾਣੀਆਂ ਹਨ, ਪਰ ਇਨ੍ਹਾਂ ਦਾ ਹੱਲ ਕਹਾਣੀਕਾਰ ਨੇ ਆਪਣੇ ਮੌਲਿਕ ਵਿਚਾਰਧਾਰਕ ਨਜ਼ਰੀਏ ਤੇ ਬੁੱਧੀ ਵਿਵੇਕ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਪਾਤਰਾਂ ਦੇ ਮਨੋਵਿਗਿਆਨ ਦੀ ਡੂੰਘਾਈ ਵਿਚ ਜਾਣ ਦੇ ਉਦੇਸ਼ ਨਾਲ ਮੂਲ ਘਟਨਾ ਦੇ ਨਾਲ ਕੁਝ ਸਹਾਇਕ ਘਟਨਾਵਾਂ ਵੀ ਉਸ ਦੀਆਂ ਕਹਾਣੀਆਂ ਦਾ ਹਿੱਸਾ ਬਣੀਆਂ ਹਨ, ਫਿਰ ਵੀ ਉਸ ਕਹਾਣੀਆਂ ਵਿਚ ਵਿਚ ਪਾਤਰਾਂ ਤੇ ਘਟਨਾਵਾਂ ਦਾ ਵਾਧੂ ਖਿਲਾਰਾ ਨਹੀਂ ਪੈਣ ਦਿੱਤਾ। ਇਨ੍ਹਾਂ ਵਿਚਲਾ ਕਥਾ ਰਸ ਪਾਠਕ ਦਾਂ ਧਿਆਨ ਕਹਾਣੀ ਤੋਂ ਬਾਹਰ ਨਹੀਂ ਜਾਣ ਦਿੰਦਾ। ਕੁਲ ਮਿਲਾ ਕੇ ਉਸ ਦੀਆਂ ਕਹਾਣੀਆਂ ਵੱਲੋਂ ਸਿਰਜਿਆ ਗਿਆ ਪ੍ਰਵਚਨ ਮਾਨਵੀ ਰਿਸਤਿਆਂ ਨੂੰ ਨਿੱਘ ਪ੍ਰਦਾਨ ਕਰਨ ਵਾਲਾ ਹੈ। ਕਹਾਣੀਆਂ ਦੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਉਨ੍ਹਾਂ ਦੀਆਂ ਅੰਤਰਦਵੰਦੀ ਮਨੋ-ਸਥਿਤੀਆਂ ਦਾ ਸਜੀਵ ਵਰਣਨ ਪੇਸ਼ ਕਰ ਸਕਣ ਵਿਚ ਸਫਲ ਰਹੀ ਹੈ। ਗਰੇਸੀਅਸ ਬੁਕਸ, ਪਟਿਆਲਾ ਵਲੋਂ ਪ੍ਰਕਾਸ਼ਿਤ ਇਸ ਕਹਾਣੀ ਸੰਗ੍ਰਹਿ ਦੇ 120 ਪੰਨੇ ਹਨ ਅਤੇ ਮੁੱਲ 200 ਰੁਪਏ ਹੈ।

# ਸੁਹੇਲੇ ਦੀ ਪੁਸਤਕ 'ਰੁਸਤਮ-ਏ-ਕਬੱਡੀ ਬਲਵਿੰਦਰ ਫਿੱਡਾ'

(ਪਿਛਲੇ ਸਫੇ ਦੀ ਬਾਕੀ)

ਰੁਪਿਆ ਇਨਾਮ ਦਿੱਤਾ ਜਾਵੇਗਾ; ਪਰ ਨਾ ਫਿੱਡਾ ਡੱਕਿਆ ਜਾ ਸਕਿਆ ਤੇ ਨਾ ਹੀ ਹਰਜੀਤ ਬਰਾੜ। ਟੋਰਾਂਟੋ ਵਿਚ ਫਿੱਡੇ ਦੀ ਇਕ ਰੇਡ ਉਤੇ ਤਿੰਨ ਹਜ਼ਾਰ ਡਾਲਰ ਇਨਾਮ ਲੱਗ ਗਿਆ ਸੀ। ਇਕ ਮੈਚ ਵਿਚ ਫਿੱਡਾ ਕਬੱਡੀ ਨਹੀਂ ਸੀ ਪਾ ਰਿਹਾ। ਇਕ ਸੱਜਣ ਨੇ ਪੰਜ ਸੌ ਡਾਲਰ ਮੈਨੂੰ ਫੜਾਉਂਦਿਆਂ ਕਿਹਾ ਕਿ ਫਿੱਡੇ ਤੋਂ ਕਬੱਡੀ ਪੁਆ ਦਿਓ ਤਾਂ ਇਹ ਇਨਾਮ ਉਹਦਾ। ਫਿੱਡਾ ਕੱਛਾਂ 'ਚ ਹੱਥ ਦੇਈ ਖੜ੍ਹਾ ਸੀ। ਜਦੋਂ ਮਾਈਕ ਤੋਂ ਡਾਲਰਾਂ ਦਾ ਐਲਾਨ ਹੋਇਆ ਤਾਂ ਫਿੱਡੇ ਨੇ ਖੜ੍ਹੇ ਖੜੋਤੇ ਛਾਲ ਮਾਰੀ ਤੇ ਥਾਪੀਆ ਮਾਰਦਾ ਕਬੱਡੀ ਪਾਉਣ ਲੱਗਾ। ਫਿੱਡਾ ਪੈਸੇ ਦਾ ਪੀਰ ਸੀ ਤੇ ਇਹ ਗੱਲ ਕਿਸੇ ਤੋਂ ਗੁੱਝੀ ਛਿਪੀ ਨਹੀਂ ਸੀ।

1990 ਵਿਚ ਅਮਰੀਕਾ ਜਾਂਦਿਆਂ ਸਾਡਾ ਜਹਾਜ ਬੈਂਕਾਕ ਦੇ ਹਵਾਈ ਅੱਡੇ 'ਤੇ ਰੁਕਿਆ ਤਾਂ ਇਕ ਔਰਤ ਸਾਡੇ ਕੋਲ ਆਈ। ਉਸ ਨੇ ਮੇਰੀ ਪਤਨੀ ਨੂੰ ਬੇਨਤੀ ਕੀਤੀ ਕਿ ਟੋਕੀਓ ਤਕ ਭਰਾ ਜੀ ਉਹਦੇ ਵਾਲੀ ਸੀਟ 'ਤੇ ਚਲੇ ਜਾਣ ਤਾਂ ਮਿਹਰਬਾਨੀ ਹੋਵੇਗੀ। ਮੈਂ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹਦੇ ਨਾਲ ਬੈਠਾ ਭਾਈ ਘੁਰਾੜੇ ਮਾਰੀ ਜਾਂਦੈ। ਮੈਂ ਘੁਰਾੜੇ ਮਾਰਦੇ ਭਾਈ ਕੋਲ ਗਿਆ ਤਾਂ ਉਹ ਬਲਵਿੰਦਰ ਫਿੱਡਾ ਨਿਕਲਿਆ। ਉਹ ਅਮਰੀਕਾ ਤੋਂ ਜਲੰਧਰ ਪੁੱਜਾ ਸੀ ਤੇ ਨੌਕਰੀ ਦੀ ਤਰੱਕੀ ਲੈ ਕੇ ਮੁੜ ਯੂਬਾ ਸਿਟੀ ਮੈਚ ਖੇਡਣ ਜਾ ਰਿਹਾ ਸੀ। ਉਹਦੇ ਸਾਥੀ ਨੱਠ-ਭੱਜ ਕਰ ਕੇ ਉਸ ਨੂੰ ਜਹਾਜ ਚੜ੍ਹਾ ਗਏ ਸਨ। ਦਾਰੂ ਦਾ ਡੱਕਿਆ ਉਹ ਜਹਾਜੇ ਚੜ੍ਹਦਿਆਂ ਹੀ ਸੌਂ ਗਿਆ ਸੀ।

ਪੰਜਾਬੀਆਂ ਦੇ ਗੜ੍ਹ ਯੂਬਾ ਸਿਟੀ ਵਿਚ ਦੀਦਾਰ ਸਿੰਘ ਬੈਂਸ ਨੇ ਮੈਨੂੰ ਮਾਈਕ ਦੀ ਥਾਂ ਵਿਸਲ ਫੜਾ ਦਿੱਤੀ। ਮੇਰੇ ਹੱਥ ਵਿਸਲ ਫੜੀ ਵੇਖ ਫਿੱਡੂ ਕਹਿਣ ਲੱਗਾ, "ਭਾਅ ਜੀ ਮੇਰੀ ਬਾਹਰ ਬੜੀ ਬਣੀ ਹੋਈ ਜੇ। ਮੇਰਾ ਖਿਆਲ ਰੱਖਣਾ।" ਮੈਂ ਆਖਿਆ, "ਮੈਂ ਸਭ ਦਾ ਖਿਆਲ ਰੱਖਾਂਗਾ। ਜੇ ਤੈਂ ਕਿਸੇ ਦੇ ਮੂੰਹ 'ਤੇ ਹੱਥੜ ਮਾਰਿਆ ਤਾਂ ਤੇਰੇ ਖਿਲਾਫ ਵੀ ਪੁਆਇੰਟ ਦੇਵਾਂਗਾ। ਮੇਰੇ ਲਈ ਸਾਰੇ ਇਕੋ ਜਿਹੇ ਨੇ।" ਫਿੱਡੂ ਸਾਫ ਸੁਥਰੀ ਖੇਡ ਖੇਡਿਆ। ਜਦੋਂ ਉਹ ਕਬੱਡੀ ਪਾਉਣ ਜਾਂਦਾ ਤਾਂ ਦਰਸ਼ਕ ਕੂਕਦੇ, "ਫੜ-ਲੋ ਇਹਨੂੰ, ਪੈ-ਜੋ ਲੱਤੀਂ। ਜਾਵੇ ਨਾ ਐਤਕੀਂ, ਰੱਖ-ਲੋ 'ਕੇਰਾਂ...।"

ਪਰ ਉਹ ਕਿਸੇ ਤੋਂ ਡੱਕਿਆ ਨਹੀਂ ਸੀ ਜਾ ਰਿਹਾ। ਮੈਚ ਦੇ ਅਖੀਰ ਵਿਚ ਉਹ ਇਕ ਵਾਰ ਰੁਕਿਆ ਤਾਂ ਦਰਸ਼ਕਾਂ ਨੇ ਡਾਢੀ ਖੁਸ਼ੀ ਮਨਾਈ। ਉਨ੍ਹਾਂ ਨੇ ਬੀਅਰ ਦੀਆਂ ਡੱਬੀਆਂ ਹਵਾ 'ਚ ਚਲਾ ਮਾਰੀਆਂ ਤੇ ਪਾਣੀ ਪਿਆਉਣ ਵਾਲਿਆਂ ਨੇ ਜੱਗ ਉਛਾਲ ਦਿੱਤੇ। ਹਾਤ-ਹੂਤ ਕਰਦੇ ਕੈਲੀਫੋਰਨੀਆ ਦੇ ਪੰਜਾਬੀ ਮੁੰਡੇ 'ਪੰਜਰੇਜ਼ੀ' ਵਿਚ ਚੀਕਾਂ ਮਾਰਨ ਲੱਗੇ, ਜਿਵੇਂ ਦੋਗਲੇ ਵੱਛੜੇ ਰੰਭਦੇ ਹੋਣ! ਯੂਬਾ ਸਿਟੀ ਪਿੱਛੋਂ ਵੈਨਕੂਵਰ ਦਾ ਖੇਡ ਮੇਲਾ ਭਰਿਆ। ਉਥੇ ਫਿੱਡੂ ਇਕ ਵਾਰ ਵੀ ਡੱਕ ਨਾ ਹੋਇਆ। ਮੈਚ ਮੁੱਕੇ ਤਾਂ ਅਸੀਂ ਵੇਖਿਆ ਇਕ ਸ਼ਰਾਬੀ ਬਾਬਾ ਰੁੱਖ ਨੂੰ ਜੱਫਾ ਮਾਰੀ ਆਖੀ ਜਾਵੇ, "ਮੈਂ ਮਣ ਪੱਕਾ ਘਿਓ ਖੁਆ ਦੇਣਾ ਆਵਦੇ ਮੁੰਡੇ ਨੂੰ। ਫਿੱਡੂ ਨੂੰ ਜੱਫਾ ਲੁਆਉਣਾ!"

ਫਿੱਡੂ ਨੂੰ ਲੋਕਾਂ ਨੇ ਪਿੰਡਾਂ ਦੇ ਛੋਟੇ ਟੂਰਨਾਮੈਂਟਾਂ ਵਿਚ ਵੀ ਖੇਡਦੇ ਵੇਖਿਆ ਤੇ ਦੇਸਾਂ ਪਰਦੇਸਾਂ ਦੇ ਵੱਡੇ ਖੇਡ ਮੇਲਿਆਂ ਨੂੰ ਰੰਗ ਭਾਗ ਲਾਉਂਦੇ ਵੀ ਤੱਕਿਆ। ਉਹ ਹਾਰਾਂ ਨਾਲ ਲੱਦਿਆ ਜਾਂਦਾ ਤੇ ਮੋਢਿਆਂ 'ਤੇ ਚੁੱਕਿਆ ਜਾਂਦਾ। ਕਬੱਡੀ ਪ੍ਰੇਮੀ ਉਹਦੇ ਨਾਲ ਹੱਥ ਮਿਲਾਉਣ ਤੇ ਫੋਟੋ ਖਿਚਾਉਣ ਨੂੰ ਧੰਨਭਾਗ ਸਮਝਦੇ। ਇਕ ਸਮਾਂ ਸੀ, ਜਦੋਂ ਉਹ 'ਕੱਲਾ ਬੋਤਲ ਪੀ ਜਾਂਦਾ ਸੀ ਤੇ ਤਿੰਨ-ਤਿੰਨ ਮੁਰਗੇ ਛਕ ਜਾਂਦਾ ਸੀ। ਉਹ ਰੱਜ ਕੇ ਖੇਡਦਾ, ਪੁੱਜ ਕੇ ਕਮਾਉਂਦਾ। ਫਿਰ ਗੂੜ੍ਹੀ ਨੀਂਦ ਸੌਂਦਾ। ਉਹਦੀ ਖੇਡ ਉਤੇ ਡਾਲਰਾਂ ਤੇ ਪੌਂਡਾਂ ਦਾ ਮੀਂਹ ਵਰ੍ਹਦਾ। ਕੋਈ ਉਹਨੂੰ 'ਪੰਜਾਬ ਦਾ ਟਰੱਕ' ਕਹਿੰਦਾ ਤੇ ਕੋਈ 'ਹੀਰੋ ਆਫ ਫਾਈਵ ਰਿਵਰਜ਼' ਆਖਦਾ। ਦਾਇਰੇ ਵਾਲੀ ਕਬੱਡੀ ਤੋਂ ਬਿਨਾ ਉਸ ਨੇ ਕਬੱਡੀ ਨੈਸ਼ਨਲ ਸਟਾਈਲ ਵਿਚ ਵੀ ਬਥੇਰੀਆਂ ਧੁੰਮਾਂ ਪਾਈਆਂ ਤੇ ਪੰਜਾਬ ਲਈ ਅਨੇਕਾਂ ਵਾਰ ਕਬੱਡੀ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਪੁਲਿਸ ਦੀਆਂ ਖੇਡਾਂ ਵਿਚ ਉਹ ਹਮੇਸ਼ਾ ਹੀ ਕਬੱਡੀ ਦੀ ਖੇਡ ਦਾ ਸਰਵੋਤਮ ਖਿਡਾਰੀ ਸਿੱਧ ਹੋਇਆ।

ਜਦੋਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਤਾਂ ਉਹ ਸਭ ਤੋਂ ਨਿੱਕੇ ਕੱਦ ਵਾਲਾ ਪੜ੍ਹਾਕੂ ਸੀ। ਇਕ ਮਾਸਟਰ ਨੇ ਉਸ ਨੂੰ 'ਮਿੱਡਾ' ਜਿਹਾ ਕਹਿ ਦਿੱਤਾ। ਨਾਲ ਦੇ ਜਮਾਤੀ ਉਸ ਨੂੰ ਮਿੱਡੇ ਤੋਂ ਫਿੱਡਾ ਕਹਿਣ ਲੱਗ ਪਏ ਤੇ ਉਹਦਾ ਨਾਂ ਹੀ ਫਿੱਡਾ ਪੱਕ ਗਿਆ। ਫਿੱਡੇ ਨੂੰ ਫਿੱਡੂ ਵੀ ਆਖ ਦਿੱਤਾ ਜਾਂਦਾ। ਹੁਣ ਉਸ ਨੇ ਸਾਰੇ ਐਬ ਛੱਡ ਦਿੱਤੇ ਹਨ ਤੇ ਅੰਮ੍ਰਿਤ ਛਕ ਕੇ ਸਿੰਘ ਸਜਿਆ ਹੋਇਆ ਹੈ। ਉਸ ਦੀ ਲੰਮੀ ਝੂਲਦੀ ਦਾੜ੍ਹੀ ਦੂਰੋਂ ਹੀ ਦਿਸ ਪੈਂਦੀ ਹੈ। ਮੀਟ ਸ਼ਰਾਬ ਤੋਂ ਉਸ ਨੇ ਤੋਬਾ ਕਰ ਲਈ ਹੈ ਤੇ ਗੁਰੂ ਮਹਾਰਾਜ ਤੋਂ ਭੁੱਲਾਂ ਬਖਸ਼ਾ ਲਈਆਂ ਹਨ। ਬੰਗਿਆਂ ਵਾਲੇ 'ਸੁਹੇਲੇ' ਨੇ ਖੁੱਲ੍ਹਾ ਖਰਚ ਉਹਦੇ ਬਾਰੇ ਸਚਿੱਤਰ ਪੁਸਤਕ ਛਾਪੀ, ਪਰ ਸੁਹੇਲਾ ਬਹੁਤੀ ਦੇਰ ਜਿਊਂਦਾ ਨਹੀਂ ਰਹਿ ਸਕਿਆ। ਫਿੱਡੇ ਨੂੰ ਕਿਸੇ ਨੇ ਵਹਿਮ ਪਾ ਦਿੱਤਾ ਸੀ ਕਿ ਉਸ ਨੂੰ ਕਿਸੇ ਨੇ ਉੱਲੂ ਦੀ ਰੱਤ ਚਖਾਈ ਤੇ ਮਸਾਣੀ ਪੀਹ ਕੇ ਖੁਆਈ ਸੀ। ਹੁਣ ਉਹ ਸਿੰਘ ਸਜ ਗਿਆ ਹੈ ਤਾਂ ਉਹਨੂੰ ਅਜਿਹੇ ਵਹਿਮ ਮਨ 'ਚੋਂ ਕੱਢ ਦੇਣੇ ਚਾਹੀਦੇ ਹਨ। ਖਾਲਸਾ ਕਦੇ ਮਾਨਸਿਕ ਰੋਗੀ ਨਹੀਂ ਹੁੰਦਾ, ਉਹ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੈ।

## ਨਿਰਪੱਖ ਆਵਾਜ਼

ਨਿਰਪੱਖ ਆਵਾਜ਼ ਜੇ ਤੇਰੀ ਹੈ,
ਸੱਚ ਨੇ ਨਾ ਢਾਈ ਢੇਰੀ ਹੈ।
ਮੰਨਿਆ ਕੇ ਰਾਤ ਹਨੇਰੀ ਹੈ,
ਚਾਨਣ ਨੇ ਪਾਉਣੀ ਫੇਰੀ ਹੈ।

ਮੰਨਿਆ ਕੇ ਝੂਠ ਪਸਾਰਾ ਹੈ,
ਅਹੁ ਟਿਮਟਿਮਾਉਂਦਾ ਤਾਰਾ ਹੈ।
ਤੂੰ ਸੱਚ ਦੀ ਜੋਤ ਜਗਾ ਕੇ ਰੱਖ,
ਕਲਮਾਂ ਵਿਚ ਜਾਨ ਬਥੇਰੀ ਹੈ।

ਮੰਜ਼ਿਲਾਂ ਦੇ ਰਾਹੀ ਮੰਜ਼ਿਲਾਂ ਵੱਲ,
ਓਹ ਮੰਜ਼ਿਲਾਂ ਵੱਲ ਚਲਦੇ ਪਲ ਪਲ।
ਮੀਂਹਾਂ ਦੇ ਪਾਣੀ ਹੜ੍ਹ ਬਣਦੇ,
ਦਰਿਆਵਾਂ ਦੀ ਚਾਲ ਘਨੇਰੀ ਹੈ।

ਮਾਇਆ ਦੀ ਚਮਕ ਵੀ ਮੋਹ ਲੈਂਦੀ,
ਕਦੇ ਢਿੱਡ ਨਾ ਭਰਦਾ ਖੋਹ ਰਹਿੰਦੀ।
ਪਰ ਵੱਧ ਜਰੂਰਤੋਂ ਹਰ ਇੱਕ ਸ਼ੈਅ,
ਵਿਚ ਪਾਉਂਦੀ ਘੁੰਮਣ ਘੇਰੀ ਹੈ।

ਕਿਸਾਨ ਮਜ਼ਦੂਰ ਦੇ ਹੱਕ ਦੀ ਗੱਲ,
ਹਾਕਮ ਨੂੰ ਚੁੱਭਦੀ ਸੱਚ ਦੀ ਗੱਲ।
ਉਸ ਦੀ ਵੀ ਦੱਸ ਇਸ ਦੀ ਵੀ ਕਹਿ,
'ਸੁਖਵਿੰਦਰਾ' ਏਹੋ ਗੱਲ ਜੇ ਛੇੜੀ ਹੈ।

*-ਸੁਖਵਿੰਦਰ ਬੋਦਲਾਂ ਵਾਲਾ*
*ਫੋਨ: 360-281-2624*

# ਬੈਚ ਫੁੱਲ ਕਲੀਮੈਟਿਸ-ਹਵਾਈ ਘੜਤਾਂ

ਪਾਗਲਪਨ ਦੀ ਕੋਈ ਪਰਿਭਾਸ਼ਾ ਨਹੀਂ। ਦਿਮਾਗ ਵਿਚ ਖਰਾਬੀ ਪੈਣਾ, ਦਿਮਾਗ ਦਾ ਹੋਲਾ ਹੋਣਾ, ਦਿਮਾਗ ਦਾ ਹਿੱਲ ਜਾਣਾ, ਦਿਮਾਗ ਚਲਣਾ ਤੇ ਦਿਮਾਗ ਦਾ ਖੜ੍ਹ ਜਾਣਾ ਆਦਿ ਮੁਹਾਵਰੇ ਬੋਲ ਕੇ ਇਸ ਨੂੰ ਵਿਅਕਤ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਇਨਸੈਨਿਟੀ (Insanity) ਕਹਿੰਦੇ ਹਨ। ਇਸ ਦਾ ਅਰਥ ਵੀ ਮਨੁੱਖ ਦਾ ਸਹੀ ਤੌਰ 'ਤੇ ਕੰਮ ਨਾ ਕਰ ਸਕਣਾ ਹੈ, ਭਾਵ ਜਮਾਨੇ ਦੇ ਸਹੀ-ਗਲਤ ਦੇ ਮਿਆਰਾਂ ਅਨੁਸਾਰ ਨਾ ਚਲ ਸਕਣਾ ਹੀ ਹੈ।

ਪਰ ਜਮਾਨੇ ਦੇ ਮਿਆਰਾਂ ਅਨੁਸਾਰ ਨਾ ਚਲਣਾ ਵੀ ਤਾਂ ਪਾਗਲਪਨ ਨਹੀਂ ਹੁੰਦਾ। ਜੇ ਇੰਜ ਹੋਵੇ ਤਾਂ ਇਮਤਿਹਾਨਾਂ ਵਿਚ 33% ਅੰਕ ਲੈਣ ਵਾਲਾ ਵਿਦਿਆਰਥੀ 100% ਵਾਲੇ ਦੇ ਮੁਕਾਬਲੇ ਪਾਗਲ ਹੋਵੇ। ਵੱਖ ਵੱਖ ਵਿਚਾਰ ਰੱਖਣ ਵਾਲੇ ਵੀ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਕ-ਦੂਜੇ ਦੀ ਤੁਲਨਾ ਵਿਚ ਪਾਗਲ ਕਹੇ ਜਾਣ। ਇਸੇ ਤਰ੍ਹਾਂ ਵੱਖ ਵੱਖ ਵਿਸ਼ਿਆਂ ਦੀ ਜਾਣਕਾਰੀ ਦੇ ਫਰਕ ਨਾਲ ਵੀ ਸੋਚ ਵਿਚਾਰ ਵਿਚ ਫਰਕ ਹੋ ਸਕਦਾ। ਜਿਨ੍ਹਾਂ ਰਾਜਨੀਤਕ ਨੇਤਾਵਾਂ ਨੇ ਇਤਿਹਾਸ ਨਹੀਂ ਪੜ੍ਹਿਆ, ਉਹ ਵੀ ਪਾਗਲ ਹੋਏ ਤੇ ਜਿਨ੍ਹਾਂ ਇਤਿਹਾਸਕਾਰਾਂ ਨੂੰ ਹਿਸਾਬ ਨਹੀਂ ਆਉਂਦਾ ਉਹ ਵੀ। ਫਿਰ ਤਾਂ ਵਿਅਕਤੀਗਤ ਵਿਲੱਖਣਤਾ ਤੇ ਸੁਤੰਤਰਤਾ ਦਾ ਕੋਈ ਅਰਥ ਹੀ ਨਾ ਰਿਹਾ। ਇਸ ਲਈ ਦਿਮਾਗ ਦੀ ਅਜਿਹੀ ਗਲਤੀ ਨੂੰ ਪਾਗਲਪਨ ਨਹੀਂ ਕਿਹਾ ਜਾ ਸਕਦਾ। ਉੱਧਰ ਇਹ ਗੱਲ ਵੀ ਨਹੀਂ ਕਿ ਪਾਗਲ ਆਦਮੀ ਦੇ ਸਿਰ ਵਿਚ ਦਿਮਾਗ ਹੀ ਨਾ ਹੋਵੇ। ਉਸ ਕੋਲ ਦਿਮਾਗ ਹੁੰਦਾ ਹੈ, ਪਰ ਉਸ ਦੇ ਦਿਮਾਗ ਦੀ ਕਾਰਜਸ਼ੀਲਤਾ ਵਿਗੜੀ ਹੁੰਦੀ ਹੈ ਤੇ ਉਸ ਦਾ ਅਨੁਭਵ, ਸਮਝ ਤੇ ਸ਼ੈਲੀ ਸਾਧਾਰਣ ਬੰਦੇ ਵਾਂਗ ਨਹੀਂ ਹੁੰਦੇ। ਉਸ ਵਿਚ ਇਹ ਇਵੇਂ ਹੈ, ਜਿਵੇਂ ਉਸ ਲਈ ਸ਼ਬਦਾਂ ਦੇ ਅਰਥ ਬਦਲ ਗਏ ਹੋਣ, ਉਸ ਦਾ ਧਿਆਨ ਬਾਹਰ ਵਲੋਂ ਅੰਦਰ ਵੱਲ ਘੁੰਮ ਗਿਆ ਹੋਵੇ, ਉਸ ਦੀ ਸੋਚ ਦਾ ਤਰਕ ਉਲਟਾ ਹੋ ਗਿਆ ਹੋਵੇ ਤੇ ਉਸ ਦੀ ਕਲਪਨਾ ਸ਼ਕਤੀ ਤੇਜ਼ ਹੋ ਗਈ ਹੋਵੇ!

ਦਿਮਾਗ ਬੰਦੇ ਦੀ ਖੋਪੜੀ ਵਿਚ ਟਿਕਿਆ ਇਕ ਮਾਸ ਦਾ ਟੁਕੜਾ ਹੈ। ਇਹ ਕੰਪਿਊਟਰ ਦੇ ਸੀ. ਪੀ. ਯੂ. ਵਾਂਗ ਹੈ, ਜਿਸ ਦਾ ਕੰਮ ਕਲ-ਪੁਰਜ਼ਿਆਂ ਦੇ ਚਲਣ ਨਾਲ ਨਹੀਂ, ਸਗੋਂ ਵਿਧੁਤ ਦੇ ਪ੍ਰਵਾਹ ਨਾਲ ਹੁੰਦਾ ਹੈ। ਇਸ ਲਈ ਜੇ ਕੋਈ ਨਾ ਦੱਸੇ ਇਹ ਦਿਮਾਗ ਹੈ, ਇਸ ਦਾ ਪਤਾ ਨਹੀਂ ਚਲਦਾ। ਇਹੀ ਕਾਰਨ ਹੈ ਕਿ ਫਰਾਇਡ ਤੋਂ ਲੈ ਕੇ ਹੁਣ ਤਕ ਦਿਮਾਗ ਦੀਆਂ ਜਿੰਨੀਆਂ ਅਹਿਮ ਖੋਜਾਂ ਹੋਈਆਂ ਹਨ, ਉਹ ਇਸ ਦੀ ਅਨਾਟਮੀ-ਫਿਜ਼ੀਆਲੋਜੀ-ਪੈਥੋਲੋਜੀ ਭਾਵ ਇਸ ਦੇ ਢਾਂਚੇ ਦੇ ਬਾਹਰੀ ਗੁਣਾਂ ਨੂੰ ਲੈ ਕੇ ਨਹੀਂ, ਸਗੋਂ ਇਸ ਦੀ ਕਾਰਜਸ਼ੀਲਤਾ ਤੇ ਵਿਹਾਰ ਨੂੰ ਸਮਝ ਕੇ ਹੋਈਆਂ ਹਨ। ਇਹੀ ਕਾਰਨ ਹੈ ਕਿ ਐਲੋਪੈਥਿਕ ਮੈਡੀਕਲ ਸਿਸਟਮ, ਜਿਹੜਾ ਦਿਖਦੇ ਬਾਹਰੀ ਸਬੂਤਾਂ ਦੀ ਅਣਹੋਂਦ ਵਿਚ ਅੱਗੇ ਨਹੀਂ ਚਲਦਾ, ਵਿਚ ਦਿਮਾਗ ਦੀ ਖਰਾਬੀ ਲਈ ਨਸ਼ੀਲੀਆਂ ਦਵਾਈਆਂ ਦੇ ਕੇ ਸੁਲਾਉਣ ਤੋਂ ਇਲਾਵਾ ਕੋਈ ਦਵਾਈ ਨਹੀਂ ਹੈ। ਇਸ ਦੇ ਮਰੀਜ਼ਾਂ ਦਾ ਇਲਾਜ ਬਹੁਤਾ ਕਰ ਕੇ ਹਿਪਨੋਟਿਜ਼ਮ (Hypnotism) ਤੇ ਸੁਝਾਉਣੀਆਂ (Suggestions) ਰਸਤੇ ਹੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਅੱਜ ਵੀ ਇਸ ਦੇ ਬਹੁਤੇ ਮਰੀਜ਼ ਹਸਪਤਾਲ ਜਾਣ ਦੀ ਥਾਂ ਡੇਰਾ ਵਡਭਾਗ ਸਿੰਘ ਜਿਹੇ ਪਰੰਪਰਾਗਤ ਭੂਤ ਕੱਢਣ ਵਾਲੇ ਅਦਾਰਿਆਂ ਕੋਲ ਜਾਂਦੇ ਹਨ। ਡੇਰਿਆਂ ਤੋਂ ਹਸਪਤਾਲਾਂ ਤੇ ਸਿਆਣਿਆਂ ਤੋਂ ਮਨੋ-ਵਿਗਿਆਨੀਆਂ ਤੀਕ ਇਸ ਦਾ ਹਾਲੇ ਵੀ ਕੋਈ ਸਾਰਥਿਕ ਤੇ ਸੰਤੋਖਜਨਕ ਇਲਾਜ ਨਹੀਂ ਹੈ। ਇਸ ਲਈ ਮੌਜੂਦਾ ਸਮੇਂ ਵਿਚ ਵੀ ਦਿਮਾਗ ਦੀ ਇਸ ਬਿਮਾਰੀ ਨੂੰ ਇਕ ਸਮਾਜਿਕ ਕਲੰਕ ਮੰਨਿਆ ਜਾਂਦਾ ਹੈ।

ਪਰ ਇਹ ਸਭ ਕੁਝ ਪੂਰਾ ਇੱਦਾਂ ਦਾ ਇੱਦਾਂ ਵੀ ਨਹੀਂ ਹੈ। ਅਜਿਹਾ ਸਿਰਫ ਜਾਣਕਾਰੀ ਦੀ ਘਾਟ ਕਰ ਕੇ ਹੀ ਪ੍ਰਤੀਤ ਹੁੰਦਾ ਹੈ। ਇੱਦਾਂ ਉਹੀ ਸੋਚਦੇ ਹਨ, ਜਿਨ੍ਹਾਂ ਨੇ ਹੋਮਿਓਪੈਥੀ ਤੇ ਬੈਚ ਫਲਾਵਰ ਰੈਮੇਡੀਜ਼ ਨੂੰ ਜਾਣਿਆ ਨਹੀਂ ਹੈ ਤੇ ਅਨੁਭਵ ਨਹੀਂ ਕੀਤਾ ਹੈ। ਇਸ ਲੇਖ ਲੜੀ ਦਾ ਮੰਤਵ ਇਸੇ ਜਾਣਕਾਰੀ ਨੂੰ ਵਧਾਉਣਾ ਹੈ। ਹੋਮਿਓਪੈਥੀ ਤੇ ਬੈਚ ਫਲਾਵਰ ਰੈਮੇਡੀਜ਼ ਵਿਚ ਕਰੀਬ ਹਰ ਇਕ ਦਵਾਈ ਦਾ ਕੰਮ ਦਿਮਾਗ 'ਤੇ ਅਸਰ ਕਰਨ ਤੋਂ ਸ਼ੁਰੂ ਹੁੰਦਾ ਹੈ। ਸੈਂਕੜੇ ਦਵਾਈਆਂ ਤਾਂ ਅਜਿਹੀਆਂ ਹਨ, ਜੋ ਦਿਮਾਗ ਦੀ ਕਿਸੇ ਵਿਸ਼ੇਸ਼ ਤਰੁਟੀ ਨੂੰ ਸਿੱਧਿਆਂ ਹੀ ਦੂਰ ਕਰਦੀਆਂ ਹਨ ਤੇ ਸੈਂਕੜੇ ਹੋਰ ਹਨ, ਜੋ ਸਿੰਪਟਮ ਸਮੂਹ ਦੇ ਆਧਾਰ 'ਤੇ ਕੰਮ ਕਰਦੀਆਂ ਹਨ। ਅਸੀਂ ਆਮ ਦੇਖਦੇ ਹਾਂ ਕਿ ਕਈਆਂ ਨੂੰ ਪੀਨਕ ਲਗਦੀ ਹੈ, ਕਈ ਨੀਂਦ ਵਿਚ ਬੋਲਦੇ ਹਨ, ਕਈ ਨੀਂਦ ਵਿਚ ਚਲਦੇ ਹਨ, ਕਈ ਯਾਦਦਾਸ਼ਤ ਖੋ ਬੈਠਦੇ ਹਨ, ਕਈ ਨਿੱਕੀ ਨਿੱਕੀ ਗੱਲ 'ਤੇ ਤਿੜਕ ਜਾਂਦੇ ਹਨ, ਕਈ ਘੰਟਿਆਂ ਬੱਧੀ ਹੱਥ ਧੋਂਦੇ ਰਹਿੰਦੇ ਹਨ, ਕਈਆਂ ਨੂੰ ਡਰ ਹੈ ਕਿ ਕੋਈ ਉਨ੍ਹਾਂ ਨੂੰ ਜ਼ਹਿਰ ਦੇ ਕੇ ਮਾਰ ਦੇਵੇਗਾ, ਕਈ ਆਪਣੇ ਆਪ ਨੂੰ ਤੀਸ ਮਾਰ ਖਾਂ ਤੇ ਦੂਜਿਆਂ ਨੂੰ ਕੀੜੇ ਮਕੌੜੇ ਸਮਝਦੇ ਹਨ। ਹੋਮਿਓਪੈਥੀ ਤੇ ਬੈਚ ਫਲਾਵਰ ਪ੍ਰਣਾਲੀ ਵਿਚ ਇਨ੍ਹਾਂ ਸਭਨਾਂ ਦਾ ਇਲਾਜ ਸਾਧਾਰਨ ਨਜ਼ਲੇ ਜ਼ੁਕਾਮ ਵਾਂਗ ਸੰਭਵ ਹੈ।

ਦਿਮਾਗ ਦੀਆਂ ਬੀਮਾਰੀਆਂ ਅੱਗੋਂ ਤੋਂ ਅੱਗੇ ਬੇਅੰਤ ਹਨ। ਕਈ ਵਿਅਕਤੀ ਬਚਕਾਨੇ ਵਿਵਹਾਰ ਵਾਲੇ ਹੁੰਦੇ ਹਨ ਜੋ ਗੱਲਾਂ ਦੀ ਗੰਭੀਰਤਾ ਨਹੀਂ ਸਮਝਦੇ, ਕਈ ਦੁਖੀ ਰਹਿੰਦੇ ਹਨ, ਕਈ ਹੱਸਦੇ ਰਹਿੰਦੇ ਹਨ, ਕਈ ਆਪ ਨੂੰ ਹਵਾ ਵਿਚ ਉਡਦਾ ਮਹਿਸੂਸ ਕਰਦੇ ਹਨ, ਕਈਆਂ ਨੂੰ ਦਿਨੇ ਹੀ ਤਰ੍ਹਾਂ ਤਰ੍ਹਾਂ ਦੇ ਜਾਨਵਰ ਦਿਖਾਈ ਦਿੰਦੇ ਹਨ, ਕਈਆਂ ਨੂੰ ਦੈਂਤ ਦਿਖਾਈ ਦਿੰਦੇ ਹਨ, ਕਈਆਂ ਨੂੰ ਮਰੇ ਹੋਏ ਜਾਂ ਬਿਲਕੁਲ ਓਪਰੇ ਆਦਮੀ ਵਾਜਾਂ ਮਾਰ ਮਾਰ ਪ੍ਰੇਸ਼ਾਨ ਕਰਦੇ ਹਨ ਤੇ ਉਹ ਉੱਚੀ ਉੱਚੀ ਬੋਲ ਕੇ ਉਨ੍ਹਾਂ ਨਾਲ ਉਲਝਦੇ ਹਨ। ਰੋਗੀ ਕਈ ਆਪਣੀ ਪਛਾਣ ਭੁੱਲ ਕੇ ਦੂਜੇ ਦੀ ਪਛਾਣ ਧਾਰਨ ਕਰ ਲੈਂਦੇ ਹਨ, ਕਈ ਆਪਣੇ ਆਪ ਨੂੰ ਕਿਸੇ ਨਾਲ ਵਿਆਹਿਆ ਦੱਸਦੇ ਹਨ, ਕਈ ਦੂਜੇ ਬੰਦੇ ਨੂੰ ਆਪਣੇ ਨਾਲ ਪਿਆ ਸਮਝਦੇ ਹਨ, ਕਈ ਆਪਣੇ ਸਰੀਰ ਦੇ ਅੰਗਾਂ ਨੂੰ ਧੜ ਨਾਲੋਂ ਕਟਿਆ ਹੋਇਆ ਤੇ ਕਈ ਆਪਣੇ ਜੀਵਨ ਸਾਥੀ ਨੂੰ ਵੀ ਪਰਾਇਆ ਸਮਝਦੇ ਹਨ। ਕਈ ਆਪਣੇ ਆਪ ਨੂੰ ਰੱਬ ਦੇ ਕੰਟਰੋਲ ਵਿਚ ਸਮਝਦੇ ਹਨ, ਕਈ ਆਪਣੇ ਵਿਚ ਸੱਚੀ ਮੁੱਚੀ ਰੱਬ ਜਾਂ ਕਿਸੇ ਮਰਹੂਮ ਦੀ ਰੂਹ ਆਈ ਦੱਸਦੇ ਹਨ, ਕਈ ਆਪਣੀ ਮੁਕਤੀ ਦੇ ਫਿਕਰ ਵਿਚ ਰਹਿੰਦੇ ਹਨ, ਕਈ ਆਪਣੇ ਆਪ ਨੂੰ ਮਰ ਕੇ ਜਿਉਂਦਾ ਹੋਇਆ ਦੱਸਦੇ ਹਨ ਤੇ ਸਵਰਗ ਲੋਕ ਦਾ ਹਾਲ ਵੀ ਦੱਸਦੇ ਹਨ। ਇਹ ਸਭ ਕੁਝ ਉਹ ਜਾਣ ਬੁੱਝ ਕੇ ਨਹੀਂ ਕਰਦੇ, ਉਹ ਮਾਨਸਿਕ ਤੌਰ ਤੇ ਬੀਮਾਰ ਹੁੰਦੇ ਹਨ। ਕੀ ਅਜਿਹੇ ਰੋਗੀ ਠੀਕ ਹੋ ਸਕਦੇ ਹਨ?

ਜੇ ਕਿਸੇ ਨੂੰ ਨਾ ਪਤਾ ਹੋਵੇ ਇਹ ਮੰਦ-ਭਾਗੀ ਗੱਲ ਹੈ, ਪਰ ਹੋਮਿਓਪੈਥੀ ਤੇ ਬੈਚ ਪ੍ਰਣਾਲੀ ਵਿਚ ਇਨ੍ਹਾਂ ਸਭਨਾਂ ਤੇ ਹਜ਼ਾਰਾਂ ਹੋਰ ਅਲਾਮਤਾਂ ਅਨੁਸਾਰ ਮਨੋ-ਰੋਗਾਂ ਦਾ ਇਲਾਜ ਸੰਭਵ ਹੈ। ਮੈਂ ਆਪ ਅਜਿਹੇ ਕਈ ਕੇਸ ਠੀਕ ਕੀਤੇ ਹਨ। ਇਕ ਅਠਾਰਾਂ ਸਾਲ ਦੀ ਹੋਣਹਾਰ ਕੁੜੀ ਆਪਣੀ ਸਹੇਲੀ ਦੇ ਮਾੜੇ ਵਿਹਾਰ ਕਾਰਨ ਮਾਨਸਿਕ ਤਵਾਜਨ ਖੋ ਬੈਠੀ। ਉਸ ਨੇ ਦੱਸਿਆ ਕਿ ਉਹ ਜਦੋਂ ਵੀ ਸੌਣ ਲਗਦੀ, ਉਹ ਕੁੜੀ ਕੰਧ ਉੱਤੇ ਆ ਬੈਠਦੀ ਤੇ ਉਸ ਨਾਲ ਬੋਲ-ਕਬੋਲ ਕਰਨ ਲਗਦੀ ਸੀ। ਉਸ ਤੋਂ ਦੁਖੀ ਹੋ ਕੇ ਉਸ ਨੇ ਪੜ੍ਹਾਈ ਲਿਖਾਈ ਵੀ ਛੱਡ ਦਿੱਤੀ ਸੀ। ਹੋਮਿਓਪੈਥੀ ਦੀ ਪਹਿਲੀ ਖੁਰਾਕ ਤੋਂ ਬਾਅਦ ਹੀ ਉਸ ਦੀ ਉਹ ਮਹੀਨਿਆਂ ਤੋਂ ਪ੍ਰੇਸ਼ਾਨ ਕਰਦੀ ਸਹੇਲੀ ਉਸ ਨੂੰ ਮੁੜ ਦਿਖਾਈ ਨਾ ਦਿੱਤੀ। ਇਕ ਪੰਜਾਹ ਸਾਲ ਦਾ ਪੜ੍ਹਿਆ ਲਿਖਿਆ ਤੇ ਸਾਹਿਤਕ ਰੁਚੀ ਵਾਲਾ ਸੱਜਣ ਇਹ ਸਮਝਣ ਲੱਗਿਆ ਕਿ ਦੋ ਓਪਰੇ ਮਨੁੱਖ ਹਰ ਵੇਲੇ ਉਸ ਦਾ ਪਿੱਛਾ ਕਰਦੇ ਰਹਿੰਦੇ ਹਨ। ਉਸ ਨੂੰ ਲਗਦਾ ਕਿ ਉਹ ਜਿੱਥੇ ਵੀ ਜਾਂਦਾ ਹੈ ਜਾਂ ਜਿੱਥੇ ਵੀ ਬੈਠਿਆ ਹੁੰਦਾ ਹੈ, ਉਹ ਦੋਵੇਂ ਉਸ ਨੂੰ ਮੋਢਿਆਂ ਉੱਤੋਂ ਦੀ ਘੂਰਦੇ ਰਹਿੰਦੇ ਹਨ। ਉਸ ਨੇ ਦੱਸਿਆ ਕਿ ਉਹ ਰਾਤ ਨੂੰ ਵੀ ਉਸ ਨੂੰ ਆ ਕੇ ਘੇਰ ਲੈਂਦੇ ਤੇ ਉਹ ਉਨ੍ਹਾਂ ਨੂੰ ਡੰਡਾ ਲੈ ਕੇ ਬਾਹਰ ਤੀਕ ਭਜਾ ਕੇ ਆਉਂਦਾ ਹੈ। ਉਨ੍ਹਾਂ ਅੱਗੇ ਉਹ ਬੇਵੱਸ ਸੀ। ਮੇਰੇ ਸਾਹਮਣੇ ਬੈਠਿਆਂ ਜਦੋਂ ਉਹ ਆਪਣੀ ਤਕਲੀਫ ਦੱਸ ਰਿਹਾ ਸੀ, ਉਦੋਂ ਵੀ ਉਸ ਨੇ ਦੱਸਿਆ ਉਹ ਉਸ ਦੇ ਖੱਬੇ ਸੱਜੇ ਖੜ੍ਹੇ ਹਨ। ਹੋਮਿਓਪੈਥੀ ਦੀ ਇਕੋ ਖੁਰਾਕ ਨਾਲ ਉਹ ਗਾਇਬ ਹੋ ਗਏ ਤੇ ਮੁੜ ਨਾ ਆਏ। ਬੈਚ ਫਲਾਵਰ ਪ੍ਰਣਾਲੀ ਵਿਚ ਵੀ ਅਜਿਹੀਆਂ ਮਾਨਸਿਕ ਹਾਲਤਾਂ ਦੇ ਸਮਾਧਾਨ ਹਨ।

ਬੈਚ ਰੈਮੇਡੀ ਕਲੀਮੈਟਿਸ (Clematis) ਇਕ ਅਜਿਹੀ ਹੀ ਦਵਾ ਹੈ, ਜੋ ਕਈ ਕਿਸਮ ਦੇ ਮਨੋ-ਰੋਗਾਂ ਵਿਚ ਵਰਤੀ ਜਾਂਦੀ ਹੈ। ਇਹ ਉਨ੍ਹਾਂ ਵਿਅਕਤੀਆਂ ਲਈ ਹੈ, ਜਿਹੜੇ ਹਵਾਈ ਗੱਲਾਂ ਕਰਦੇ ਹਨ। ਉਹ ਆਪਣੀ ਅਸਲ ਸਥਿਤੀ ਤੋਂ ਭਟਕੇ ਹੋਏ ਹੁੰਦੇ ਹਨ ਤੇ ਉੱਪਰ ਦੇਖ ਕੇ ਚਲਦੇ ਹਨ। ਉਹ ਗੱਲ ਕਰਦੇ ਵੀ ਇੱਧਰ ਉੱਧਰ ਦੇਖਦੇ ਰਹਿੰਦੇ ਹਨ ਤੇ ਕਿਸੇ ਦੁਰਾਡੀ ਚੀਜ਼ ਤੇ ਟਿਕਟਿਕੀ ਲਾ ਕੇ ਦੇਖਦੇ ਰਹਿੰਦੇ ਹਨ। ਉਹ ਦੂਜਿਆਂ ਦੀ ਗੱਲ ਵਲ ਉੱਕਾ ਧਿਆਨ ਨਹੀਂ ਦਿੰਦੇ ਜਾਂ ਕੇਵਲ ਉਪਰਲੇ ਮਨ ਨਾਲ ਸੁਣਦੇ ਹਨ। ਜੇ ਉਨ੍ਹਾਂ ਨੂੰ ਕੁਝ ਕਿਹਾ ਜਾਵੇ, ਉਹ ਦੋ ਜਾਂ ਦੋ ਤੋਂ ਵਧ ਵਾਰ ਦੁਹਰਾਉਣਾ ਪੈਂਦਾ ਹੈ। ਉਹ ਇਸ ਗੱਲ ਬਾਰੇ ਜਰਾ ਵੀ ਸੁਚੇਤ ਨਹੀਂ ਹੁੰਦੇ ਕਿ ਕੋਈ ਕੀ ਕਹਿ ਰਿਹਾ ਹੈ ਤੇ ਉਨ੍ਹਾਂ ਦੇ ਮਨ ਵਿਚ ਕੀ ਚਲ ਰਿਹਾ ਹੈ। ਜੇ ਉਹ ਕਦੇ ਸੁਚੇਤ ਹੋ ਵੀ ਜਾਣ ਤਾਂ ਝੱਟ ਆਪਣੀ ਪੁਰਾਣੀ ਅਵਸਥਾ ਵਿਚ ਚਲੇ ਜਾਂਦੇ ਹਨ। ਉਹ ਜਿੱਥੇ ਵੀ ਹੁੰਦੇ ਹਨ, ਦੁਖ-ਦਰਦ ਤੇ ਹਾਵ-ਭਾਵ ਤੋਂ ਉੱਪਰ ਹੁੰਦੇ ਹਨ ਭਾਵ ਉਹ ਉੱਥੇ ਮਾਨਸਿਕ ਤੌਰ 'ਤੇ ਨਹੀਂ, ਸਰੀਰਕ ਤੌਰ 'ਤੇ ਹੀ ਹਾਜ਼ਰ ਹੁੰਦੇ ਹਨ। ਉਹ ਆਪਣੇ ਆਪ ਨੂੰ ਦੁਨਿਆਵੀ ਕੰਮਾਂ ਦੀ ਦੌੜ ਤੋਂ ਪਰ੍ਹੇ ਰੱਖਦੇ ਹਨ ਤੇ ਇਸ ਵਿਚ ਪਿੱਛੇ ਪਿੱਛੇ ਪੈਰ ਘੜੀਸਦੇ ਚਲਦੇ ਹਨ। ਉਨ੍ਹਾਂ ਦੇ ਦਿਮਾਗ ਵਿਚ ਨਾ ਕੋਈ ਸਹੀ ਸਕੀਮ ਹੁੰਦੀ ਹੈ ਤੇ ਨਾ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਕੋਈ ਸਮਾਂ ਨਿਸ਼ਚਿਤ ਹੁੰਦਾ ਹੈ। ਉਨ੍ਹਾਂ ਤੋਂ ਕਿਸੇ ਕੰਮ ਨੂੰ ਸਮੇਂ ਸਿਰ ਕਰ ਕਰਨ ਦੀ ਆਸ ਨਹੀਂ ਰੱਖੀ ਜਾ ਸਕਦੀ। ਉਨ੍ਹਾਂ ਦਾ ਸੁਨਹਿਰਾ ਸੰਸਾਰ ਉਨ੍ਹਾਂ ਦੇ ਮਨ ਵਿਚ ਹੁੰਦਾ ਹੈ, ਜਿਸ ਨੂੰ ਉਹ ਲੋਚਦੇ ਰਹਿੰਦੇ ਹਨ। ਉਹ ਨਾ ਮਿਹਨਤ ਕਰਦੇ ਹਨ ਤੇ ਨਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਕੇਵਲ ਮੁੰਗੇਰੀ ਲਾਲ ਵਾਂਗ ਆਪਣੇ ਸੁਪਨਮਈ ਸੰਸਾਰ ਨੂੰ ਨਿਹਾਰਦੇ ਰਹਿੰਦੇ ਹਨ।




ਕਲੀਮੈਟਿਸ ਗੁਣਾਂ ਵਾਲਾ ਵਿਅਕਤੀ ਅੰਦਰੋਂ ਭਾਵੁਕ ਹੁੰਦਾ ਹੈ, ਪਰ ਬਾਹਰੋਂ ਭਾਵੁਕਤਾਹੀਣ ਹੁੰਦਾ ਹੈ। ਅੰਦਰੋਂ ਉਹ ਬਹੁਤ ਕੁਝ ਮਹਿਸੂਸ ਕਰਦਾ ਹੈ, ਪਰ ਬਾਹਰੋਂ ਬਿਲਕੁਲ ਠੰਢਾ, ਆਪਚਾਰਿਕ ਤੇ ਮਕਾਨਕੀ ਪ੍ਰਵਿਰਤੀ ਦਾ ਹੁੰਦਾ ਹੈ। ਇਸੇ ਲਈ ਉਹ ਆਪਣੀ ਮਾਣ ਪ੍ਰਤਿਸ਼ਠਾ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ ਤੇ ਦੂਜਿਆਂ ਦੀ ਪ੍ਰਤੀ ਬਹੁਤ ਘੱਟ। ਉਸ ਦੀਆਂ ਸਭ ਇੰਦਰੀਆਂ ਸਹੀ ਕੰਮ ਕਰਦੀਆਂ ਹਨ, ਸਿਰਫ ਧਿਆਨ ਯਥਾਰਥ ਤੋਂ ਉਖੜਿਆ ਹੁੰਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਧਾਰਮਿਕ ਹੋ ਸਕਦੇ ਹਨ; ਕਦੇ ਤਾਂ ਬਹੁਤ ਹੀ ਧਾਰਮਿਕ ਹੋ ਕੇ ਆਪਣੀ ਮੁਕਤੀ ਦੇ ਵਿਚਾਰਾਂ ਵਿਚ ਡੁੱਬੇ ਰਹਿੰਦੇ ਹਨ। ਕਲੀਮੈਟਿਸ ਉਨ੍ਹਾਂ ਨੂੰ ਇਸ ਰਟਣ ਵਿਚੋਂ ਕੱਢ ਦਿੰਦੀ ਹੈ, ਭਾਵੇਂ ਸਮਾਂ ਕੁਝ ਵੱਧ ਲੱਗੇ।

ਕਲੀਮੈਟਿਸ ਦੇ ਮਰੀਜ਼ ਮਨਸੂਬੇ ਬਣਾਉਣ ਦੇ ਮਾਹਿਰ ਹੁੰਦੇ ਹਨ, ਵੱਡੀਆਂ ਵੱਡੀਆਂ ਚੀਜ਼ਾਂ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਉਨ੍ਹਾਂ ਦੇ ਵੇਰਵਿਆਂ (Logistics) ਵਲ ਧਿਆਨ ਨਹੀਂ ਦਿੰਦੇ। ਉਹ ਵੱਡੀਆਂ ਵੱਡੀਆਂ ਯੋਜਨਾਵਾਂ ਕਲਪਦੇ ਹਨ, ਪਰ ਉਨ੍ਹਾਂ ਨੂੰ ਨੇਪਰੇ ਕਿਵੇਂ ਚਾੜ੍ਹਨਾ ਹੈ, ਵਲ ਬਿਲਕੁਲ ਧਿਆਨ ਨਹੀਂ ਦਿੰਦੇ। ਉਹ ਕੰਗਾਲ ਹੋਏ ਵੀ ਪਹਾੜ 'ਤੇ ਘਰ ਬਣਾਉਣ ਦਾ ਜਾਂ ਸਾਲਾਨਾ ਛੁੱਟੀਆਂ ਯੂਰਪ ਵਿਚ ਮਨਾਉਣ ਦਾ ਮਨਸੂਬਾ ਬਣਾਈ ਫਿਰਦੇ ਹੁੰਦੇ ਹਨ, ਪਰ ਉਨ੍ਹਾਂ ਨੇ ਇਹ ਨਹੀਂ ਸੋਚਿਆ ਹੁੰਦਾ ਕਿ ਉਹ ਇਸ ਇੱਛਾ ਦੀ ਪੂਰਤੀ ਲਈ ਮਾਇਕ ਸਾਧਨ ਕਿੱਥੋਂ ਜੁਟਾਉਣਗੇ। ਉਹ ਦਿਮਾਗ ਨਾਲ ਸੋਚਣ ਤੇ ਮੂੰਹ ਨਾਲ ਗੱਲਾਂ ਬਣਾਉਣ ਜਾਣਦੇ ਹਨ, ਪਰ ਕਲਮ ਚੁੱਕ ਕੇ ਕਾਗਜ਼ 'ਤੇ ਵਾਹੁਣਾ ਤੇ ਸਮਝਾਉਣਾ ਨਹੀਂ ਜਾਣਦੇ। ਉਹ ਜ਼ਮੀਨ 'ਤੇ ਰਹਿ ਕੇ (Down to the Earth) ਨਹੀਂ ਚਲਦੇ, ਭਾਵ ਉਨ੍ਹਾਂ ਦੇ ਪੈਰ ਜ਼ਮੀਨ 'ਤੇ ਨਹੀਂ ਟਿਕੇ ਹੁੰਦੇ।

ਅਜਿਹੇ ਵਿਅਕਤੀਆਂ ਦੀ ਇਕ ਮਿਸਾਲ ਯੂਨਾਨੀ ਫਿਲਾਸਫਰ ਅਫਲਾਤੂਨ ਹੈ, ਜਿਸ ਨੇ ਸਮਾਜ ਵਿਚ ਨਿਆਂ ਸਥਾਪਤ ਕਰਨ ਹਿੱਤ ਇਕ ਆਦਰਸ਼ ਸ਼ਾਸਕ ਦੀ ਕਲਪਨਾ ਕਰਦਿਆਂ ਸੰਪਤੀ ਤੇ ਪਤਨੀਆਂ ਦੇ ਸਾਂਝੇਕਰਣ ਦਾ ਸੁਝਾਅ ਦਿੱਤਾ। ਇਹ ਸੁਝਾਅ ਇੰਨਾ ਅਨੁਭਵ-ਰਹਿਤ ਸੀ ਕਿ ਉਸ ਦੇ ਹੀ ਇਕ ਸ਼ਾਗਿਰਦ ਅਰਸਤੂ ਨੇ ਇਸ ਦਾ ਭਰਵਾਂ ਖੰਡਨ ਕਰ ਦਿੱਤਾ। ਅਫਲਾਤੂਨ ਹੀ ਨਹੀਂ, ਸਾਰੇ ਹੀ ਆਦਰਸ਼ਵਾਦੀ ਚਿੰਤਕ ਇਸੇ ਸ਼੍ਰੇਣੀ ਦੇ ਹੁੰਦੇ ਹਨ। ਜ਼ਮੀਨੀ ਅਨੁਭਵ ਤੋਂ ਟੁੱਟੇ ਅਜਿਹੇ ਵਿਅਕਤੀ ਕਦੇ ਕਦੇ ਰਾਜਨੀਤੀ ਵਿਚ ਵੀ ਆ ਟਪਕਦੇ ਹਨ ਤੇ ਆਪਣੇ ਹਵਾਈ ਅਟਕਲ ਪੱਚੂਆਂ ਨਾਲ ਸਮਾਜ ਦਾ ਘਾਣ ਕਰਦੇ ਹਨ। ਭਾਰਤ ਦਾ ਸੁਲਤਾਨ ਮੁਹੰਮਦ ਤੁਗਲਕ ਅਜਿਹਾ ਹੀ ਸ਼ਾਸਕ ਸੀ, ਜਿਸ ਨੇ ਆਦਰਸ਼ਵਾਦੀ ਨੀਤੀਆਂ ਅਪਨਾ ਕੇ ਦੇਸ ਦੀ ਰਾਜਧਾਨੀ ਤੇ ਸਿੱਕੇ ਬਦਲ ਦਿੱਤੇ। ਇਸ ਨਾਲ ਖੁਸ਼ਹਾਲੀ ਦੀ ਥਾਂ ਜਨਤਾ ਦੀ ਬੜੀ ਮੰਦਹਾਲੀ ਹੋਈ ਸੀ। ਆਪਣੇ ਬੇ-ਸਿਰ ਪੈਰ ਕਾਰਨਾਮਿਆਂ ਕਰ ਕੇ ਉਹ ਇਤਿਹਾਸ ਵਿਚ ਮੂਰਖ ਬਾਦਸ਼ਾਹ ਕਰਕੇ ਜਾਣਿਆ ਜਾਂਦਾ ਹੈ। ਯੂਰਪ ਦੇ ਫਾਸ਼ੀਵਾਦੀ ਤੇ ਨਾਜ਼ੀਵਾਦੀ ਸਿਆਸਤਦਾਨ ਵੀ ਅਮਲੀ ਸੋਚ ਤੋਂ ਭਟਕੇ ਹੋਏ ਸਨ। ਜਿਨ੍ਹਾਂ ਫੁਕਰੀਆਂ ਨੀਤੀਆਂ ਕਾਰਨ ਉਨ੍ਹਾਂ ਨੇ ਸੰਸਾਰ ਨੂੰ ਜੰਗ ਦੇ ਮੂੰਹ ਵਿਚ ਸੁੱਟਿਆ, ਦੁਨੀਆਂ ਅੱਜ ਉਨ੍ਹਾਂ ਨੂੰ ਕਲੰਕ ਸਮਝਦੀ ਹੈ। ਅਫਸੋਸ ਦੀ ਗੱਲ ਹੈ ਕਿ ਅਜੋਕੀ ਭਾਰਤੀ ਰਾਜਨੀਤੀ ਵਿਚ ਵੀ ਜ਼ਮੀਨੋਂ ਉਖੜੀਆਂ ਕਾਰਵਾਈਆਂ ਚਲ ਰਹੀਆਂ ਹਨ, ਜਿਨ੍ਹਾਂ ਦੇ ਮਾਰੂ ਸਿੱਟੇ ਨਾਲ ਦੀ ਨਾਲ ਸਾਹਮਣੇ ਆ ਰਹੇ ਹਨ। ਇਨ੍ਹਾਂ ਸਾਰੇ ਫਿਲਾਸਫਰਾਂ ਤੇ ਸ਼ਾਸਕਾਂ ਵਿਚ ਜਿਸ ਕਿਸਮ ਦੇ ਮਾਨਸਿਕ ਝੁਕਾਅ ਹੁੰਦੇ ਹਨ, ਉਨ੍ਹਾਂ ਦਾ ਇਕੋ ਇਕ ਇਲਾਜ ਕਲੀਮੈਟਿਸ ਹੈ।

ਡਾ. ਬੈਚ ਅਨੁਸਾਰ "ਇਸ ਦਵਾ ਦੇ ਮਰੀਜ਼ ਸੁਪਨਦੋਸ਼, ਉਨੀਂਦਰੇ, ਅੱਧ-ਜਗੇ ਤੇ ਜੀਵਨ ਵਿਚ ਕੋਈ ਦਿਲਚਸਪੀ ਨਾ ਰੱਖਣ ਵਾਲੇ ਹੁੰਦੇ ਹਨ। ਇਹ ਉਹ ਖਾਮੋਸ਼ ਜਿਹੇ ਲੋਕ ਹੁੰਦੇ ਹਨ, ਜੋ ਆਪਣੇ ਮੌਜੂਦਾ ਹਾਲਾਤ ਵਿਚ ਖੁਸ਼ੀ ਮਹਿਸੂਸ ਨਹੀਂ ਕਰਦੇ। ਉਹ ਵਧੇਰੇ ਉਸ ਸਮੇਂ ਦੀ ਆਸ ਵਿਚ ਰਹਿੰਦੇ ਹਨ, ਜਦੋਂ ਉਨ੍ਹਾਂ ਦੇ ਚੰਗੇ ਦਿਨ ਆਉਣਗੇ। ਬਿਮਾਰੀ ਦੀ ਅਵਸਥਾ ਵਿਚ ਉਹ ਠੀਕ ਹੋਣ ਦੀ ਨਾਮ-ਮਾਤਰ ਕੋਸ਼ਿਸ਼ ਕਰਦੇ ਹਨ; ਬਹੁਤਾ ਮੌਤ ਨੂੰ ਹੀ ਉਡੀਕਦੇ ਹਨ। ਉਹ ਸਮਝਦੇ ਹਨ ਕਿ ਇਸ ਨਾਲ ਉਨ੍ਹਾਂ ਨੂੰ ਮੁਕਤੀ ਮਿਲੇਗੀ ਤੇ ਉਹ ਆਪਣੇ ਵਿਛੜੇ ਮਿੱਤਰ ਪਿਆਰਿਆਂ ਨੂੰ ਮਿਲ ਸਕਣਗੇ।"

ਡਾ. ਬੈਚ ਦੇ ਇਸ ਵਰਣਨ ਨਾਲ ਕਲੀਮੈਟਿਸ ਨੂੰ ਬਿਮਾਰਾਂ 'ਤੇ ਵਰਤਣ ਲਈ ਕਈ ਹੋਰ ਵਿਲੱਖਣ ਲੱਛਣ ਸਾਹਮਣੇ ਆਉਂਦੇ ਹਨ। ਜੇ ਇਨ੍ਹਾਂ ਨੂੰ ਗਿਣਤੀਵਾਰ ਲਿਖੀਏ ਤਾਂ ਇਹ ਹੇਠ ਲਿਖੇ ਅਨੁਸਾਰ ਬਣਦੇ ਹਨ:

1. ਵਰਤਮਾਨ ਵਿਚ ਦਿਲਚਸਪੀ ਦੀ ਕਮੀ।
2. ਮੌਜੂਦਾ ਯਥਾਰਥ ਤੋਂ ਅੱਖਾਂ ਮੀਟਣਾ।
3. ਮੌਜੂਦਾ ਜੀਵਨ ਨੂੰ ਅਸਲ ਨਾ ਮੰਨ ਕੇ ਇਸ ਨਾਲ ਖੁਸ਼ ਨਾ ਹੋਣਾ।
4. ਭਵਿੱਖ 'ਤੇ ਆਸ ਰੱਖਣਾ।
5. ਕਾਰਨ ਤੇ ਸਿੱਟੇ ਵਿਚਕਾਰ ਸੰਬੰਧ ਨਾ ਸਥਾਪਤ ਕਰਨਾ।
6. ਸੁਪਨਿਆਂ ਦੇ ਸੰਸਾਰ ਵਿਚ ਖੋਏ ਰਹਿਣਾ।
7. ਬੇ-ਸਿਰ ਪੈਰ ਗੱਲਾਂ ਕਰਨੀਆਂ ਤੇ ਹਵਾਈ ਕਿਲੇ ਬਣਾਉਣਾ।
8. ਸੁਸਤੀ ਤੇ ਉਨੀਂਦਰੇ ਦੀ ਹਾਲਤ ਵਿਚ ਵਿਚਰਨਾ।
9. ਸੰਸਾਰ ਨਾਲ ਸਰੋਕਾਰ ਨਾ ਰੱਖਣਾ।
10. ਆਪਣੇ ਵਲੋਂ ਚੌਕੰਨੀ ਪਹਿਲ ਦੀ ਘਾਟ।

ਡਾ. ਬੈਚ ਦੀ ਇਸ ਪਰਿਭਾਸ਼ਾ ਨੇ ਕਲੀਮੈਟਿਸ ਦੀ ਵਰਤੋਂ ਦੀਆਂ ਅਣਗਿਣਤ ਸੰਭਾਵਨਾਵਾਂ ਸਾਹਮਣੇ ਲਿਆਂਦੀਆਂ ਹਨ। ਇਹ ਉਨ੍ਹਾਂ ਲੋਕਾਂ ਲਈ ਢੁਕਵੀਂ ਹੈ, ਜੋ ਬਿਨਾ ਕੁਝ ਉਦਮ ਕੀਤਿਆਂ ਕਹਿੰਦੇ ਹਨ ਕਿ ਇਕ ਦਿਨ ਉਹ ਬੜੇ ਵੱਡੇ ਆਦਮੀ ਬਣ ਕੇ ਦਿਖਾਉਣਗੇ। ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਦੇ ਵੀ ਦਿਨ ਫਿਰਨਗੇ, ਸਮਾਂ ਪਾ ਕੇ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਤੇ ਪਰਮਾਤਮਾ ਕਦੇ ਉਨ੍ਹਾਂ ਦੀ ਵੀ ਸੁਣੇਗਾ, ਵੀ ਇਸ ਦਵਾ ਦੇ ਮਰੀਜ਼ ਹਨ। ਅਜਿਹੇ ਲੋਕ ਕੁਝ ਹੋਰ ਨਾ ਕਰਕੇ ਲਾਟਰੀਆਂ ਤੇ ਸਟਾਕਾਂ ਦੇ ਸਹਾਰੇ ਆਪਣੀ ਕਿਸਮਤ ਪਲਟਣਾ ਚਾਹੁੰਦੇ ਹਨ। ਉਹ ਬੱਚਿਆਂ ਨੂੰ ਉੱਚੇਰੀ ਸਿਖਿਆ ਦੇਣ ਦੇ ਹੱਕ ਵਿਚ ਨਹੀਂ ਹੁੰਦੇ, ਸਗੋਂ ਵੱਡੀਆਂ ਕਮਾਈਆਂ ਦੀ ਆਸ ਵਿਚ ਜ਼ਮੀਨ ਵੇਚ ਕੇ ਬਾਹਰ ਭੇਜ ਦਿੰਦੇ ਹਨ। ਉਹ ਆਮ ਤੌਰ 'ਤੇ ਲੇਟ ਉੱਠਦੇ ਹਨ ਤੇ ਨੀਂਦ ਵਿਚ ਸੁਪਨੇ ਦੇਖਦੇ ਰਹਿੰਦੇ ਹਨ। ਉਹ ਲੋਕ ਫਿਲਮੀ ਅੰਦਾਜ਼ ਵਿਚ ਹਥੇਲੀਆਂ 'ਤੇ ਠੋਡੀ ਧਰ ਕੇ ਕਾਫੀ ਸਮਾਂ ਉੱਪਰ ਵਲ ਦੇਖਦੇ ਰਹਿੰਦੇ ਹਨ। ਇਸ ਸਭ ਲੋਕ ਕਲੀਮੈਟਿਸ ਨਾਲ ਹੀ ਠੀਕ ਹੋਣ ਵਾਲੇ ਹੁੰਦੇ ਹਨ।

ਇਹ ਦਵਾ ਸਭ ਤੋਂ ਢੁਕਵੀਂ ਉਨ੍ਹਾਂ ਲੜਕੀਆਂ ਲਈ ਹੈ, ਜੋ 'ਯੋਗ' ਵਰ ਦੀ ਭਾਲ ਵਿਚ ਵਿਆਹ ਨਹੀਂ ਕਰਵਾ ਸਕਦੀਆਂ ਤੇ ਘਰੇ ਬੈਠਿਆਂ ਹੀ ਉਮਰ ਗਾਲ ਲੈਂਦੀਆਂ ਹਨ। ਜਿਹੜੀਆਂ ਵਿਆਹ ਤਾਂ ਕਰਵਾ ਲੈਂਦੀਆਂ ਹਨ, ਪਰ ਆਪਣੇ ਮੌਜੂਦਾ ਵਰ ਨੂੰ 'ਯੋਗ' ਨਾ ਸਮਝਦੀਆਂ ਹੋਈਆਂ ਕਿਸੇ ਹੋਰ ਨਾਲ ਉਧਲਣ ਦੀਆਂ ਸਕੀਮਾਂ ਬਣਾਉਂਦੀਆਂ ਹਨ, ਉਹ ਵੀ ਇਸ ਤੋਂ ਪੱਕਾ ਲਾਭ ਉਠਾ ਸਕਦੀਆਂ ਹਨ। ਜਿਹੜੀਆਂ ਔਰਤਾਂ ਇਸ ਫੁੱਲ ਦਵਾ ਦਾ ਸੇਵਨ ਕਰ ਲੈਂਦੀਆਂ ਹਨ, ਉਹ ਆਪਣੇ ਗੰਡਿਆਂ ਖੇੜੀ ਦੀ ਕੁਚੱਜੀ ਮਾਂ ਵਾਂਗ ਆਪਣੇ ਬੱਚਿਆਂ ਨੂੰ ਪ੍ਰੇਮੀ ਕੋਲੋਂ ਮਰਵਾ ਕੇ ਉਸ ਨਾਲ ਚੰਗੇ ਦਿਨ ਵਤੀਤ ਕਰਨ ਲਈ ਭੱਜਣ ਬਾਰੇ ਬਿਲਕੁਲ ਨਹੀਂ ਸੋਚਣਗੀਆਂ। ਉਨ੍ਹਾਂ ਦੀਆਂ ਨਜ਼ਰਾਂ ਅਸਮਾਨ ਤੋਂ ਉਤਰ ਆਉਣਗੀਆਂ ਤੇ ਉਹ ਆਪਣੇ ਘਰ ਨੂੰ ਹੀ ਸਵਰਗ ਸਮਝਣਗੀਆਂ; ਪਰ ਜੋ ਔਰਤਾਂ ਕਿਸੇ ਪੁਰਾਣੇ ਬੁਆਏ ਫਰੈਂਡ ਦੇ ਮੋਹ ਵਿਚ ਉਲਝੀਆਂ ਹੋਣ ਕਰਕੇ ਆਪਣਾ ਘਰ ਬਰਬਾਦ ਕਰਦੀਆਂ ਹਨ, ਉਹ ਇਸ ਤੋਂ ਫਾਇਦਾ ਨਹੀਂ ਉਠਾ ਸਕਦੀਆਂ। ਉਨ੍ਹਾਂ ਲਈ ਦਵਾ ਹੋਰ ਹੈ।

ਕਲੀਮੈਟਿਸ ਉਨ੍ਹਾਂ ਨੌਜਵਾਨਾਂ ਨੂੰ ਵੀ ਦੇਣੀ ਬਣਦੀ ਹੈ, ਜੋ ਕੋਈ ਹੁਨਰ ਨਾ ਰੱਖਦੇ ਹੋਏ ਵੀ ਗੱਡੀ ਦੀ ਟਿਕਟ ਕਟਵਾ ਕੇ ਫਿਲਮ ਕਲਾਕਾਰ ਬਣਨ ਲਈ ਬੰਬੇ ਚਲੇ ਜਾਂਦੇ ਹਨ। ਫਿਰ ਇਹ ਕਲਾ ਦੇ ਪਰਵਾਨੇ ਅਕਸਰ ਆਪਣੀ ਸੁਪਨ-ਨਗਰੀ ਦੀਆਂ ਗੁਮਨਾਮ ਗਲੀਆਂ ਵਿਚ ਚੱਕਰ ਲਾਉਂਦੇ ਹੀ ਦਮ ਤੋੜ ਦਿੰਦੇ ਹਨ। ਹਾਂ, ਇਹ ਗੱਲ ਵੱਖਰੀ ਹੈ ਕਿ ਕੋਈ ਚੰਗਾ ਨੌਸ਼ਾਦ ਅਲੀ ਖਾਂ ਮਿਲ ਜਾਣ ਨਾਲ ਕੋਈ ਕੋਈ ਉਮਾ ਦੇਵੀ ਜਿਹੀ ਯਤੀਮ ਤੇ ਅਨਪੜ੍ਹ ਲੜਕੀ 'ਉਮਾ ਦੇਵੀ ਖੱਤਰੀ' ਦੇ ਨਾਂ ਨਾਲ ਉੱਘੀ ਗਾਇਕ ਕਲਾਕਾਰ ਬਣ ਜਾਵੇ ਤੇ ਫਿਰ 'ਟੁਨ-ਟੁਨ' ਬਣ ਕੇ ਚਾਂਦੀ ਦੇ ਪਰਦੇ 'ਤੇ ਵੀ ਚਮਕਣ ਲੱਗੇ; ਪਰ ਅਜਿਹਾ ਮੌਕਾ ਮੇਲ ਸਭ ਦੇ ਹਿੱਸੇ ਨਹੀਂ ਆਉਂਦਾ।

ਕਲੀਮੈਟਿਸ ਦੇ ਕਈ ਬੀਮਾਰ ਬਜ਼ੁਰਗਾਂ ਵਿਚ ਵੀ ਮਿਲਦੇ ਹਨ। ਬਜ਼ੁਰਗਾਂ ਦਾ ਹਾਲਾਤ ਨਾਲੋਂ ਬਿਲਕੁਲ ਕਟ ਜਾਣਾ, ਗੁਮਨਾਮ ਹੋ ਜਾਣਾ ਤੇ

*(ਬਾਕੀ ਅਗਲੇ ਸਫੇ 'ਤੇ)*

ਵਿਅੰਗ

# ਮਾਸਟਰ ਘੁੱਗ ਸੈਨ

ਚਰਨਜੀਤ ਸਿੰਘ ਪੰਨੂ

ਮਾਸਟਰ ਘੁੱਗ ਸੈਨ ਅੱਜ ਸਕੂਲ ਪਹੁੰਚਣ ਵਿਚ ਅੱਧਾ ਕੁ ਘੰਟਾ ਲੇਟ ਹੋ ਗਿਆ। ਸਕੂਲ ਦੇ ਹੋਰ ਬੱਚੇ ਆਪਣੀ ਆਪਣੀ ਕਲਾਸਾਂ ਵਿਚ ਮਗਨ ਸਨ, ਪਰ ਉਸ ਦੇ ਬੱਚੇ ਵਰਾਂਡੇ ਵਿਚ ਮਸਤੀ ਮਾਰ ਰਹੇ ਸਨ। ਸੈਕਸ਼ਨ ਇੰਚਾਰਜ ਮਾਸਟਰ ਮੋਹਣ ਸਿੰਘ ਨੂੰ ਹਵਾਈ ਫਤਿਹ ਬੁਲਾਉਂਦਾ ਉਹ ਦਫਤਰ ਵੜ ਗਿਆ। ਹਾਜ਼ਰੀ ਰਜਿਸਟਰ ਫੜ ਕੇ ਜਲਦੀ ਜਲਦੀ ਪੈੱਨ ਧਰ ਕੇ ਹਾਜ਼ਰੀ ਲਾਉਣ ਹੀ ਲੱਗਾ ਸੀ ਕਿ ਚਪੜਾਸੀ ਦੀ ਉਪਸਥਿਤੀ ਨਾਲ ਉਸ ਦੀ ਕਲਮ ਥਿੜਕ ਗਈ।

"ਪ੍ਰਿੰਸੀਪਲ ਸਾਹਿਬ ਨੇ ਬੁਲਾਇਐ ਜੀ।"

"ਹੈਂ! ਸੁੱਖ ਐ...?" ਘੁੱਗ ਸੈਨ ਦਾ ਮੂੰਹ ਅੱਡਿਆ ਰਹਿ ਗਿਆ। ਉਸ ਨੂੰ ਜਾਪਿਆ, ਜਿਵੇਂ ਅੱਜ ਉਹ ਚੋਰੀ ਕਰਦਾ ਸੰਨ੍ਹ ਤੋਂ ਪਕੜਿਆ ਗਿਆ ਹੋਵੇ। ਹਰ ਰੋਜ਼ ਪੰਜ ਦਸ ਮਿੰਟ ਦੇਰ ਨਾਲ ਆਉਣਾ ਉਸ ਦਾ ਨਿੱਤ ਦਾ ਰੁਟੀਨ ਬਣ ਗਿਆ ਸੀ। ਸੈਕਸ਼ਨ ਹੈੱਡ ਮੋਹਣ ਸਿੰਘ ਜਿਸ ਦੀ ਫਰਾਖ-ਦਿਲੀ ਕਾਰਨ ਇਸ ਊਣਤਾਈ 'ਤੇ ਪੋਚਾ ਪੈਂਦਾ ਰਿਹਾ ਸੀ, ਵੀ ਮੁਸ਼ਕੜੀਆਂ ਵਿਚ ਹੱਸਦਾ ਨੇੜੇ ਪਹੁੰਚ ਗਿਆ। ਮੈਂ ਵੀ ਆਪਣੀ ਜਮਾਤ ਛੱਡ ਕੇ ਉਸ ਦੀ ਖੈਰ-ਸੁੱਖ ਪੁੱਛਣ ਵਾਸਤੇ ਪਹੁੰਚ ਗਿਆ। ਘੁੱਗ ਸੈਨ ਅੰਦਰ ਤੱਕ ਹਿੱਲ ਗਿਆ। ਪ੍ਰਿੰਸੀਪਲ ਮਾਹਣਾ ਸਿੰਘ ਉੱਪਰਲੀ ਦਿੱਖ ਤੇ ਸ਼ਖਸੀਅਤ ਤੋਂ ਜਿੰਨਾ ਸ਼ਰੀਫ ਤੇ ਸਾਊ ਲਗਦਾ ਸੀ, ਅਨੁਸ਼ਾਸਕ ਵੱਲੋਂ ਉਤਨਾ ਹੀ ਸਖਤ, ਗੁਸੈਲ ਤੇ ਕੌੜ-ਤੁੰਮੇ ਜਿਹਾ ਕਸੈਲਾ ਸੀ। ਘੁੱਗ ਸੈਨ ਉਸ ਦੇ ਮੂਹਰੇ ਜਾਣੋ ਹਮੇਸ਼ਾ ਕਤਰਾਉਂਦਾ ਸੀ...ਡਰਦਾ ਸੀ, ਜਿਵੇਂ ਕਾਂ ਗੁਲੇਲ ਕੋਲੋਂ।

"ਸਾਹਿਬ ਦੇ ਅਗਾੜੀ ਤੇ ਘੋੜੇ ਦੀ ਪਿਛਾੜੀ ਕਦੇ ਨਹੀਂ ਜਾਣਾ ਚਾਹੀਦਾ।" ਉਸ ਨੇ ਘਬਰਾਈਆਂ ਹੋਈਆਂ ਅੱਖਾਂ ਉੱਪਰ ਚੁੱਕੀਆਂ।

"ਪਰ ਅੱਜ ਤਾਂ ਜਾਣਾ ਹੀ ਪਵੇਗਾ।" ਮਾਸਟਰ ਮੋਹਣ ਸਿੰਘ ਨੇ ਸ਼ਾਹਦੀ ਭਰਦੇ ਉਸ ਦੀਆਂ ਖਾਮੋਸ਼ ਨਜ਼ਰਾਂ ਦਾ ਜੁਆਬ ਦਿੱਤਾ। ਇਸ ਦੇ ਨਿੱਤ ਪੁਆੜੇ 'ਤੇ ਪੋਚਾ ਪਾਉਣ ਕਾਰਨ ਸੈਕਸ਼ਨ ਇੰਚਾਰਜ ਵੀ ਤਾਂ ਕੁੜਿੱਕੀ ਵਿਚ ਫਸਣਾ ਸੀ।

"ਤੁਹਾਨੂੰ ਵੀ ਬੁਲਾਇਆ ਹੈ ਜੀ।" ਆਖਦਿਆਂ ਚਪੜਾਸੀ ਨੇ ਮੈਨੂੰ ਵੀ ਪੈਰਾਂ ਤੋਂ ਉਖਾੜ ਦਿੱਤਾ।

ਮੈਂ ਘੜੀ ਵੇਖੀ, ਠੀਕ ਟਾਈਮ ਹੀ ਤਾਂ ਸੀ। ਮੈਂ ਤਾਂ ਪੂਰੇ ਅੱਠ ਵਜੇ ਸਕੂਲ ਦਾਖਲ ਹੋ ਗਿਆ ਸੀ ਤੇ ਉਹ ਥੋੜ੍ਹੀ ਦੇਰ ਬਾਅਦ। ਇਹ ਲੇਟ ਆਉਣ ਦੀ ਸ਼ਿਕਾਇਤ ਤਾਂ ਹੋ ਨਹੀਂ ਸਕਦੀ। ਮੈਨੂੰ ਮਨ ਹੀ ਮਨ ਵਿਚ ਤਸੱਲੀ ਜਿਹੀ ਹੋ ਗਈ, ਪਰ ਪੀ. ਟੀ. ਏ. ਫੰਡ ਵਿਚੋਂ ਉਡਾਏ ਗੁਲਛੱਰੇ ਯਾਦ ਆਉਂਦੇ ਹੀ ਮੇਰੇ ਗਲੇ 'ਚ ਹੱਡੀ ਵਾਂਗ ਚੁਭਣ ਲੱਗੇ। ਬੱਚਿਆਂ ਤੋਂ ਉਗਰਾਹੀਆਂ ਚੁਆਨੀਆਂ, ਅਠਿਆਨੀਆਂ, ਰੁਪਏ ਇਕੱਠੇ ਕਰਕੇ ਠੇਕੇ ਤੋਂ ਪੀਤੇ ਪਊਏ, ਅਧੀਏ ਬਦਹਜ਼ਮੀ ਪੈਦਾ ਕਰਦੇ ਭਸਮ-ਡੱਕਾਰ ਬਣ ਗਏ। ਫਟਾਫਟ ਕਲਾਸ ਕਮਰੇ ਵਿਚ ਜਾ ਕੇ ਦਰਾਜ਼ 'ਚ ਪਿਆ ਅਧੀਆ ਬਿਲੇ ਲਾਉਂਦਾ ਹਾਂ। ਅਜੇ ਪਿਛਲੇ ਹਫਤੇ ਹੀ ਪ੍ਰਿੰਸੀਪਲ ਨੇ ਕਿਹਾ ਸੀ ਕਿ ਇਸ ਰਕਮ ਨੂੰ ਫਸਟ-ਏਡ ਬਕਸੇ ਅਤੇ ਦਵਾਈਆਂ 'ਤੇ ਖਰਚ ਕਰ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ, ਪਰ ਇਹ ਕੰਮ ਵੀ ਅਧੂਰਾ ਹੀ ਰਿਹਾ। ਖੌਰੇ ਇਸ ਦਾ ਵੀ ਅੱਜ ਲੇਖਾ-ਜੋਖਾ ਦੇਣਾ ਪਵੇਗਾ...ਫਿਰ ਗਬਨ ਦਾ ਇਲਜ਼ਾਮ ਤੇ ਦੋਸ਼-ਪੱਤਰ! ਇਕ ਦਮ ਮੇਰੇ ਜ਼ਿਹਨ ਵਿਚੋਂ ਗੁਜ਼ਰ ਗਏ।

ਮਾਸਟਰ ਘੁੱਗ ਸੈਨ ਮੇਰਾ ਕੁਲੀਗ ਸੀ ਤੇ ਸੀਨੀਅਰ ਹੋਣ ਦੇ ਨਾਤੇ ਵੇਲੇ-ਕੁਵੇਲੇ ਮੇਰੇ ਪੜਦੇ ਵੀ ਢਕਦਾ ਸੀ। ਉਸ ਦੇ ਚਿਹਰੇ 'ਤੇ ਛਾਈ ਬੱਦਲਵਾਈ ਨੇ ਮੈਨੂੰ ਹੋਰ ਚਿੰਤਾ ਦੇ ਚਲ੍ਹੇ 'ਚ ਧਕੇਲ ਦਿੱਤਾ। ਉਹ ਬੇਹੱਦ ਸ਼ਰੀਫ, ਵਫਾਦਾਰ ਤੇ ਮਿਹਨਤੀ ਅਧਿਆਪਕ ਸੀ ਤੇ ਬੱਚਿਆਂ ਦੇ ਢਿੱਡੀਂ 'ਊਆ-ਐੜਾ..., ਇੱਕ-ਦੋ...' ਪਾਉਣ ਲਈ ਉਹ ਅਣਥੱਕ ਮਿਹਨਤ ਕਰਦਾ ਸੀ। ਘਰ ਦੀ ਗੁਰਬਤ ਦਾ ਭੰਨਿਆ ਹੋਇਆ ਬੇਚਾਰਾ ਕਈ ਵੇਰਾਂ ਬੱਚਿਆਂ ਨਾਲ ਸਿਰ ਖਪਾਉਂਦਾ ਮੂੰਹ ਪਿੱਛੇ ਕਰਕੇ ਰੋ ਪੈਂਦਾ ਸੀ।

"ਓ ਸੂਰ ਦਿਓ ਪੁੱਤੋ! ਪੜ੍ਹ ਲਓ ਜੇ ਚੰਗੀ ਕਿਸਮਤ ਹੈ ਤੁਹਾਡੀ। ਇਹ ਅੱਖਰ ਤੁਹਾਡੇ ਕੰਮ ਆਉਣਗੇ...ਨਹੀਂ ਤਾਂ ਮੇਰਿਆਂ ਵਾਂਗੂ ਨਾਲੇ ਆਪ ਮਿੱਟੀ ਵਿਚ ਰੁਲੋਗੇ, ਨਾਲੇ ਮਾਪਿਆਂ ਨੂੰ ਰੁਲਾਉਗੇ...।"

ਛੇ ਧੀਆਂ ਤੇ ਚਾਰ ਪੁੱਤਰਾਂ ਦਾ ਬਾਪ, ਜਿਸ ਦਾ ਕੋਈ ਵੀ ਬੱਚਾ ਦਸਵੀਂ ਨਾ ਟੱਪ ਸਕਿਆ, ਆਪਣੇ ਆਪ ਵਿਚ ਬੜੀ ਹੀਣਤਾ ਮੰਨਦਾ ਸੀ। ਜ਼ਿੰਦਗੀ ਦੇ ਬਿਹਤਰੀਨ ਸੁਪਨੇ ਸਿਰਜਣੇ ਹੁਣ ਉਸ ਲਈ ਅਪਹੁੰਚ ਤੇ ਨਾ-ਮੁਮਕਿਨ ਹੋ ਗਏ ਸਨ। ਉਸ ਦੀ ਨਿਪੁੰਨਤਾ ਨਿਪੁੰਸਕਤਾ ਬਣ ਗਈ ਸੀ। ਕਬੀਲਦਾਰੀ ਦੀਆਂ ਜ਼ਰੂਰਤਾਂ ਤੋਂ ਆਤੁਰ ਉਸ ਨੇ ਪਿੱਛੇ ਜਿਹੇ ਖੁਦਕੁਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਇਹੀ ਮਾਹਣਾ ਸਿੰਘ ਸੀ, ਜਿਸ ਨੇ ਉਸ ਡੁੱਬਦੇ ਨੂੰ ਸਹਾਰਾ ਦਿੱਤਾ ਸੀ। ਉਸ ਦਿਨ ਸਵੇਰੇ ਤੜਕਸਾਰ ਉਹ ਲਾਹੌਰ ਵਾਲੀ ਰੇਲਵੇ ਲਾਈਨ ਵੱਲ ਹੋ ਤੁਰਿਆ ਸੀ ਤੇ ਸਮਝੌਤਾ ਐਕਸਪ੍ਰੈੱਸ ਦੀ ਇੰਤਜ਼ਾਰ ਕਰ ਰਿਹਾ ਸੀ। ਉਸ ਦੇ ਤਣਾਓ ਭਰੇ ਚਿਹਰੇ ਤੇ ਸ਼ੱਕੀ ਹਰਕਤਾਂ ਤੋਂ ਪ੍ਰਿੰਸੀਪਲ ਮਾਹਣਾ ਸਿੰਘ, ਜੋ ਸੈਰ ਕਰਦਾ ਅਚਾਨਕ ਉੱਧਰ ਆ ਨਿਕਲਿਆ ਸੀ, ਦੀ ਦਿੱਬ-ਦ੍ਰਿਸ਼ਟੀ ਨੇ ਉਸ ਦੀਆਂ ਖਾਮੋਸ਼ ਨਜ਼ਰਾਂ 'ਚੋਂ ਕਾਲੇ ਮਨਸੂਬੇ ਪੜ੍ਹ ਲਏ ਸਨ ਤੇ ਡਾਂਟ-ਡਪਟ ਕਰਕੇ ਉਸ ਦਾ ਫੈਸਲਾ ਬਦਲ ਦਿੱਤਾ ਸੀ।

"ਜ਼ਿੰਦਗੀ ਖੁਦਕੁਸ਼ੀ ਵਾਸਤੇ ਨਹੀਂ, ਇਹ ਜਿਊਣ ਲਈ ਹੈ, ਕੁਝ ਕਰਨ ਲਈ ਹੈ। ਤੁਸੀਂ ਆਪਣੀ ਵਖਤਾਂ ਭਰੀ ਦੇਹ ਦੀ ਖਲਾਸੀ ਤਾਂ ਕਰ ਲਉਗੇ ਇਸ ਤਰ੍ਹਾਂ, ਪਰ ਤੁਹਾਡੀ ਆਤਮਾ ਇਹ ਪਿਛਲੀਆਂ ਦਸ ਬਾਰਾਂ ਜਾਨਾਂ ਨੂੰ ਤਰਸਦਿਆਂ ਤੜਫਦਿਆਂ ਰੁਲਦਿਆਂ ਵੇਖ ਕੇ ਭਟਕਦੀ ਰਹੇਗੀ, ਹਮੇਸ਼ਾ ਵਾਸਤੇ ਭਟਕਦੀ ਰਹੇਗੀ...ਤੁਹਾਨੂੰ ਅੱਗੇ ਵੀ ਢੋਈ ਨ੍ਹੀਂ ਮਿਲਣੀ, ਕੁਝ ਹੋਸ਼ ਕਰੋ।"

ਇਸ ਤਰ੍ਹਾਂ ਕੈੜਾ ਲਗਦਾ ਮਾਹਣਾ ਸਿੰਘ ਉਸ ਨੂੰ ਇਕ ਦਰਵੇਸ਼ ਰਹਿਬਰ ਮਹਾਂਪੁਰਸ਼ ਬਣ ਕੇ ਟੱਕਰਿਆ ਸੀ। ਉਸ ਦਿਨ ਤੋਂ ਬਾਅਦ ਉਸ ਦੀ ਨਸੀਹਤ ਅਨੁਸਾਰ ਹਰ ਮਹੀਨੇ ਤਨਖਾਹ ਵਾਲਾ ਬੱਝਾ ਲਿਫਾਫਾ ਉਹ ਪਤਨੀ ਨੂੰ ਫੜਾ ਦਿੰਦਾ ਤੇ ਸਵੇਰੇ ਅਖਬਾਰ ਦੀ ਫੇਰੀ ਲਾ ਕੇ ਆਪਣੇ ਉੱਪਰਲੇ ਖਰਚੇ ਲਈ ਆਪਣਾ ਜੇਬ ਖਰਚ ਬਣਾ ਲੈਂਦਾ ਸੀ।

ਇਸ ਘਟਨਾ ਨੇ ਉਸ ਦੀ ਪਤਨੀ ਨੂੰ ਧੰਨਵਾਦ ਕਰਨ ਲਈ ਸਾਹਿਬ ਦੇ ਘਰ ਪਹੁੰਚਾ ਦਿੱਤਾ ਤੇ ਫਿਰ ਕਦੇ ਦਿਨ ਦਿਆਰ ਵੇਲੇ ਪ੍ਰਿੰਸੀਪਲ ਦੀ ਪਤਨੀ ਦਾ ਹੱਥ ਵਟਾਉਂਦੀ ਤੇ ਘਰ ਦੇ ਦੁੱਖ ਸੁੱਖ ਉਸ ਨਾਲ ਸਾਂਝੇ ਕਰ ਆਉਂਦੀ। ਕੰਮ ਦੇ ਇਵਜ਼ ਵਿਚ ਹੈਡਮਾਸਟਰਨੀ ਉਸ ਨੂੰ ਕਈ ਪਦਾਰਥਾਂ ਨਾਲ ਨਿਵਾਜਦੀ।

"ਖੌਰੇ ਫਿਰ ਘਰਵਾਲੀ ਨੇ ਕੋਈ ਸ਼ਿਕਾਇਤ ਲਾ ਦਿੱਤੀ ਹੋਵੇਗੀ...।"

"ਭਵਿੱਖ-ਨਿਧੀ ਵਿਚੋਂ ਲਏ ਅਗਾਊਂ ਕਰਜ਼ੇ ਦੀਆਂ ਵੀ ਤਿੰਨ ਕਿਸ਼ਤਾਂ ਟੁੱਟ ਗਈਆਂ। ਜ਼ਰੂਰ ਇਸੇ ਬਾਰੇ ਹੀ ਜਵਾਬ ਤਲਬੀ ਕਰੂ।...ਮੈਂ ਕੀ ਸਮਝਦਾਂ! ਪੈਸੇ ਵੀ ਮੇਰੇ ਤੇ ਕਰਜ਼ਾ ਵੀ ਮੇਰਾ। ਇਹ ਮੈਨੂੰ ਕਹਿਣ ਵਾਲਾ ਕੌਣ ਹੋਇਆ? ਮੈਂ ਤਾਂ ਵਿਆਜ ਦੇਣਾ ਹੈ, ਇਸ ਦੇ ਕੀ ਢਿੱਡ ਪੀੜ ਹੋਈ? ਐਵੇਂ ਰੋਹਬ ਝਾੜਨ ਦਾ ਕੋਈ ਨਾ ਕੋਈ ਬਹਾਨਾ ਭਾਲਦਾ ਰਹਿੰਦਾ।"

ਕਈ ਤਰ੍ਹਾਂ ਦੇ ਖਿਆਲ ਉਸ ਦੇ ਮਨ 'ਤੇ ਭਾਰੂ ਹੁੰਦੇ ਗਏ। ਕਈ ਉੱਚੀਆਂ ਨੀਵੀਂਆਂ ਸੋਚਾਂ ਚਿੱਥਦਾ ਮੇਰੀ ਅਗਵਾਈ ਕਰਦਾ ਉਹ ਸਾਹਿਬ ਦੇ ਕਮਰੇ ਦੇ ਸਾਹਮਣੇ ਪਹੁੰਚਿਆ। ਉਸ ਨੇ ਫਿਰ ਮੇਰੇ ਵੱਲ ਪਿੱਛਾ ਭੌਂ ਕੇ ਵੇਖਿਆ।

"ਚਲੋ... ਚਲੋ...।" ਮੈਂ ਡਰਦੇ ਜਿਹੇ ਉਸ ਦੀ ਹਾਂ ਵਿਚ ਹਾਂ ਮਿਲਾਈ।

"ਮੇਅ ਆਈ ਕਮ ਇਨ ਸਰ...।" ਉਸ ਨੇ ਡਰਦੇ ਡਰਦੇ ਬੋਲਾਂ ਨੂੰ ਅੱਗੇ ਲਾਇਆ।

"ਹਾਂ...ਹਾਂ, ਆਉ...ਜੀ ਆਇਆਂ ਨੂੰ...।" ਮਾਸਟਰ ਘੁੱਗ ਸੈਨ ਨਾਲ ਉੱਠ ਕੇ ਹੱਥ ਮਿਲਾਉਂਦੇ ਤੇ ਫਿਰ ਮੇਰੇ ਨਾਲ ਦਸਤ-ਪੰਜਾ ਕਰਦਿਆਂ, ਮਾਖਿਓਂ ਮਿੱਠੇ ਬੋਲ ਬੋਲ ਕੇ ਸਾਡੇ ਸਾਰੇ ਸ਼ੱਕ ਸ਼ੁਭਾ ਨਵਿਰਤ ਕਰ ਦਿੱਤੇ।




"ਬੈਠੋ! ਸ਼ੁਕਰੀਆ...।" ਉਸ ਦੇ ਸਲੀਕੇ ਵਿਚ ਕਿੰਨਾ ਮਿੱਠਾ ਨਿੱਘ ਤੇ ਪਿਆਰ ਸਤਿਕਾਰ ਸੀ, ਜੋ ਸਾਡੇ ਸਾਰੇ ਕੁਰੇਦੇ ਹੋਏ ਜਜ਼ਬਾਤ 'ਤੇ ਲੇਪ ਕਰ ਗਿਆ।

"ਤੁਸੀਂ ਕੱਲ੍ਹ ਨਹੀਂ ਆਏ?" ਉਸ ਦੇ ਫਿਰ ਉਹੀ ਪੁਰਾਣੀ ਕਿਸਮ ਦੇ ਸਵਾਲ ਨੇ ਸਾਨੂੰ ਦੋਹਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ, ਪਰ ਉਸ ਦਾ ਲਹਿਜ਼ਾ ਪਹਿਲਾਂ ਵਾਲੇ ਜੱਟ-ਪੁਣੇ ਤੋਂ ਸੱਖਣਾ ਮੋਹ-ਭਿੱਜਾ ਸੀ।

"ਜੀ...ਜੀ...।"

"ਕੋਈ ਨਹੀਂ! ਤੁਹਾਨੂੰ ਪਤਾ! ਕੱਲ੍ਹ ਸਟਾਫ ਦੀ ਪਾਰਟੀ ਸੀ...? ਅਸੀਂ ਸੋਚਿਆ ਸਾਰੇ ਸਟਾਫ ਵਾਲੇ ਰਲ ਕੇ ਡਿਨਰ ਕਰਾਂਗੇ, ਡਾਂਸ-ਭੰਗੜਾ ਪਾਵਾਂਗੇ, ਕੁਝ ਸੁਣਾਂਗੇ-ਸੁਣਾਵਾਂਗੇ...ਇਕ ਦੂਜੇ ਨੂੰ ਜਾਣਾਂਗੇ...ਪਰ ਤੁਸੀਂ ਕੱਲ੍ਹ ਦੋਨੋਂ ਨਹੀਂ ਮਿਲੇ, ਤੁਹਾਡੀ ਗੈਰ-ਹਾਜ਼ਰੀ ਸਾਨੂੰ ਬਹੁਤ ਰੜਕਦੀ ਰਹੀ।"

"ਸੌਰੀ ਸਰ! ਮੈਨੂੰ ਪਤਾ ਨਹੀਂ ਲੱਗਾ।" ਮੈਂ ਆਪਣਾ ਖਹਿੜਾ ਛਡਾਉਂਦਿਆਂ ਕਿਹਾ। ਸ਼ੁਕਰ ਕੀਤਾ ਝਾੜ-ਝੰਬ ਤੋਂ ਬਿਨਾ ਹੀ ਖਲਾਸੀ ਹੋ ਗਈ।

"ਮੇਰੀ ਤਾਂ ਕੱਲ੍ਹ ਕਿਸੇ ਰਿਸ਼ਤੇਦਾਰ ਨੇ ਲੜਕੀ ਦੇ ਰਿਸ਼ਤੇ ਲਈ ਆਉਣਾ ਸੀ, ਉਹ ਵੀ ਨਹੀਂ ਆਏ, ਪਰ ਮੈਨੂੰ ਉਡੀਕਣਾ ਪਿਆ।"

ਇਕ ਡਿਨਰ ਮਿੱਸ ਹੋ ਜਾਣਾ ਮਾਸਟਰ ਘੁੱਗ ਸੈਨ ਲਈ ਨਾ-ਪੂਰਨ ਯੋਗ ਘਾਟਾ ਸੀ ਤੇ ਮੇਰੇ ਲਈ ਏਨੇ ਸਾਰੇ ਸੱਜਣਾਂ ਮਿੱਤਰਾਂ ਨੂੰ ਨਾ ਮਿਲ ਸਕਣ ਤੇ ਸੁਣਨ ਦਾ ਵਿਗੋਚਾ ਇਸ ਤੋਂ ਵੀ ਵੱਡਾ ਨੁਕਸਾਨ!

"ਬਾਬੂ ਜੀ...!"

ਉਸ ਨੇ ਘੰਟੀ ਮਾਰੀ। ਅੱਜ ਉਸ ਦੀ ਘੰਟੀ ਵੀ ਬੜੀ ਮਿੱਠੀ ਤੇ ਮਧੁਰ ਟੁਣਕਾਰ ਦੇ ਰਹੀ ਸੀ।

"ਉਹ ਕੱਲ੍ਹ ਇਨ੍ਹਾਂ ਲਈ ਜੋ ਕੂਪਨ ਬਚੇ ਆ...!"

"ਹਾਂ ਜੀ..., ਜੀ ਹਾਂ...।" ਬਾਬੂ ਨੇ ਅੱਗੇ ਨੂੰ ਸਿਰ ਹਿਲਾਇਆ।

"ਦੇ ਦਿਓ, ਚਲੋ ਚੰਗਾ ਹੋਇਆ..., ਵੇਖ ਲਓ..., ਅਸੀਂ ਤੁਹਾਡੀ ਗ਼ੈਰਹਾਜ਼ਰੀ ਵਿਚ ਵੀ ਤੁਹਾਡਾ ਕਿੰਨਾ ਖਿਆਲ ਰੱਖਦੇ ਹਾਂ।" ਪ੍ਰਿੰਸੀਪਲ ਸਾਹਿਬ ਦੀ ਜ਼ਬਾਨ ਅੱਜ ਅਤਿਅੰਤ ਮਿੱਠਾ ਰਾਗ ਅਲਾਪ ਰਹੀ ਸੀ।

"ਜਾਉ...ਪੰਨਾ ਰੈਸਟੋਰੈਂਟ ਵਿਚ! ਤੁਹਾਡੇ ਲਈ ਦੋ ਥਾਲੀਆਂ ਤੁਹਾਡੀ ਇੰਤਜ਼ਾਰ ਕਰ ਰਹੀਆਂ ਨੇ। ਇਹ ਦੋ ਕੂਪਨ ਉੱਥੇ ਮੈਨੇਜਰ ਨੂੰ ਦੇ ਦਿਓ।"

ਧਰਤੀ 'ਤੇ ਪੈਰ ਨਹੀਂ ਸਨ ਲੱਗ ਰਹੇ ਉਸ ਦੇ ਤੇ ਮੇਰੇ ਵੀ ਕਿਹੜੇ ਘੱਟ ਸਨ, "ਅੱਛਾ ਜੀ ਸ਼ੁਕਰੀਆ ਬਹੁਤ-ਬਹੁਤ ਧੰਨਵਾਦ!"

ਉਸ ਨੇ ਉੱਠ ਕੇ ਫਿਰ ਹੱਥ ਮਿਲਾਏ ਤੇ ਦੋਹਾਂ ਦੇ ਮੋਢਿਆਂ 'ਤੇ ਥਾਪੜਾ ਦਿੰਦੇ ਦਰਵਾਜ਼ੇ ਤੱਕ ਛੱਡਦੇ ਬਾਬੂ ਜੀ ਵੱਲ ਮੁਸਕਰਾਏ।

ਅੱਧੀ ਛੁੱਟੀ ਤੇ ਲੰਚ ਦਾ ਇਕੋ ਹੀ ਟਾਈਮ! ਲੰਚ ਟਾਈਮ ਤੱਕ ਦਾ ਵਰ੍ਹਿਆਂ ਜਿੱਡਾ ਲੰਮਾ ਸਮਾਂ ਬੜੀ ਬੇਸਬਰੀ ਨਾਲ ਗੁਜ਼ਰਿਆ।

ਮਾਸਟਰ ਘੁੱਗ ਸੈਨ ਦੇ ਖੜਖੜ ਕਰਦੇ ਪੁਰਾਣੇ ਸਾਈਕਲ ਦੇ ਪਿੱਛੇ ਬੈਠਾ ਮੈਂ ਬਹੁਤ ਸ਼ਰਮਸਾਰ ਹੋ ਰਿਹਾ ਸਾਂ। ਕੱਲ੍ਹ ਦੇ ਸਮਾਗਮ ਵਿਚ ਨਾ ਜਾਣ ਦੀ ਚਿਤਵਨੀ ਤੇ ਇਸ ਦਾ ਸਮਾਜਿਕ ਘਾਟਾ ਮੈਨੂੰ ਬਾਰ-ਬਾਰ ਤੰਗ ਪ੍ਰੇਸ਼ਾਨ ਕਰ ਰਿਹਾ ਸੀ, ਪਰ ਹੁਣ ਪਛਤਾਏ ਕੀ ਹੋਵੇ, ਜਦ ਚਿੜੀਆ ਚੁਗ ਗਈ ਖੇਤ। ਮਾਸਟਰ ਘੁੱਗ ਸੈਨ ਦੇ ਪੈਡਲਾਂ ਦੀ ਚੂੰ-ਚੂੰ... ਚੀਂ-ਚੀਂ ਵੀ ਉਸ ਦੇ ਇਨ੍ਹਾਂ ਸਾਰੇ ਅਣਪਚੇ ਜਜ਼ਬਾਤ ਦੀ ਤਰਜਮਾਨੀ ਕਰ ਰਹੀ ਸੀ। ਅਪਰੈਲ ਮਹੀਨੇ ਦੀ ਪਹਿਲੀ ਧੁੱਪ, ਭਾਵੇਂ ਏਨੀ ਸਾੜੂ ਗਰਮੀ ਨਹੀਂ ਸੀ ਦੇ ਰਹੀ, ਪਰ ਮੇਰੇ ਵਰਗੀ ਇਕ ਭਾਰੀ ਸਵਾਰੀ ਬਿਠਾ ਕੇ ਛੇ ਮੀਲ ਦਾ ਸਫਰ, ਆਂਦਰਾਂ ਨੂੰ ਖਿੱਚ ਜ਼ਰੂਰ ਦੇ ਰਿਹਾ ਸੀ। ਇਸ ਨਾਲ ਉਸ ਦੇ ਵਗਦੇ ਪਸੀਨੇ ਨੇ ਉਸ ਦੇ ਪਤਲੇ ਜਿਹੇ ਮਾੜਕੂ ਕਮੀਜ਼ ਨੂੰ ਗੜੁੱਚ ਕਰਕੇ ਉਸ ਦੇ ਪਿੰਡੇ ਦੇ ਨਾਲ ਚੰਬੇੜ ਦਿੱਤਾ ਸੀ।

ਪੁੱਛਦੇ-ਪੁਛਾਉਂਦੇ, ਲੱਭਦੇ-ਲਭਾਉਂਦੇ...ਬੋਰਡ ਵੇਖਦੇ-ਵੇਖਦੇ, ਬਰੇਕਾਂ ਦੀਆਂ ਚੀਕਾਂ ਨਿਕਲੀਆਂ। ਸਾਈਕਲ ਦੀ ਰਫਤਾਰ ਕੁਝ ਮੱਧਮ ਹੋਈ। ਮੈਂ ਛਾਲ ਮਾਰ ਕੇ ਉੱਤਰਿਆ। ਉਸ ਨੇ ਹੌਂਕਦੇ ਹੋਏ ਉੱਤਰ ਕੇ ਮੱਥੇ 'ਚੋਂ ਵਗਦੀਆਂ ਪਸੀਨੇ ਦੀਆਂ ਘਰਾਲ਼ਾਂ ਸੱਜੇ ਹੱਥ ਦੀ ਪਹਿਲੀ ਉਂਗਲ ਟੇਢੀ ਕਰਕੇ ਸਾਫ ਕੀਤੀਆਂ। ਆਸੇ-ਪਾਸੇ ਦੇਖਿਆ, ਸਾਨੂੰ ਸੁਖ ਦਾ ਸਾਹ ਆਇਆ, ਠੀਕ ਟਿਕਾਣੇ 'ਤੇ ਪਹੁੰਚ ਗਏ ਸੀ। ਕਿੰਨਾ ਵੱਡਾ ਤਕੜਾ ਹੋਟਲ! ਵੰਨ-ਸੁਵੰਨੇ ਪਕਵਾਨਾਂ ਦੀ ਆਉਂਦੀ ਸੁਗੰਧ ਨਾਲ ਮੂੰਹ ਪਾਣੀ ਭਰ ਗਿਆ।

"ਅਸੀਂ ਇੱਥੇ ਖਾਣਾ ਨਹੀਂ ਖਾਵਾਂਗੇ, ਪੈਕ ਕਰਵਾ ਲਵਾਂਗੇ। ਹੁਣ ਖਾ ਕੇ ਅਸੀਂ ਕਿਹੜਾ ਭਲਵਾਨ ਬਣਨਾ। ਕਹਿੰਦੇ ਦੇਸੀ ਘਿਉ ਨਾਲ ਬਣਾਉਂਦੇ ਨੇ ਇਹ ਸਾਰੇ ਪਕਵਾਨ। ਬੱਚਿਆਂ ਦੇ ਮੂੰਹ ਪੈ ਜਾਊ ਭੋਰਾ ਚੰਗਾ ਥਿੰਧੇ ਤਰਾਈ ਵਾਲਾ ਖਾਣਾ।" ਇਕ ਕਬੀਲਦਾਰ ਬਾਪ ਦੀ ਬੱਚਿਆਂ ਤੱਕ ਲਲ੍ਹਕ ਉਸ ਦੇ ਜਜ਼ਬਾਤ ਵਿਚੋਂ ਆਪ ਮੁਹਾਰੇ ਨਿਕਲ ਤੁਰੀ।

"ਚਲੋ ਠੀਕ ਹੈ, ਜਿਵੇਂ ਠੀਕ ਸਮਝੋ। ਇੱਕ ਨੇ ਕਹੀ, ਦੂਜੇ ਨੇ ਮਾਨੀ-ਦੋਨੋ ਬ੍ਰਹਮ ਗਿਆਨੀ।" ਮੈਂ ਹੱਸ ਕੇ ਉਸ ਦੀ ਹਾਮੀ ਭਰ ਦਿੱਤੀ। ਛੇ ਸੱਤ ਫੁੱਟ ਲੰਬੇ ਇੱਕ ਲੰਬੀਆਂ ਲੰਬੀਆਂ ਮੁੱਛਾਂ ਵਾਲੇ ਰਾਜਸਥਾਨੀ ਪਹਿਰਾਵੇ ਵਾਲੇ ਗੇਟ-ਕੀਪਰ ਨੇ ਸਲੂਟ ਮਾਰਦੇ ਦਰਵਾਜਾ ਖੋਲ੍ਹਦੇ ਵੈੱਲਕਮ ਕਿਹਾ।

ਅੰਦਰ ਵੜੇ, ਬੜਾ ਸ਼ਾਂਤ ਵਾਤਾਵਰਨ! ਮਿੰਨ੍ਹੀਂ-ਮਿੰਨ੍ਹੀਂ ਮੱਧਮ ਰੌਸ਼ਨੀ! ਨਾਲ ਸਾਰਾ ਹਾਲ ਲਗਭਗ ਭਰਿਆ ਪਿਆ ਸੀ।

ਮਾਸਟਰ ਘੁੱਗ ਸੈਨ ਨੇ ਮੋਢੇ ਉੱਚੇ ਚੁੱਕ ਕੇ ਵਿਸ਼ੇਸ਼ ਮਹਿਮਾਨ ਵਾਂਗ ਆਪਣੇ ਡੂੰਘੇ ਆਤਮ-ਵਿਸ਼ਵਾਸ ਨਾਲ ਮੈਨੇਜਰ ਦੇ ਸਾਹਮਣੇ ਸਲਿੱਪ ਜਾ ਰੱਖੀ।

"ਜੀ ਇਹ ਸਾਡੇ ਦੋ ਖਾਣੇ ਨੇ।"

"ਖਾਣੇ? ਕਾਹਦੇ ਖਾਣੇ? ਕਿਹੜੇ ਖਾਣੇ?" ਮੈਨੇਜਰ ਅਚੰਭਿਤ ਜਿਹਾ ਹੋ ਗਿਆ।

"ਕੱਲ੍ਹ ਪਾਰਟੀ ਸੀ ਨਾ ਇੱਥੇ! ਸਾਡੇ ਡਿਨਰ ਬਾਕੀ ਨੇ, ਅਸੀਂ ਕੱਲ੍ਹ ਸ਼ਾਮਿਲ ਨਹੀਂ ਹੋ ਸਕੇ।" ਮੈਂ ਅੱਗੇ ਹੋ ਕੇ ਗੱਲ ਸਪਸ਼ਟ ਕੀਤੀ।

ਮੈਨੇਜਰ ਦੇ ਨਾਲ ਕਾਊਂਟਰ 'ਤੇ ਬੈਠੀ ਇਕ ਸੁੰਦਰ ਲਗਰ ਜਿਹੀ ਮੁਟਿਆਰ ਨੇ ਆਪਣੇ ਮੱਥੇ ਦੀ ਲਿਟ ਉੱਪਰ ਸੁੱਟ ਕੇ ਮੈਨੇਜਰ ਵੱਲ ਰਮਜ਼ ਭਰੀ ਹਲਕੀ ਜਿਹੀ ਮੁਸਕਰਾਹਟ ਸੁੱਟੀ।

"ਹਾਂ ਜੀ...ਇਹ ਅਸੀਂ ਇੱਥੇ ਨਹੀਂ ਖਾਣੇ, ਸਾਨੂੰ ਪੈਕ ਹੀ ਕਰਾ ਦਿਓ।" ਉਨ੍ਹਾਂ ਦਾ ਪ੍ਰਤੀਕਰਮ ਉਡੀਕਣ ਤੋਂ ਬਿਨਾ ਹੀ ਮਾਸਟਰ ਘੁੱਗ ਸੈਨ ਪੱਗ ਦੇ ਪੇਚ ਸੰਵਾਰਦਾ ਹੋਰ ਨੇੜੇ ਹੋ ਗਿਆ।

ਮੈਨੇਜਰ ਤੇ ਉਸ ਦੀ ਪੀ. ਏ. ਦੀਆਂ ਨਜ਼ਰਾਂ ਫਿਰ ਮਿਲੀਆਂ। ਉਹ ਦੋਨੋਂ ਹੱਸਣ ਲੱਗੇ।

ਮੈਨੇਜਰ ਨੇ ਫੁਰਤੀ ਨਾਲ ਪੈੱਨ ਕੱਢਿਆ। ਸਾਹਮਣੇ ਪਈ ਨੋਟ ਬੁੱਕ ਚੁੱਕੀ ਤੇ ਕੁਝ ਲਿਖਿਆ ਵੇਖ ਕੇ ਸਾਡੀ ਤਮੰਨਾ ਨੂੰ ਫੁੱਲ ਖਿੜਦੇ ਜਾਪੇ।

"ਲਓ...।" ਮਾਸਟਰ ਘੁੱਗ ਸੈਨ ਵੱਲ ਵਧਾ ਦਿੱਤਾ।

"ਫਸਟ ਐਪਰਲ ਫੂਲ।"

ਸਲਿੱਪ ਲੈ ਕੇ ਮਾਸਟਰ ਘੁੱਗ ਸੈਨ ਛਿੱਥਾ ਜਿਹਾ ਹੋ ਗਿਆ। ਉਸ ਨੇ ਮੱਥੇ 'ਤੇ ਅਚਨਚੇਤ ਉੱਭਰੀਆਂ ਪਸੀਨੇ ਦੀਆਂ ਬੂੰਦਾਂ ਝੱਗਾ ਉੱਪਰ ਚੁੱਕ ਕੇ ਝੱਗੇ ਨਾਲ ਸਾਫ ਕੀਤੀਆਂ।

"ਕੀ ਤਰੀਕ ਐ ਅੱਜ?" ਉਸ ਦਾ ਅਵਾਕਿਆ ਮੂੰਹ ਮੈਨੂੰ ਸੰਬੋਧਿਤ ਸੀ।

"ਅੱਜ ਪਹਿਲੀ ਅਪਰੈਲ।" ਮੈਂ ਘੜੀ ਵਿਚ ਨੀਝ ਲਾਉਂਦੇ ਕਿਹਾ।

"ਹਾਂ ਪਹਿਲੀ ਅਪਰੈਲ! ਯਾਨਿ ਫਸਟ ਐਪਰਲ!" ਮੈਨੇਜਰ ਨੇ ਇਹ ਗੱਲ ਜੋਰ ਦੇ ਕੇ ਦੁਹਰਾਈ।

ਮਾਸਟਰ ਨੇ ਉਹ ਪਰਚੀ ਮੇਰੇ ਵੱਲ ਵਧਾ ਦਿੱਤੀ।

---

# ਬੈਚ ਫੁੱਲ ਕਲੀਮੈਟਿਸ-ਹਵਾਈ ਘੜਤਾਂ

*(ਪਿਛਲੇ ਸਫੇ ਦੀ ਬਾਕੀ)*

ਠੀਕ ਹੋਣ ਦੀ ਆਸ ਨਾ ਰੱਖਣਾ, ਇਸ ਦੀਆਂ ਢੁਕਵੀਆਂ ਨਿਸ਼ਾਨੀਆਂ ਹਨ। ਬੁਢਾਪੇ ਵਿਚ ਮਨੁੱਖ ਨੂੰ ਆਪਣੀ ਸਾਫ-ਸਫਾਈ ਦਾ ਧਿਆਨ ਨਾ ਰਹਿਣਾ, ਇੱਜ਼ਤ ਬੇਇਜ਼ਤੀ ਬਰਾਬਰ ਲਗਣੇ ਤੇ ਊਚ ਨੀਚ ਦੇ ਖਿਆਲ ਤੋਂ ਮੁਕਤ ਹੋਣਾ, ਮਾਮੂਲੀ ਤਕਲੀਫ ਨਾਲ ਬੇਹੋਸ਼ ਹੋਣਾ, ਤੇ ਮਰ ਕੇ ਮੁਕਤ ਹੋਣ ਦਾ ਚਾਅ ਹੋਣਾ ਆਦਿ ਦੇ ਕੇਸ ਕਲੀਮੈਟਿਸ ਨਾਲ ਠੀਕ ਹੋ ਸਕਦੇ ਹਨ। ਜਦੋਂ ਬਿਮਾਰ ਦੋ ਤਿੰਨ ਵਾਰ ਬਲਾਉਣ ਤੋਂ ਪਹਿਲਾਂ ਨਾ ਬੋਲੇ, ਬੋਲ ਕੇ ਸਹੀ ਜਵਾਬ ਦੇ ਦੇਵੇ ਤੇ ਮੁੜ ਪਹਿਲਾਂ ਵਾਲੀ ਸੋਚਮਈ ਅਵਸਥਾ ਵਿਚ ਚਲਾ ਜਾਵੇ ਤਾਂ ਸਮਝੋ ਕਲੀਮੈਟਿਸ ਹੀ ਲਾਭ ਕਰੇਗੀ। ਹੋਮਿਓਪੈਥੀ ਵਿਚ ਇਹ ਨਿਸ਼ਾਨੀ ਬੈਪਟੀਸ਼ੀਆ ਨਾਮਕ ਦਵਾ ਵਿਚ ਪਾਈ ਜਾਂਦੀ ਹੈ, ਪਰ ਬੈਪਟੀਸ਼ੀਆ ਦੇ ਮਰੀਜ਼ ਦਾ ਦਿਮਾਗ ਬੁੱਜ ਹੁੰਦਾ ਹੈ ਤੇ ਕਲੀਮੈਟਿਸ ਦਾ ਮਰੀਜ਼ ਆਪਣੇ ਸੁਪਨਿਆਂ ਵਿਚ ਖੋਇਆ ਹੁੰਦਾ ਹੈ।

ਕਈ ਲੋਕ ਚਲਦੇ ਚਲਦੇ ਖਿਆਲਾਂ ਵਿਚ ਖੋ ਜਾਂਦੇ ਹਨ, ਕੰਧਾਂ ਜਾਂ ਖੰਭਿਆਂ ਵਿਚ ਟਕਰਾ ਜਾਂਦੇ ਹਨ, ਲਾਲਬੱਤੀ ਦਾ ਧਿਆਨ ਨਹੀਂ ਰੱਖਦੇ, ਸਟਾਪ-ਸਾਈਨ 'ਤੇ ਰੁਕਣਾ ਭੁੱਲ ਜਾਂਦੇ ਹਨ ਤੇ ਬੇਧਿਆਨੀ ਵਿਚ ਐਕਸੀਡੈਂਟ ਕਰ ਬੈਠਦੇ ਹਨ। ਕਈ ਕਲਪਨਾ ਦੀ ਦੁਨੀਆਂ ਵਿਚ ਰਹਿਣ ਕਰ ਕੇ ਦੁਨਿਆਵੀ ਕੰਮ ਧੰਦਿਆਂ ਵਿਚ ਧਿਆਨ ਨਹੀਂ ਜਮਾ ਸਕਦੇ ਤੇ ਕਈ ਮੰਜ਼ਿਲ ਦੀ ਭਾਲ ਵਿਚ ਜੰਗਲਾਂ ਵਲ ਚਾਲੇ ਪਾ ਦਿੰਦੇ ਹਨ। ਅਜਿਹੀਆਂ ਸਭ ਭਟਕਦੀਆਂ ਰੂਹਾਂ ਦਾ ਇਲਾਜ ਕਲੀਮੈਟਿਸ ਵਿਚ ਹੈ।

ਅਚਨਚੇਤ ਐਕਸੀਡੈਂਟਾਂ ਵਿਚ ਕਲੀਮੈਟਿਸ ਦੀ ਮਹਾਨ ਭੂਮਿਕਾ ਹੈ। ਦੁਰਘਟਨਾ ਤੋਂ ਬਾਅਦ ਜਦੋਂ ਵਿਅਕਤੀ ਦੀ ਮਾਨਸਿਕ ਹਾਲਤ ਹਿੱਲੀ ਹੁੰਦੀ ਹੈ, ਉਸ ਨੂੰ ਅਸਲੀਅਤ ਦੀ ਥਾਂ ਭਵਿੱਖ ਨੇੜੇ ਲਗਦਾ ਹੈ, ਮੌਤ ਤੇ ਅਨਿਸ਼ਚਿਤਤਾ ਨਾਲ ਪੰਜਾ ਪਿਆ ਹੁੰਦਾ ਹੈ ਤਾਂ ਕਲੀਮੈਟਿਸ ਉਸ ਦੇ ਵਿਚਾਰਾਂ ਵਿਚ ਵਿਸ਼ਵਾਸ ਪੈਦਾ ਕਰ ਕੇ ਠੰਡਕ ਲਿਆਉਂਦੀ ਹੈ। ਇਹ ਮਰੀਜ਼ ਨੂੰ ਸਦਮੇ ਦੀ ਭੇਟ ਨਹੀਂ ਚੜ੍ਹਨ ਦਿੰਦੀ। ਇਸੇ ਕਰਕੇ ਇਹ ਸੁਪ੍ਰਸਿੱਧ ਰੈਸਕਿਊ ਰੈਮਿਡੀ ਦੀਆਂ ਪੰਜ ਦਵਾਈਆਂ ਵਿਚੋਂ ਇਕ ਹੈ।

ਕਲੀਮੈਟਿਸ ਕਿਸਮ ਦੇ ਲੋਕਾਂ ਨੂੰ ਆਮ ਤੌਰ 'ਤੇ ਸਿਰ ਦਰਦ, ਚੱਕਰ, ਯਾਦਦਾਸ਼ਤ ਦੀ ਕਮਜ਼ੋਰੀ, ਸਿਰ ਦਾ ਹਿੱਲਣਾ, ਹੱਥਾਂ ਪੈਰਾਂ ਦੀ ਬੇਚੈਨੀ, ਝਉਲੇ ਪੈਣ, ਬੇਹੋਸ਼ੀ, ਥਕੇਵਾਂ, ਡਿਪ੍ਰੈਸ਼ਨ ਤੇ ਸਾਹ ਦੇ ਉੱਖੜਨ ਜਿਹੇ ਰੋਗ ਹੋ ਜਾਂਦੇ ਹਨ। ਜਿੱਥੇ ਅਜਿਹੇ ਲੱਛਣ ਪਾਏ ਜਾਣ, ਉੱਥੇ ਇਸ ਦਵਾ ਦੀ ਪੜਤਾਲ ਕਰ ਲੈਣੀ ਚਾਹੀਦੀ ਹੈ।

ਪਰ ਕਲੀਮੈਟਿਸ ਆਮ ਦਵਾਈਆਂ ਦੀ ਤਰ੍ਹਾਂ ਬਿਮਾਰੀਆਂ 'ਤੇ ਸਿੱਧਾ ਵਾਰ ਨਹੀਂ ਕਰਦੀ। ਇਹ ਬੀਮਾਰ ਦੇ ਮਨ ਦਾ ਉਲਝਿਆ ਤਾਣਾ-ਬਾਣਾ ਸੁਲਝਾਉਂਦੀ ਹੈ। ਇਹ ਉਸ ਦੀ ਸੋਚ ਨੂੰ ਸਿੱਧਾ ਕਰ ਕੇ ਉਸ ਨੂੰ ਅਸਮਾਨੋਂ ਧਰਤੀ 'ਤੇ ਲਿਆਉਂਦੀ ਹੈ ਤੇ ਵਰਤਮਾਨ ਵਿਚ ਰਹਿਣ ਦੇ ਯੋਗ ਬਣਾਉਂਦੀ ਹੈ। ਇਹ ਉਸ ਨੂੰ ਕਾਰਨ, ਫਲ ਤੇ ਇੱਛਾ ਦਾ ਸੰਬੰਧ ਸਿਖਾਉਂਦੀ ਹੈ। ਇਹ ਸਮਝਾਉਂਦੀ ਹੈ ਕਿ ਸਪਨੇ ਲੈਣੇ ਗੁਨਾਹ ਨਹੀਂ ਹਨ, ਪਰ ਇਨ੍ਹਾਂ ਤੀਕ ਛਾਲ ਮਾਰ ਕੇ ਨਹੀਂ ਪਹੁੰਚਿਆ ਜਾ ਸਕਦਾ। ਇਨ੍ਹਾਂ ਨੂੰ ਸਾਰਥਿਕ ਰੂਪ ਵਿਚ ਪ੍ਰਾਪਤ ਕਰਨ ਲਈ ਕਾਰਨਾਂ ਨਾਲ ਜੋੜਨਾ ਪੈਂਦਾ ਹੈ ਤੇ ਫਿਰ ਯਥਾ ਯੋਗ ਕਰਮ ਕਰ ਕੇ ਮਨਬਾਂਛਤ ਫਲਾਂ ਤੀਕ ਅਪੜਿਆ ਜਾ ਸਕਦਾ ਹੈ। ਇਹ ਉਸ ਨੂੰ ਆਪਣੇ ਆਦਰਸ਼ਵਾਦ ਤੀਕ ਯਥਾਰਥਵਾਦ ਦੀਆਂ ਪੌੜੀਆਂ ਲਾਉਣਾ ਸਿਖਾਉਂਦੀ ਹੈ ਤੇ ਉਸ ਦੀਆਂ ਅੱਖਾਂ ਤੋਂ ਦੂਰ ਦੀਆਂ ਰੰਗੀਨ ਐਨਕਾਂ ਉਤਾਰ ਕੇ ਨੇੜਲੀ ਨਜ਼ਰ ਦੇ ਸ਼ੀਸ਼ੇ ਫਿਟ ਕਰਦੀ ਹੈ। ਇਹ ਉਸ ਨੂੰ ਦੂਰ ਦੀ ਤਸਵੀਰ ਦੇਖਣ ਤੋਂ ਪਹਿਲਾਂ ਨਜ਼ਦੀਕ ਦੀ ਹਕੀਕਤ ਦੇਖਣ ਦਾ ਆਦੀ ਬਣਾਉਂਦੀ ਹੈ। ਇਹ ਉਸ ਵਿਚ ਇਸੇ ਜ਼ਿੰਦਗੀ ਨੂੰ ਜਿਊਣ ਦਾ ਜੋਸ਼ ਭਰਦੀ ਹੈ ਤੇ ਅਗਲੀ ਦਾ ਭਰਮ ਮਿਟਾਉਣ ਦਾ ਕੰਮ ਕਰਦੀ ਹੈ। ਇਸ ਤਰ੍ਹਾਂ ਸੁਚੇਤ ਬਣ ਕੇ ਉਹ ਚੰਗਾ ਵਿਗਿਆਨੀ, ਲੇਖਕ, ਸਾਇੰਸ ਫਿਕਸ਼ਨ ਲਿਖਾਰੀ, ਕਲਾਕਾਰ, ਫੋਟੋਗਰਾਫਰ, ਫਿਲਮ ਕਹਾਣੀਕਾਰ, ਡਾਕਟਰ, ਡਿਜ਼ਾਇਨਰ ਤੇ ਨਵੀਨ ਕਾਢਾਂ ਕਢਣ ਵਾਲਾ ਬਣ ਸਕਦਾ ਹੈ। ਇਸ ਤਰ੍ਹਾਂ ਇਹ ਮਨੁੱਖ ਦੇ ਬਾਹਰ-ਅੰਦਰ ਦੇ ਦਵੰਧ ਮਿਟਾ ਕੇ ਉਸ ਨੂੰ ਸਰੀਰਕ ਪੱਖੋਂ ਤੰਦਰੁਸਤ ਕਰਦੀ ਹੈ।

ਕਹਾਣੀ

# ਹਵਾ ਵਿਚ ਲਟਕਦੀ ਜ਼ਿੰਦਗੀ

***ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਕਿਰਤੀ ਵਰਗ ਨੁਮਾਇਆ ਰੂਪ ਵਿਚ ਹਾਜ਼ਰ ਹੋਇਆ ਹੈ। ਕਹਾਣੀਕਾਰ ਨੇ ਇਸ ਵਰਗ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਬਹੁਤ ਮਾਰਮਿਕ ਰੂਪ ਵਿਚ ਪੇਸ਼ ਕੀਤਾ ਹੈ। 'ਹਵਾ ਵਿਚ ਲਟਕਦੀ ਜ਼ਿੰਦਗੀ' ਨਾਂ ਦੀ ਕਹਾਣੀ ਵਿਚ ਬੇਲਦਾਰ ਦੀ ਧੁਖਦੀ ਜ਼ਿੰਦਗੀ ਦੀ ਬਾਤ ਪਾਈ ਗਈ ਹੈ, ਜਿਸ ਉਤੇ ਰੁਜ਼ਗਾਰ ਦੀ ਤਲਵਾਰ ਸਦਾ ਹੀ ਲਟਕਦੀ ਰਹਿੰਦੀ ਹੈ। -ਸੰਪਾਦਕ***



**ਗੁਰਮੀਤ ਕੜਿਆਲਵੀ**

ਬੇਲਦਾਰ ਜੰਗ ਸਿੰਘ ਉਰਫ ਜੰਗੇ ਨੇ ਪੁਲ ਦੀ ਥੜ੍ਹੀ 'ਤੇ ਖੜ੍ਹ ਕੇ ਪਿੰਡੋਂ ਆਉਣ ਵਾਲੀ ਸੜਕ 'ਤੇ ਦੂਰ ਤੱਕ ਨਿਗਾਹ ਘੁਮਾਈ। ਸੂਰਜ ਦੀਆਂ ਤੇਜ਼ ਕਿਰਨਾਂ ਸਿੱਧੀਆਂ ਉਸ ਦੀਆਂ ਚੁੱਚੀਆਂ ਅੱਖਾਂ ਦੇ ਪਰਦਿਆਂ 'ਤੇ ਆ ਵੱਜੀਆਂ। ਉਸ ਨੂੰ ਕੁਝ ਵਿਖਾਈ ਨਾ ਦਿੱਤਾ। ਉਸ ਨੇ ਮੋਟੀ ਸਾਰੀ ਗਾਲ੍ਹ ਕੱਢੀ। ਉਸ ਦੇ ਮੂੰਹੋਂ ਕਿਸ ਨੂੰ ਗਾਲ੍ਹ ਨਿਕਲ ਗਈ-ਸੂਰਜ ਨੂੰ ਜਾਂ ਮੇਅਟ ਮਿਹਰ ਸਿੰਘ ਨੂੰ, ਉਸ ਨੂੰ ਆਪਣੇ ਆਪ ਨੂੰ ਪਤਾ ਨਾ ਲੱਗਾ। ਉਸ ਨੇ ਇੱਕ ਪਲ ਨਜ਼ਰ ਨੀਵੀਂ ਕੀਤੀ, ਫੇਰ ਦੂਸਰੇ ਪਲ ਹੀ ਹੱਥ ਦਾ ਛੱਪਰ ਜਿਹਾ ਬਣਾ ਮੱਥੇ 'ਤੇ ਰੱਖਿਆ ਤੇ ਪਿੰਡ ਵੱਲ ਭਰਵੀਂ ਨਜ਼ਰ ਸੁੱਟੀ। ਮਿਹਰ ਸਿੰਘ ਮੇਅਟ ਦਾ ਦੂਰ ਤੱਕ ਕੋਈ ਨਾਂ ਨਿਸ਼ਾਨ ਨਹੀਂ ਸੀ। ਮੇਅਟ ਤਾਂ ਕੀ, ਕੋਈ ਵੀ ਆਦਮੀ ਉਸ ਨੂੰ ਦੂਰ ਤੱਕ ਪਿੰਡ ਵਲੋਂ ਆਉਂਦਾ ਨਜ਼ਰ ਨਾ ਆਇਆ।

"ਲੱਗਦਾ ਅੱਜ ਵੀ ਨ੍ਹੀਂ ਆਉਂਦਾ।" ਉਸ ਨੇ ਮਨ ਹੀ ਮਨ ਸੋਚਿਆ।

"ਇੱਕ ਤਾਂ ਏਹ ਮੇਅਟ ਈ ਨ੍ਹੀਂ ਮਾਣ। ਆਵਦੇ ਆਪ ਨੂੰ ਕਿਸੇ ਅਪਸਰ ਨਾਲੋਂ ਘੱਟ ਨ੍ਹੀ ਸਮਝਦਾ। ਬਾਕੀ ਓਵਰਸੀਅਰ ਤੇ ਐਸ.ਡੀ.ਓ. ਨੇ ਤਾਂ ਕੀ ਕਿਸੇ ਕੰਜਰ ਨੂੰ ਬੰਦਾ ਸਮਝਣਾ। ਆਵਦੇ ਤੋਂ ਛੋਟੇ ਮੁਲਾਜ਼ਮ 'ਤੇ ਹਰੇਕ ਈ ਅਪਸਰੀ ਜਗਾਉਂਦਾ। ਮ੍ਹਾਤੜ ਅਰਗੇ ਮੁਲਾਜ਼ਮ ਨੂੰ ਤਾਂ ਸਾਰੇ ਰੰਨ ਹੀ ਸਮਝਦੇ। ਇਹ ਮੇਅਟ ਈ ਆਵਦੇ ਆਪ ਨੂੰ ਰਾਣੀ ਖਾਂ ਦਾ ਸਾਲਾ ਸਮਝੀ ਫਿਰਦੈ। ਮਜਾਲ ਕੀ ਟਿਕਣ ਦੇ ਜੇ। ਆਪ ਜਦੋਂ ਜੀ ਕਰੇ ਘਰੇ ਰਹਿਪੂ। ਜੇ ਕਿਧਰੇ ਲੇਟ ਪੰਜ ਸੱਤ ਮਿੰਟ ਹੋਜਾਂ, ਗੱਦੋਂ ਦਾ ਸਾਲਾ ਰਾਸ਼ਨ ਲੈ ਕੇ ਚੜ੍ਹ ਜੂ। ਜੰਗਿਆ ਅਹਿ ਕਰ ਲੈ-ਜੰਗਿਆ ਅਹੁ ਕਰ ਲੈ। ਊਰੀ ਆਂਗੂੰ ਘੁੰਮਾਈ ਫਿਰੂ। ਓਵਰਸੀਅਰ ਘਰ ਸਾਗ ਦੇ ਆ, ਜੰਗਿਆ ਫਲਾਨੇ ਠੇਕੇਦਾਰ ਦੇ ਮੱਕੀ ਦੀਆਂ ਛੱਲੀਆਂ ਫੜਾ ਆ, ਜੰਗਿਆ ਢਿਮਕੇ ਘਰ ਕਣਕ ਪੁਚਾਈਂ, ਜੰਗਿਆ ਅਮਕੇ ਦੀ ਕੁੜੀ...।" ਜੰਗੇ ਨੇ ਅੱਕ ਕੇ ਮੇਅਟ ਨੂੰ ਮਨ ਹੀ ਮਨ ਗਾਲ੍ਹਾਂ ਦੀ ਝੜੀ ਲਾ ਦਿੱਤੀ।

"ਲੈ ਜਦੋਂ ਮਰਜ਼ੀ ਲੈ ਆਈਂ ਸ਼ਗਨ ਜੀਜੇ ਆਸਤੇ।" ਉਸ ਨੇ ਬੁੱਲ੍ਹਾਂ ਵਿਚ ਬੁੜ ਬੁੜ ਕੀਤੀ ਅਤੇ ਸੇਮ ਦੀ ਪਟੜੀ 'ਤੇ ਪੁਟਾਈ ਕਰਦੀ ਇੰਦਰ ਸਿੰਹੁ ਠੇਕੇਦਾਰ ਦੀ ਲੇਬਰ ਦੇ ਸਿਰਹਾਣੇ ਖੜੋਤੇ ਠੇਕੇਦਾਰ ਦੇ ਮੁਨਸ਼ੀ ਕੋਲ ਆ ਖੜੋਤਾ।

"ਕਿਉਂ ਕਿਮੇ ਆ ਸਰਦਾਰ ਜੰਗ ਸਿਆਂ। ਕਿਮੇ ਅੱਜ ਭਖਿਆ ਜਿਆ ਫਿਰਦੈਂ। ਖੈਰ ਮਿਹਰ ਤਾਂ ਹੈ? ਕਿਤੇ ਘਰੇ ਅੱਜ ਸਰਦਾਰਨੀ ਨਾਲ ਤਾਂ ਨ੍ਹੀਂ ਉਚੀ ਨੀਵੀਂ ਹੋਈ ?" ਮੁਨਸ਼ੀ ਜੋਗਿੰਦਰ ਨੇ ਉਸ ਦੇ ਚੜ੍ਹੇ ਤੇਵਰਾਂ ਵੱਲ ਝਾਕਦਿਆਂ, ਖੈਰ ਮਿਹਰ ਅਤੇ ਸਰਦਾਰਨੀ ਸ਼ਬਦਾਂ 'ਤੇ ਜ਼ੋਰ ਦੇ ਕੇ ਆਖਿਆ।

ਜੰਗੇ ਦਾ ਜੀਅ ਤਾਂ ਕੀਤਾ ਮੇਅਟ ਨੂੰ ਗਾਲ੍ਹਾਂ ਦੀ ਸੂੜ ਧੜ ਲਵੇ, ਪਰ ਉਸ ਨੇ ਇੰਜ ਨਾ ਕੀਤਾ। ਮਿਹਰ ਸਿੰਘ ਫੇਰ ਵੀ ਉਸ ਦੇ ਆਪਣੇ ਮਹਿਕਮੇ ਦਾ ਬੰਦਾ ਸੀ। ਆਖਰ ਮੌਕੇ ਦਾ ਅਫਸਰ ਸੀ, ਇਕੋ ਮਹਿਕਮਾ, ਇਕੋ ਥਾਂ ਡਿਊਟੀ। ਆਪਸ ਵਿਚਲੀ ਗੱਲਬਾਤ ਬਾਹਰ ਕਿਉਂ ਲਿਜਾਈ ਜਾਵੇ। ਮੁਨਸ਼ੀ ਫੇਰ ਵੀ ਬਾਹਰਲਾ ਬੰਦਾ। ਘਰ ਦੀ ਗੱਲ ਘਰ ਵਿਚ ਹੀ ਰਹੇ ਠੀਕ ਹੁੰਦੀ ਏ। ਇਹ ਸੋਚ ਕੇ ਉਹ ਗੁੱਸਾ ਅੰਦਰੇ-ਅੰਦਰ ਪੀ ਗਿਆ।

"ਕੁਛ ਨ੍ਹੀਂ ਯਾਰ! ਬੱਸ ਐਮੀ ਮੂੜ੍ਹ ਜਿਹਾ ਖਰਾਬ ਐ। ਹੋਰ ਉਚੀ ਨੀਵੀਂ ਕੀ ਹੋਣੀ ਆਪਣੀ ਕਿਸੇ ਨਾਲ।"

"ਕਿਤੇ ਮਿਹਰ ਸਿੰਹੁ ਨੇ ਤਾਂ ਨ੍ਹੀ ਪਾਤਾ ਨਵਾਂ ਜੰਗ ਪਲੰਘਾ?" ਮੁਨਸ਼ੀ ਨੇ ਟਿਕਾਣੇ ਲਾ ਦਿੱਤੀ। ਜੰਗ ਸਿੰਹੁ ਭਾਵੇਂ ਲੱਖ ਲੁਕਾਉਣਾ ਚਾਹੁੰਦਾ ਸੀ ਪਰ ਮੁਨਸ਼ੀ ਦੇ ਇਹੋ ਜਿਹੇ ਬੇਲਦਾਰਾਂ, ਮੇਅਟਾਂ ਨਾਲ ਕੰਮ ਕਰਦਿਆਂ ਈ ਕਾਲਿਓਂ ਚਿੱਟੇ ਹੋਏ ਸਨ।

"ਨਹੀਂ ਮਿਹਰ ਸਿੰਹੁ ਨੇ ਕੀ ਪਾਉਣਾ ਜੰਗ-ਪਲੰਗਾ। ਉਹ ਤਾਂ ਆਪ ਮੇਰੇ ਅਰਗਾ।" ਜੰਗੇ ਨੇ ਪਾਣੀ ਜਿਹਾ ਗੰਧਾਲਿਆ।

"ਬਾਜੇ-ਬਾਜੇ ਬੰਦਿਆਂ ਨੂੰ ਚੁਗਲੀ ਕਰਨ ਦੀ ਆਦਤ ਹੁੰਦੀ ਐ। ਐਵੇਂ ਅਫਸਰਾਂ ਅੱਗੇ ਨਾਲ ਦੇ ਮੁਲਾਜ਼ਮ ਬੰਦਿਆਂ ਦੀਆਂ ਈ ਵਧਵੀਆਂ ਘਟਵੀਆਂ ਕਰਦੇ ਰਹਿਣਗੇ। ਨਿੱਕੀ-ਨਿੱਕੀ ਗੱਲ ਦੀ ਡਾਰ ਬਣਾ ਦਿੰਦੇ। ਆਵਦੇ ਨੰਬਰ ਬਣਾਉਂਦੇ, ਦੂਜੇ ਦੇ ਘਟਾਉਂਦੇ। ਆਦਤ ਮੈਨੂੰ ਥੋਡੇ ਮਿਹਰ ਸਿੰਹੁ ਦੀ ਵੀ ਖੋਟੀਓ ਲੱਗਦੀ।" ਮੁਨਸ਼ੀ ਨੇ ਜਿਵੇਂ ਜੰਗੇ ਦੇ ਅੰਦਰੋਂ ਅਸਲੀ ਗੱਲ ਕਢਵਾਉਣ ਦੀ ਠਾਣੀ ਹੋਈ ਸੀ।

"ਤੂੰ ਵੀ ਨਾ...ਐਂ ਧੁਰ ਤੱਕ ਜਾਨੈਂ ਗੱਲ ਦੇ।"

"ਜੰਗ ਸਿਹੁੰ ਸਰਦਾਰਾ, ਦਾਈਆਂ ਕੋਲੋਂ ਪੇਟ ਨ੍ਹੀਂ ਲੁਕਾਈਦੇ। ਮੇਰੀ ਸਾਰੀ ਉਮਰ ਥੋਡੇ ਮਹਿਕਮੇ 'ਚ ਈ ਲੰਘੀ ਆ। ਮੈਂ ਤਾਂ ਜੁਆਕ ਦੀ ਪਿੱਠ ਵੇਖ ਕੇ ਦੱਸ ਦਿੰਨਾਂ ਏਹਦੇ ਨਾਨਕੇ ਕਿੱਥੇ ਆ?"

"ਮਖ ਸੱਚ ਵੀ ਮੰਨ, ਕੋਈ ਗੱਲ ਨ੍ਹੀਂ। ਐਮੀ 'ਡੀਕਦਾ ਸੀ। ਖੌਰੇ ਕੀ ਗੱਲ ਹੋਗੀ ਆਇਆ ਨ੍ਹੀ ਤਿੰਨ ਦਿਨ ਹੋਗੇ। ਮੈਂ ਸੋਚਦਾ ਸੀ ਸਵੱਖਤੇ ਆ ਜਾਂਦਾ ਤਾਂ ਮੈਂ ਸ਼ਹਿਰ ਦਫਤਰ ਈ ਜਾ ਆਉਂਦਾ। ਸ਼ਹਿਰ ਕੰਮ ਸੀ ਐਮੀ ਮਾੜਾ ਜਿਹਾ।" ਜੰਗੇ ਨੇ ਉਹਲਾ ਰੱਖ ਲੈਣਾ ਈ ਠੀਕ ਸਮਝਿਆ ਸੀ।

"ਖੈਰ ਨਾ ਦੱਸ ਤੇਰੀ ਮਰਜ਼ੀ। ਊਂ ਗੱਲ, ਕੋਈ ਨਾ ਕੋਈ ਹੈ ਜ਼ਰੂਰ।" ਮੁਨਸ਼ੀ ਨੇ ਗਹੁ ਨਾਲ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਜੰਗੇ ਨੂੰ ਜਾਪਿਆ ਜਿਵੇਂ ਮੁਨਸ਼ੀ ਨੇ ਉਸ ਦੇ ਝੂਠ ਨੂੰ ਫੜ ਲਿਆ ਹੋਵੇ। ਉਸ ਨੂੰ ਬੇਚੈਨੀ ਜਿਹੀ ਹੋਈ। ਮੁਨਸ਼ੀ ਕੋਲੋਂ ਹਿੱਲ ਉਹ ਆਪਣੀ ਸਾਈਕਲ ਕੋਲ ਜਾ ਪੁੱਜਾ। ਧੁੱਪੇ ਖੜ੍ਹੀ ਸਾਈਕਲ ਨੂੰ ਕਿੱਕਰ ਦੀ ਛਾਵੇਂ ਕੀਤਾ। ਉਸ ਨੂੰ ਆਪਣੇ ਅੰਦਰ ਭੁੱਖ ਨਾਲ ਖੋਹ ਜਿਹੀ ਪੈਂਦੀ ਜਾਪੀ ਪਰ ਉਸ ਦਾ ਹੌਂਸਲਾ ਨਾ ਪਿਆ ਕਿ ਸਾਈਕਲ ਦੇ ਮੂਹਰਲੇ ਡੰਡੇ ਨਾਲੋਂ ਡੱਬਾ ਲਾਹ ਕੇ ਰੋਟੀ ਖਾ ਲਵੇ। ਉਸ ਨੇ ਪਸੀਨੋ-ਪਸੀਨਾ ਹੋਏ ਮਿੱਟੀ ਪੁੱਟਦੇ ਮਜ਼ਦੂਰਾਂ ਵੱਲ ਵੇਖਿਆ ਤਾਂ ਉਸ ਦੇ ਅੰਦਰੋਂ ਚੀਸ ਜਿਹੀ ਨਿਕਲੀ। ਮਿੱਟੀ ਬੜੀ ਸਖਤ ਤੇ ਰੋੜਾਂ ਵਾਲੀ ਸੀ। ਮਿੱਟੀ ਪੁੱਟਣ ਲਈ ਜ਼ੋਰ ਨਾਲ ਮਾਰੀ ਕਹੀ ਮਸੀਂ ਚੱਪਾ ਭਰ ਥੱਲੇ ਖੁੱਭਦੀ । ਜ਼ੋਰ ਨਾਲ ਟੱਕ ਮਾਰਿਆਂ ਇੱਕ ਵਾਰ ਤਾਂ ਕਹੀ ਮੱਥੇ ਵੱਲ ਨੂੰ ਆਉਂਦੀ। ਲੇਬਰ ਵਿਚਲੇ ਅਲੂੰਏਂ ਜਿਹੇ ਮੁੰਡੇ ਵੱਲ ਵੇਖ ਕੇ ਜੰਗੇ ਦੇ ਸੰਘੋਂ ਹਉਕਾ ਜਿਹਾ ਨਿਕਲ ਹਵਾ ਵਿਚ ਰਲ ਗਿਆ। ਉਸ ਦਾ ਆਪਣਾ ਮੁੰਡਾ ਟਹਿਲਾ ਉਸ ਦੀਆਂ ਅੱਖਾਂ ਅੱਗੇ ਖੜੋਤਾ।

... ਜੰਗ ਸਿਆਂ, ਔਲਾਦ ਖਾਤਰ ਬੰਦਾ ਕੀ ਕੀ ਨ੍ਹੀਂ ਕਰਦਾ? ਮੈਂ ਤਾਂ ਟਹਿਲੇ ਖਾਤਰ ਈ ਭੱਠ ਝੋਕ ਰਿਹਾਂ। ਦਿਨ-ਰਾਤ ਬੂੱਤੀਆਂ ਕਰੀਦੀਆਂ ਅਫਸਰਾਂ ਦੀਆਂ। ਸੋਚੀਦਾ ਦਸ ਜਮਾਤਾਂ ਕਰ ਜੇ। ਕਿਸੇ ਸੜੇ ਸੱਟੇ ਅਫਸਰ ਦੇ ਪੈਰੀਂ ਪੈ ਕੇ ਮਹਿਕਮੇ 'ਚ 'ਡਜੱਸਟ ਕਰਾ ਲਾਂਗੇ। ਕਿਧਰੇ ਵਰਕ ਮੁਨਸ਼ੀ ਲਵਾਤਾ ਜਾਂ ਫਿਰ ਗੇਜ ਰੀਡਰ ਈ ਭਰਤੀ ਕਰਾਤਾ-ਮੌਜਾਂ ਕਰੂ ਸਾਰੀ ਉਮਰ। ਦਿਹਾੜੀਆਂ ਕਰਨ ਤੋਂ ਬਚ ਜੂ। ਨਹੀਂ ਦਿਹਾੜੀ ਆਲੇ ਤਾਂ ਮੇਰੇ ਸਾਲੇ ਸਾਰੀ ਦਿਹਾੜੀ 'ਚ ਰੱਤ ਚੂਸ ਲੈਂਦੇ। ਟੈਮ ਈ ਕੋਈ ਨ੍ਹੀਂ ਕੰਮ ਦਾ। ਸਵੇਰ ਤੋਂ ਰਾਤ ਤੱਕ, ਲੈ ਓਏ ਲੰਡਿਆ...ਦੇ ਓਏ ਮੀਣ੍ਹਿਆ। ਨਾਲੇ ਉਲਟਾ ਮਸ਼ਕਰੀਆਂ ਕਰਨਗੇ। ਫੇਰ ਕਹਿਣਗੇ...ਕੰਮ ਨ੍ਹੀਂ ਕਰਦਾ ਜੀਅ ਜਾਨ ਲਾ ਕੇ। ਵਈ ਹੋਰ ਥੋਡੀ...।" ਜੰਗੇ ਦੀ ਸੋਚ ਪਟੜੀ ਤੋਂ ਉਤਰ ਕੇ ਘਰ ਅਤੇ ਫੇਰ ਪਿੰਡ ਦੇ ਘਰਾਂ 'ਚ ਜਾ ਵੜੀ।

ਪਿੰਡ ਦਾ ਚੇਤਾ ਆਉਂਦਿਆਂ ਹੀ ਜੰਗੇ ਨੇ ਇੱਕ ਵਾਰੀ ਫੇਰ ਪਿੰਡ ਦੇ ਰਾਹ ਵੱਲ ਓਪਰੀ ਜਿਹੀ ਨਜ਼ਰ ਮਾਰੀ। ਮੇਅਟ ਤਾਂ ਕਿਧਰੇ, ਉਸ ਦੀ ਧੂੜ ਵੀ ਆਉਂਦੀ ਨਜ਼ਰ ਨਾ ਆਈ। ਉਸ ਦਾ ਜੀਅ ਕਾਹਲਾ ਪੈਣ ਲੱਗਾ। ਦਿਲ ਕੀਤਾ, ਨੰਗੇ ਪੈਰੀਂ ਸ਼ੂਟ ਵੱਟ ਕੇ ਪਿੰਡ ਨੂੰ ਭੱਜ ਜਾਵੇ ਤੇ ਮੇਅਟ ਨੂੰ ਧੌਣੋਂ ਫੜ ਲਵੇ।

... ਮੇਰੇ ਪੁੱਤ ਦਾ ਇਹ ਚਿੱਬਾ ਜਿਆ ਈ ਨ੍ਹੀਂ ਮਾਣ। ਏਹਨੂੰ ਭੋਰਾ ਹਮਦਰਦੀ ਨ੍ਹੀਂ ਕਿਸੇ ਗਰੀਬ ਭਰਾ ਨਾਲ। ਆਕੜ 'ਚ ਨਹੁੰ ਨੀ ਖੁੱਭਦਾ ਕਿਤੇ। ਖੈਰ ਇਹ ਕਿਹੜਾ 'ਸਮਾਨੋਂ ਉਤਰਿਆ, ਅੱਜ ਕੱਲ੍ਹ ਕੌਣ ਕਿਸੇ ਦਾ ਵਿੰਹਦਾ। ਸਾਰਿਆਂ ਨੂੰ ਆਵਦੇ ਢਿੱਡ ਦੀ ਪਈ ਆ। ਕਿਸੇ ਦਾ ਭਲਾ ਕਰ ਕੇ ਤਾਂ ਕੋਈ ਰਾਜ਼ੀ ਈ ਨ੍ਹੀਂ... ਵਿਗਾੜ ਜਿੰਨਾ ਮਰਜ਼ੀ ਦੇਣ ਕਿਸੇ ਦਾ। ਏਹਨੂੰ ਚੰਗਾ ਭਲਾ ਪਤਾ ਮੈਨੂੰ ਅਜੇ ਤੱਕ ਪੇਮੈਂਟ ਨਹੀਂ ਮਿਲੀ। ਉਤੋਂ ਅੱਠ ਤਰੀਕ ਹੋਗੀ, ਦੱਸ ਘਰਦਾ ਖਰਚ ਕਿਥੋਂ ਚਲਾਉਣੈ? ਘਰੇ ਕਿਹੜਾ ਨੋਟ ਦੱਬੇ ਪਏ ਆ, ਜਿਥੋਂ ਕੱਢ-ਕੱਢ ਕੇ ਲਾਈ ਜਾਣੇ। ਕੁੱਤੇ ਦੀ ਦੁੰਬ ਮਿਹਰ ਸਿਹੁੰ ਕਿਧਰੋਂ ਕੰਮ 'ਤੇ ਆਵੇ ਤਾਂ ਮੈਂ ਸ਼ਹਿਰ ਦਫਤਰ ਜਾ ਕੇ ਓਵਰਸੀਅਰ ਤੋਂ ਤਨਖਾਹ ਲੈ ਆਵਾਂ ਪਰ ਇਥੇ ਗਰੀਬ ਨਾਲ ਕਿਸੇ ਨੂੰ ਹੈਦਿਆ ਈ ਨ੍ਹੀਂ?" ਜੰਗੇ ਨੇ ਸਾਈਕਲ ਦੇ ਸਟੈਂਡ ਪਿਛੇ ਟੰਗੀ ਕੁਹਾੜੀ ਲਾਹੀ ਤੇ ਬਾਲਣ ਲਾਹੁਣ ਲਈ ਖਤਾਣਾਂ ਵਿਚ ਖੜ੍ਹੀਆਂ ਕਿੱਕਰਾਂ ਵੱਲ ਤੁਰ ਪਿਆ।

... ਜੰਗ ਸਿਆਂ! ਪੰਜੇ ਉਂਗਲਾਂ ਤਾਂ ਨ੍ਹੀਂ ਹੁੰਦੀਆਂ ਇਕੋ ਜਿਹੀਆਂ। ਜਿਉਂਦਾ ਰਵੇ ਵਿਚਾਰਾ ਸੋਢੀ ਸਾਬ੍ਹ। ਗਰੀਬ ਦੇ ਹੱਕ ਨੂੰ ਨ੍ਹੀ ਸੀ ਮਾੜਾ। ਬੱਸ ਰਾਹ ਖੈੜੇ ਦੀ ਸਾਬ-ਸਲਾਮ ਸੀਗੀ ਉਹਦੇ ਨਾਲ। ਇੱਕ ਦਿਨ ਐਵੇਂ ਹੱਸਦਿਆਂ ਕਹਿ'ਤਾ, "ਵਈ ਸੋਢੀ ਸਾਬ ਪਟੜੀ ਫੇਰ ਥੋਡਾ ਸਿੱਕਾ ਚੱਲਦਾ, ਕਿਤੇ ਮ੍ਹਾਤੜ ਨੂੰ ਰੋਟੀ ਦੇ ਬਿਲੇ ਕਰ ਦਿਓ। ਕਿਸੇ ਦਫਤਰ 'ਚ ਚਪੜਾਸੀ, ਕਿਸੇ ਗੁਦਾਮ 'ਚ ਚੌਂਕੀਦਾਰ ਜਾਂ ਕਿਸੇ ਨਹਿਰ ਖਾਲੇ 'ਤੇ ਬੇਲਦਾਰ ਹੀ ਲਵਾ ਦਿਓ।" ਬੱਸ ਮਿੰਨਾ ਜਿਹਾ ਹੱਸ ਕੇ ਵਿਖਾਤਾ, ਅਖੇ ਕੋਈ ਨ੍ਹੀਂ ਮੈਂ ਕਰੂੰ ਕਿਤੇ ਸੁਰ ਪਤਾ। ਕਿਧਰੇ ਥਾਂ ਖਾਲੀ ਹੋਈ ਤਾਂ ਤੇਰੇ ਵਾਸਤੇ ਕਰ ਲਾਂਗੇ ਮਿੰਨਤ ਤਰਲਾ, ਹੋਰ ਆਪਾਂ ਕੀ ਕਰ ਸਕਦੇ ਆਂ? ਲੈ ਅਜੇ ਇਸ ਗੱਲ ਨੂੰ ਮਹੀਨਾ ਨ੍ਹੀਂ ਹੋਇਆ ਹੋਣਾ, ਆਪ ਬੰਦਾ ਭੇਜ ਕੇ ਮੈਨੂੰ ਘਰੋਂ ਬੁਲਾਇਆ, ਅਖੇ ਜੰਗਿਆ, ਕੱਲ੍ਹ ਤੋਂ ਫਿੱਡਾ ਡਰੇਨ 'ਤੇ ਜਾ ਹਾਜ਼ਰੀ ਲਾਵੀਂ। ਐਹੇ ਜੇ ਨਰ ਤੇ ਧਰਮੀ ਪੁਰਸ਼ਾਂ ਆਸਰੇ ਈ ਇਹ ਧਰਤੀ ਖੜ੍ਹੀ ਐ, ਨਈਂ ਮਿਹਰ ਸਿਹੁੰ ਮੇਅਟ ਅਰਗੇ ਲੂਤੜਾਂ ਨੇ ਤਾਂ ਹੁਣ ਤੀਕ ਡੁਬੋ ਦੇਣਾ ਸੀ ਏਹਨੂੰ।" ਜੰਗੇ ਨੇ ਸਾਈਕਲ ਚੁੱਕਿਆ ਤੇ ਅਗਲੀਆਂ ਬੁਰਜੀਆਂ 'ਤੇ ਚੱਲ ਰਹੇ ਪੁਟਾਈ ਦੇ ਕੰਮ 'ਤੇ ਗੇੜਾ ਮਾਰਨ ਤੁਰ ਪਿਆ।

ਸੂਰਜ ਸਿਰ ਪਰਨੇ ਆ ਗਿਆ ਸੀ। ਜੰਗੇ ਨੇ ਮੂਹਰਲੀ ਟੋਕਰੀ 'ਚ ਪਏ ਸਾਫੇ ਨਾਲ ਰਗੜ ਕੇ ਧੌਣ ਤੱਕ ਵਗ ਆਇਆ ਪਸੀਨਾ ਪੂੰਝਿਆ। ਉਸ ਦੇ ਆਪਣੇ ਵਰਗੇ ਸਾਈਕਲ ਦੀ ਚੈਨ ਘਵਿਚ-ਘਵਿਚ ਕਰ ਰਹੀ ਸੀ। ਕਿੰਨੇ ਦਿਨਾਂ ਤੋਂ ਹੀ ਸਾਈਕਲ ਦੀ ਚੈਨ ਖਰਾਬ ਹੋਈ ਪਈ ਸੀ। ਜੰਗੇ ਨੇ ਪੂਰੇ ਗਹੁ ਨਾਲ ਆਪਣੇ ਸਾਈਕਲ ਵੱਲ ਵੇਖਿਆ। ਉਸ ਨੂੰ ਓਵਰਸੀਅਰ ਗੁਰਜੰਟ ਦੇ ਮੋਟਰਸਾਈਕਲ ਦਾ ਚੇਤਾ ਆ ਗਿਆ।

"ਸਾਲਾ ਅਫਸਰੀ ਦਾ...ਕੁੜੀ ਦਾ ਨੰਗ। ਬੰਦਾ ਸੀ ਭਾਟੀਆ। ਉਹਦੇ ਨਾਲ ਦਾ ਅਫਸਰ ਨ੍ਹੀਂ ਆਉਣਾ ਸਬ-ਡਿਵੀਜ਼ਨ 'ਚ। ਉਸੇ ਨੂੰ ਕਹਿ ਕੇ ਤਾਂ ਸੋਢੀ ਸਾਬ੍ਹ ਨੇ ਰਖਾਇਆ ਸੀ ਮੈਨੂੰ। ਬੱਸ ਢਾਈ-ਤਿੰਨ ਮਹੀਨੇ ਈ ਰਿਹਾ ਮੇਰੇ ਹੁੰਦਿਆਂ। ਦੁਆਬੇ ਕੰਨੀ ਬਦਲੀ ਕਰਵਾ ਗਿਆ ਸੀ। ਅਜ ਤੀਕ ਯਾਦ ਕਰਦੇ ਸਾਰੇ। ਹਰੇਕ ਬੇਲਦਾਰ ਨੂੰ ਕਹਿਣਾ, ਵਈ ਆਵਦੀ ਦਿਹਾੜੀ ਪਾ ਲਿਆ ਕਰੋ ਠੇਕੇਦਾਰ ਦੇ ਖਾਤੇ 'ਚੋਂ। ਫਿਰ ਦਿਨ-ਦਿਹਾਰ ਆਵਦੇ ਕੋਲੋਂ ਵੱਖਰਾ ਦੇਣਾ। ਮਜਾਲ ਕੀ ਲੋਹੜੀ-ਦੀਵਾਲੀ ਵੇਲੇ ਸੌ-ਸੌ ਤੋਂ ਘੱਟ ਦੇ ਜੇ। ਮਾਰਚ ਖਤਮ ਹੋਈ ਤੋਂ ਵੀ ਸੌ-ਸੋ ਹਰ ਬੇਲਦਾਰ ਨੂੰ ਬਿਨ ਮੰਗਿਆਂ ਦੇਣਾ। ਗਰੀਬ ਨਾਲ ਹੈਦਿਆ ਕਰਨ ਵਾਲੇ ਐਹੇ ਜੇ ਆਹਲਾ ਅਫਸਰ ਕਾਹਨੂੰ ਲੱਭਦੇ? ਜਾਂਦਾ ਹੋਇਆ ਏਹਨੂੰ ਟੂਟਲ ਜਏ ਨੂੰ ਵੀ ਕਹਿ ਕੇ ਗਿਆ, ਵਈ ਜੰਗ ਸਿਹੁੰ ਦਾ ਖਿਆਲ ਰੱਖੀਂ। ਏਹਨੂੰ ਹਟਾਉਣਾ ਨ੍ਹੀਂ, ਪੱਕੇ ਕਰਨ ਦੀ ਕੋਸ਼ਿਟ ਕਰੀਂ। ਭਾਟੀਆ...? ਉਹਦੀਆਂ ਕੀ ਗੱਲਾਂ ਕਰਦਾਂ ਜੰਗ ਸਿਆਂ? ਰੋਇਆ ਕਰ ਉਹਨੂੰ ਯਾਦ ਕਰ-ਕਰ ਕੇ। ਜੇ ਉਹ ਹੁੰਦਾ ਹੁਣ ਨੂੰ ਪੱਕਾ ਹੋ ਜਾਣਾ ਸੀ ਤੈਂਅ। ਆਹ ਲੀਚੜ ਗੁਰਜੰਟਾ...ਕਿਸੇ ਨੂੰ ਸਿਰ ਦੀ ਜੂੰ ਨ੍ਹੀਂ ਦਿੰਦਾ। ਦੂਜੇ ਮਹੀਨੇ ਈ ਮੇਰੀ ਹਾਜ਼ਰੀ ਬੰਦ ਕਰ'ਤੀ। ਹੁਣ ਇੱਕ ਮਹੀਨੇ ਕਿਸੇ ਦੇ ਨਾਂ 'ਤੇ ਦਸਖਤ ਕਰਾਊ, ਦੂਜੇ ਮਹੀਨੇ ਮੇਰੇ ਨਾਂ 'ਤੇ; ਵਈ ਸਾਲ 'ਚ ਲਗਾਤਾਰ ਦੋ ਸੌ ਚਾਲੀ ਦਿਨ ਨਾ ਪੂਰੇ ਹੋ ਜਾਣ। ਅਖੇ, ਉਤੋਂ ਸਰਕਾਰ ਦੇ ਆਡਰ ਆ, ਕਿਸੇ ਮੁਲਾਜ਼ਮ ਦੇ ਦੋ ਸੌ ਚਾਲੀ ਦਿਨ ਨ੍ਹੀਂ ਪੂਰੇ ਹੋਣ ਦੇਣੇ ਸਾਲ 'ਚ। ਔਤਰਾਂ-ਨਖੱਤਰਾ ਲਈ ਕੀ ਬੈਠਾ ਰੱਬ ਤੋਂ? ਤੀਵੀਂ ਨਿਆਣਾ ਭਾਲਦੀ ਸਿਆਣਿਆਂ-ਭੂਪਿਆਂ ਦੇ ਤੁਰੀ ਫਿਰਦੀ। ਇਹ ਸਾਲਾ ਬੰਦੇ ਨੂੰ ਬੰਦਾ ਨੀ ਸਮਝਦਾ। ਭਰਾ ਦੀ ਮੌਤ ਹੋਗੀ ਤਾਂ ਸਕੀ ਭਰਜਾਈ ਘਰੋਂ ਕੱਢ'ਤੀ ਵਈ ਸਾਰੀ ਜ਼ਮੀਨ 'ਕੱਲਾ ਸਾਂਭੂ। ਭੈਣ ਘੁਮਿਆਰਾਂ ਦੇ ਮੁੰਡੇ ਨਾਲ ਨਿਕਲਗੀ ਸੀ, ਪਟੜੀ ਫੇਰ ਰੌਲਾ ਪਿਆ ਰਿਹਾ। ਔਖਾ-ਸੌਖਾ ਹੁੰਦਾ ਸੀ ਮੁੰਡੇ ਨਾਲ। ਮੁੰਡੇ ਆਲਿਆਂ ਨੇ ਘੀਸੀਆਂ ਕਰਾ'ਤੀਆਂ। ਕੁੜੀ ਨੂੰ ਮਾਰਨ ਨੂੰ ਫਿਰਦਾ ਸੀ। ਮੁੰਡੇ ਨੇ ਆਖਿਆ ਖਬਰਦਾਰ ਜੇ ਕੁਝ ਹੋ ਗਿਆ ਏਹਨੂੰ। ਸਾਰੇ ਟੱਬਰ ਨੂੰ ਲਾਂਬੂ ਲਾਦੂੰ। ਬੱਕਰੀ ਬਣ ਗਿਆ ਫੇਰ ਤਾਂ...ਲੱਗਦਾ ਲੰਬੜਦਾਰੀ ਦਾ। ਮੇਰੇ ਅਰਗੇ ਗਰੀਬਾਂ



'ਤੇ ਹੁਕਮ ਚਲਾਉਂਦਾ ਰਹਿੰਦੈ ਪਰ ਵਈ ਜੰਗਿਆ, ਤੇਰੇ ਅਰਗਿਆਂ ਨੂੰ ਪੱਕਾ ਕਰਾ ਕੇ ਏਹਨੂੰ ਫੈਦਾ ਵੀ ਕੀ ਐ? ਪੱਕਾ ਬੰਦਾ ਥੋੜ੍ਹੀ ਕਰਦਾ ਕਿਸੇ ਦੀ ਚਮਚਾਗਿਰੀ। ਏਹ ਤਾਂ ਗੌਂਅ ਹੋਣ ਕਰ ਕੇ ਅੱਗੇ ਪਿਛੇ ਫਿਰੀਦਾ। ਪਹਿਲਾਂ ਤਾਂ ਤਿੰਨ ਬੰਦਿਆਂ ਦੀ ਡਿਊਟੀ ਆ ਡਰੇਨ 'ਤੇ ਜਿਹੜਾ ਮੈਂ 'ਕੱਲਾ ਸੰਭਾਲੀ ਫਿਰਦਾਂ। ਪੰਜ ਨੰਬਰ ਬੁਰਜੀਆਂ ਆਲੇ ਪੁਲ ਤੋਂ 'ਕੱਤੀ ਨੰਬਰ ਬੁਰਜੀ ਤੱਕ, ਪੂਰੀਆਂ ਛੱਬੀ ਬੁਰਜੀਆਂ ਮਲਬ ਕੀ ਪੂਰੇ ਛੱਬੀ ਕਿਲੋਮੀਟਰ। ਰੋਜ਼ਾਨਾ ਸਿਖਰ ਦੁਪਹਿਰੇ ਸਾਰੇ ਕੰਮ 'ਤੇ ਗੇੜਾ ਮਾਰਨਾ। ਰੇਤਾ ਆਲੀ ਪਟੜੀ-ਛੱਬੀ ਕਿਲੋਮੀਟਰ ਜਾਣ, ਛੱਬੀ ਕਿਲੋਮੀਟਰ ਆਉਣ। ਆਥਣ ਨੂੰ ਲੱਤਾਂ ਭੂਆ-ਭੂਆ ਕਰਨ ਲੱਗ ਜਾਂਦੀਆਂ।"

ਜੰਗੇ ਦੇ ਪੂਰੇ ਸਰੀਰ 'ਚੋਂ ਦਰਦ ਜਿਹਾ ਨਿਕਲਿਆ। ਅੱਗੇ ਰੇਤਾ ਵਾਲਾ ਰਾਹ ਆ ਜਾਣ ਕਰ ਕੇ, ਸਾਈਕਲ ਚਲਾਉਣ ਲਈ ਜ਼ੋਰ ਲੱਗਣ ਲੱਗਾ। ਪੱਟ ਫੁੱਲਦੇ ਜਾਪਣ ਲੱਗੇ। ਜਿਵੇਂ ਕਿਸੇ ਨੇ ਗਰਮ-ਗਰਮ ਸਲਾਖਾਂ ਉਸ ਦੇ ਪੱਟਾਂ ਵਿਚ ਰੱਖ ਦਿੱਤੀਆਂ ਹੋਣ। ਉਸ ਨੇ ਕਾਠੀ ਤੋਂ ਇੱਕ ਪਾਸੇ ਟੇਢਾ ਜਿਹਾ ਹੋ ਕੇ ਪੈਡਲ 'ਤੇ ਭਾਰ ਪਾਇਆ ਤਾਂ 'ਕੜਚ' ਦੀ ਆਵਾਜ਼ ਆਈ ਤੇ ਨਾਲ ਹੀ ਸਾਈਕਲ ਰੇਤਾ ਵਿਚ ਧਸ ਕੇ ਰੁਕ ਗਿਆ। ਜੰਗੇ ਨੇ ਸਾਈਕਲ ਤੋਂ ਉਤਰ ਕੇ ਚੈਨ ਵੱਲ ਵੇਖਿਆ, ਚੈਨ ਟੁੱਟ ਕੇ ਗਰਾਰੀ ਦੀ ਵਿਰਲ ਵਿਚ ਫਸ ਗਈ ਸੀ। ਜੰਗੇ ਦਾ ਰੋਣ ਨਿਕਲ ਚੱਲਿਆ ਸੀ। ਉਸ ਨੇ ਸਾਈਕਲ ਉਥੇ ਈ ਪਟੜੀ 'ਤੇ ਇੱਕ ਪਾਸੇ ਲਾ ਦਿੱਤਾ। ਪਿਆਸ ਨਾਲ ਉਸ ਦਾ ਸੰਘ ਖੁਸ਼ਕ ਹੋ ਗਿਆ। ਆਸੇ ਪਾਸੇ ਖੇਤਾਂ 'ਚ ਨਿਗ੍ਹਾ ਮਾਰੀ। ਕਿਧਰੇ ਵੀ ਕੋਈ ਮੋਟਰ ਜਾਂ ਟਿਊਬਵੈਲ ਚੱਲਦਾ ਨਜ਼ਰ ਨਾ ਆਇਆ। ਜੰਗੇ ਦਾ ਜੀਅ ਕੀਤਾ ਕਿ ਉਥੇ ਹੀ ਛਾਵੇਂ ਸਾਫਾ ਵਿਛਾ ਕੇ ਸੌਂ ਜਾਵੇ। ਕਿੰਨਾ ਚਿਰ ਉਹ ਕਿੱਕਰ ਦੀ ਛਾਵੇਂ ਬੈਠਾ ਰਿਹਾ। ਉਸ ਨੂੰ ਬੀੜੀ ਦੀ ਤਲਬ ਮਹਿਸੂਸ ਹੋਈ। ਪੂਰੇ ਸਾਲ ਬਾਅਦ ਅੱਜ ਬੀੜੀ ਪੀਣ ਨੂੰ ਜੀਅ ਕੀਤਾ ਸੀ। ਉਸ ਦਾ ਦਿਲ ਕੀਤਾ, ਘੋੜਾਗਾੜੀ ਬੀੜੀ ਦਾ ਲੰਮਾ ਸੂਟਾ ਖਿੱਚੇ ਅਤੇ ਸਾਰੀ ਥਕਾਵਟ ਤੇ ਚਿੰਤਾ ਧੂੰਏ ਦੇ ਬੱਦਲ ਬਣਾ ਕੇ ਉਡਾ ਦੇਵੇ। ਧੂੰਏਂ ਦੇ ਬੱਦਲਾਂ ਦੇ ਉਡ ਜਾਣ ਨਾਲ ਹੀ ਉਸ ਦੀ ਸਾਰੀ ਥਕਾਣ ਤੇ ਫਿਕਰ ਉਡ ਜਾਣ। ਕਿੰਨਾ ਚਿਰ ਬੈਠਾ ਉਹ ਬੀੜੀ ਅਤੇ ਧੂੰਏਂ ਦੇ ਬੱਦਲਾਂ ਦੀ ਕਲਪਨਾ ਕਰਦਾ ਰਿਹਾ। ਆਖਰ ਹਿੰਮਤ ਕਰ ਕੇ ਉਠਿਆ ਤੇ ਸਾਈਕਲ ਨੂੰ ਰੇੜ੍ਹ ਲਿਆ।

ਰੇਤਾ ਵਾਲੀ ਪਟੜੀ 'ਤੇ ਲੱਤਾਂ ਘੜੀਸਦਾ ਤੇ ਸਾਈਕਲ ਨੂੰ ਧੂੰਹਦਾ ਉਹ ਚੌਦਾਂ ਨੰਬਰ ਬੁਰਜੀ 'ਤੇ ਕੰਮ ਕਰਦੀ ਠੇਕੇਦਾਰ ਵਾਲੀਏ ਦੀ ਲੇਬਰ ਕੋਲ ਆ ਗਿਆ। ਕਿੱਕਰ ਦੀ ਛਾਵੇਂ ਪਏ ਪਾਣੀ ਦੇ ਘੜੇ ਨੂੰ ਵੇਖ ਉਸ ਦੇ ਸਾਹ 'ਚ ਸਾਹ ਆਇਆ। ਸਾਈਕਲ ਉਥੇ ਹੀ ਪਟੜੀ ਦੇ ਕਿਨਾਰੇ ਸੁੱਟ ਪਾਣੀ ਦੇ ਘੜੇ ਵੱਲ ਨੱਸ ਪਿਆ।

"ਭਾਈਬੰਦਾ! ਠਹਿਰ ਜਾਂਦਾ ਹਜੇ। ਵੇਖੀਂ ਕਿਤੇ ਗਰਮ-ਸਰਦ ਹੋ ਜੇਂ। ਗਰਮੀ 'ਚੋਂ ਆਇਆਂ ਤੇ ਆਉਂਦਾ ਈ ਪਾਣੀ ਪੀਣ ਲੱਗ ਪਿਐਂ। ਘੜੀ ਬਿੰਦ ਅਰਾਮ ਕਰ ਲੈ।" ਠੇਕੇਦਾਰ ਵਾਲੀਏ ਦੇ ਮੁਨਸ਼ੀ ਪਾਲ ਨੇ ਜੰਗੇ ਨੂੰ ਪਾਣੀ ਪੀਂਦੇ ਨੂੰ ਬਾਹੋਂ ਫੜ ਅੱਧ ਵਿਚਾਲਿਉਂ ਰੋਕ ਦਿੱਤਾ।

"ਪਾਲ ਸਿਆਂ, ਗਰਮ-ਸਰਦ ਹੁੰਦਾ ਤਾਂ ਹੋ ਜੇ। ਤਿਆਏ ਤਾਂ ਨ੍ਹੀਂ ਮਰਿਆ ਜਾਂਦਾ।"

"ਹੁਣ ਨਾ ਫਿਕਰ ਕਰ, ਹੁਣ ਤੂੰ ਆ ਗਿਆਂ ਟਿਕਾਣੇ। ਬੇਫਿਕਰ ਰਹਿ, ਹੁਣ ਨ੍ਹੀਂ ਤੈਨੂੰ ਮਰਨ ਦਿੰਦੇ। ਦਿਲ ਰੱਖ। ਹੁਣ ਤਾਂ ਜੇ ਯਮਦੂਤ ਲੈਣ ਵੀ ਆ ਜਾਣ, ਲੱਤਾਂ ਫੜ ਕੇ ਧੂਹ ਲਾਂਗੇ ਸਾਰੀ ਲੇਬਰ।" ਮੁਨਸ਼ੀ ਪਾਲ ਨੇ ਗੱਲ ਹਾਸੇ ਪਾ ਲਈ।

"ਬਚ ਗਏ ਓਏ ਭਰਾਵਾ! ਬਚਾ ਲਿਆ ਤੁਸੀਂ, ਨਹੀਂ ਪੂਰਿਆ ਚੱਲਿਆ ਸੀ ਸੰਖ। ਵੱਜ ਜਾਣਾ ਸੀ ਘੁੱਗੂ। ਮਰੇ ਪਿਛੋਂ ਘਰਦਿਆਂ ਨੂੰ ਮਿਲਣਾ ਮਿਲਾਉਣਾ ਵੀ ਕੱਖ ਨ੍ਹੀ ਸੀ।" ਜੰਗੇ ਦੇ ਅੰਦਰੋਂ ਥਕਾਵਟ ਘੱਟ, ਆਪਣੇ ਕੱਚੇ ਹੋਣ ਦਾ ਦਰਦ ਬਹੁਤਾ ਬੋਲ ਰਿਹਾ ਸੀ।


"ਐਡੀ ਛੇਤੀ ਐਥੇ ਕੀ ਲਾਮ ਲੱਗੀ ਸੀ? ਦਿਨ ਢਲੇ ਆ ਜਾਂਦਾ। ਨਾਲੇ ਜੇ ਨਾ ਵੀ ਆਉਂਦਾ ਫੇਰ... ਐਥੇ ਅੱਗ ਲੱਗੀ ਸੀ ਜਿਹੜੀ ਤੈਂਅ ਜ਼ਰੂਰੀ ਬੁਝਾਉਣੀ ਸੀ ਆ ਕੇ। ਐਵੇਂ ਥੋਡਾ ਭਰਮ ਨ੍ਹੀਂ ਜਾਂਦਾ, ਵਈ ਕਿਤੇ ਮੁਨਸ਼ੀ ਵੱਧ ਬੰਦੇ ਨਾ ਲਿਖ ਲੇ?"

"ਕਾਹਨੂੰ ਪਾਲ ਸਿਆਂ। ਏਹ ਅਪਸਰ ਲੰਡੇ ਢੱਟੇ ਦੇ ਸਾਲੇ ਆ। ਮੈਂ ਜਾਣਾ ਸੀ ਤਨਖਾਹ ਲੈਣ ਓਵਰਸੀਅਰ ਤੋਂ। ਤੈਨੂੰ ਪਤਾ ਈ ਆ ਸਾਬ੍ਹ ਦਾ। ਹੱਡ ਆ ਕੁੱਤੇ ਦਾ। ਐਵੇਂ ਰੋਅਬ ਝਾੜੀ ਜਾਊ ਜੰਗਿਆ ਬਾਈ ਨੰਬਰ ਬੁਰਜੀ 'ਤੇ ਕਰੇਨ ਪੁਟਾਈ ਕਰਦੀ, ਉਥੇ ਜਾ ਕੇ ਆਈਂ। ਅਠਾਰਾਂ ਨੰਬਰ ਬੁਰਜੀ 'ਤੇ ਕੰਮ ਕਰਦੀ ਗੁਪਤੇ ਠੇਕੇਦਾਰ ਦੀ ਲੇਬਰ 'ਤੇ ਨਿਗਾਹ ਰੱਖੀਂ। ਪੁਟਾਈ ਕਰਾਉਣੀ ਪੂਰੀ। ਚੌਦਾਂ ਨੰਬਰ ਬੁਰਜੀ 'ਤੇ ਵਾਲੀਏ ਠੇਕੇਦਾਰ ਦੀ ਲੇਬਰ ਦੀ ਗਿਣਤੀ ਕਰਿਆ ਕਰ ਹਰ ਰੋਜ਼। ਠੇਕੇਦਾਰ

***(ਬਾਕੀ ਅਗਲੇ ਸਫੇ 'ਤੇ)***

# ਟੈਂਅ ਨਾ ਮੰਨਣ ਕਿਸੇ ਦੀ...

ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਵਿਦੇਸ਼ੀ ਸਿੱਖਾਂ ਨਾਲ ਵੱਖ-ਵੱਖ ਮੁੱਦਿਆਂ ਉਪਰ ਗੱਲ ਕਰਨ ਲਈ ਪਾਕਿਸਤਾਨੀ ਪੰਜਾਬ ਦੇ ਗਵਰਨਰ 2019 ਵਿਚ ਆਏ ਸੀ। ਉਹ ਸਾਡੇ ਗੁਰੂਘਰ 'ਸਿੱਖ ਨੈਸ਼ਨਲ ਸੈਂਟਰ' ਵਿਚ ਨਤਮਸਤਕ ਹੋਏ। ਗੁਰੂ ਘਰ ਦਾ ਮੁੱਖ ਸੇਵਾਦਾਰ ਹੋਣ ਦੇ ਨਾਤੇ ਮੈਂ ਉਨ੍ਹਾਂ ਦਾ ਸਵਾਗਤ ਕਰਦਿਆਂ 'ਜੀ ਆਇਆਂ' ਆਖਿਆ ਤੇ ਨਾਲ ਹੀ ਜ਼ਰੂਰੀ ਸਮਝਿਆ ਕਿ ਆਪਣੇ ਮਹਿਮਾਨ ਨੂੰ ਸਿੱਖਾਂ ਦੀ ਕੌਮੀ ਤਾਸੀਰ ਬਾਰੇ ਵੀ ਜਾਣਕਾਰੀ ਦੇਵਾਂ। ਮੈਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀਆਂ ਦੋ ਸਤਰਾਂ



ਸੰਪਰਨ ਸਿੰਘ
ਫੋਨ: 281-635-7466

ਕਹੀਆਂ- 'ਪਿਆਰ ਨਾਲ ਇਹ ਕਰਨ ਗੁਲਾਮੀ ਪਰ ਟੈਂਅ ਨਾ ਮੰਨਣ ਕਿਸੇ ਦੀ'। ਗਵਰਨਰ ਚੌਧਰੀ ਸਰਵਰ ਪੰਜਾਬੀ ਹੈ ਤੇ ਬੜੀ ਦੇਰ ਇੰਗਲੈਂਡ ਵਿਚ ਰਿਹਾ ਅਤੇ ਸਿੱਖਾਂ ਨਾਲ ਉਸ ਦੀ ਕਾਫੀ ਡੂੰਘੀ ਸਾਂਝ ਵੀ ਸੀ, ਸੰਗਤ ਵਿਚੋਂ ਬੈਠਿਆਂ ਹੀ ਤੁਰੰਤ ਜਵਾਬ ਦਿੱਤਾ ਕਿ 'ਟੈਂਅ ਕਿਸੇ ਦੀ ਮੰਨਣੀ ਤਾਂ ਵੱਖਰੀ ਗਲ, ਟੈਂਅ ਤਾਂ ਇਹ ਆਪਣਿਆਂ ਦੀ ਵੀ ਨਹੀਂ ਮੰਨਦੇ'। ਸੱਚਮੁਚ ਪ੍ਰੋ. ਪੂਰਨ ਸਿੰਘ ਦੀ ਇਸ ਤਸਵੀਰ ਦਾ ਇਹ ਦੂਸਰਾ ਪਾਸਾ ਹੈ ਜੋ ਚੌਧਰੀ ਸਰਵਰ ਦੀ ਵਿਆਖਿਆ ਵਿਚੋਂ ਉਘੜਦਾ ਹੈ। ਸਾਡੀ ਕੌਮ ਦੇ ਸੁਭਾਅ ਦੀ ਇਹ ਬਿਰਤੀ ਸਾਡਾ ਗੌਰਵ ਵੀ ਹੈ ਤੇ ਸਾਡੀ ਬਹੁਤ ਵੱਡੀ ਕਮਜ਼ੋਰੀ ਵੀ, ਕੌਮੀ ਤੌਰ 'ਤੇ ਸਾਡੀਆ ਬਹੁਤ ਸਾਰੀਆਂ ਅਸਫਲਤਾਵਾਂ ਦਾ ਮੁੱਖ ਕਾਰਨ ਵੀ; ਤੇ ਇਸੇ ਗੁਣ ਜਾਂ ਔਗੁਣ ਦੀ ਰੋਸ਼ਨੀ ਵਿਚ ਅਸੀਂ ਕਿਸਾਨੀ ਅੰਦੋਲਨ ਦੇ ਵਰਤਾਰੇ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ।

ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਕਿਸਾਨੀ ਅੰਦੋਲਨ ਅਜਿਹਾ ਇਮਤਿਹਾਨ ਹੈ ਜਿਸ ਵਿਚੋਂ ਸਫਲ ਹੋਣ ਤੋਂ ਇਲਾਵਾ ਸਾਡੇ ਪਾਸ ਕੋਈ ਬਦਲ ਨਹੀਂ। ਦੇਸ਼ ਭਰ ਵਿਚ ਇਹ ਸੰਘਰਸ਼ ਬੇਸ਼ਕ ਕਿਸਾਨੀ ਮੰਗਾਂ ਤੱਕ ਸੀਮਤ ਹੈ ਪਰ ਪੰਜਾਬ ਲਈ ਇਹ ਪੰਜਾਬੀਅਤ ਦੀ ਸਲਾਮਤੀ ਨਾਲ ਵੀ ਸਬੰਧਤ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਅੰਦੋਲਨ ਹੁਣ ਦੇਸ਼ਵਿਆਪੀ ਬਣ ਚੁੱਕਾ ਹੈ, ਖਾਸ ਕਰ ਕੇ ਪੰਜਾਬੀਆਂ ਲਈ ਵਿਸ਼ਵਵਿਆਪੀ। ਦੋਹਾਂ ਪਾਸਿਆਂ ਵੱਲੋਂ ਬਹੁਤ ਕੁਝ ਦਾਅ 'ਤੇ ਲਾ ਦਿੱਤਾ ਗਿਆ ਹੈ। ਪੰਜ ਰਾਜਾਂ ਦੀਆਂ ਚੋਣਾਂ, ਖ਼ਾਸ ਕਰ ਕੇ ਪੱਛਮੀ ਬੰਗਾਲ ਦੀ ਚੋਣ ਅਹਿਮੀਅਤ ਅਖਤਿਆਰ ਕਰ ਗਈ ਹੈ। ਸੱਤਾਧਾਰੀ ਭਾਜਪਾ ਇਹ ਚੋਣਾਂ ਜਿੱਤੇ ਜਾਂ ਹਾਰੇ ਪਰ ਚੋਣ ਨਤੀਜਿਆਂ ਤੋਂ ਬਾਅਦ ਦਾ ਸਮਾਂ ਕਿਸਾਨ ਲੀਡਰਸ਼ਿਪ ਲਈ ਚੁਣੌਤੀਆਂ ਅਤੇ ਜੋਖਮ ਭਰਿਆ ਹੋਣ ਦੇ ਆਸਾਰ ਹਨ। ਬਹੁਤ ਕੁਝ ਅਣਕਿਆਸਿਆ ਵਾਪਰਨ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ।



ਕਿਸਾਨੀ ਲੀਡਰਸ਼ਿਪ, ਖਾਸ ਕਰ ਕੇ ਪੰਜਾਬ ਦੀ ਕਿਸਾਨੀ ਲੀਡਰਸ਼ਿਪ ਕਈ ਪੱਖਾਂ ਤੋਂ ਤਰੀਫ ਦੀ ਹੱਕਦਾਰ ਹੈ ਕਿ ਇਸ ਨੇ ਲੰਮੇ ਸਮੇਂ ਤੋਂ ਇਸ ਸੰਘਰਸ਼ ਦੇ ਵਹਿਣ ਨੂੰ ਕਿਸੇ ਨਾ ਕਿਸੇ ਰੂਪ ਵਿਚ ਵਹਿੰਦੇ ਰਖ ਸਕਣ ਵਿਚ ਅਗਵਾਈ ਕੀਤੀ ਹੈ। ਇਸ ਨੇ ਪੰਜਾਬ ਤੋਂ ਬਾਹਰਲੀ ਕਿਸਾਨੀ ਲੀਡਰਸ਼ਿਪ ਵਿਚ ਵੀ ਆਪਣਾ ਮਾਨ-ਸਨਮਾਨ ਬਰਕਰਾਰ ਰੱਖਿਆ ਹੈ। ਇਸ ਦੇ ਨਾਲ ਨਾਲ ਇਹ ਵੀ ਮੰਨਣਾ ਪਵੇਗਾ ਕਿ ਜਿਥੇ ਪੰਜਾਬ ਦੀ ਗੱਲ ਹੋਵੇਗੀ, ਉਥੇ ਸਿੱਖੀ ਦੀ ਗਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿਉਂਕਿ ਪੰਜਾਬ ਜਿਉਂਦਾ ਗੁਰਾਂ ਦੇ ਨਾਮ 'ਤੇ ਹੈ। ਭਾਰਤ ਦਾ ਕਿਸਾਨ ਵੀ ਇਸ ਤੱਥ ਤੋਂ ਇਨਕਾਰੀ ਨਹੀਂ ਕਿ ਪੰਜਾਬ ਇਸ ਅੰਦੋਲਨ ਦੀ ਜਨਮਭੂਮੀ ਹੀ ਨਹੀਂ, ਪੰਜਾਬ ਦਾ ਕਿਸਾਨ ਇਸ ਅੰਦੋਲਨ ਦੀ ਰੀੜ੍ਹ ਦੀ ਹੱਡੀ ਹੈ।

ਪੰਜਾਬ ਦੀ ਕਿਸਾਨੀ ਲੀਡਰਸ਼ਿਪ ਦੇ ਸਬੰਧ ਵਿਚ ਇਕ ਹੋਰ ਗੱਲ ਦਾ ਜ਼ਿਕਰ ਜਰੂਰੀ ਹੈ ਕਿ ਸਾਡੇ ਲੀਡਰ ਅੱਜ ਦੇਸ਼ ਦੇ ਕੋਨੇ-ਕੋਨੇ ਵਿਚ ਇਸ ਸੰਘਰਸ਼ ਦੇ ਨਾਇਕਾਂ ਵਜੋਂ ਵਿਚਰ ਰਹੇ ਹਨ। ਇਹ ਅਜਿਹਾ ਮਾਣ ਹੈ ਜਿਸ ਦਾ ਬਹੁਤੇ ਲੀਡਰਾਂ ਨੇ ਕਦੀ ਚਿਤਵਿਆ ਨਹੀਂ ਹੋਣਾ। ਕਿਸਾਨ 26 ਨਵੰਬਰ ਤੋਂ ਪਹਿਲਾਂ ਕਈ ਮਹੀਨੇ ਸੜਕਾਂ ਤੇ ਰੇਲ ਪਟੜੀਆਂ 'ਤੇ ਬੈਠੇ ਰਹੇ, ਜਲਸੇ-ਜਲੂਸ ਕੱਢਦੇ ਰਹੇ ਪਰ ਭਾਰਤ ਸਰਕਾਰ ਜਾਂ ਭਾਰਤ ਦੇ ਕਿਸੇ ਵੀ ਕੋਨੇ ਵਿਚ ਪੰਜਾਬ ਅੰਦਰ ਬਲਦੀ ਵਿਦਰੋਹ ਦੀ ਇਸ ਅੱਗ ਦਾ ਸੇਕ ਮਹਿਸੂਸ ਨਹੀਂ ਕੀਤਾ ਗਿਆ। ਗਵਾਂਢੀ ਸੂਬੇ ਹਰਿਆਣਾ ਅਤੇ ਰਾਜਸਥਾਨ ਵੀ ਸ਼ਾਂਤ ਹਨ। ਲੀਡਰਸ਼ਿਪ ਦੀ ਹਦਾਇਤ ਸੀ ਕਿ ਦਿੱਲੀ ਜਾਣ ਵੇਲੇ ਜੇ ਸਰਕਾਰ ਰੋਕੇਗੀ ਤਾਂ ਰੋਸ ਵਜੋਂ ਉੱਥੇ ਹੀ ਧਰਨੇ ਲਾ ਦੇਣੇ ਹਨ ਪਰ 25 ਨਵੰਬਰ ਨੂੰ ਜਦੋਂ ਦਿੱਲੀ ਵੱਲ ਜਾਂਦਿਆਂ ਹਰਿਆਣਾ ਦੇ ਕਿਸਾਨਾਂ ਨੇ ਨਾਕੇ ਤੋੜ ਦਿੱਤੇ ਤਾਂ 26 ਨਵੰਬਰ ਨੂੰ ਪੰਜਾਬ ਦੇ ਕਿਸਾਨਾਂ ਨੇ ਵੀ ਪੰਜਾਬ-ਹਰਿਆਣਾ ਹੱਦਾਂ ਵਾਲੇ ਨਾਕੇ ਤੋੜ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ ਅਤੇ ਦਿੱਲੀ ਦੀ ਬਰੂਹਾਂ ਮੱਲ ਲਈਆਂ। ਸਰਕਾਰ ਦੀ ਸਖ਼ਤ ਵਿਉਤਬੰਦੀ ਅਤੇ ਕਿਸਾਨ ਲੀਡਰਸ਼ਿਪ ਦੇ ਪ੍ਰੋਗਰਾਮ ਅਨੁਸਾਰ ਚਲਦਿਆਂ ਹਰਿਆਣੇ ਦੀ ਸਰਦਲ ਪਾਰ ਕਰਨਾ ਸੰਭਵ ਨਹੀਂ ਸੀ ਪਰ ਨੌਜਵਾਨਾਂ ਦੇ ਉਤਸ਼ਾਹ ਸਦਕਾ ਕਿਸਾਨਾਂ ਨੇ ਦਿੱਲੀ ਦੀਆ ਬਰੂਹਾਂ ਉਪਰ ਜਾ ਦਸਤਕ ਦਿਤੀ।

ਆਪਣੇ ਪਿਛਲੇ ਲੇਖ ਵਿਚ ਮੈਂ ਇਸ ਮੋਰਚੇ ਦੀ ਖੜੋਤ ਤੋੜਨ, ਸਰਕਾਰ ਉਪਰ ਦਬਾਉ ਬਣਾਉਣ ਅਤੇ ਆਪਣੀ ਆਵਾਜ਼ ਨੂੰ ਕੌਮਾਂਤਰੀ ਪੱਧਰ 'ਤੇ ਸੁਰਖੀਆਂ ਵਿਚ ਲਿਆਉਣ ਲਈ ਕਿਸੇ ਵੱਡੇ ਪਰ ਸ਼ਾਂਤਮਈ ਕਦਮ ਉਠਾਉਣ ਦੀ ਗੱਲ ਕਰਦਿਆਂ ਲੀਡਰਸ਼ਿਪ ਦੀ ਕੁਰਬਾਨੀ ਦੀ ਗੱਲ ਕਹੀ ਸੀ ਜੋ ਸਿੱਖੀ ਸਿਧਾਂਤਾਂ ਦੇ ਅਨੁਕੂਲ ਹੋਵੇ। ਅਜਿਹੀਆਂ ਉਦਾਹਰਨਾਂ ਇਤਿਹਾਸ ਮੌਜੂਦ ਹਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ, ਪੰਜਾ ਸਾਹਿਬ ਰੇਲ ਰੋਕਣ ਸਮੇਂ ਹੋਈਆਂ ਸ਼ਹਾਦਤਾਂ, ਨਨਕਾਣਾ ਸਾਹਿਬ ਹੋਈਆਂ ਸ਼ਹਾਦਤਾਂ, ਪੰਜਾਬੀ ਸੂਬੇ ਮੋਰਚੇ ਸਮੇਂ ਸ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਕੁਝ ਕੁ ਮਿਸਾਲਾਂ ਹਨ।

ਦੇਖਣ ਵਿਚ ਆਇਆ ਹੈ ਕਿ ਕਈ ਲੋਕ ਇਹ ਬਿਰਤਾਂਤ ਸਿਰਜਣ ਵਿਚ ਲੱਗੇ ਹੋਏ ਹਨ, ਜਿਵੇਂ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੀ ਹਮਾਇਤ ਦਾ ਮਤਲਬ ਕਿਸਾਨੀ ਮੋਰਚੇ ਨੂੰ ਕਮਜ਼ੋਰ ਕਰਨਾ ਹੈ ਜਦਕਿ ਸਚਾਈ ਇਹ ਹੈ ਕਿ ਜਿਹੜੇ ਵੀ ਲੋਕ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੀ ਮੋਰਚੇ ਵਿਚ ਸ਼ਮੂਲੀਅਤ ਦੀ ਗੱਲ ਕਰਦੇ ਹਨ, ਉਨ੍ਹਾਂ ਦਾ ਮਕਸਦ ਸਿਰਫ ਇਹੀ ਹੈ ਕਿ ਨੌਜਵਾਨ ਅੰਦੋਲਨ ਨੂੰ ਹੋਰ ਬਲਸ਼ਾਲੀ ਬਣਾਉਣ ਵਿਚ ਸਹਾਈ ਹੋਣ। ਪੰਜਾਬ ਵੱਲੋਂ ਅੰਦੋਲਨ ਦੀ ਅਗਵਾਈ ਬੇਸ਼ਕ ਕਿਸੇ ਵੀ ਰੰਗ ਦਾ ਝੰਡਾ ਕਰੇ ਪਰ ਉਨ੍ਹਾਂ ਝੰਡਿਆਂ ਨੂੰ ਬੁਲੰਦ ਰੱਖਣ ਵਾਲੇ ਬਹੁਗਿਣਤੀ ਕਿਸਾਨ ਸਿੱਖ ਹਨ। ਪੂਰੇ ਭਾਰਤ ਅੰਦਰ ਸਿੱਖਾਂ ਦੀ ਪਛਾਣ ਕਿਸੇ ਇਕ ਸੋਚ ਜਾਂ ਇਕ ਵਿਚਾਰਧਾਰਾ ਕਰ ਕੇ ਨਹੀਂ ਸਗੋਂ ਸਿੱਖੀ ਸਰੂਪ ਕਰ ਕੇ ਹੈ।

ਨੌਜਵਾਨਾਂ ਦੇ ਇਕ ਹਿੱਸੇ ਅੰਦਰ ਕਿਸਾਨ ਲੀਡਰਸ਼ਿਪ ਪ੍ਰਤੀ ਸ਼ਿਕਵਾ ਹੈ ਪਰ ਅਜਿਹਾ ਸ਼ਿਕਵਾ ਅਤੇ ਰੋਸ ਆਪਣਿਆਂ ਉਪਰ ਹੀ ਹੁੰਦਾ ਹੈ। ਜਿਹੜੀ ਬੇਰੁਖੀ ਕੁਝ ਲੀਡਰਾਂ ਨੇ ਨੌਜਵਾਨਾਂ ਪ੍ਰਤੀ ਦਿਖਾਈ ਅਤੇ ਜਿਹੜੀ ਭਾਸ਼ਾ ਜਾਂ ਜਿਹੜੇ ਬਿਆਨਾਂ ਦਾ ਇਸਤੇਮਾਲ ਕੀਤਾ ਗਿਆ, ਉਸ ਨੇ ਅੰਦੋਲਨ 'ਤੇ ਅਸਰ ਪਾਇਆ ਹੈ ਪਰ ਇਸ ਵੇਲੇ ਸਭ ਦਾ ਨਿਸ਼ਾਨਾ ਇਸ ਅੰਦੋਲਨ ਦੀ ਜਿੱਤ ਦਾ ਹੈ। ਮੰਜ਼ਲ ਦੀ ਪ੍ਰਾਪਤੀ ਲਈ ਸ਼ਕਤੀ ਲਗਾਤਾਰ ਬਣੀ ਰਹਿਣੀ ਚਾਹੀਦੀ ਹੈ ਅਤੇ ਇਹ ਸ਼ਕਤੀ ਤੁਹਾਡੇ ਆਪਸੀ ਏਕੇ ਉਪਰ ਹੀ ਆਧਾਰਤ ਹੁੰਦੀ ਹੈ। ਇਸ ਲਈ ਲੀਡਰਸ਼ਿਪ ਨੂੰ ਨੌਜਵਾਨਾਂ ਦੀ ਗੱਲ ਸੁਣਨੀ ਚਾਹੀਦੀ ਹੈ। ਨੌਜਵਾਨਾਂ ਨੇ ਪੰਜਾਬ ਵਿਚ ਤਿੰਨ ਵੱਡੀਆਂ ਰੈਲੀਆਂ ਕੀਤੀਆਂ ਹਨ, ਲੀਡਰਸ਼ਿਪ ਪ੍ਰਤੀ ਆਪਣਾ ਰੋਸ ਵੀ ਜ਼ਾਹਰ ਕੀਤਾ ਪਰ ਕਿਤੇ ਵੀ ਅਜਿਹਾ ਸੰਕੇਤ ਨਹੀਂ ਦਿੱਤਾ ਜਿਸ ਨਾਲ ਅੰਦੋਲਨ ਕਮਜ਼ੋਰ ਹੋਵੇ। ਇਕ ਗੱਲ ਵਿਚਾਰਨ ਵਾਲੀ ਹੈ ਕਿ ਸਾਡੇ ਸੂਝਵਾਨ ਲੀਡਰਾਂ ਦੀ ਸੋਚ ਵਿਚ ਲਚਕੀਲਾਪਨ ਖਤਮ ਹੋ ਰਿਹਾ ਹੈ। ਇਸ ਸਮੇਂ ਮੋਰਚੇ ਦੀ ਸਫਲਤਾ ਸਾਡੇ ਕਿਸੇ ਵੀ ਆਪਸੀ ਵਖਰੇਵੇਂ ਜਾਂ ਗਿਲੇ ਸ਼ਿਕਵੇ ਤੋਂ ਵੱਧ ਮਹੱਤਵ ਰੱਖਦੀ ਹੈ। ਕਿਸਾਨ ਮੋਰਚੇ ਦੀ ਜਿੱਤ ਹਰ ਹਾਲ ਹੋਣੀ ਚਾਹੀਦੀ ਹੈ ਅਤੇ ਲੀਡਰਸ਼ਿਪ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਸਭ ਨੂੰ 'ਟੈਂਅ ਨਾ ਮੰਨਣ ਕਿਸੇ ਦੀ' ਵਾਲੀ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ। ਅੱਜ ਕਿਸਾਨ ਲੀਡਰਸ਼ਿਪ ਅਤੇ ਨੌਜਵਾਨ ਭਰਪੂਰ ਸ਼ਕਤੀ ਦਾ ਸਬੂਤ ਦੇਣ ਤਾਂ ਜੋ ਕਿਸਾਨ ਜਿੱਤੇ, ਕਿਸਾਨ ਜਿੱਤੇ।

# ਹਵਾ ਵਿਚ ਲਟਕਦੀ ਜ਼ਿੰਦਗੀ

*(ਪਿਛਲੇ ਸਫੇ ਦੀ ਬਾਕੀ)*

ਵੱਧ ਦਿਹਾੜੀਏ ਨਾ ਲਿਖ ਦੇਵੇ। ਅਖੇ, ਬਾਣੀਆ ਕੌਮ ਬੜੀ ਸ਼ਾਤਰ ਆ। ਬਾਣੀਏ ਤਾਂ ਖੜੇ ਖੜੋਤੇ ਬੰਦੇ ਨੂੰ ਵੇਚ ਜਾਣ। ਮੈਨੂੰ ਕਹੂ, ਕਿਸੇ ਲਾਲਚ ਵਿਚ ਨਾ ਆ ਜੀਂ। ਹੋਰ ਤੈਨੂੰ ਵੀਹ ਪੰਜਾਹ ਰੁਪਈਏ ਦੇ ਕੇ ਵੱਧ ਦਿਹਾੜੀਏ ਲਿਖਵਾ ਲੈਣ। ਰਿਪੋਰਟ ਦਿਆ ਕਰ ਤੀਜੇ ਦਿਨ। ਅਸਲ ਮੇ ਚੋਰਾਂ ਨੂੰ ਸਾਰੇ ਚੋਰ ਈ ਨਜ਼ਰ ਆਉਂਦੇ ਆ। ਤੇਰੇ ਤਾਂ ਆਵਦੇ ਹੱਥੀਂ ਹੁੰਦੀ ਸਾਰੀ ਹੇਰਾਫੇਰੀ। ਚੋਰ ਕੁੱਤੀ ਰਲੇ ਆ। ਚਾਚੇ-ਤਾਏ ਦੇ ਪੁੱਤ ਨੇ ਸਾਰੇ। ਰਲ-ਮਿਲ ਕੇ ਖਾਈ ਜਾਂਦੇ। ਆਹ ਡਰੇਨ ਦੀ ਗੱਲ ਲੈ ਲਾ। ਤਿੰਨ-ਤਿੰਨ ਫੁੱਟ ਪੁਟਾਈ ਕਰਾਉਣੀ ਆ। ਮਸਾਂ ਇੱਕ-ਇੱਕ ਫੁੱਟ ਪੁਟਾਈ ਕਰਾਉਂਦੇ, ਕਾਗਜ਼ਾਂ 'ਚ ਖਰਚਾ ਤਿੰਨ ਫੁੱਟ ਪੁਟਾਈ ਦਾ ਪਾ ਦਿੰਦੇ। ਬਾਕੀ ਡਕਾਰ ਜਾਂਦੇ। ਕਈ ਵਾਰ ਡਰੇਨ ਵਿਚ ਟਰੈਕਟਰ ਨਾਲ ਕਰਾਹਾ ਫੇਰ ਕੇ ਘਾਹ ਜਿਹਾ ਪੁੱਟ ਦਿੰਦੇ ਆ ਤੇ ਚੱਲ ਮੇਰੇ ਭਾਈ ਟੱਟੂ ਪਾਰ। ਹੋਗੀ ਪੁਟਾਈ। ਮੀਂਹ ਆਏ ਤੋਂ ਡਰੇਨ ਪਾਣੀ ਕਿੱਥੋਂ ਝੱਲੇ? ਇਹਨਾਂ ਦੇ ਆਵਦੇ ਘਰ ਭਰਨੇ ਚਾਹੀਦੇ। ਗਰੀਬਾਂ ਦੇ ਘਰ ਡੁੱਬਦੇ ਪਏ ਡੁੱਬਣ। ਇਹਨਾਂ ਦੇ ਆਵਦੇ ਘਰ ਰੁਪਈਆਂ 'ਚ ਡੁੱਬ ਜਾਂਦੇ।" ਜੰਗੇ ਨੇ ਅੰਦਰਲਾ ਸਾਰਾ ਗੁੱਭ-ਗੁਲਾਟ ਕੱਢ ਦਿੱਤਾ ਸੀ।

"ਭਾਈਬੰਦਾ, ਬੱਸ ਢਕੀ ਰਿੱਝਣ ਦੇ। ਕੋਠੀਆਂ ਐਵੇਂ ਨ੍ਹੀਂ ਬਣਦੀਆਂ। ਸਾਰਾ ਲੁੱਟ ਦਾ ਮਾਲ ਈ ਲੱਗਦਾ ਇਹਨਾਂ 'ਤੇ। ਤੂੰ-ਮੈਂ ਤੋਂ ਇੱਕ ਕੋਠਾ ਨ੍ਹੀਂ ਬਣਦਾ ਸਾਰੀ ਉਮਰ। ਏਹ ਗੱਦੋਂ ਦੇ ਸਾਲੇ ਆਏ ਵਰ੍ਹੇ ਉਤੇ ਦੀ ਉਤੇ ਪਾਉਂਦੇ ਰਹਿੰਦੇ। ਖੈਰ ਭਾਈਬੰਦਾ, ਆਵਦੇ ਤੋਂ ਮਾੜੇ ਵੱਲ ਵੇਖ ਕੇ ਗੁਜ਼ਾਰਾ ਕਰਨਾ ਪੈਂਦਾ। ਹਜੇ ਵੀ ਬਥੇਰੀ ਦੁਨੀਆਂ ਨਾਲੋਂ ਸੌਖੇ ਆਂ। ਬਥੇਰੀ ਦੁਨੀਆਂ ਪਈ ਜੀਹਨੂੰ ਇੱਕ ਡੰਗ ਦੀ ਰੋਟੀ ਵੀ ਮੁਸ਼ਕਲ ਨਾਲ ਜੁੜਦੀ ਐ।"

"ਉਹ ਤਾਂ ਪਾਲ ਸਿਆਂ ਗੱਲ ਤੇਰੀ ਮੰਨੀ ਪਰ ਸੁਆਲ ਤਾਂ ਇਹ ਵਈ ਕੰਜਰਾਂ ਨੂੰ ਕੋਈ ਹਟਕਦਾ ਵਰਜਦਾ ਈ ਨ੍ਹੀਂ। ਚੱਲ ਗੌਰਮਿਲਟ ਦੀ ਚੋਰੀ ਕਰਦੇ ਕਰੀ ਤੁਰੇ ਜਾਣ, ਮੇਰੇ ਅਰਗੇ ਮ੍ਹਾਤੜ ਗਰੀਬ ਆਦਮੀ ਦਾ ਖੂਨ ਤਾਂ ਨਾ ਚੂਸਿਆ ਕਰਨ। ਆਹ ਡਰੇਨ 'ਤੇ ਤਿੰਨ ਬੰਦਿਆਂ ਦੀ ਤਨਖਾਹ ਪੈਂਦੀ ਪਰ ਧੱਸੀ ਮੈਨੂੰ 'ਕੱਲੇ ਨੂੰ ਫਿਰਦੇ। ਛੱਬੀ ਬੁਰਜੀਆਂ ਮੈਨੂੰ 'ਕੱਲੇ ਨੂੰ ਈ ਸੰਭਾਲੀਆਂ ਹੋਈਆਂ। ਨਾਲ ਦੇ ਬੇਲਦਾਰਾਂ ਦਾ ਕੰਮ ਵੀ ਮੈਨੂੰ ਈ ਕਰਨਾ ਪੈਂਦਾ। ਇੱਕ ਬੇਲਦਾਰ ਤਾਂ ਓਵਰਸੀਅਰ ਦੇ ਪਿੰਡ ਖੇਤ ਦਾ ਕੰਮ ਕਰਾਉਂਦਾ। ਦੂਜਾ ਸ਼ਹਿਰ ਵਿਚਲੀ ਕੋਠੀ ਵਿਚ 'ਬੀਬੀ ਜੀ' ਉਤੇ ਰੱਖਿਆ। ਤਨਖਾਹ ਦੋਵਾਂ ਦੀ ਗੌਰਮਿਲਟ ਤੋਂ ਲਈ ਜਾਂਦਾ। ਹੈ ਕਨੀ ਅੰਨ੍ਹੀ ਲੁੱਟ। ਤੇਰੇ ਸਾਹਮਣੇ ਐਨਾ ਕੰਮ ਕਰੀਦਾ- ਖੁਸ਼ ਫੇਰ ਵੀ ਨੀ ਮੇਰੇ ਪਤਿਆਉਰੇ। ਉਤੋਂ ਵਗਾਰਾਂ 'ਤੇ ਵਗਾਰਾਂ ਪਾਈ ਜਾਣਗੇ। ਜੰਗਿਆ, ਦਫਤਰ ਦੇ ਕਲਰਕ ਆਸਤੇ ਝਾੜ ਕਰੇਲੇ ਲਿਆਵੇਂ ਨਾ ਲੱਭ ਕੇ ਕਿਧਰੋਂ। ਜੰਗਿਆ ਐਸ.ਡੀ.ਸੀ. ਘਰ ਸਾਗ ਦੇ ਆਵੀਂ। ਜੰਗਿਆ ਪਿੰਡ ਆਲੇ ਰਘਬੀਰ ਸਿਹੁੰ ਖੇਤੋਂ ਗੰਨੇ ਪੱਟ ਲਿਆਵੀਂ। ਜੰਗਿਆ ਐਸ.ਡੀ.ਓ. ਸਾਬ੍ਹ ਛੱਲੀਆਂ ਦੇ ਬੜੇ ਸ਼ੌਕੀਨ ਨੇ... ਕਿਧਰੋਂ ਛੱਲੀਆਂ ਲਿਆਵੇਂ ਨਾ। ਜੰਗਿਆ ਤੇਰੀ ਮੇਮ ਸਾਬ੍ਹ ਕਹਿੰਦੀ ਸੀ ਕਿਧਰੋਂ ਦੇਸੀ ਬੇਰ ਮਿਲ ਜਾਣ... ਲੱਭ ਕੇ ਲਿਆਵੀਂ ਡਰੇਨ ਤੋਂ। ਬਥੇਰੇ ਮਲ੍ਹੇ ਝਾੜੀਆਂ ਖੜ੍ਹੇ ਡਰੇਨ 'ਤੇ। ਜੰਗਿਆ ਕਿਧਰੋਂ ਦੇਸੀ ਝਾੜ ਕਰੇਲੇ ਲੈ ਕੇ ਆ। ਜੰਗਿਆ ਮੇਰੀ ਕੁੜੀ ਦਾ ਯਾਰ ਗੁਆਚਿਆ, ਲੱਭ...। "

"ਜਾਣਦੈ ਭਾਈਬੰਦਾ, ਹੋਰ ਈ ਗਰੁੜ ਪਰੌਣ ਸਣੌਣ ਲੱਗਾਂ। ਐਵੇਂ ਆਪਾਂ ਮੂੰਹ ਕਿਉਂ ਖਰਾਬ ਕਰਨਾ ਆਵਦਾ। ਵਕਤ ਕਟੀ ਕਰਨੀ... ਕਰੀ ਚਲੋ ਜਿਵੇਂ ਕਿਵੇਂ ਹੁੰਦੀ।"

"ਪਾਲ ਸਿਆਂ ਬੱਸ ਹਾਈ ਗੱਲ ਮਾਰੀ ਜਾਂਦੀ। ਪੇਟ ਕਰਾਵੇ ਪਰੇਟ। ਨਈ ਤਾਂ ਆਹ ਗੁਰਜੰਟ ਸਿਹੁੰ ਅਰਗਿਆਂ ਦੀ ਤਾਂ ਮਾਂ ਦੀ ਮਕਾਣੇ ਨਾ ਜਾਈਏ।" ਜੰਗੇ ਨੇ ਸੱਜੇ ਹੱਥ ਨਾਲ ਧਰਤੀ 'ਤੇ ਜ਼ੋਰ ਪਾ ਕੇ ਉਠਦਿਆਂ ਘੜੀ ਵੱਲ ਨਿਗਾਹ ਮਾਰੀ।

"ਚੰਗਾ ਵਈ ਪਾਲ ਸਿਆਂ! ਜਾ ਆਵਾਂ ਮਕਾਣ ਸਾਬ੍ਹ ਦੀ। ਅਠਾਰਾਂ ਨੰਬਰ ਬੁਰਜੀ 'ਤੇ ਗੁਪਤੇ ਠੇਕੇਦਾਰ ਦੀ ਲੇਬਰ ਕੋਲੋਂ ਹੋ ਕੇ ਫੇਰ ਬਾਈ ਨੰਬਰ 'ਤੇ ਕਰੇਨ ਪੁਟਾਈ ਕਰਦੀ ਉਥੇ ਜਾਣਾ। ਉਤੋਂ ਟੈਮ ਹੋਇਆ ਡੂਢ ਦਾ। ਉਥੋਂ ਹੋ ਕੇ ਵਾਪਸ ਫੇਰ ਪੰਜ ਨੰਬਰ ਆਲੇ ਪੁਲ 'ਤੇ ਆਉਣਾ। ਸ਼ੈਂਤ ਕਿਧਰੋਂ ਫਿਰਦਾ-ਤੁਰਦਾ ਮੇਅਟ ਆ ਜੇ। ਸ਼ਾਮ ਤਾਈਂ ਆ ਗਿਆ ਤਾਂ ਓਵਰਸੀਅਰ ਦੀ ਕੋਠੀ ਜਾ ਵੱਜੂੰ ਸ਼ਾਮੀਂ। ਰਾਹ 'ਚ ਕਿਸੇ ਜੱਟ ਦਿਓਂ ਗੰਨੇ ਪੱਟ ਲਊਂ ਚਾਰ। ਖੁਸ਼ ਕਰ ਆਊਂ ਮੇਮ ਸਾਬ੍ਹ ਨੂੰ। ਤੂੰ ਆਪ ਸਿਆਣੈਂ, ਇਹ ਅਫਸਰ ਘਰ ਆਲੀਆਂ ਦੇ ਬਾਹਲਾ ਥੱਲੇ ਲੱਗੇ ਹੁੰਦੇ। ਮੇਮ ਸਾਬ੍ਹ ਖੁਸ਼ ਹੋਗੀ। ਸਮਝਲੋ, ਰੱਬ ਖੁਸ਼। ਆਈਂ ਪੈਰ ਲਾਉਣੈ ਮਹਿਕਮੇ 'ਚ।" ਜੀਅ ਕਰੜਾ ਜਿਹਾ ਕਰ ਕੇ ਜੰਗੇ ਨੇ ਪਟੜੀ ਦੇ ਕਿਨਾਰੇ ਸੁੱਟਿਆ ਸਾਈਕਲ ਚੁੱਕਿਆ।

"ਭਾਈ ਬੰਦਾ! ਸਾਈਕਲ ਦੀ ਚੈਨ ਤੁੜਾਈ ਫਿਰਦੈਂ। ਜਾਮੇਂਗਾ ਕਿਮੇਂ?"

"ਆਹ ਦੋ ਕੋਹ ਵਾਟ ਨ੍ਹੀਂ ਹੋਣੀ ਮੋਠਾਂ ਆਲੀ। ਉਥੋਂ ਚੈਨ ਗੰਢਾ ਲਊਂ। ਉਥੇ ਤੱਕ ਧੂਹੀ ਜਾਨੈ। ਕਿਹੜਾ ਮਰਨ ਲੱਗੇ ਆਂ।"

"ਖੈਰ ਭਾਈਬੰਦਾ! ਤੇਰੀ ਮਰਜ਼ੀ ਛੱਬੀ ਨੰਬਰ ਬੁਰਜੀ ਤੋਂ ਹੋ ਕੇ ਵਾਪਸ ਪਟੜੀਏ ਨਾ ਮੁੜੀਂ। ਉਥੋਂ ਸਿੱਧਾ ਜੈਮਲ ਆਲੇ ਆ ਜੀਂ। ਕੱਚੀ ਪਟੜੀ ਆਉਂਦੀ। ਸਾਰੀ ਦੋ ਕੋਹ ਵਾਟ ਹੋਊ। ਕੱਚੇ ਰਾਹ ਤਾਂ ਲੱਤਾਂ ਰਹਿ ਜਾਣਗੀਆਂ।" ਪਾਲ ਨੇ ਇੱਕ ਤਰ੍ਹਾਂ ਨਕਸ਼ਾ ਖਿੱਚ ਦਿੱਤਾ ਸੀ।

"ਹਾਅ ਆਏਂ ਈ ਕਰੂੰ। ਚੱਕ ਵਈ ਜੰਗਿਆ, ਲੱਗ ਕਿਸੇ ਸਿਰੇ ਬੰਨੇ।" ਜੰਗੇ ਨੇ ਸਾਈਕਲ ਨੂੰ ਨਹੀਂ, ਜਿਵੇਂ ਸਾਈਕਲ ਨੇ ਜੰਗੇ ਨੂੰ ਧੂਹਿਆ।

ਜਦੋਂ ਜੰਗਾ ਛੱਬੀ ਨੰਬਰ ਤੋਂ ਗੇੜਾ ਮਾਰ ਕੇ ਵਾਪਸ ਪੰਜ ਨੰਬਰ ਆਲੇ ਪੁਲ ਕੋਲ ਕੰਮ ਕਰਦੀ ਲੇਬਰ ਕੋਲ ਪੁੱਜਾ, ਛੇ ਵਜੇ ਤੋਂ 10 ਮਿੰਟ ਉਪਰ ਹੋ ਚੁੱਕੇ ਸਨ। ਲੇਬਰ ਨੇ ਪਹਿਲੀ ਖਤਾਨੀ ਪੱਟ ਕੇ ਦੂਜੀ ਦਾ ਕੰਮ ਵੀ ਅੱਧਿਓਂ ਵੱਧ ਨਿਬੇੜ ਲਿਆ ਸੀ। ਪੱਟੀ ਗਈ ਮਿੱਟੀ ਦੀ ਮਿਣਤੀ ਕਰਨ ਲਈ ਛੱਡੀਆਂ ਗਈਆਂ ਧੋਬੜੀਆਂ ਜਿਸ ਨੂੰ ਠੇਕੇਦਾਰ ਤੇ ਓਵਰਸੀਅਰ ਡੈੱਡਮੈਨ ਆਖਦੇ ਸਨ, ਬ੍ਰਾਹਮਣ ਦੀ ਬੋਦੀ ਵਾਂਗੂੰ ਜਾਪਣ ਲੱਗੀਆਂ ਸਨ। ਜੰਗੇ ਦਾ ਆਪਣਾ ਸਰੀਰ ਦਰਦ ਕਰ ਰਿਹਾ ਸੀ। ਸਾਰਾ ਖੂਨ ਜਿਵੇਂ ਪੈਰਾਂ ਥੱਲੇ ਆ ਜਮ੍ਹਾਂ ਹੋਇਆ ਹੋਵੇ। ਪੈਰ ਮਣ-ਮਣ ਦੇ ਭਾਰੇ ਹੋ ਗਏ ਸਨ। ਉਸ ਤੋਂ ਮਸਾਂ ਈ ਧੂਹ ਕੇ ਤੁਰਿਆ ਜਾਂਦਾ ਸੀ।

"ਕਿਉਂ ਜੋਗਿੰਦਰ ਸਿਆਂ- 'ਫੇਰੇ ਦੇਣਾ' ਮੇਅਟ ਆਇਆ ਕਿ ਨਈਂ?"

"ਨਈ ਮਾਰਿਆ ਨ੍ਹੀ ਗੇੜਾ ਅਜੇ ਤੱਕ ਤਾਂ ਅੱਜ... ਊਂ ਕਈ ਵਾਰ ਲਹਿੰਦੇ ਜਏ ਵੇਲੇ ਆ ਧਮਕਦਾ ਹੁੰਦਾ ਕਿਧਰੋਂ। ਸ਼ੈਂਤ ਆ ਜੇ?"

'ਮੇਅਟ ਦੇ ਨਾ ਆਉਣ ਬਾਰੇ ਸੁਣ ਕੇ ਜੰਗੇ ਦਾ ਦਿਲ ਜਵਾਂ ਹੀ ਬੈਠ ਗਿਆ। ਉਸ ਦਾ ਦਿਲ ਕੀਤਾ ਉਚੀ ਸਾਰੀ ਚੀਕ ਮਾਰੇ। ਉਹ ਹੌਲੀ-ਹੌਲੀ ਪੈਰ ਘੜੀਸਦਾ ਪੁਲੀ 'ਤੇ ਜਾ ਬੈਠਾ। ਉਸ ਨੀਵੀਂ ਪਾ ਸਿਰ ਗੋਡਿਆਂ ਵਿਚ ਦੇ ਲਿਆ।

"ਸਰਦਾਰ ਜੰਗ ਸਿਆਂ, ਔਹ ਆਉਂਦਾ ਈ ਤੇਰਾ ਅਪਸਰ।" ਮੁਨਸ਼ੀ ਜੋਗਿੰਦਰ ਨੇ ਸ਼ਹਿਰੋਂ ਆਉਂਦੀ ਸੜਕ ਵੱਲੋਂ ਸਾਈਕਲ ਲਈ ਆਉਂਦੇ ਮੇਅਟ ਨੂੰ ਦੂਰੋਂ ਸਿਆਣ ਕੇ ਆਖਿਆ। ਜੰਗੇ ਦਾ ਜੀਅ ਕੀਤਾ ਮਿੱਟੀ ਪੁੱਟਦੇ ਬੰਦੇ ਤੋਂ ਕਹੀ ਫੜੇ ਤੇ ਮੇਅਟ ਦੀ ਧੌਣ ਲਾਹ ਸੁੱਟੇ।

ਮੇਅਟ ਦੇ ਕੋਲੇ ਪੁੱਜਣ 'ਤੇ ਜੰਗੇ ਦਾ ਗੁੱਸਾ, ਗਧੇ ਦੇ ਸਿੰਗਾਂ ਵਾਂਗ ਕਿਧਰੇ ਉਡ ਗਿਆ। ਉਸ ਨੇ ਗਹੁ ਨਾਲ ਵੇਖਿਆ, ਮੇਅਟ ਨੇ ਉਸ ਵੱਲ ਵੇਖਦਿਆਂ ਮੂੰਹ ਢਿੱਲਾ ਜਿਹਾ ਬਣਾ ਲਿਆ ਸੀ।

"ਮੇਰਾ ਸਾਲਾ ਮੂੰਹ ਆਏਂ ਬਣਾਈ ਫਿਰਦਾ ਜਿਵੇਂ ਕੁੜੀ ਦੱਬ ਕੇ ਆਇਆ ਹੁੰਦਾ। ਹੁਣ ਕੋਈ ਲੌਅਰ ਲਾਊ। ਗਪੌੜ ਮਾਰੂ ਕਵੰਟਲ-ਕਵੰਟਲ ਦੇ।" ਜੰਗੇ ਨੇ ਅੰਦਰੇ-ਅੰਦਰ ਮੇਅਟ ਨੂੰ ਗਾਲ੍ਹ ਕੱਢੀ।

ਜੋਗਿੰਦਰ ਮੁਨਸ਼ੀ ਨੇ ਲੇਬਰ ਵਾਲੇ ਮੁੰਡੇ ਨੂੰ ਮੇਅਟ ਲਈ ਪਾਣੀ ਲੈਣ ਭੇਜ ਦਿੱਤਾ ਸੀ।

"ਜੰਗ ਸਿਆਂ, ਆਹ ਲੈ ਫੜ ਤਨਖਾਹ। ਮੈਂ ਦਫਤਰ ਗਿਆ ਸੀ। ਓਵਰਸੀਅਰ ਨੇ ਮੈਨੂੰ ਦੇਤੀ। ਕਹਿੰਦਾ ਜੰਗ ਸਿਹੁੰ ਨੂੰ ਫੜਾ ਦੀਂ। " ਮੇਅਟ ਨੇ ਪੋਲੀਥੀਨ ਦੇ ਲਿਫਾਫੇ ਵਿਚ ਲਪੇਟੇ ਨੋਟ ਬੇਲਦਾਰ ਜੰਗੇ ਨੂੰ ਫੜਾ ਦਿੱਤੇ। ਪਤਾ ਨਈਂ ਕਿਉਂ, ਤਨਖਾਹ ਦੇ ਨੋਟ ਫੜਦਿਆਂ ਜੰਗੇ ਨੂੰ ਇਸ ਵਾਰ ਕੋਈ ਖੁਸ਼ੀ ਨਹੀਂ ਸੀ ਹੋਈ।

"ਬੜੇ ਆਹਲਾ ਅਫਸਰ ਆ ਥੋਡੇ ਜੰਗ ਸਿਆਂ... ਵੇਖ ਲਾ ਤਨਖਾਹ ਵੀ ਮਗਰ ਈ ਭੇਜਦੇ। ਬੜਾ ਫਿਕਰ ਰੱਖਦੇ ਥੋਡਾ। ਸਰਦਾਰ ਮਿਹਰ ਸਿਹੁੰ ਵੱਲ ਵੇਖ ਲਾ, ਤੇਰੀ ਤਨਖਾਹ ਬਦਲੇ ਸ਼ਹਿਰ ਗਿਆ।" ਮੁਨਸ਼ੀ ਜੋਗਿੰਦਰ ਸਿਹੁੰ ਨੇ ਮਿਹਰ ਸਿਹੁੰ ਮੇਅਟ ਨੂੰ ਫੂਕ ਛਕਾਈ ਸੀ।

ਜੰਗੇ ਅਤੇ ਮੇਅਟ ਦੋਹਾਂ 'ਚੋਂ ਕਿਸੇ ਨੇ ਵੀ ਮੁਨਸ਼ੀ ਦੀ ਗੱਲ ਦਾ ਉਤਰ ਨਾ ਦਿੱਤਾ।

"ਜੰਗਿਆ! ਇੱਕ ਨਵਾਂ ਬੇਲਦਾਰ ਆ ਰਿਹਾ ਕੱਲ੍ਹ ਤੋਂ ਆਪਣੇ ਕੰਮ 'ਤੇ। ਸੁਣਿਆ ਜੇ.ਈ. ਸਾਬ੍ਹ ਦਾ ਦੂਰ ਨੇੜੇ ਦਾ ਰਿਸ਼ਤੇਦਾਰ ਆ। ਪਤਾ ਨਈਂ ਰਿਸ਼ਤੇਦਾਰ ਹੈ ਵੀ ਐ ਕਿ ਨਹੀਂ। ਉਹਦੀ ਭੂਆ ਦੇ ਪਿੰਡੋਂ ਆ।"

"ਹੱਛਾ! ਚੱਲੋ ਚੰਗਾ ਹੋਇਆ, ਕਿਸੇ ਭਰਾ ਨੂੰ ਰੁਜ਼ਗਾਰ ਮਿਲਿਆ। ਨਾਲੇ ਐਥੇ 'ਕੱਲੇ ਬੰਦੇ ਦਾ ਕੰਮ ਥੋੜ੍ਹਾ ਸੀ। ਐਨੇ ਕੰਮ 'ਤੇ ਨਿਗਰਾਨੀ ਹੁੰਦੀ ਭਲਾ ਕੱਲੇ ਬੰਦੇ ਤੋਂ?" ਜੰਗੇ ਦੇ ਮੂੰਹੋਂ ਆਪ-ਮੁਹਾਰੇ ਨਿਕਲਿਆ ਸੀ।

ਮਿਹਰ ਸਿਹੁੰ ਨੇ ਮੂੰਹ ਹੋਰ ਵੀ ਵੱਧ ਮਸੋਸਿਆ ਜਿਹਾ ਬਣਾ ਲਿਆ ਸੀ। ਜੰਗੇ ਨੇ ਉਸ ਦੇ ਮੂੰਹ ਵੱਲ ਵੇਖਿਆ ਤਾਂ ਮੇਅਟ ਦੇ ਮੂੰਹ 'ਤੇ ਪਸਰੀ ਉਦਾਸੀ ਵੱਲ ਵੇਖ ਉਸ ਦਾ ਦਿਲ ਘਟਣ ਲੱਗਾ।

"ਜੰਗ ਸਿਆਂ! ਜੇ.ਈ. ਸਾਬ੍ਹ ਕਹਿੰਦੇ ਸੀ ਉਪਰੋਂ ਆਡਰ ਆਏ ਵਈ ਪੱਕੇ ਬੰਦੇ ਰੱਖਣੇ ਪਲਾਈਮਿੰਟ ਰਾਹੀਂ। ਜੇ.ਈ. ਸਾਬ੍ਹ ਕਹਿੰਦੇ ਸੀ ਜੰਗੇ ਨੂੰ ਕਹੀਂ ਛੁੱਟੀ ਕਰ ਲੇ। ਜੇ.ਈ. ਸਾਬ੍ਹ ਕਹਿੰਦੇ ਸੀ ਜਦੋਂ ਕਿਤੇ ਦੁਬਾਰਾ ਲੋੜ ਹੋਈ, ਬੁਲਾ ਲਾਂਗੇ। ਜੇ.ਈ. ਸਾਹਬ ਕਹਿੰਦੇ...।"

ਮਿਹਰ ਸਿਹੁੰ ਮੇਅਟ ਨੇ ਅੱਗੇ ਕੀ ਕਿਹਾ, ਜੰਗੇ ਨੂੰ ਕੁਝ ਸੁਣਾਈ ਨਹੀਂ ਸੀ ਦਿੱਤਾ।

# ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਦੀ ਦੁਰਗਤ

*ਜੰਮੂ ਕਸ਼ਮੀਰ ਵਿਚ ਭਾਸ਼ਾ ਦਾ ਮਸਲਾ ਹੁਣ ਬਹੁਤ ਟੇਢਾ ਹੋ ਗਿਆ ਹੈ। ਅਸਲ ਵਿਚ ਜਿਥੇ ਕਿਤੇ ਵੀ ਭਾਸ਼ਾ ਨੂੰ ਧਰਮ ਨਾਲ ਜੋੜਿਆ ਗਿਆ, ਉਥੇ ਇਸ ਤਰ੍ਹਾਂ ਦੇ ਮਸਲੇ ਆਉਂਦੇ ਹੀ ਹਨ। ਇਹ ਅਸਲ ਵਿਚ ਸੌੜੀ ਸਿਆਸਤ ਦੀ ਨਿਸ਼ਾਨੀ ਹੈ। ਪੰਜਾਬੀ ਹੁਣ ਇਸੇ ਸੌੜੀ ਸਿਆਸਤ ਦੀ ਸ਼ਿਕਾਰ ਬਣ ਰਹੀ ਹੈ। ਭਾਸ਼ਾਈ ਪੱਧਰ 'ਤੇ ਜੰਮੂ ਕਸ਼ਮੀਰ ਖਿੱਤੇ ਦੇ ਤਿੰਨ ਖੇਤਰ ਬਣਦੇ ਹਨ। ਲੱਦਾਖ ਖੇਤਰ ਦੀ ਭਾਸ਼ਾ ਲੱਦਾਖੀ ਹੈ। ਕਸ਼ਮੀਰ ਦੀ ਕਸ਼ਮੀਰੀ ਅਤੇ ਜੰਮੂ ਦੀ ਡੋਗਰੀ ਪਰ ਬੋਲਣਹਾਰਿਆਂ ਪੱਖੋਂ ਇਹ ਬਹੁ-ਭਾਸ਼ਾਈ ਹੈ। -ਸੰਪਾਦਕ*

ਕਸ਼ਮੀਰ ਨੂੰ ਦੁਨੀਆ ਦੀ ਜੰਨਤ ਕਿਹਾ ਜਾਂਦਾ ਹੈ ਪਰ ਦੇਸ਼ ਵੰਡ ਤੋਂ ਬਾਅਦ ਇਸ ਨੂੰ ਨਰਕ 'ਚ ਬਦਲਣ ਲਈ ਜਿਹੜੇ ਹੱਥਕੰਡੇ ਵਰਤੇ, ਉਨ੍ਹਾਂ ਨੇ ਇਸ ਜੰਨਤ ਨੂੰ ਲਹੂ-ਲੁਹਾਣ ਕਰ ਦਿੱਤਾ ਹੈ। ਵੰਡ ਤੋਂ ਬਾਅਦ ਕਬਾਇਲੀ ਹਮਲੇ ਵਿਚ ਕਸ਼ਮੀਰ ਦਾ ਕਾਫੀ ਵੱਡਾ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਚਲਾ ਗਿਆ। ਇਤਿਹਾਸਕ ਤੌਰ 'ਤੇ ਦੇਖੀਏ ਤਾਂ ਕਸ਼ਮੀਰ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤ ਕਰ ਕੇ ਇਸ ਨੂੰ ਵਿਸ਼ਾਲ ਖਾਲਸਾ ਰਾਜ ਦਾ ਅੰਗ ਬਣਾਇਆ ਸੀ। ਉਦੋਂ ਤੋਂ ਪੰਜਾਬੀ ਜ਼ਬਾਨ ਰਿਆਸਤ ਦੀ ਜ਼ਬਾਨ ਹੈ ਪਰ ਸੌੜੀ ਰਾਜਨੀਤੀ ਨੇ ਸਦਾ ਪੰਜਾਬੀ ਨੂੰ ਢਾਹ ਲਾਈ ਹੈ। ਜੰਮੂ ਕਸ਼ਮੀਰ ਨੂੰ ਰਿਆਸਤ ਵਜੋਂ ਧਾਰਾ 370



ਨਾਲ ਜੋੜਿਆ ਗਿਆ ਸੀ। ਇਸ ਨਾਲ ਕਸ਼ਮੀਰੀਅਤ ਦੀ ਵੱਖਰੀ ਪਛਾਣ ਸੀ ਪਰ ਰਾਜਨੀਤਕ ਕਾਰਨਾਂ ਅਤੇ ਫਿਰਕੂ ਏਜੰਡੇ ਨੇ ਉਸ ਨੂੰ ਤੋੜ ਕੇ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਤ

**ਡਾ. ਪਰਮਜੀਤ ਸਿੰਘ ਢੀਂਗਰਾ**
ਫੋਨ: +91-94173-58120

ਪ੍ਰਦੇਸ਼ਾਂ ਵਿਚ ਬਦਲ ਦਿੱਤਾ ਹੈ। ਹੁਣ ਕਸ਼ਮੀਰ, ਲੱਦਾਖ ਤੇ ਜੰਮੂ ਚੰਡੀਗੜ੍ਹ ਵਾਂਗ ਕੇਂਦਰ ਦੀਆਂ ਬਸਤੀਆਂ ਹਨ। ਉਥੋਂ ਦੇ ਸਾਰੇ ਪ੍ਰਸ਼ਾਸਨਿਕ, ਭਾਸ਼ਾਈ ਤੇ ਕਾਨੂੰਨੀ ਫੈਸਲੇ ਕੇਂਦਰ ਸਰਕਾਰ ਕਰਦੀ ਹੈ।

ਪਹਿਲਾਂ ਭਾਰਤ ਸਰਕਾਰ ਦਾ ਕੋਈ ਵੀ ਫੈਸਲਾ ਓਨੀ ਦੇਰ ਤੱਕ ਰਿਆਸਤ ਵਿਚ ਲਾਗੂ ਨਹੀਂ ਸੀ ਹੁੰਦਾ ਜਿੰਨੀ ਦੇਰ ਉਥੋਂ ਦੀ ਅਸੈਂਬਲੀ ਵਿਚ ਉਸੇ ਪ੍ਰਕਾਰ ਦਾ ਬਿੱਲ ਪਾਸ ਨਾ ਹੋਵੇ। 1953 ਤੋਂ ਪਹਿਲਾਂ ਕੁਝ ਦੇਰ ਰਿਆਸਤ ਦਾ ਆਪਣਾ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੀ ਸੀ। ਧਾਰਾ 370 ਅਧੀਨ ਭਾਵੇਂ ਰਿਆਸਤ ਨੂੰ ਕੁਝ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ ਪਰ ਆਮ ਤੌਰ 'ਤੇ ਆਰਥਿਕ, ਰਾਜਨੀਤਕ, ਸਿੱਖਿਆ ਤੇ ਕਾਰਜਕਾਰੀ ਪੱਧਰ 'ਤੇ ਇਥੇ ਵੀ ਭਾਰਤ ਸਰਕਾਰ ਜਾਂ ਗੁਆਂਢੀ ਰਾਜਾਂ ਦੀਆਂ ਨੀਤੀਆਂ ਨੂੰ ਹੀ ਆਧਾਰ ਬਣਾਇਆ ਜਾਂਦਾ ਸੀ। ਇਥੋਂ ਦੇ ਸੰਵਿਧਾਨ ਵਿਚ ਰਿਆਸਤ ਦੀ ਭਾਸ਼ਾ ਨੀਤੀ ਵੀ ਸ਼ਾਮਿਲ ਸੀ। ਪੰਜਾਬੀ ਰਿਆਸਤੀ ਸੰਵਿਧਾਨ ਦੀ ਧਾਰਾ 146 ਦੀ ਛੇਵੀਂ ਅਨੁਸੂਚੀ ਵਿਚ ਦਰਜ ਸੱਤ ਮਾਨਤਾ ਪ੍ਰਾਪਤ ਬੋਲੀਆਂ ਵਿਚੋਂ ਇਕ ਸੀ। ਰਿਆਸਤ ਦੀ ਭਾਸ਼ਾ ਨੀਤੀ ਅਨੁਸਾਰ ਰਿਆਸਤੀ ਸਰਕਾਰ ਇਥੇ ਬੋਲੀਆਂ ਜਾਣ ਵਾਲੀਆਂ ਬੋਲੀਆਂ ਦੀ ਉਨਤੀ ਤੇ ਰਾਖੀ ਲਈ ਵਚਨਬੱਧ ਸੀ। ਰਿਆਸਤੀ ਭਾਸ਼ਾਵਾਂ ਦੀ ਪ੍ਰਫੁੱਲਤਾ ਲਈ ਹੀ 1962 ਵਿਚ ਇਕ ਅਰਧ ਸਰਕਾਰੀ ਸੰਸਥਾ 'ਜੰਮੂ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਇਜਜ਼' ਬਣਾਈ ਗਈ ਜਿਸ ਦਾ ਉਦੇਸ਼ ਸੀ, ਇਥੇ ਬੋਲੀਆਂ ਜਾਂਦੀਆਂ ਬੋਲੀਆਂ ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਤੇ ਪੰਜਾਬੀ ਦੀ ਉਨਤੀ ਲਈ ਯਤਨ ਕਰਨੇ। ਪੰਜਾਬੀ ਤੇ ਡੋਗਰੀ ਨੂੰ ਛੱਡ ਕੇ ਬਾਕੀ ਬੋਲੀਆਂ ਇੰਡੋ-ਭਾਰਤੀ ਪਰਿਵਾਰ ਤੋਂ ਵੱਖਰੀਆਂ ਸਨ ਪਰ ਇਨ੍ਹਾਂ ਵਿਚ ਸਮਤੋਲ ਬਣਾਈ ਰੱਖਿਆ ਗਿਆ ਸੀ।

ਜੇ ਜੰਮੂ ਕਸ਼ਮੀਰ ਦੇ ਖਿੱਤੇ ਨੂੰ ਭਾਸ਼ਾਈ ਤੌਰ 'ਤੇ ਵੰਡਿਆ ਜਾਵੇ ਤਾਂ ਤਿੰਨ ਖੇਤਰ ਬਣਦੇ ਹਨ। ਲੱਦਾਖ ਖੇਤਰ ਦੀ ਭਾਸ਼ਾ ਲੱਦਾਖੀ ਹੈ। ਕਸ਼ਮੀਰ ਦੀ ਕਸ਼ਮੀਰੀ ਤੇ ਜੰਮੂ ਦੀ ਡੋਗਰੀ ਪਰ ਬੋਲਣਹਾਰਿਆਂ ਦੇ ਪੱਖੋਂ ਇਥੇ ਵੀ ਭਾਰਤ ਵਾਂਗ ਬਹੁ-ਭਾਸ਼ਾਈ ਸਥਿਤੀ ਨਜ਼ਰ ਆਉਂਦੀ ਹੈ; ਮਸਲਨ, ਰਿਆਸਤ ਦੀ ਸਰਕਾਰੀ ਭਾਸ਼ਾ ਉਰਦੂ ਹੈ, ਹਾਲਾਂਕਿ ਇਹ ਕਿਸੇ ਵੀ ਖਿੱਤੇ ਦੀ ਮਾਤ ਭਾਸ਼ਾ ਨਹੀਂ ਤੇ ਇਸ ਨੂੰ ਬੋਲਣ ਵਾਲੇ ਸਿਰਫ 0.16 ਫੀਸਦੀ ਹਨ। ਸਰਕਾਰੀ ਭਾਸ਼ਾ ਹੋਣ ਕਰ ਕੇ ਇਥੋਂ ਦੇ ਹਰ ਨਿਵਾਸੀ ਲਈ ਉਰਦੂ ਦਾ ਗਿਆਨ ਲਾਜ਼ਮੀ ਹੈ। ਹਿੰਦੀ ਨੂੰ ਉਹ ਕੇਂਦਰ ਦੀ ਭਾਸ਼ਾ ਹੋਣ ਕਰ ਕੇ ਸਿੱਖਦੇ ਹਨ ਹਾਲਾਂਕਿ ਹਿੰਦੀ ਭਾਸ਼ੀਆਂ ਦੀ ਗਿਣਤੀ ਵੀ ਕੋਈ ਬਹੁਤ ਜ਼ਿਆਦਾ ਨਹੀਂ। ਉਰਦੂ, ਹਿੰਦੀ ਤੋਂ ਇਲਾਵਾ ਮਾਨਤਾ ਪ੍ਰਾਪਤ ਬਾਕੀ ਸੱਤ ਭਾਸ਼ਾਵਾਂ ਨੂੰ ਵੀ ਬੋਲਣ, ਪੜ੍ਹਨ, ਲਿਖਣ ਦਾ ਮੌਕਾ ਮਿਲਣਾ ਸੁਭਾਵਿਕ ਸੀ ਪਰ ਇਸ ਭਾਸ਼ਾ ਨੀਤੀ ਵਿਚ ਕਾਣ ਵੀ ਹੈ ਕਿ ਵੱਖਰੀਆਂ ਭਾਸ਼ਾਵਾਂ ਜੋ ਮਾਨਤਾ ਪ੍ਰਾਪਤ ਹਨ ਤੇ ਵੱਡੀ ਗਿਣਤੀ ਵਿਚ ਬੋਲਣ ਵਾਲਿਆਂ ਦੀਆਂ ਮਾਤ ਭਾਸ਼ਾਵਾਂ ਵੀ ਹਨ, ਉਨ੍ਹਾਂ ਵਿਚ ਸਿੱਖਿਆ ਦੇ ਮੌਕੇ ਬਹੁਤ ਘੱਟ ਹਨ। ਸਿੱਖਿਆ ਦਾ ਮਾਧਿਅਮ ਅੰਗਰੇਜ਼ੀ, ਉਰਦੂ ਜਾਂ ਹਿੰਦੀ ਹੈ। ਸਿੱਖਿਆ ਪ੍ਰਣਾਲੀ ਵਿਚ ਇਨ੍ਹਾਂ ਤਿੰਨਾਂ ਭਾਸ਼ਾਵਾਂ ਨੂੰ ਵਿਸ਼ੇਸ਼ ਮਹੱਤਵ ਹਾਸਲ ਹੈ। ਭਾਸ਼ਾ ਵਿਗਿਆਨੀ ਜੰਮੂ ਵਿਚ ਬੋਲੀ ਜਾਣ ਵਾਲੀ ਡੋਗਰੀ ਅਤੇ ਇਸ ਦੇ ਆਲੇ ਦੁਆਲੇ ਦੀ ਪਹਾੜੀ ਨੂੰ ਪੰਜਾਬੀ ਦੀਆਂ ਉਪ ਬੋਲੀਆਂ ਮੰਨਦੇ ਹਨ ਪਰ ਅਜੋਕੇ ਦੌਰ ਵਿਚ ਡੋਗਰੀ ਨੂੰ ਪੰਜਾਬੀ ਨਾਲੋਂ ਤੋੜ ਕੇ ਭਾਸ਼ਾ ਦਾ ਦਰਜਾ ਦੇ ਕੇ ਭਾਰਤੀ ਸਾਹਿਤ ਅਕਾਦਮੀ ਵਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਵਿਚ ਕੋਈ ਹਰਜ ਵੀ ਨਹੀਂ ਕਿ ਕਿਸੇ ਬੋਲੀ ਨੇ ਇਕ ਦਿਨ ਭਾਸ਼ਾ ਦਾ ਦਰਜਾ ਹਾਸਲ ਕਰਨਾ ਹੀ ਹੁੰਦਾ ਹੈ। ਇਸ ਦਾ ਸਬੰਧ ਉਥੋਂ ਦੇ ਬੋਲਣਹਾਰਿਆਂ ਨਾਲ ਹੈ ਪਰ ਡੋਗਰੀ ਵਾਲਿਆਂ ਨੇ ਆਪਣਾ ਵਿਸਥਾਰ ਵਧੇਰੇ ਦੱਸਣ ਲਈ ਹਿਮਾਚਲ ਵਿਚ ਵੀ ਇਹ ਬੋਲੀ ਬੋਲੇ ਜਾਣ ਦਾ ਦਾਅਵਾ ਕੀਤਾ ਹੈ। ਦੂਜੀ ਗੱਲ ਲੰਮੇ ਸਮੇਂ ਤੋਂ ਡੋਗਰੀ ਲਿਖਣ ਲਈ ਟਾਕਰੀ ਲਿੱਪੀ ਦੀ ਵਰਤੋਂ ਹੁੰਦੀ ਸੀ ਪਰ ਇਸ ਨੂੰ ਉਸ ਨਾਲੋਂ ਤੋੜ ਕੇ ਦੇਵਨਾਗਰੀ ਲਿੱਪੀ ਨਾਲ ਜੋੜ ਦਿੱਤਾ ਗਿਆ ਹੈ। ਭਾਸ਼ਾ ਅਤੇ ਲਿੱਪੀ ਦਾ ਸਬੰਧ ਬੜਾ ਡੂੰਘਾ ਹੁੰਦਾ ਹੈ। ਟਾਕਰੀ ਦਾ ਗੁਰਮੁਖੀ ਲਿੱਪੀ ਨਾਲ ਵੀ ਇਤਿਹਾਸਕ ਅਤੇ ਜੋੜਵਾਂ ਸਬੰਧ ਰਿਹਾ ਹੈ। ਇਸ ਦੇ ਨਾਲ ਹੀ ਪਹਾੜੀ ਪੰਜਾਬੀ ਬੋਲੀਆਂ ਨੂੰ ਪੰਜਾਬੀ ਨਾਲੋਂ ਤੋੜ ਕੇ ਡੋਗਰੀ ਨਾਲ ਜੋੜਨ ਦੇ ਕੋਝੇ ਯਤਨ ਵੀ ਕੀਤੇ ਗਏ ਹਨ। ਇਨ੍ਹਾਂ ਬੋਲੀਆਂ ਨੂੰ ਸੁਤੰਤਰ ਭਾਸ਼ਾਵਾਂ ਵਜੋਂ ਸਥਾਪਤ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ ਹਨ। ਇਸ ਸਾਰੀ ਰਣਨੀਤੀ ਦਾ ਇਕੋ-ਇਕ ਮਕਸਦ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਵੇ; ਹਾਲਾਂਕਿ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਮਾਨਤਾ ਪ੍ਰਾਪਤ ਕੌਮੀ ਭਾਸ਼ਾਵਾਂ ਦੋ ਹੀ ਸਨ ਕਸ਼ਮੀਰੀ ਤੇ ਪੰਜਾਬੀ।

*ਦੁਨੀਆ ਭਰ ਦੇ ਭਾਸ਼ਾ ਵਿਗਿਆਨੀਆਂ ਨੇ ਇਸ ਮਤ ਨੂੰ ਵਾਰ-ਵਾਰ ਦੁਹਰਾਇਆ ਹੈ ਕਿ ਜੇ ਤੁਸੀਂ ਸਿਆਣੇ, ਸੂਝਵਾਨ ਤੇ ਅਕਲਮੰਦ ਨਾਗਰਿਕ ਪੈਦਾ ਕਰਨੇ ਹਨ ਤਾਂ ਉਨ੍ਹਾਂ ਨੂੰ ਸਿੱਖਿਆ ਉਨ੍ਹਾਂ ਦੀ ਮਾਂ ਬੋਲੀ ਵਿਚ ਦਿਓ। ਜੇ ਕਿਸੇ ਹੋਰ ਭਾਸ਼ਾ ਵਿਚ ਦਿਓਗੇ ਤਾਂ ਉਹ ਬੱਚੇ ਬੌਧਿਕ ਤੌਰ 'ਤੇ ਊਣੇ ਤੇ ਚੱਜ ਅਚਾਰਾਂ ਵਿਚ ਕਮਜ਼ੋਰ ਰਹਿ ਜਾਣਗੇ ਜਿਸ ਦਾ ਅਸਰ ਭਵਿਖੀ ਪੀੜ੍ਹੀਆਂ 'ਤੇ ਪਏਗਾ।*




ਰਿਆਸਤ ਵਿਚ ਪੰਜਾਬੀ ਦਾ ਰੁਤਬਾ ਇਤਿਹਾਸਕ ਮਹੱਤਵ ਵਾਲਾ ਹੈ। ਸਮੁੱਚੀ ਰਿਆਸਤ ਵਿਚ ਇਹ ਭਾਸ਼ਾ ਬੋਲੀ ਤੇ ਸਮਝੀ ਜਾਂਦੀ ਹੈ। ਇਸ ਨੂੰ ਬੋਲਣ ਵਾਲੇ ਹਿੰਦੂ, ਮੁਸਲਿਮ, ਸਿੱਖ ਤੇ ਇਸਾਈ ਸਾਰੇ ਹਨ ਜੋ ਇਥੋਂ ਦੇ ਵਸਨੀਕ ਹਨ। ਇਨ੍ਹਾਂ ਦੀਆਂ ਸਕੀਰੀਆਂ ਗੁਆਂਢੀ ਪੰਜਾਬ ਨਾਲ ਬੜੀਆਂ ਪੀਡੀਆਂ ਹਨ। ਜੇ ਗੌਰ ਨਾਲ ਦੇਖੀਏ ਤਾਂ ਸਮੁੱਚੀ ਰਿਆਸਤ ਵਿਚ ਕਸ਼ਮੀਰੀ ਤੇ ਪੰਜਾਬੀ ਹੀ ਬੋਲੀ ਦੇ ਪੱਧਰ 'ਤੇ ਦੋ ਪ੍ਰਮੁੱਖ ਭਾਸ਼ਾਵਾਂ ਨਜ਼ਰ ਆਉਂਦੀਆਂ ਹਨ। ਜਿਥੋਂ ਤੱਕ ਸਿੱਖਿਆ ਵਿਚ ਭਾਸ਼ਾ ਦਾ ਸਬੰਧ ਹੈ ਇਹ ਮਾਮਲਾ ਬੜਾ ਸੰਵੇਦਨਸ਼ੀਲ ਹੈ। ਦੁਨੀਆ ਭਰ ਦੇ ਭਾਸ਼ਾ ਵਿਗਿਆਨੀਆਂ ਨੇ ਇਸ ਮਤ ਨੂੰ ਵਾਰ-ਵਾਰ ਦੁਹਰਾਇਆ ਹੈ ਕਿ ਜੇ ਤੁਸੀਂ ਸਿਆਣੇ, ਸੂਝਵਾਨ ਤੇ ਅਕਲਮੰਦ ਨਾਗਰਿਕ ਪੈਦਾ ਕਰਨੇ ਹਨ ਤਾਂ ਉਨ੍ਹਾਂ ਨੂੰ ਸਿੱਖਿਆ ਉਨ੍ਹਾਂ ਦੀ ਮਾਂ ਬੋਲੀ ਵਿਚ ਦਿਓ। ਜੇ ਕਿਸੇ ਹੋਰ ਭਾਸ਼ਾ ਵਿਚ ਦਿਓਗੇ ਤਾਂ ਉਹ ਬੱਚੇ ਬੌਧਿਕ ਤੌਰ 'ਤੇ ਊਣੇ ਤੇ ਚੱਜ ਅਚਾਰਾਂ ਵਿਚ ਕਮਜ਼ੋਰ ਰਹਿ ਜਾਣਗੇ ਜਿਸ ਦਾ ਅਸਰ ਭਵਿੱਖੀ ਪੀੜ੍ਹੀਆਂ 'ਤੇ ਪਏਗਾ। ਇਸ ਕਰ ਕੇ ਰਿਆਸਤੀ ਸਿੱਖਿਆ ਪ੍ਰਬੰਧ ਨੇ ਗੁਆਂਢੀ ਰਾਜਾਂ ਦੀ ਭਾਸ਼ਾ ਨੀਤੀ ਦਾ ਅਨੁਸਰਨ ਕੀਤਾ। ਰਿਆਸਤ ਵਿਚ ਪੰਜਾਬੀ ਭਾਸ਼ਾ ਲਈ ਪੰਜਾਬ ਵਿਚਲੇ ਸਿੱਖਿਆ ਪੈਟਰਨਾਂ ਨੂੰ ਹੀ ਅਪਨਾਇਆ ਗਿਆ। ਪੰਜਾਬੀ ਜ਼ਬਾਨ ਦੀ ਸਥਿਤੀ ਅਨੁਸਾਰ ਇਸ ਨੂੰ ਪ੍ਰਾਇਮਰੀ, ਮਿਡਲ, ਮੈਟ੍ਰਿਕ ਅਤੇ ਕਾਲਜ ਪੱਧਰ 'ਤੇ ਅਪਣਾਇਆ ਗਿਆ। ਇਸ ਨੀਤੀ ਅਨੁਸਾਰ ਪੰਜਾਬੀ ਨੂੰ ਉਰਦੂ, ਹਿੰਦੀ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ। ਪ੍ਰਾਇਮਰੀ ਪੱਧਰ 'ਤੇ ਪੰਜਾਬੀ ਪੜ੍ਹਨ/ਪੜ੍ਹਾਉਣ ਦੀ ਸਹੂਲਤ ਦਿੱਤੀ ਗਈ ਅਤੇ ਮੈਟ੍ਰਿਕ ਤੇ ਕਾਲਜ ਪੱਧਰ 'ਤੇ ਇਸ ਨੂੰ ਚੋਣਵੇਂ ਵਿਸ਼ੇ ਵਜੋਂ ਮਾਨਤਾ ਪ੍ਰਾਪਤ ਸੀ। ਇਸ ਸਥਿਤੀ ਵਿਚ ਪੰਜਾਬੀ ਨੂੰ ਲਗਪਗ ਦੂਸਰੀ ਭਾਸ਼ਾ ਦਾ ਦਰਜਾ ਪ੍ਰਾਪਤ ਸੀ। ਇਸੇ ਨੀਤੀ ਤਹਿਤ 1972 ਵਿਚ ਜੰਮੂ ਯੂਨੀਵਰਸਿਟੀ ਵਿਚ ਸੁਤੰਤਰ ਪੰਜਾਬੀ ਵਿਭਾਗ ਦੀ ਸਥਾਪਨਾ ਕੀਤੀ ਗਈ। 1971 ਵਿਚ ਹੀ ਕਸ਼ਮੀਰ ਯੂਨੀਵਰਸਿਟੀ ਵਿਚ ਕਸ਼ਮੀਰੀ ਦੇ ਫੈਲੋ ਤੇ ਜੰਮੂ ਯੂਨੀਵਰਸਿਟੀ ਵਿਚ ਡੋਗਰੀ ਦੇ ਫੈਲੋ ਦੀਆਂ ਅਸਾਮੀਆਂ ਨਿਰਧਾਰਤ ਕੀਤੀਆਂ ਗਈਆਂ। ਉਦੋਂ ਹੀ ਪੰਜਾਬੀ ਫੈਲੋ ਦੀ ਭਰਤੀ ਕੀਤੀ ਗਈ। ਇਹ ਤੱਥ ਸਪੱਸ਼ਟ ਕਰਦੇ ਹਨ ਕਿ ਰਿਆਸਤ ਦੀਆਂ ਪ੍ਰਧਾਨ ਬੋਲੀਆਂ ਵਿਚ ਕਸ਼ਮੀਰੀ ਤੇ ਪੰਜਾਬੀ ਸਨ। 1982 ਤੱਕ ਇਹ ਭਾਸ਼ਾ ਨੀਤੀ ਲਾਗੂ ਰਹੀ।

1982 'ਚ ਹੀ ਸਰਕਾਰ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਇਸ ਭਾਸ਼ਾ ਨੀਤੀ ਵਿਚ ਤਬਦੀਲੀਆਂ ਦੀ ਗੱਲ ਕਹੀ। ਨੋਟੀਫਿਕੇਸ਼ਨ (10 ਅਕਤੂਬਰ, 1982) ਨੂੰ ਰਿਆਸਤ ਵਿਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰ ਦਿੱਤਾ ਗਿਆ। ਭਾਰਤੀ ਪ੍ਰਸੰਗ ਵਿਚ ਤਿੰਨ ਭਾਸ਼ਾਈ ਫਾਰਮੂਲਾ ਬੜਾ ਕਾਰਗਰ ਸੀ ਪਰ ਹੌਲੀ-ਹੌਲੀ ਇਸ ਨੂੰ ਖੋਰਾ ਲਾ ਦਿੱਤਾ ਗਿਆ। ਇਸ ਨੋਟੀਫਿਕੇਸ਼ਨ ਅਨੁਸਾਰ ਪਹਿਲੇ ਦੋ ਗਰੁੱਪਾਂ ਵਿਚੋਂ ਪੰਜਾਬੀ, ਜਿਸ ਨੂੰ ਪਹਿਲਾਂ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਸੀ, ਖਾਰਜ ਕਰ ਦਿੱਤਾ ਗਿਆ ਤੇ ਅੰਗਰੇਜ਼ੀ, ਹਿੰਦੀ ਤੇ ਉਰਦੂ ਨੂੰ ਪ੍ਰਮੁੱਖਤਾ ਦੇ ਦਿੱਤੀ ਗਈ। ਹਾਲਾਂਕਿ ਰਿਆਸਤੀ ਸੰਵਿਧਾਨ ਦੀ ਭਾਸ਼ਾ ਸੂਚੀ ਵਿਚ ਇਹ ਤਿੰਨੇ ਭਾਸ਼ਾਵਾਂ ਸ਼ਾਮਿਲ ਹੀ ਨਹੀਂ ਸਨ। ਇਸ ਨਵੀਂ ਬਣਾਈ ਗਈ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਕਾਫੀ ਖੋਰਾ ਲਾਇਆ ਗਿਆ। ਇਸ ਨੀਤੀ ਦੇ ਕੁਝ ਪ੍ਰਮੁੱਖ ਨੁਕਤਿਆਂ ਨੂੰ ਵਿਚਾਰਿਆ ਜਾ ਸਕਦਾ ਹੈ:

ੳ) ਹਰ ਵਿਦਿਆਰਥੀ ਲਈ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਗਈ; ਜਿਵੇਂ ਬਾਅਦ ਵਿਚ ਕਈ ਸੂਬਿਆਂ ਨੇ ਵੀ ਇਹ ਨੀਤੀ ਅਪਣਾਈ। ਅਸਲ ਵਿਚ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਵਜੋਂ ਚਿਤਵਿਆ ਗਿਆ।

ਅ) ਜੇਕਰ ਕੋਈ ਵਿਦਿਆਰਥੀ ਪ੍ਰਾਇਮਰੀ ਪੱਧਰ 'ਤੇ ਹਿੰਦੀ ਪੜ੍ਹਦਾ ਹੈ ਤਾਂ ਪ੍ਰਾਇਮਰੀ ਤੋਂ ਬਾਅਦ ਉਹਦੇ ਲਈ ਉਰਦੂ ਲਾਜ਼ਮੀ ਕਰ ਦਿੱਤੀ ਗਈ ਤੇ ਜੇ ਕੋਈ ਵਿਦਿਆਰਥੀ ਪ੍ਰਾਇਮਰੀ ਪੱਧਰ 'ਤੇ ਉਰਦੂ ਪੜ੍ਹਦਾ ਹੈ ਤਾਂ ਅਗਲੇ ਪੜਾਅ 'ਤੇ ਉਹਦੇ ਲਈ ਹਿੰਦੀ ਲਾਜ਼ਮੀ ਕਰ ਦਿੱਤੀ ਗਈ। ਇੰਜ ਮਾਤ ਭਾਸ਼ਾਵਾਂ ਨੂੰ ਛੱਡ ਕੇ ਬਾਹਰਲੀਆਂ ਭਾਸ਼ਾਵਾਂ ਵਿਚ ਬੱਚੇ ਨੂੰ ਦੋ-ਭਾਸ਼ੀ ਜਾਂ ਬਹੁ-ਭਾਸ਼ੀ ਬਣਾ ਦਿੱਤਾ ਗਿਆ।

ੲ) ਇਸ ਭਾਸ਼ਾ ਨੀਤੀ ਵਿਚ ਰਿਆਸਤੀ ਸੰਵਿਧਾਨ ਦੀ ਸੂਚੀ 'ਚ ਮਾਨਤਾ ਪ੍ਰਾਪਤ ਭਾਸ਼ਾਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵੀ ਮਾਤ ਭਾਸ਼ਾ ਨੂੰ ਪਹਿਲੀ ਜਾਂ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਦਾ ਭੋਗ ਪਾ ਦਿੱਤਾ ਗਿਆ।

ਸ) ਇਸ ਨਵੀਂ ਭਾਸ਼ਾ ਨੀਤੀ ਅਨੁਸਾਰ ਪੰਜਾਬੀ ਭਾਸ਼ਾ ਜੋ ਦੂਸਰੀ ਭਾਸ਼ਾ ਦਾ ਦਰਜਾ ਰੱਖਦੀ ਸੀ ਤੇ ਇਹ ਸਿੱਖਿਆ ਦਾ ਮਾਧਿਅਮ ਵੀ ਸੀ। ਇਸ ਨੂੰ ਹੁਣ ਅੱਠਵੇਂ ਗਰੁੱਪ ਵਿਚ ਸ਼ਾਮਿਲ ਕਰ ਦਿੱਤਾ ਗਿਆ। ਇਸ ਗਰੁੱਪ ਵਿਚ ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਫਾਰਸੀ, ਕਸ਼ਮੀਰੀ, ਡੋਗਰੀ, ਬੋਧੀ ਤੇ ਪੰਜਾਬੀ ਸ਼ਾਮਿਲ ਸਨ। ਇਸ ਅੱਠਵੇਂ ਗਰੁੱਪ ਨੂੰ ਵਾਧੂ ਭਾਸ਼ਾਵਾਂ ਦੇ ਗਰੁੱਪ ਵਜੋਂ ਮਾਨਤਾ ਦਿੱਤੀ ਗਈ। ਪੰਜਾਬੀ ਨੂੰ ਜਾਣਬੁੱਝ ਕੇ ਕਲਾਸੀਕਲ ਭਾਸ਼ਾਵਾਂ ਨਾਲ ਨੱਥੀ ਕਰ ਦਿੱਤਾ ਗਿਆ, ਜਦ ਕਿ ਉਹ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਆਉਂਦੀ ਹੈ।

ਹ) ਇਸ ਗਰੁੱਪ ਦਾ ਸਿਖਿਆਰਥੀਆਂ ਨੂੰ ਕੋਈ ਫਾਇਦਾ ਨਾ ਹੋਇਆ। ਨਾ ਤਾਂ ਇਸ ਦੇ ਅੰਕ ਜੁੜਦੇ ਸਨ, ਨਾ ਇਨ੍ਹਾਂ ਦਾ ਕੋਈ ਹੋਰ ਮਹੱਤਵ ਸੀ। ਅਜਿਹੀ ਸਥਿਤੀ ਵਿਚ ਸਭ ਤੋਂ ਵਧੇਰੇ ਦੁਰਗਤੀ ਪੰਜਾਬੀ ਭਾਸ਼ਾ ਦੀ ਹੋਈ ਜੋ ਵੱਡੀ ਗਿਣਤੀ ਵਿਚ ਸਥਾਨਕ ਬੋਲਣਹਾਰਿਆਂ ਦੀ ਜ਼ਬਾਨ ਸੀ।

ਕ) ਇਸ ਨੀਤੀ ਵਿਚ ਜਾਣਬੁੱਝ ਕੇ ਦੁਬਾਰਾ ਹਿੰਦੀ, ਉਰਦੂ ਨੂੰ ਰੱਖ ਦਿੱਤਾ ਗਿਆ ਹਾਲਾਂਕਿ ਉਹ ਗਰੁੱਪ ਇਕ ਤੇ ਦੋ ਵਿਚਲੀ ਸੂਚੀ ਵਿਚ ਸ਼ਾਮਿਲ ਸਨ। ਇਨ੍ਹਾਂ ਨੂੰ ਦੁਬਾਰਾ ਅੱਠਵੇਂ ਗਰੁੱਪ ਵਿਚ ਸ਼ਾਮਿਲ ਕਰਨ ਦਾ ਮਤਲਬ ਸੀ ਕਿ ਜਿਹੜੇ ਵਿਦਿਆਰਥੀ ਮੁਢਲੀਆਂ ਜਮਾਤਾਂ ਵਿਚ ਇਨ੍ਹਾਂ ਨੂੰ ਪੜ੍ਹਦੇ ਹਨ ਉਹ ਦੁਬਾਰਾ ਸੌਖ ਲਈ ਉਪਰਲੀਆਂ ਜਮਾਤਾਂ ਵਿਚ ਵੀ ਇਨ੍ਹਾਂ ਦੀ ਚੋਣ ਕਰ ਸਕਦੇ ਹਨ। ਇਸ ਨਾਲ ਅੱਠਵੇਂ ਗਰੁੱਪ ਦੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਦੇ ਪਰ ਕੱਟ ਕੇ ਇਸ ਨੂੰ ਹੀਣ ਭਾਸ਼ਾ ਦੇ ਦਰਜੇ 'ਤੇ ਪਹੁੰਚਾ ਦਿੱਤਾ ਗਿਆ। ਜਿਥੇ ਪਹਿਲਾਂ ਇਹ ਮੁਢਲੀਆਂ ਜਮਾਤਾਂ ਤੋਂ ਲੈ ਕੇ ਉਪਰਲੀਆਂ ਤੇ ਉਚ-ਜਮਾਤਾਂ ਵਿਚ ਪੜ੍ਹੀ/ਪੜ੍ਹਾਈ ਜਾਂਦੀ ਸੀ ਹੁਣ ਇਸ ਦੀ ਸਥਿਤੀ ਇਕ ਫਾਲਤੂ ਭਾਸ਼ਾ ਵਾਲੀ ਬਣ ਗਈ। ਇਸ ਬਾਰੇ ਕਾਫੀ ਜ਼ੋਰਦਾਰ ਆਵਾਜ਼ ਵੀ ਉਠਦੀ ਰਹੀ ਪਰ ਪੰਜਾਬੀ ਨੂੰ ਉਹਦਾ ਹੱਕ ਨਾ ਦਿੱਤਾ ਗਿਆ। ਸਰਕਾਰ ਨੇ 20 ਵਿਦਿਆਰਥੀਆਂ ਦੀ ਸ਼ਰਤ ਲਾ ਕੇ ਇਹਦੀ ਪੜ੍ਹਾਈ ਦਾ ਵਾਅਦਾ ਜ਼ਰੂਰ ਕੀਤਾ ਪਰ ਅਮਲੀ ਰੂਪ ਵਿਚ ਇਸ ਨੂੰ ਖੋਰਾ ਹੀ ਲੱਗਿਆ।

ਜੇ ਇਤਿਹਾਸਕ ਸਥਿਤੀਆਂ ਦੇਖੀਏ ਤਾਂ ਦੇਸ਼ ਵੰਡ ਵੇਲੇ ਜਿਹੜਾ ਕਸ਼ਮੀਰੀ ਇਲਾਕਾ ਪਾਕਿਸਤਾਨੀ ਕਸ਼ਮੀਰ ਵਿਚ ਚਲਾ ਗਿਆ ਉਸ ਨਾਲ ਵੀ ਪੰਜਾਬੀ ਭਾਸ਼ਾ ਨੂੰ ਨੁਕਸਾਨ ਪਹੁੰਚਿਆ। ਕੁਝ ਅੰਕੜਿਆਂ ਨਾਲ ਸਥਿਤੀ ਸਪੱਸ਼ਟ ਕੀਤੀ ਜਾ ਸਕਦੀ ਹੈ:

1) 1941 ਦੀ ਮਰਦਮਸ਼ੁਮਾਰੀ ਤੋਂ ਪਤਾ ਲਗਦਾ ਹੈ ਕਿ ਰਿਆਸਤ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਸੀ ਤੇ ਕਸ਼ਮੀਰੀ ਦੂਜੇ ਨੰਬਰ 'ਤੇ ਸੀ।

2) 1947 ਦੀ ਵੰਡ ਦੌਰਾਨ ਰਿਆਸਤ ਦਾ 33,000 ਵਰਗ ਮੀਲ ਇਲਾਕਾ ਪਾਕਿਸਤਾਨ 'ਚ ਚਲਾ ਗਿਆ, ਜਿਸ 'ਚ ਮੁਜ਼ੱਫਰਾਬਾਦ, ਮੀਰਪੁਰ, ਭਿੰਬਰ, ਕੋਟਲੀ ਤੇ ਅੱਧਾ ਪੁਣਛ ਆਉਂਦੇ ਹਨ ਜਿਥੇ ਉਦੋਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 20 ਲੱਖ ਦੇ ਨੇੜੇ ਤੇੜੇ ਸੀ।

3) ਰਿਆਸਤ ਵਿਚ ਬਾਰਾਮੂਲਾ, ਸ੍ਰੀਨਗਰ, ਟਿਟਵਾਲ, ਉੜੀ, ਕਰਨ੍ਹਾ, ਤਰਾਲ ਆਦਿ ਇਲਾਕਿਆਂ ਵਿਚ ਵੱਡੀ ਗਿਣਤੀ ਪੰਜਾਬੀ ਬੋਲਣ ਵਾਲਿਆਂ ਦੀ ਹੈ। ਇਸ ਤੋਂ ਇਲਾਵਾ ਜੰਮੂ ਦਾ ਸਾਰਾ ਇਲਾਕਾ ਭੱਦਰਵਾਹ, ਡੋਡਾ ਤੇ ਕਿਸ਼ਤਵਾੜ ਛੱਡ ਕੇ ਪੰਜਾਬੀ ਬੋਲਦਾ ਇਲਾਕਾ ਹੈ।

4) 1971 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 13 ਲੱਖ ਦੱਸੀ ਗਈ ਹੈ ਜੋ ਲਗਾਤਾਰ ਵਧ ਰਹੀ ਹੈ ਤੇ ਇੰਜ ਕਸ਼ਮੀਰੀ ਤੋਂ ਬਾਅਦ ਬੋਲਣ ਵਾਲੀ ਦੂਜੀ ਪ੍ਰਮੁੱਖ ਬੋਲੀ ਪੰਜਾਬੀ ਹੈ।

5) ਰਾਜਸੀ ਬਦਨੀਤੀਆਂ ਨੇ ਪੰਜਾਬੀ ਨੂੰ ਢਾਹ ਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਇਸ ਦੀ ਉਪ ਬੋਲੀ ਡੋਗਰੀ ਨੂੰ ਵੱਖ ਕੀਤਾ। ਫਿਰ ਪੰਜਾਬੀ ਦੀਆਂ ਪਹਾੜੀ ਬੋਲੀਆਂ ਨੂੰ ਤੋੜਿਆ। ਗੋਜਰੀ ਤੇ ਪਹਾੜੀ ਨੂੰ ਲਿਖਣ ਲਈ ਉਸ ਨਾਲ ਫਾਰਸੀ ਲਿੱਪੀ ਜੋੜ ਦਿੱਤੀ। ਇਸੇ ਤਰ੍ਹਾਂ ਜੰਮੂ ਇਲਾਕੇ ਦੇ ਰਜੌਰੀ, ਪੁਣਛ, ਕਰਨ੍ਹਾ, ਉੜੀ ਵਿਚ ਪੰਜਾਬੀ ਬੋਲਣ ਵਾਲਿਆਂ ਨੂੰ ਗੋਜਰੀ ਮਾਤ ਭਾਸ਼ਾ ਦਾ ਸੁਝਾਅ ਦੇ ਕੇ ਪੰਜਾਬੀ ਤੋਂ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਜਿਹੀਆਂ ਸਥਿਤੀਆਂ ਵਿਚ ਪੰਜਾਬੀ ਨੂੰ ਲਗਾਤਾਰ ਹਾਸ਼ੀਏ ਵੱਲ ਧੱਕ ਕੇ ਇਹਦਾ ਰਾਹ ਤੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਹੁਣ ਜਦੋਂ ਧਾਰਾ 370 ਨੂੰ ਤੋੜ ਕੇ ਰਿਆਸਤ ਦੇ ਟੋਟੇ ਕਰ ਦਿੱਤੇ ਗਏ ਹਨ ਤਾਂ ਇਨ੍ਹਾਂ ਲਈ ਬਣਾਈ ਗਈ ਨਵੀਂ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਪੂਰਨ ਰੂਪ ਵਿਚ ਖਾਰਜ ਕਰ ਦਿੱਤਾ ਗਿਆ ਹੈ। ਸਿਤਮ ਤਾਂ ਇਹ ਹੈ ਕਿ ਕੁਦਰਤੀ ਨੇਮ ਅਨੁਸਾਰ ਹਰ ਬਸ਼ਿੰਦੇ ਨੂੰ ਆਪਣੀ ਭਾਸ਼ਾ ਬੋਲਣ, ਵਰਤਣ, ਉਸ ਵਿਚ ਸਿੱਖਿਆ ਗ੍ਰਹਿਣ ਕਰਨ, ਉਸ ਨੂੰ ਪ੍ਰਫੁੱਲਤ ਕਰਨ ਦਾ ਸੰਵਿਧਾਨਕ ਹੱਕ ਹੈ ਪਰ ਸਰਕਾਰ ਦੀ ਸੌੜੀ ਨੀਤੀ ਕਰ ਕੇ ਰਿਆਸਤ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਬੋਲਣ ਵਾਲੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ ਤੋਂ ਉਨ੍ਹਾਂ ਦਾ ਇਹ ਹੱਕ ਖੋਹ ਲਿਆ ਗਿਆ। ਭਾਰਤ ਵਿਚ ਭਾਸ਼ਾ ਨੀਤੀਆਂ ਬਣਾਉਣ ਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਹਮੇਸ਼ਾ ਸੌੜੀ ਸਿਆਸਤ ਨੇ ਅੜਿੱਕੇ ਡਾਹੇ ਹਨ। ਇਹ ਸਥਿਤੀ ਬਸਤੀਵਾਦੀ ਕਾਲ ਵਿਚ ਸ਼ੁਰੂ ਕੀਤੀ ਗਈ ਸੀ ਪਰ ਆਜ਼ਾਦੀ ਮਿਲਣ ਤੋਂ ਬਾਅਦ ਵੀ ਵੱਖ-ਵੱਖ ਮਾਤ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਸਿਆਸੀ ਦਾਅ-ਪੇਚਾਂ ਰਾਹੀਂ ਫਿਰਕੂ ਫਰੇਮਾਂ ਵਿਚ ਫਿੱਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਨਾਲ ਹੀ ਭਾਰਤ ਵਿਚ ਅਨੇਕਾਂ ਭਾਸ਼ਾ ਅੰਦੋਲਨ ਹੋਏ ਹਨ ਤੇ ਖੂਨ-ਖਰਾਬੇ ਵੀ ਹੋਏ। ਅੱਜ ਵੀ ਜੰਮੂ ਕਸ਼ਮੀਰ ਵਿਚਲੇ ਪੰਜਾਬੀ ਬੋਲਣਹਾਰੇ ਆਪਣੇ ਭਾਸ਼ਾਈ ਹੱਕ ਲਈ ਆਵਾਜ਼ ਬੁਲੰਦ ਕਰ ਰਹੇ ਹਨ ਤੇ ਇਸ ਆਵਾਜ਼ ਨੂੰ ਪੂਰੀ ਦੁਨੀਆ ਵਿਚ ਹੁੰਗਾਰਾ ਮਿਲਿਆ ਹੈ। ਦੇਸ਼ ਦੀ ਸੰਸਦ ਵਿਚ ਕੁਝ ਮੈਂਬਰਾਂ ਵਲੋਂ ਇਸ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਗਈ ਸੀ।

ਅੱਜ ਵੀ ਜੰਮੂ ਦੇ ਹਰ ਕੋਨੇ ਵਿਚੋਂ ਪੰਜਾਬੀ ਦੀ ਖੁਸ਼ਬੋ ਆਉਂਦੀ ਹੈ। ਘਰਾਂ, ਗਲੀਆਂ, ਮੁਹੱਲਿਆਂ, ਬਾਜ਼ਾਰਾਂ, ਦਫਤਰਾਂ, ਹਸਪਤਾਲਾਂ ਤੇ ਸਿੱਖਿਆ ਸੰਸਥਾਵਾਂ ਵਿਚ ਇਸ ਦੀ ਆਮ ਵਰਤੋਂ ਹੁੰਦੀ ਹੈ। ਰਿਆਸਤ ਦੀ ਇਹ ਇਕੋ-ਇਕ ਅਜਿਹੀ ਭਾਸ਼ਾ ਹੈ ਜੋ ਪਿਛਲੇ ਲਗਭਗ ਦੋ ਸੌ ਸਾਲਾਂ ਤੋਂ ਇਥੇ ਵਰਤੀ ਜਾ ਰਹੀ ਹੈ। ਲੋੜ ਭਾਸ਼ਾਈ ਸੰਕੀਰਨਤਾ ਤੋਂ ਉਪਰ ਉਠਣ ਦੀ ਹੈ। ਲੋਕਾਂ ਨੂੰ ਭਾਸ਼ਾਈ ਅਧਿਕਾਰ ਦੇਣ ਦੀ ਹੈ। ਕਿਸੇ ਵੀ ਭਾਸ਼ਾ ਨੂੰ ਦਬਾ ਕੇ ਕਦੇ ਖਤਮ ਨਹੀਂ ਕੀਤਾ ਜਾ ਸਕਦਾ ਪਰ ਅਫਸੋਸ ਇਸ ਗੱਲ ਦਾ ਹੈ ਕਿ ਸਰਕਾਰ ਨੇ ਰਿਆਸਤ ਦੇ ਪੰਜਾਬੀ ਅਵਾਮ ਨੂੰ ਅੱਖੋਂ ਪਰੋਖੇ ਕਰ ਕੇ ਨਵੀਂ ਭਾਸ਼ਾ ਨੀਤੀ ਦਾ ਖਰੜਾ ਪ੍ਰਵਾਨ ਕਰ ਕੇ ਉਸ ਨੂੰ ਸੰਸਦ ਵਿਚ ਪਾਸ ਕਰ ਦਿੱਤਾ ਹੈ। ਪੰਜਾਬੀ ਪਿਆਰਿਆਂ ਲਈ ਸੰਘਰਸ਼ ਬਹੁਤ ਲੰਮਾ ਹੈ ਤੇ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਸਰਕਾਰ ਦੇ ਕੰਨਾਂ 'ਚੋਂ ਰੂੰ ਨਿਕਲੇਗੀ ਤੇ ਉਹ ਲੋਕ ਆਵਾਜ਼ ਨੂੰ ਸੁਣੇਗੀ। ਦੇਰ ਸਵੇਰ ਪੰਜਾਬੀ ਬੋਲਣ ਵਾਲਿਆਂ ਨੂੰ ਉਨ੍ਹਾਂ ਦਾ ਹੱਕ ਜ਼ਰੂਰ ਮਿਲੇਗਾ।

# ਅਸੀਂ ਪੰਜਾਹਾਂ ਦੇ ਹੋ ਗਏ

ਵਿਅੰਗ

ਅਸੀਂ ਵੀ ਕਿਸੇ ਨਾਲੋਂ ਘੱਟ ਨਹੀਂ, ਉਣੰਜਾ ਸਾਲਾਂ ਦਾ ਸਫਰ ਕਰਦੇ ਅਸੀਂ ਪੰਜਾਹਾਂ 'ਤੇ ਆ ਗਏ। ਪੂਰਾ ਅੱਧੀ ਸਦੀ ਦਾ ਸਫਰ! ਬੱਚਿਆਂ ਨੂੰ ਬੜੀ ਖੁਸ਼ੀ ਹੋਈ, ਡੈਡ ਦਾ ਜਨਮ ਦਿਨ ਹੈ। ਖਾਣ-ਪੀਣ ਤੋਂ ਇਲਾਵਾ ਜਨਮ ਦਿਨ ਲਈ 'ਕੇਕ' ਵੀ ਬੱਚਿਆਂ ਨੇ ਹੀ ਆਰਡਰ ਕੀਤਾ। ਉਪਰ ਚਾਕਲੇਟ ਨਾਲ 'ਡੈਡ' ਲਿਖਵਾ ਕੇ 50 ਵੀ ਉੱਕਰਿਆ ਹੋਇਆ ਸੀ। ਗੋਲਧਾਰੇ ਵਿਚ ਮੋਮਬੱਤੀਆਂ ਵੀ ਗੱਡੀਆਂ ਗਈਆਂ ਸਨ! ਬੱਚਿਆਂ ਨੇ ਆਪਣੇ ਸਕੂਲ ਅਤੇ ਕਾਲਜ ਦੇ ਸਾਥੀਆਂ ਨੂੰ ਵੀ ਸੱਦਾ ਪੱਤਰ ਭੇਜਿਆ ਸੀ। ਆਂਢੀ-ਗੁਆਂਢੀ ਵੀ ਬੁਲਾਏ ਹੋਏ ਸਨ। ਅਸੀਂ ਆਉਣ ਵਾਲੇ ਖਰਚੇ ਪ੍ਰਤੀ ਆਪਣੀ ਜੇਬ ਤੋਲ-ਤੋਲ ਕੇ ਦੇਖ ਰਹੇ ਸਾਂ। ਘਰਵਾਲੀ ਨੂੰ ਵੀ ਕੋਈ ਬਹੁਤਾ ਚਾਅ ਨਹੀਂ ਸੀ। ਉਸ ਦੀ ਧਰਨ ਵੀ ਮੇਰੇ ਵਾਂਗ ਹੀ ਡਿੱਕਡੋਲੇ ਜਿਹੇ ਖਾ ਰਹੀ ਸੀ। ਕਾਰਨ...? ਸਾਡੀ ਘਰਵਾਲੀ-ਸ੍ਰੀ ਨੇ ਸਾਡੇ ਨਾਲੋਂ ਪੂਰੇ ਦਸ ਸਾਲ ਪਹਿਲਾਂ ਅਵਤਾਰ ਧਾਰਿਆ ਸੀ। ਮੈਂ ਪੰਜਾਹਾਂ ਦਾ ਅਤੇ ਘਰਵਾਲੀ...? ਰੱਬ ਬਖਸ਼ੀ ਰੱਖੇ! ਉਹ ਮੱਝ ਦੇ ਮਗਰ ਕੱਟਾ ਫਿਰਨ ਵਾਂਗ ਮੇਰੇ ਪਿੱਛੇ-ਪਿੱਛੇ ਹੀ ਤੁਰੀ ਫਿਰਦੀ ਸੀ। ਮੈਨੂੰ



**ਸ਼ਿਵਚਰਨ ਜੱਗੀ ਕੁੱਸਾ**
jaggikussa@yahoo.de

ਕਾਰਨ ਸਮਝ ਨਾ ਆਇਆ ਕਿ ਪਤਨੀ-ਸ੍ਰੀ ਅੱਜ ਮੇਰਾ ਪਿੱਛਾ ਕਿਉਂ ਨਹੀਂ ਛੱਡ ਰਹੀ? ਅੱਗੇ ਤਾਂ ਉਸ ਦੀ ਇੱਕੋ ਹੀ ਰਟ ਹੁੰਦੀ ਸੀ, 'ਜਾਓ ਜਿੱਥੇ ਜਾਣੈਂ..! ਖਾਓ ਧੱਕੇ, ਮਰੋ ਪਰ੍ਹੇ..!' ਪਰ ਅੱਜ ਤਾਂ ਮੇਰਾ ਕੁਝ ਜ਼ਿਆਦਾ ਹੀ 'ਮੋਹ' ਜਿਹਾ ਕਰ ਰਹੀ ਸੀ?

ਦਿਮਾਗ 'ਤੇ ਕਈ ਵਾਰ ਸੋਚਾਂ ਦਾ ਰੇਗਮਾਰ ਫੇਰਿਆ, ਪਰ ਜੰਗਾਲਿਆ ਦਿਮਾਗ ਕਦੋਂ ਛੇਤੀ ਕੀਤੇ ਲਿਸ਼ਕੋਰ ਫੜਦੈ? ਫੇਰ ਸਿਰ ਵਿਚ ਪੁਰਾਣੇ ਰੇਡੀਓ ਵਾਂਗ ਧੱਫੇ ਜਿਹੇ ਮਾਰੇ, ਕਿ ਕੀ ਐ 'ਘਿਰੜ-ਘਿਰੜ' ਕਰਦੇ ਰੇਡੀਓ ਵਾਂਗ ਸ਼ਾਇਦ ਕੋਈ ਸਟੇਸ਼ਨ ਫੜ ਹੀ ਲਵੇ? ਪਰ ਸਾਨੂੰ ਸਾਡੇ ਦਿਮਾਗ 'ਤੇ ਅਥਾਹ ਮਾਣ ਸੀ ਕਿ ਸਾਡਾ ਦਿਮਾਗ ਸਾਨੂੰ ਲੋੜ ਪੈਣ 'ਤੇ ਦਗਾ ਨਹੀਂ ਦੇਵੇਗਾ। ਵਿਸ਼ਵਾਸ ਆਸਰੇ ਹੀ ਧਰਤੀ ਖੜ੍ਹੀ ਹੈ! ਦਿਲ ਨੂੰ ਧਰਵਾਸ ਦਿੱਤਾ।

ਜਦ ਮੈਂ ਸਾਰੇ ਖਾਣ ਪੀਣ ਦਾ ਜਾਇਜ਼ਾ ਲੈਣ ਡਰਾਇੰਗ-ਰੂਮ ਵਿਚ ਆਇਆ ਤਾਂ ਮੇਰੇ ਲੜਕੇ ਕਬੀਰ ਦੇ ਸਕੂਲ ਦੇ ਜੋਟੀਦਾਰ ਨੇ ਮੈਨੂੰ ਪੁੱਛ ਹੀ ਲਿਆ, "ਅੰਕਲ, ਕਿੰਨੀ ਉਮਰ ਹੋ ਗਈ ਤੁਹਾਡੀ?" ਕੇਕ ਅਜੇ ਸਜਾਇਆ ਨਹੀਂ ਸੀ, ਜਿਸ 'ਤੇ 50 ਲਿਖਿਆ ਹੋਇਆ ਸੀ। ਮੈਂ ਉੱਤਰ ਦੇਣ ਹੀ ਲੱਗਾ ਸਾਂ ਕਿ ਘਰਵਾਲੀ ਨੇ ਮੈਨੂੰ ਘੂਰੀ ਵੱਟੀ ਅਤੇ ਮੇਰੀ ਸੋਚ ਗਿੱਦੜਮਾਰਾਂ ਤੋਂ ਡਰਦੇ ਬਿੱਲੇ ਵਾਂਗ ਛਹਿ ਗਈ। ਮੈਂ ਮੁੜ੍ਹਕੋ-ਮੁੜ੍ਹਕੀ ਹੋਇਆ ਘਰਵਾਲੀ ਵੱਲ ਦੇਖੀ ਗਿਆ। ਘਰਵਾਲੀ ਦੀਆਂ ਤਿਊੜੀਆਂ ਭੋਲੇ-ਸ਼ੰਕਰ ਜੀ ਦੇ ਸ਼ੇਸ਼ਨਾਗ ਵਾਂਗ ਮੱਥੇ ਵਿਚ ਫਣ ਚੁੱਕੀ ਖੜ੍ਹੀਆਂ ਸਨ।

ਜਦ ਲੜਕੇ ਨੇ ਆਪਣਾ ਸੁਆਲ ਦੁਹਰਾਇਆ ਤਾਂ ਸਾਡੇ ਦਿਮਾਗ ਨੇ ਸਾਡਾ ਸਾਥ ਦਿੱਤਾ, ਭਲਾ ਹੋਵੇ ਬੇਚਾਰੇ ਦਾ! ਮੈਂ ਉੱਤਰ ਦਿੱਤਾ, "ਪੁੱਤਰ ਮੈਂ ਬਾਲਗ ਹੋ ਗਿਐਂ...!" ਸਾਰੇ ਬੱਚੇ ਹੱਸ ਪਏ। ਘਰਵਾਲੀ ਨੇ ਕੌੜਾ ਜਿਹਾ ਹਾਸਾ ਹੱਸ ਕੇ ਤੂੰਬੇ ਵਰਗਾ ਸਿਰ ਹਿਲਾਇਆ; ਪਰ ਮੂੰਹ ਉਸ ਦਾ ਕੌੜਤੁੰਮੇ ਵਾਂਗ ਸਕੋੜਿਆ ਹੀ ਰਿਹਾ। ਅਸੀਂ ਸੋਚਿਆ ਗਲਤੀ ਤਾਂ ਕੋਈ ਕੀਤੀ ਨਹੀਂ, ਪਰ ਘਰਵਾਲੀ ਫਿਰ ਵੀ ਨਰਾਜ਼ ਹੋ ਗਈ, ਜਾਂ ਸ਼ਾਇਦ ਗੁੱਸੇ ਹੋ ਗਈ? ਦਿਲ ਵਿਚ ਸੋਚਿਆ ਕਿ ਜਨਮ ਦਿਨ 'ਤੇ ਮਹਿਮਾਨ ਬੁਲਾ ਕੇ ਘੋਰ ਗਲਤੀ ਕੀਤੀ। ਨਾ ਹੀ ਜਨਮ ਦਿਨ ਮਨਾਉਂਦੇ ਅਤੇ ਨਾ ਹੀ ਘਰਵਾਲੀ ਦੇ ਕਰੋਧ ਦਾ ਸ਼ਿਕਾਰ ਹੋਣਾ ਪੈਂਦਾ; ਪਰ ਮੈਂ ਕਦੋਂ ਆਖਿਆ ਸੀ ਜਨਮ ਦਿਨ ਮਨਾਉਣ ਨੂੰ? ਬੱਚਿਆਂ ਨੇ ਹੀ ਖਹਿੜਾ ਨਾ ਛੱਡਿਆ। ਘਰਵਾਲੀ ਨੇ ਵੀ 'ਹਾਂ-ਪੱਖੀ' ਹੁੰਗਾਰਾ ਹੀ ਭਰਿਆ ਸੀ। ਹੁਣ ਭੁਗਤੇ ਆਪ ਈ, ਮੈਂ ਕੀ ਕਰਾਂ? ਮੇਰਾ ਕੀ ਕਸੂਰ?

ਪਤਾ ਨਹੀਂ ਮੇਰੇ ਜੁੰਡੀ ਦੇ ਯਾਰਾਂ ਨੂੰ ਕਿੱਥੋਂ ਪਤਾ ਲੱਗ ਗਿਆ। ਉਹ ਵੀ ਭੂਤਾਂ ਵਾਂਗ ਘਰੇ ਆ ਵੱਜੇ। ਉਨ੍ਹਾਂ ਨੇ ਆਉਣ ਸਾਰ ਭੁੱਖੇ ਢਿੱਡ ਖੜਕਾਉਣੇ ਸ਼ੁਰੂ ਕਰ ਦਿੱਤੇ।

"ਤੁਸੀਂ ਸਾਨੂੰ ਸੱਦੋ ਨਾ ਸੱਦੋ, ਪਰ ਸਾਨੂੰ ਤਾਂ ਥੋਡੇ ਜਨਮ ਦਿਨ ਦਾ ਚਾਅ ਐ!" ਮੇਰੇ ਬੇਲੀ ਆਖ ਰਹੇ ਸਨ। ਦਿਲ ਨੂੰ ਹੋਰ ਹੌਲ ਪੈ ਗਿਆ। ਅਗਲਾ ਫਿਕਰ, ਘਰਵਾਲੀ ਕੀ ਸੋਚੇਗੀ? ਅਸੀਂ ਘਰਵਾਲੀ ਦੇ ਘੋਟਣੇ ਸਹਿ ਲਏ, ਵਾਰ ਜਰ ਲਏ, ਪਰ ਕਦੇ ਮੱਥੇ ਦਾ ਮੁੜ੍ਹਕਾ ਨਹੀਂ ਸਹਾਰਿਆ। ਘਰਵਾਲੀ ਆਈ ਅਤੇ ਚੋਰੀ ਜਿਹੇ ਦੇਖ ਕੇ ਮੁੜ ਗਈ। ਉਸ ਦੇ ਮੱਥੇ ਦੀ ਕਸੀਸ ਮੇਰਾ ਕਾਲਜਾ ਕੱਢੀ ਜਾ ਰਹੀ ਸੀ। ਮੈਂ ਮਗਰੇ ਹੀ ਚਲਾ ਗਿਆ। ਸਾਡੇ ਕੁਝ ਕਹਿਣ ਤੋਂ ਪਹਿਲਾਂ ਹੀ ਉਸ ਨੇ ਸੁਆਲ ਦਾ ਤੀਰ ਸਾਡੇ ਮੱਥੇ ਵਿਚ ਮਾਰਿਆ, "ਇਨ੍ਹਾਂ ਬੇਵਕੂਫਾਂ ਨੂੰ ਕੀਹਨੇ ਬੁਲਾਇਐ?"

ਮੈਂ ਸਪੱਸ਼ਟੀਕਰਨ ਦੇਣ ਹੀ ਲੱਗਾ ਸਾਂ ਕਿ ਘਰਵਾਲੀ ਜੀ ਨੇ ਫਿਰ ਕਿਹਾ, "ਇਨ੍ਹਾਂ ਨੂੰ ਚਾਹ-ਚੂਹ ਪਿਆ ਕੇ ਦਫਾ ਕਰੋ!" ਅਬਦਾਲੀ ਹੁਕਮ ਆਇਆ। ਮੇਰਾ ਕੁਝ ਕਹਿਣ ਦਾ ਹੀਆ ਹੀ ਨਾ ਪਿਆ। ਮੈਂ ਕੁੱਟੇ ਹੋਏ ਕੁੱਤੇ ਵਾਂਗ ਡਰਾਇੰਗ-ਰੂਮ ਵੱਲ ਤੁਰ ਪਿਆ। ਮੇਰੇ ਜੁੰਡੀ ਦੇ ਯਾਰ ਚੌੜੇ ਹੋਏ, ਲਾਚੜੇ ਬੈਠੇ ਸਨ। ਮੈਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਇਸ ਹਨੂੰਮਾਨ ਦੀ ਸੈਨਾ ਨੂੰ ਕਿਵੇਂ ਗਲੋਂ ਲਾਹਿਆ ਜਾਵੇ?

"ਜੁਆਕਾਂ ਨੇ ਮਨਾਉਣੈਂ, ਆਪਾਂ ਕਦੇ ਫੇਰ ਮਨਾਲਾਂਗੇ।" ਮੈਂ ਉਨ੍ਹਾਂ ਨੂੰ ਤਰਲੇ ਭਰਿਆ ਬਹਾਨਾ ਜਿਹਾ ਮਾਰਿਆ।

"ਕੇਕ ਤਾਂ ਕੱਟ ਲਵੋ, ਫੇਰ ਚਲੇ ਜਾਵਾਂਗੇ; ਸਾਨੂੰ ਘਰੋਂ ਤਾਂ ਨ੍ਹੀਂ ਕੱਢਣਾ? ਘਰੇ ਆਏ ਤਾਂ ਕੋਈ ਕੁੱਤੇ ਨੂੰ ਨ੍ਹੀਂ ਦੁਰਕਾਰਦਾ, ਅਸੀਂ ਤਾਂ ਫੇਰ ਵੀ ਆਪ ਦੇ ਜਿਗਰੀ ਮਿੱਤਰ ਹਾਂ!" ਉਹ ਕੀਕਨਿਆਂ ਵਾਂਗ ਸ਼ੁਰੂ ਹੋ ਗਏ।

"ਹਮ ਪਿਆਲਾ-ਹਮ ਨਿਵਾਲਾ!" ਦੂਜੇ ਨੇ ਪੈੱਗ-ਸ਼ੈੱਗ ਵੱਲ ਇਸ਼ਾਰਾ ਕੀਤਾ।

"ਸੁੱਕੀ ਨ੍ਹੀਂ ਪੀਤੀ ਜਾਣੀ!" ਤੀਜੇ ਦੀ ਉਂਗਲ




ਮੀਟ-ਮੁਰਗੇ ਵੱਲ ਸੀ। ਗਜ ਵਰਗੀ ਉਂਗਲ ਉਹ ਅਗਲੇ ਦੇ ਮੂੰਹ 'ਚ ਦੇਣ ਤੱਕ ਜਾਂਦਾ ਸੀ।

ਮੇਰਾ ਧਿਆਨ ਘਰਵਾਲੀ ਤਰਫ ਸੀ, ਪਰ ਇੱਕ ਗੱਲੋਂ ਸਾਨੂੰ ਆਪਣੀ ਘਰਵਾਲੀ 'ਤੇ ਪੂਰਾ ਮਾਣ ਹੈ। ਜੇ ਗਾਲ ਵੀ ਕੱਢੇਗੀ ਤਾਂ ਬੜੇ ਹੀ ਸਲੀਕੇ ਨਾਲ, "ਜਨਾਬ ਤੁਸੀਂ ਬਹੁਤ ਬੇਵਕੂਫ ਹੋ!" ਜਾਂ "ਜਨਾਬ ਤੁਹਾਡਾ ਦਿਮਾਗ ਖਰਾਬ ਹੋ ਗਿਐ!" ਪੜ੍ਹੀ-ਲਿਖੀ ਜੁ ਹੋਈ! ਹਿਸਟਰੀ ਅਤੇ ਇੰਗਲਿਸ਼ ਦੀ ਡਬਲ ਐੱਮ. ਏ., ਬੀ. ਐੱਡ! ਕਾਲਜ ਦੀ ਲੈਕਚਰਾਰ! ਪੜ੍ਹੇ-ਲਿਖੇ ਇਨਸਾਨ ਅਤੇ ਅਨਪੜ੍ਹ ਵਿਚ ਇਹੀ ਤਾਂ ਫਰਕ ਹੁੰਦੈ! ਇੱਕ ਵਾਰੀ ਘਰਵਾਲੀ ਤੋਂ ਸਾਡੇ ਮੌਰਾਂ ਵਿਚ ਪਤਾ ਨ੍ਹੀਂ ਕੀ ਵੱਜ ਗਿਆ, ਕਸੂਰ ਘਰਵਾਲੀ ਦਾ ਨਹੀਂ, ਕਸੂਰ ਸਰਾਸਰ ਉਸ ਦੇ ਗੁੱਸੇ ਦਾ! ਗੁੱਸਾ ਬੜੀ ਚੰਡਾਲ ਚੀਜ਼! ਖੈਰ, ਵੱਜ ਤਾਂ ਵਿਚਾਰੀ ਤੋਂ ਗਿਆ, ਅਸੀਂ ਵੀ ਸੀਲ ਬਲਦ ਵਾਂਗ ਖੜ੍ਹ ਕੇ ਹੀ ਖਾ ਲਿਆ। ਸੋਚਿਆ, ਚਲਾਵੇਂ ਘੋਟਣੇ ਦੀ ਸੱਟ ਵੱਧ ਵੱਜਦੀ ਐ। ਘਰਵਾਲੀ ਘੰਟਾ ਸਾਡੇ ਮਾਲਿਸ਼ ਵੀ ਕਰਦੀ ਰਹੀ, ਨਾਲੇ ਮੱਤਾਂ ਜਿਹੀਆਂ ਦਿੰਦੀ ਰਹੀ, "ਜਨਾਬ, ਜੇ ਤੁਹਾਨੂੰ ਉਸ ਕਮਾਂਡੋ ਵਾਲੀ ਕੁੱਤੀ ਨਾਲ ਮੈਂ ਕਦੇ ਮੁੜ ਕੇ ਦੇਖ ਲਿਆ, ਫੇਰ ਮਾਲਿਸ਼ ਮੈਂ ਨਹੀਂ, ਹਸਪਤਾਲ ਵਾਲੇ ਈ ਕਰਨਗੇ।"

ਅਸੀਂ ਵੀ 'ਸੌਰੀ-ਸ਼ੁਕਰੀਆ' ਕਰੀ ਗਏ, ਪਰ ਅਸੀਂ ਸੁਧਰਨ ਵਾਲੀ ਜੜੀ ਕਦੋਂ ਹਾਂ? ਸੋਚਿਆ ਇੱਕ ਮਾਲਿਸ਼ ਹੁਣ ਘਰਵਾਲੀ ਤੋਂ, ਤੇ ਦੂਜੀ ਕਮਾਂਡੋ ਵਾਲੀ ਗੋਰੀ ਮੇਮ ਤੋਂ ਕਰਵਾਵਾਂਗੇ ਤੇ ਨਾਲੇ ਆਖਾਂਗੇ, "ਦੇਖੋ ਤੁਹਾਡੇ ਕਰਕੇ ਅਸੀਂ ਕੀ-ਕੀ ਦੁਖੜੇ ਸਹਾਰਦੇ ਹਾਂ ਸੋਹਣਿਓਂ!"

ਕਮਾਂਡੋ ਵਾਲੀ ਗੋਰੀ ਬੇਚਾਰੀ ਸਾਡੇ ਨਾਲ ਕੰਮ ਕਰਦੀ ਹੈ ਅਤੇ ਕਦੇ-ਕਦੇ ਆਪਣੀ ਕਾਰ ਵਿਚ ਘਰੇ ਲਾਹ ਜਾਂਦੀ ਹੈ। ਗੱਲ ਹੋਰ ਵਿਚੋਂ ਕੁਝ ਵੀ ਨਹੀਂ! ਘਰਵਾਲੀ ਨੂੰ ਪਤਾ ਨਹੀਂ ਉਸ 'ਤੇ ਕੀ ਖੁੰਧਕ ਐ? ਵਿਚਾਰੀ ਨੂੰ 'ਕੁੱਤੀ-ਬਿੱਲੀ' ਤੋਂ ਬਿਨਾ ਸੰਬੋਧਨ ਹੀ ਨਹੀਂ ਕਰਦੀ। ਅਸੀਂ ਘਰਵਾਲੀ ਨੂੰ ਬਥੇਰਾ ਸਮਝਾਇਆ ਕਿ ਜਦੋਂ ਦਾ ਲੰਡਨ 'ਚ 'ਮੰਦਵਾੜਾ' ਆਇਐ, ਪੈਟਰੋਲ ਬਹੁਤ ਮਹਿੰਗਾ ਹੋ ਗਿਐ, ਜੇ ਇਹ ਮੈਨੂੰ ਘਰੇ ਛੱਡ ਜਾਂਦੀ ਐ ਤਾਂ ਆਪਣੇ ਪੈਟਰੋਲ ਦੀ ਬੱਚਤ ਹੁੰਦੀ ਐ। ਪਰ ਨਾ! ਘਰਵਾਲੀ ਕਿੱਥੇ ਮੰਨਣ ਵਾਲੀ ਜੜੀ ਸੀ? ਰੱਫੜ ਪਾ ਕੇ ਬੈਠ ਗਈ, "ਮੈਨੂੰ ਪਤੈ ਤੁਸੀਂ ਕਿੰਨੀ ਕੁ ਬੱਚਤ ਕਰਨ ਆਲੇ ਓਂ ਜਨਾਬ, ਬੱਸ ਚੁੱਪ ਰਹੋ, ਨਹੀਂ ਮੈਥੋਂ ਕੁਛ ਹੋਰ ਹੋ'ਜੂ!" ਖੈਰ, ਪਤਨੀ ਦਾ ਆਖਿਆ ਤਾਂ ਸ਼ਿਵ ਜੀ ਮਹਾਰਾਜ ਨਹੀਂ ਮੋੜਦੇ ਸੀ, ਅਸੀਂ ਕਿਹੜੇ ਬਾਗ ਦੀ ਮੂਲੀ ਹੋਏ?

ਸਾਡੇ ਸਾਰੇ ਜੁੰਡੀ ਦੇ ਯਾਰਾਂ ਨੂੰ ਪਤਾ ਹੈ ਕਿ ਘਰਵਾਲੀ ਸਾਥੋਂ ਦਸ ਸਾਲ ਵੱਡੀ ਹੈ। ਮੈਂ ਵਾਰ-ਵਾਰ ਕੁਝ ਸੋਚ ਕੇ, ਬਲੂੰਗੜੇ ਵਾਂਗ ਇਕੱਠਾ ਜਿਹਾ ਹੋਈ ਜਾ ਰਿਹਾ ਸੀ। ਮੈਂ ਪੂਰਾ ਦਿਲ ਕੱਢ ਕੇ ਅੰਦਰ ਘਰਵਾਲੀ ਕੋਲ ਗਿਆ।

"ਇਹ ਐਵੇਂ ਤੁਰਨ ਆਲੇ ਹੈਨ੍ਹੀ, ਇਨ੍ਹਾਂ ਨੂੰ ਪੈੱਗ ਸ਼ੈੱਗ ਲੁਆਉਣਾ ਪਊ। ਨਹੀਂ ਇਨ੍ਹਾਂ ਜਮਦੂਤਾਂ ਨੇ ਆਥਣ ਤੱਕ ਨ੍ਹੀਂ ਹਿੱਲਣਾ।" ਮੈਨੂੰ ਘਰਵਾਲੀ ਮੂਹਰੇ ਸੱਚਾ ਰਹਿਣ ਵਾਸਤੇ ਆਪਣੇ ਮਿੱਤਰਾਂ ਨੂੰ 'ਜਮਦੂਤ' ਕਹਿਣਾ ਪਿਆ, ਹਾਲਾਂ ਕਿ ਉਹ ਮੈਥੋਂ ਜਾਨ ਵਾਰਦੇ ਹਨ। ਜਦੋਂ ਸਾਡੀ ਕਿਸੇ ਨਾਲ 'ਜੰਗ' ਹੋ ਜਾਂਦੀ ਹੈ, ਤਾਂ ਮੇਰੇ ਇਹ ਮਿੱਤਰ ਮੇਰੇ ਨਾਲੋਂ ਵੱਧ ਅਗਲੇ ਦੀ 'ਸੇਵਾ' ਕਰਦੇ ਹਨ। ਭਾਵਨਾ ਦਿਖਾਉਂਦੇ ਹਨ, ਪਰ ਰੱਬ ਨੇੜੇ ਕਿ ਘਸੁੰਨ? ਘਰਵਾਲੀ ਤਾਂ ਮਗਰਮੱਛ ਵਾਂਗ ਮੂੰਹ ਅੱਡੀ ਖੜ੍ਹੀ ਸੀ। ਅਸੀਂ ਮਾੜੇ ਕਬੂਤਰ ਵਾਂਗ ਆਪਣੇ ਖੰਭ ਬਚਾ ਰਹੇ ਸਾਂ। ਜਦੋਂ ਸਾਡੀ ਘਰਵਾਲੀ ਨੂੰ ਗੁੱਸਾ ਆਉਂਦਾ ਹੈ ਤਾਂ ਉਸ ਵਿਚ 'ਭੀਮ-ਸੈਨ' ਜਿੰਨਾ ਬਲ ਆ ਜਾਂਦਾ ਹੈ। ਭਾਵੇਂ ਅਸੀਂ ਕਬੱਡੀ ਦੇ ਘਾਗ ਖਿਡਾਰੀ ਰਹੇ ਹਾਂ, ਪਰ ਹੁਣ ਤੱਕ ਘਰਵਾਲੀ ਨੂੰ 'ਜੱਫਾ' ਨਹੀਂ ਲਾ ਸਕੇ। ਦਿਲ ਹੀ ਨਹੀਂ ਪੈਂਦਾ। ਜਦੋਂ ਮਨ ਕਮਜ਼ੋਰ ਹੋਵੇ, ਤਨ ਆਪੇ ਕਮਜ਼ੋਰ ਹੋ ਜਾਂਦਾ ਹੈ!

ਖੈਰ! ਘਰਵਾਲੀ ਦੀ ਅੱਧੀ ਕੁ ਸਹਿਮਤੀ ਲੈ ਕੇ ਮੈਂ ਮਿੱਤਰਾਂ ਅੱਗੇ ਵਿਸਕੀ ਦੀ ਬੋਤਲ ਰੱਖ ਦਿੱਤੀ। ਨਾਲ ਦੀ ਨਾਲ ਮੈਨੂੰ ਡਰ ਵੀ ਖਾਈ ਜਾ ਰਿਹਾ ਸੀ ਕਿ ਮੁਫਤ ਦੀ ਚੜ੍ਹਦੀ ਵੀ ਬਹੁਤ ਛੇਤੀ ਹੈ। ਕਿਤੇ ਕੋਈ ਅਵਲੀ-ਸਵਲੀ ਗੱਲ ਨਾ ਮੂੰਹੋਂ ਕੱਢ ਮਾਰਨ, ਜਿਸ ਕਾਰਨ ਸਾਨੂੰ ਘਰਵਾਲੀ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇ! ਮਿੱਤਰਾਂ ਨੇ ਪੈੱਗ-ਸ਼ੈੱਗ ਲਾ ਕੇ ਮੇਰੇ ਜਨਮ ਦਿਨ ਦੇ 'ਸੋਹਿਲੇ' ਗਾਉਣੇ ਸ਼ੁਰੂ ਕਰ ਦਿੱਤੇ, "ਸਾਡੇ ਬਾਈ ਜੀ ਪੰਜਾਹਾਂ ਸਾਲਾਂ ਦੇ ਹੋ ਗਏ, ਹੈਪੀ ਬਰਥ ਡੇ ਟੂ ਯੂ...! ਰੱਬ ਬਾਈ ਜੀ ਦੀ ਉਮਰ ਲੰਮੀ ਕਰੇ, ਅਗਲੇ ਸਾਲ ਫੇਰ ਆਈਏ!" ਉਹ ਮੀਰਜਾਦਿਆਂ ਵਾਂਗ ਅਸੀਸਾਂ ਜਿਹੀਆਂ ਦੇ ਰਹੇ ਸਨ। ਇੱਕ ਪੀ ਕੇ ਆਖੀ ਜਾ ਰਿਹਾ ਸੀ, "ਸੱਚੇ ਪਾਤਸ਼ਾਹ, ਸਾਡੇ ਬਾਈ ਜੀ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੀਂ।"

ਕਿਸੇ ਨੂੰ ਕਿਸੇ ਦੀ ਗੱਲ ਪੂਰੀ ਸਮਝ ਨਹੀਂ ਆ ਰਹੀ ਸੀ। ਫੇਰ ਇਕ ਉੱਭੜਵਾਹੇ ਬੋਲਿਆ, "ਬਾਈ ਜੀ ਪੰਜਾਹਾਂ ਦੇ, ਤੇ ਸਾਡੇ ਭਰਜਾਈ ਜੀ ਤਾਂ ਫੇਰ ਸੱਠ ਨੂੰ ਟੱਪਗੇ ਹੋਣੇ ਐਂ?" ਅਸੀਂ ਉਸ ਦੇ ਮੂੰਹ ਅੱਗੇ ਹੱਥ ਦੇ ਕੇ ਮਸਾਂ ਹੀ ਰੋਕਿਆ, ਪਰ ਫਿਰ ਵੀ ਉਹ ਬਲਦ ਵਾਂਗ ਉਗਾਲਾ ਜਿਹਾ ਕਰਦਾ ਹੋਇਆ, ਗੱਲ ਪੂਰੀ ਕਰ ਗਿਆ। ਤੀਜਾ ਬੋਲਿਆ, "ਚਲੋ ਰੱਬ ਉਨ੍ਹਾਂ ਦੀ ਆਤਮਾ ਨੂੰ ਵੀ ਸ਼ਾਂਤੀ ਬਖਸ਼ੇ!" ਸ਼ੁਕਰ ਕੀਤਾ ਪਤਨੀ ਜੀ ਰਸੋਈ ਵਿਚ ਸਨ। ਮੌਕਾ ਸਾਂਭਦਿਆਂ ਅਸੀਂ ਕਿਹਾ, "ਚਲੋ ਬਈ ਹੁਣ ਬੱਚਿਆਂ ਦੀ ਵਾਰੀ ਐ।"

ਮੇਰੇ ਆਖਣ ਦੀ ਦੇਰ ਸੀ ਕਿ ਉਨ੍ਹਾਂ ਨੇ 'ਕਵੀਸ਼ਰੀ' ਕਰਨੀ ਸ਼ੁਰੂ ਕਰ ਦਿੱਤੀ, "ਬਾਈ ਹੋਇਆ ਪੰਜਾਹਾਂ ਦਾ, ਸੱਠ ਸਾਲਾਂ ਤੋਂ ਟੱਪ'ਗੀ ਭਾਬੀ....ਡੱਬ ਪੈਗੇ ਮੁਖੜੇ 'ਤੇ, ਪਹਿਲਾਂ ਸ੍ਹੀਗਾ ਰੰਗ ਗੁਲਾਬੀ...!" ਬੋਲੀ ਸੁਣ ਕੇ ਮੇਰਾ ਸਰੀਰ 'ਥਰ-ਥਰ' ਕੰਬਣ ਲੱਗ ਪਿਆ; ਪਰ ਸ਼ਾਇਦ ਘਰਵਾਲੀ ਨੂੰ ਕਿਚਨ ਵਿਚ ਸੁਣਿਆ ਨਹੀਂ ਸੀ, ਸ਼ੁਕਰ ਰੱਬ ਦਾ! ਪਰ ਖੋਟੇ ਕਰਮ ਮੇਰੇ, ਬੋਲੀ ਦੂਜੇ ਭਾਈਬੰਦ ਨੇ ਚੁੱਕ ਲਈ, "ਹੁਣ ਬੁੱਢੜੀ ਹੋ ਗਈ ਐ, ਮੁਸ਼ਕੀ ਰੰਗ ਜਾਵੇ ਪਿਆ ਖੁਰਦਾ...ਸੈਂਡਲ ਪਾ ਤੁਰਦੀ ਐ, ਕੁੱਕੜ ਜਿਉਂ ਸੂਲਾਂ 'ਤੇ ਤੁਰਦਾ...!"

ਮੈਂ ਛੇਤੀ ਨਾਲ ਡਰਾਇੰਗ-ਰੂਮ ਦਾ ਦਰਵਾਜਾ ਬੰਦ ਕੀਤਾ ਅਤੇ ਹੱਥ ਜੋੜ ਕੇ ਚੁੱਪ ਦਾ ਦਾਨ ਬਖਸ਼ਣ ਲਈ ਬੇਨਤੀ ਭਰਿਆ ਇਸ਼ਾਰਾ ਕੀਤਾ; ਪਰ ਤੀਜੇ ਮਾਈ ਦੇ ਲਾਲ ਨੇ ਕਸਰ ਹੀ ਪੂਰੀ ਕਰ ਦਿੱਤੀ, "ਚਾਹੇ ਮੌਲੀ ਹੋ'ਗੀ ਐ, ਮਿਰਚਾਂ ਨਾਲ ਨੈਣਾਂ ਦੇ ਭੋਰੇ...ਵਿਚ ਚੁੰਨ੍ਹੀਆਂ ਅੱਖੀਆਂ ਦੇ, ਖਿੱਚਦੀ ਅਜੇ ਕੱਜਲ ਦੇ ਡੋਰੇ...!" ਸੁਣ ਕੇ ਮੇਰਾ ਸੀਤ ਨਿਕਲ ਗਿਆ।

ਘਰਵਾਲੀ ਨੂੰ ਪਤਾ ਲੱਗ ਗਿਆ ਕਿ ਕਵੀਸ਼ਰੀ ਉਸ ਦੇ ਸਬੰਧ ਵਿਚ ਹੀ ਕੀਤੀ ਜਾ ਰਹੀ ਸੀ। ਉਹ ਹਨੇਰੀ ਵਾਂਗ ਡਰਾਇੰਗ-ਰੂਮ ਵਿਚ ਆਈ। ਉਸ ਦਾ ਜਾਹੋ-ਜਲਾਲ ਦੇਖ ਕੇ ਭਾਈਬੰਦਾਂ ਦੇ ਸਾਹ ਸੂਤੇ ਗਏ। ਇੱਕ ਦਮ ਚੁੱਪ ਛਾ ਗਈ। ਅਸੀਂ ਆਪਣੀ ਸ਼ਾਮਤ ਆਈ ਸਮਝੀ। ਮੈਂ ਮੌਕਾ ਸਾਂਭ ਕੇ ਆਖਿਆ, "ਚੱਲੋ ਬਈ ਆਪਾਂ ਹੁਣ ਬਾਗੋਬਾਗ ਹੋ ਗਏ ਆਂ। ਆਪਾਂ ਜਨਮ ਦਿਨ ਮਨਾ ਲਿਆ, ਹੁਣ ਬੱਚਿਆਂ ਦੀ ਵਾਰੀ ਐ।"

ਮੈਂ ਭਾਈਬੰਦਾਂ ਨੂੰ ਬਾਹੋਂ ਫੜ, ਆਲਸੀ ਕੱਟੇ ਵਾਂਗ ਬਾਹਰ ਧੂਹ ਲਿਆਇਆ। ਘਰਵਾਲੀ ਦੀਆਂ ਅੱਖਾਂ ਦਾ ਸੇਕ ਮੈਨੂੰ ਬਾਹਰ ਤੱਕ ਆ ਰਿਹਾ ਸੀ। ਜਦੋਂ ਮੈਂ ਉਨ੍ਹਾਂ ਨੂੰ ਬਾਹਰ ਛੱਡ ਕੇ ਮੁੜਿਆ ਤਾਂ ਘਰਵਾਲੀ ਜੀ ਮੇਰੇ 'ਤੇ 'ਰਾਸ਼ਣ-ਪਾਣੀ' ਲੈ ਕੇ ਚੜ੍ਹ ਗਏ। ਭਾਈਬੰਦਾਂ ਨੂੰ ਬੇਵਕੂਫ, ਜੰਗਲੀ, ਬਦਮਗਜ, ਬਦਮਾਸ਼, ਗੁੰਡੇ ਅਤੇ ਹੋਰ ਪਤਾ ਨਹੀਂ ਕੀ-ਕੀ ਵਿਸ਼ੇਸ਼ਣ ਲਾ ਦਿੱਤੇ। ਘਰਵਾਲੀ ਦਾ ਪੱਖ ਪੂਰਨਾ ਤਾਂ ਮੇਰਾ 'ਪਹਿਲਾ ਕਰਮ' ਸੀ, ਕਿਉਂਕਿ ਮੈਂ 'ਜਨਮ-ਦਿਨ' ਅਤੇ 'ਫੱਟੜ-ਦਿਨ' ਇੱਕੋ ਦਿਨ ਹੀ ਨਹੀਂ ਚਾਹੁੰਦਾ ਸੀ। ਮੈਂ ਢਿੱਲੇ ਜਿਹੇ ਹੁੰਦੇ ਨੇ ਆਖਿਆ, "ਸੱਚੀਂ ਮੂਰਖ ਐ ਸਾਲੇ...! ਇਨ੍ਹਾਂ ਨੂੰ ਇਹ ਨ੍ਹੀਂ ਪਤਾ ਬਈ ਬੰਦੇ ਦਾ ਮਨ ਨਾ ਬੁੱਢਾ ਹੋਵੇ, ਬੰਦਾ ਬੁੱਢਾ ਨ੍ਹੀਂ ਹੁੰਦਾ...! ਪੰਜਾਹ-ਸੱਠ ਸਾਲ ਵੀ ਸਾਲੀ ਕੋਈ ਉਮਰ ਹੁੰਦੀ ਐ...?"

ਘਰਵਾਲੀ ਨੂੰ ਸਾਡੇ 'ਤੀਸਰੇ ਬਚਨ' ਤੋਂ ਸੰਤੁਸ਼ਟੀ ਹੋਈ ਅਤੇ ਆਖਣ ਲੱਗੀ, "ਗੋਲੀ ਮਾਰੋ ਉਨ੍ਹਾਂ ਦੇ! ਹੁਣ ਤੁਸੀਂ ਜੁਆਕਾਂ ਨਾਲ ਜਨਮ ਦਿਨ ਮਨਾਓ!" ਤਾਂ ਸਾਡੀ ਵੀ ਧੜਕਦੀ ਕੌਡੀ ਥਾਂ ਸਿਰ ਆਉਣ ਲੱਗੀ ਅਤੇ ਅਸੀਂ ਬੱਚਿਆਂ ਨਾਲ ਆਪਣਾ ਜਨਮ ਦਿਨ ਮਨਾਉਣ ਵਿਚ ਰੁੱਝ ਗਏ।

## 'ਪੰਜਾਬ ਟਾਈਮਜ਼' ਵਧੀਆ ਤੇ ਸੁਤੰਤਰ ਪੱਤਰਕਾਰੀ ਦਾ ਨਮੂਨਾ

### ਸੰਪਾਦਕ ਦੀ ਡਾਕ

**ਪਰਮ ਸਤਿਕਾਰਯੋਗ ਸੰਪਾਦਕ ਜੀ,**

ਆਪ ਜੀ ਦੇ ਸਪਤਾਹਿਕ ਅਖਬਾਰ 'ਪੰਜਾਬ ਟਾਈਮਜ਼' ਪੜ੍ਹਦੇ ਨੂੰ ਦਸ ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ। ਇਸ ਦੀ ਰੋਚਕਤਾ ਹਮੇਸ਼ਾ ਵਧਦੀ ਦੇਖੀ ਹੈ। ਇਸ ਵਿਚ ਆਪ ਜੀ ਹਮੇਸ਼ਾ ਹੀ ਇਕ ਤੋਂ ਵਧ ਕੇ ਇਕ ਨਵੇਂ ਨਰੋਏ ਲੇਖ, ਕਹਾਣੀਆਂ ਤੇ ਜਾਣਕਾਰੀ ਭਰਪੂਰ ਸਮਾਚਾਰ ਛਾਪਦੇ ਹੋ। ਇਸ ਦੀਆਂ ਖਬਰਾਂ ਪੜ੍ਹ ਕੇ ਹਫਤੇ ਭਰ ਦੇ ਹਾਲਾਤ ਦਿਮਾਗ ਵਿਚ ਤਾਜ਼ਾ ਹੋ ਜਾਂਦੇ ਹਨ। ਭਾਵੇਂ ਸਾਰਾ ਹਫਤਾ ਜਿੰਨਾ ਮਰਜੀ ਟ੍ਰਿਬਿਊਨ, ਜੱਗ ਬਾਣੀ ਤੇ ਟਾਈਮਜ਼ ਆਫ ਇੰਡੀਆ ਪੜ੍ਹੋ, ਜਦੋਂ ਤੀਕ ਪੰਜਾਬ ਟਾਈਮਜ਼ ਦੀਆਂ ਖਬਰਾਂ ਦਾ ਸੈਕਸ਼ਨ ਨਾ ਪੜ੍ਹੋ, ਸਬਰ ਨਹੀਂ ਆਉਂਦਾ। ਜਿਸ ਵਿਸਥਾਰ ਤੇ ਨਿਰਲੇਪਤਾ ਨਾਲ ਤੁਸੀਂ ਕਿਸਾਨਾਂ ਦੀ ਸੱਮਸਿਆ ਨੂੰ ਪੇਸ਼ ਕਰ ਰਹੇ ਹੋ, ਉਸ ਦੀ ਤਾਂ ਕੋਈ ਮਿਸਾਲ ਨਹੀਂ।

ਹਥਲੇ ਅੰਕ ਵਿਚ ਹੀ ਦੇਖ ਲਓ, ਇਸ ਵਿਚ ਆਪ ਜੀ ਦੀ ਸੰਪਾਦਕੀ ਦਲੇਰ ਤੇ ਨਿਰਪੱਖ ਹੋ ਕੇ ਚਮਕ ਰਹੀ ਹੈ। ਇਸ ਤੋਂ ਇਲਾਵਾ ਬੂਟਾ ਸਿੰਘ, ਜਤਿੰਦਰ ਪੰਨੂ, ਹਮੀਰ ਸਿੰਘ, ਨੰਦ ਸਿੰਘ ਬਰਾੜ, ਜਗਮੀਤ ਸਿੰਘ ਪੰਧੇਰ, ਸੁਖਵੀਰ ਸਿੰਘ ਕੰਗ, ਹਰਚਰਨ ਸਿੰਘ ਪਰਹਾਰ ਤੇ ਸੁਕੰਨਿਆਂ ਭਾਰਦਵਾਜ਼ ਆਦਿ ਲੇਖਕਾਂ ਦੇ ਕਿੰਨੇ ਹੀ ਭਰਵੇਂ ਅਰਥਾਂ ਵਾਲੇ ਲੇਖ ਹਨ, ਜੋ ਭਾਰਤ ਖਾਸ ਕਰਕੇ ਪੰਜਾਬ ਦੀ ਮੌਜੂਦਾ ਆਰਥਿਕ ਤੇ ਰਾਜਨੀਤਕ ਹਾਲਾਤ ਦੀ ਮੂੰਹ ਬੋਲਦੀ ਤਸਵੀਰ ਖਿੱਚ ਰਹੇ ਹਨ। ਮਾਨੋ ਇਨ੍ਹਾਂ ਨੂੰ ਪੜ੍ਹ ਕੇ ਇਸ ਮਸਲੇ 'ਤੇ ਕੁਝ ਹੋਰ ਪੜ੍ਹਨੋਂ ਰਹਿ ਹੀ ਨਹੀਂ ਜਾਂਦਾ। ਜਿਸ ਪ੍ਰਕਾਰ ਦੀ ਭਰਵੀਂ ਤੇ ਭਰਮ-ਰਹਿਤ ਜਾਣਕਾਰੀ ਇਨ੍ਹਾਂ ਲੇਖਕਾਂ ਨੇ ਆਰਥਿਕ ਤੇ ਰਾਜਨੀਤਕ ਖੇਤਰ ਵਿਚ ਦਿੱਤੀ ਹੈ, ਉਸੇ ਤਰ੍ਹਾਂ ਦਾ ਕੰਮ ਪ੍ਰਿੰਸੀਪਲ ਸਰਵਣ ਸਿੰਘ ਨੇ ਖੇਡਾਂ ਤੇ ਡਾ. ਕੁਲਦੀਪ ਕੌਰ ਨੇ ਫਿਲਮਾਂ ਬਾਰੇ ਆਪਣੇ ਲੇਖਾਂ ਵਿਚ ਕੀਤਾ ਹੈ।

ਡਾ. ਗੋਬਿੰਦਰ ਸਿੰਘ ਸਮਰਾਓ ਦੇ ਬੈਚ ਫੁਲ ਦਵਾਈਆਂ ਬਾਰੇ ਲੇਖ ਬੜੇ ਹੀ ਰੌਚਕ ਤੇ ਨਿਵੇਕਲੇ ਹਨ। ਇਹ ਇੰਨੇ ਲਾਭਦਾਇਕ ਹਨ ਕਿ ਇਨ੍ਹਾਂ ਨੂੰ ਮਨ ਵਿਚ ਬਿਠਾਉਣ ਲਈ ਦੋ ਦੋ ਵਾਰ ਪੜ੍ਹਨਾ ਪੈਂਦਾ ਹੈ। ਮੈਨੂੰ ਨਹੀਂ ਲਗਦਾ ਕਿ ਡਾ. ਸਮਰਾਓ ਦੇ ਉਪਰਾਲੇ ਤੋਂ ਪਹਿਲਾਂ ਇਨ੍ਹਾਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਹੋਵੇਗੀ। ਆਮ ਲੋਕਾਂ ਲਈ ਤਾਂ ਇਹ ਨਵੀਂ ਗੱਲ ਹੀ ਹੋਵੇਗੀ ਕਿ ਜਿਸ ਪ੍ਰਕਾਰ ਦੇ ਵਹਿਮਾਂ, ਭਰਮਾਂ, ਆਦਤਾਂ ਤੇ ਸੋਚ-ਢੰਗਾਂ ਨੂੰ ਲਾਇਲਾਜ ਸਮਝਿਆ ਜਾਂਦਾ ਹੈ, ਉਨ੍ਹਾਂ ਦਾ ਵੀ ਇਲਾਜ ਹੋ ਸਕਦਾ ਹੈ। ਉਨ੍ਹਾਂ ਦੇ ਲੇਖ ਪੜ੍ਹ ਕੇ ਸਭ ਤੋਂ ਵੱਡਾ ਅਸਚਰਜ ਇਹ ਹੁੰਦਾ ਹੈ ਕਿ ਇੰਨੇ ਵਧੀਆ ਇਲਾਜਾਂ ਵਾਲਾ ਇਹ ਡਾਕਟਰੀ ਸਿਸਟਮ ਲੋਕਾਂ ਤੋਂ ਛੁਪਿਆ ਕਿਵੇਂ ਰਿਹਾ! ਉਨ੍ਹਾਂ ਦੇ ਲੇਖ ਨਿਰਾ ਮਨੋਰੰਜਨ ਨਹੀਂ, ਗਿਆਨ ਭਰਪੂਰ ਤੇ ਲਾਭਦਾਇਕ ਵੀ ਹਨ। ਇਹ ਲੇਖ ਪੜ੍ਹਨ ਤੋਂ ਬਾਅਦ ਮੈਂ ਆਪ ਇਨ੍ਹਾਂ ਦਵਾਈਆਂ ਬਾਰੇ ਖੋਜ ਕੀਤੀ ਹੈ, ਜੋ ਕੁਝ ਉਹ ਲਿਖਦੇ ਹਨ, ਉਹ ਠੀਕ ਹੀ ਹੈ।

ਡਾ. ਗੁਰਬਖਸ਼ ਸਿੰਘ ਭੰਡਾਲ ਦਾ ਇਸ ਵਾਰ ਦਾ ਲੇਖ "ਲਾਕ ਡਾਊਨ" ਪਹਿਲਾਂ ਵਾਂਗ "ਗਦ ਵਿਚ ਪਦ" ਤਾਂ ਬਾਖੂਬੀ ਪੇਸ਼ ਕਰਦਾ ਹੈ, ਪਰ ਲੀਹ ਤੋਂ ਉਤਰਿਆ ਹੋਇਆ ਮਾਲੂਮ ਹੁੰਦਾ ਹੈ। ਦੇਸਾਂ ਵਿਦੇਸ਼ਾਂ ਦੀਆਂ ਸਰਕਾਰਾਂ ਨੇ ਤਾਂ ਲਾਕ ਡਾਊਨ ਨੂੰ ਕਰੋਨਾ ਜਿਹੀ ਭਿਆਨਕ ਲਾਗ ਦੀਆਂ ਬੀਮਾਰੀ ਨੂੰ ਸਮਾਜ ਵਿਚ ਫੈਲਣੋਂ ਰੋਕਣ ਲਈ ਅਪਨਾਇਆ ਹੈ, ਪਰ ਡਾ. ਭੰਡਾਲ ਇਸ ਨੂੰ ਕੁਦਰਤੀ ਪ੍ਰਵਾਹਾਂ 'ਤੇ ਲਾਕ ਡਾਊਨ ਨਾ ਹੋਣ ਦੀ ਗਵਾਹੀ ਦੇ ਕੇ ਇਸ ਨੂੰ ਗਲਤ ਸਾਬਤ ਕਰਦੇ ਹਨ। ਇਸ ਨਾਲ ਉਨ੍ਹਾਂ ਦੇ ਲੇਖ ਦਾ ਸੰਖੇਪ ਸਾਰ ਇਹ ਪ੍ਰਤੀਤ ਹੁੰਦਾ ਹੈ ਕਿ ਜੇ ਸੂਰਜ, ਚੰਦ, ਤਾਰਿਆਂ ਉੱਤੇ ਅਤੇ ਕਰੋਨਾ ਬਿਮਾਰੀ ਦੇ ਪਸਾਰੇ 'ਤੇ ਕੋਈ ਲਾਕ ਡਾਊਨ ਨਹੀਂ ਤਾਂ ਲੋਕਾਂ ਤੇ ਕਿਉਂ? ਇਹ ਨਰੋਆ ਤੇ ਗਾਰੰਟੀਦਾਰ ਤਰਕ ਨਹੀਂ ਹੈ।

ਅੰਤ ਵਿਚ ਮੈਂ ਇਹੀ ਕਹਾਂਗਾ ਕਿ ਆਪ ਜੀ ਦੀ ਅਗਵਾਈ ਹੇਠ 'ਪੰਜਾਬ ਟਾਈਮਜ਼' ਇਕ ਵਧੀਆ ਤੇ ਸੁਤੰਤਰ ਪੱਤਰਕਾਰੀ ਦਾ ਨਮੂਨਾ ਪੇਸ਼ ਕਰਦਾ ਹੈ। ਮੇਰੇ ਖਿਆਲ ਵਿਚ ਭਾਰਤ ਦੇ ਸਾਰੇ ਅਖਬਾਰੀ ਮੀਡੀਏ ਨੂੰ ਇਸ ਤੋਂ ਸੇਧ ਲੈਣੀ ਚਾਹੀਦੀ ਹੈ। ਸਮੂਹ ਲੇਖਕਾਂ ਤੇ ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿਚ ਰਹਿੰਦੇ ਭੈਣ-ਭਰਾਵਾਂ ਨੂੰ ਵੀ ਇਸ ਬਾਰੇ ਜਾਣਕਾਰੀ ਦੇਣ ਤਾਂ ਜੋ ਵਿਕਾਊ ਅਖਬਾਰਸਾਜ਼ੀ 'ਤੇ ਪਲ ਰਹੇ ਉਥੋਂ ਦੇ ਪਾਠਕ ਵੀ ਨਿਰਪੱਖ ਪੱਤਰਕਾਰੀ ਦਾ ਜ਼ਾਇਕਾ ਲੈ ਸਕਣ।

*-ਅਮਰ ਸਿੰਘ ਸੰਧੂ*
*ਬੇਕਰਜ਼ਫੀਲਡ, ਕੈਲੀਫੋਰਨੀਆ।*

## ਕਾਵਿ-ਵਿਅੰਗ

### ਬਜ਼ੁਰਗ

ਬਿਰਧ ਆਸ਼ਰਮਾਂ ਦੇ ਵਿਚ ਭੀੜ ਵਧ ਗਈ,
ਸਮਝੇ ਔਲਾਦ ਗੁਰਦੇਵ ਨਾ ਮਾਪਿਆਂ ਨੂੰ।
ਨੂੰਹਾਂ-ਪੁੱਤ ਨੇ ਮਾਣਦੇ ਮੌਜ ਅਕਸਰ,
ਬਜ਼ੁਰਗ ਝੱਲ ਰਹੇ 'ਕੱਲੇ ਇਕਲਾਪਿਆਂ ਨੂੰ।
ਗੱਜ ਵੱਜ ਕੇ ਆਖਦੀ ਹੈ ਨੂੰਹ ਰਾਣੀ,
ਕਿਹੜਾ ਇਨ੍ਹਾਂ ਦੇ ਕਰੇ ਹੁਣ ਸਿਆਪਿਆਂ ਨੂੰ।
ਸੁਆਰਥਪੁਣੇ ਦੀ ਹੋਈ ਹੈ ਸਿਖਰ 'ਚੋਹਲਾ',
ਕਰਦੀ ਖੱਜਲ ਖੁਆਰ ਬੁਢਾਪਿਆਂ ਨੂੰ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

## ਸ਼ਖਸੀਅਤਾਂ

# ਦਸਤਾਰਧਾਰੀ ਜੱਜ ਪਲਬਿੰਦਰ ਕੌਰ ਨੂੰ ਮਿਲਦਿਆਂ

ਛੋਟੇ ਹੁੰਦਿਆਂ ਸਾਡੀ ਸਾਧਾਰਣ ਬਾਤ-ਚੀਤ ਤੋਂ ਇਹ ਮਾਨਸਿਕਤਾ ਬਣ ਚੁਕੀ ਸੀ ਕਿ ਦੁਨੀਆਂ ਵਿਚ ਸਭ ਤੋਂ ਵੱਡੀ ਪਦਵੀ ਜੱਜ ਦੀ ਹੀ ਹੁੰਦੀ ਹੈ। ਅਸੀਂ ਝੱਟ ਹੀ ਇੱਕ ਦੂਜੇ ਨੂੰ ਕਹਿ ਦਿੰਦੇ, "ਤੂੰ ਮੇਰੇ 'ਤੇ ਜੱਜ ਲੱਗੈਂ?"

ਪਿੰਡਾਂ ਵਾਲਿਆਂ ਦੇ ਨਿੱਕੇ-ਮੋਟੇ ਝਗੜੇ ਜਦ ਕਚਹਿਰੀ ਪਹੁੰਚ ਜਾਂਦੇ ਤਾਂ ਉਨ੍ਹਾਂ ਨੂੰ ਜੱਜ ਰੱਬ ਵਰਗਾ ਲੱਗਦਾ।...ਤੇ ਫਿਰ ਬਈ ਜਦੋਂ ਪਤਾ ਲੱਗੇ ਕਿ ਕੋਈ ਕੁੜੀ, ਉਹ ਵੀ ਪੰਜਾਬ ਦੀ ਕੁੜੀ, ਜੱਜ ਲੱਗ ਗਈ ਹੈ, ਤੇ ਲੱਗੀ ਵੀ ਕੈਨੇਡਾ ਵਰਗੇ ਦੇਸ਼ ਵਿਚ ਹੈ, ਹੈ ਵੀ ਦਸਤਾਰਧਾਰੀ, ਤਾਂ ਪੇਂਡੂ ਮਾਨਸਿਕਤਾ ਨੂੰ ਉਹ ਵੱਡ-ਵਡੇਰੀ ਪ੍ਰਾਪਤੀ ਪ੍ਰਤੀਤ ਹੋਣੀ ਸੁਭਾਵਿਕ ਸੀ।



**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245

ਮੇਰੀ ਬੜੀ ਖਾਹਿਸ਼ ਸੀ ਕਿ ਪਲਬਿੰਦਰ ਕੌਰ ਨੂੰ ਮਿਲਿਆ ਜਾਵੇ। ਬੇਟਾ ਕੈਨੇਡਾ ਹੋਣ ਕਰਕੇ ਸਰੀ ਵੱਲ ਆਉਣ-ਜਾਣ ਤਾਂ ਬਣਿਆ ਹੀ ਰਹਿੰਦਾ ਸੀ। ਮੈਂ ਆਪਣੀ 2019 ਵਾਲੀ ਫੇਰੀ ਮੌਕੇ ਅਗਾਊਂ ਹੀ ਪਲਬਿੰਦਰ ਕੌਰ ਦੀ ਈ-ਮੇਲ ਦਾ ਪਤਾ ਕਰਕੇ ਉਸ 'ਤੇ ਤਿੰਨ-ਚਾਰ ਵਾਰੀ ਅਪੁਆਇੰਟਮੈਂਟ ਲੈਣੀ ਚਾਹੀ, ਪਰ ਕੋਈ ਜੁਆਬ ਨਾ ਮਿਲਿਆ। ਉਹ ਵੱਡੀ ਪਦਵੀ 'ਤੇ ਸੀ ਅਤੇ ਮੇਰੇ ਮਿਲਣ ਦਾ ਕੋਈ ਖਾਸ ਏਜੰਡਾ ਵੀ ਨਹੀਂ ਸੀ।

ਖੈਰ! ਕੈਨੇਡਾ ਪਹੁੰਚਣ 'ਤੇ ਕੁਦਰਤੀ ਮਿਲਣ ਦਾ ਸਬੱਬ ਬਣ ਗਿਆ। ਮੈਂ ਉਥੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਵੱਲੋਂ ਪੰਜਾਬ ਭਵਨ ਦੇ ਸਹਿਯੋਗ ਨਾਲ ਕਰਾਏ ਜਾ ਰਹੇ ਦੋ ਰੋਜ਼ਾ ਕਾਨਫਰੰਸ 'ਤੇ ਇੱਕ ਪੇਪਰ ਪੜ੍ਹਨਾ ਸੀ। ਇਸ ਸੈਸ਼ਨ ਦੀ ਸਦਾਰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਬੀ. ਐੱਸ. ਘੁੰਮਣ ਨੇ ਕਰਨੀ ਸੀ। ਪਹਿਲੇ ਦਿਨ ਪਹਿਲੇ ਸੈਸ਼ਨ ਵਿਚ ਇੱਕ ਸਰਦਾਰ ਜੀ, ਸ. ਗਿਆਨ ਸਿੰਘ ਸੰਧੂ ਬਹੁਤ ਸੋਹਣਾ ਬੋਲੇ। ਲੰਚ ਬਰੇਕ 'ਤੇ ਮੈਂ ਉਨ੍ਹਾਂ ਨਾਲ ਗੱਲੀਂ ਪੈ ਗਿਆ। ਮੇਰੇ ਦਸਤਾਰ ਬਾਰੇ ਕੀਤੇ ਅਧਿਐਨ ਬਾਰੇ ਗੱਲਾਂ ਚੱਲ ਪਈਆਂ। ਗੱਲਾਂ ਵਿਚ ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਸਭ ਤੋਂ ਪਹਿਲੀ ਦਸਤਾਰਧਾਰੀ ਜੱਜ ਪਲਬਿੰਦਰ ਕੌਰ ਉਨ੍ਹਾਂ ਦੀ ਬੇਟੀ ਹੈ। ਵਾਹ ਜੀ ਵਾਹ! "ਮੇਰੀ ਤਾਂ ਬੜੀ ਖਾਹਿਸ਼ ਹੈ, ਉਨ੍ਹਾਂ ਨੂੰ ਮਿਲਣ ਦੀ।" ਮੈਨੂੰ ਉਨ੍ਹਾਂ ਦੱਸਿਆ ਕਿ ਰੁਟੀਨ ਵਿਚ ਉਸ ਨੂੰ ਮਿਲਣਾ ਤਾਂ ਬੜਾ ਔਖਾ ਹੈ, ਪਰ ਉਹ ਕੋਸ਼ਿਸ਼ ਕਰਨਗੇ ਕਿ ਕਿਸੇ ਤਰ੍ਹਾਂ ਗੁਰਦੁਆਰੇ ਆਇਆਂ-ਗਿਆਂ ਮੈਨੂੰ ਮਿਲਾਉਣ ਦਾ ਮੌਕਾ ਬਣਾਇਆ ਜਾ ਸਕੇ।



ਕੁਦਰਤਨ ਇਹ ਮੌਕਾ ਵੀ ਬਣ ਗਿਆ। ਮੇਰੇ ਕਾਲਜ ਵੇਲੇ ਦੇ ਦੋਸਤ ਇੰਦਰਜੀਤ ਸਿੰਘ ਬੱਲ ਰਹਿੰਦੇ ਤਾਂ ਭਾਵੇਂ ਟੋਰਾਂਟੋ ਹਨ, ਪਰ ਉਨ੍ਹਾਂ ਦੀ ਪਿਆਰੀ ਜਿਹੀ ਧੀ ਜਸਪ੍ਰੀਤ ਪੀਐਚ.ਡੀ ਕਰਦਿਆਂ ਸਾਨੂੰ ਪੰਜਾਬ ਮਿਲਦੀ-ਗਿਲਦੀ ਰਹਿੰਦੀ ਸੀ, ਉਹ ਸਰੀ ਵਿਆਹੀ ਗਈ ਸੀ ਤੇ ਉਸ ਨੇ ਸ਼ੁਕਰਾਨੇ ਵਜੋਂ ਖਾਲਸਾ ਸਕੂਲ ਸਰੀ ਦੇ ਕਮਿਉਨਿਟੀ ਹਾਲ ਵਿਚ ਅਖੰਡ ਸਾਹਿਬ ਦਾ ਭੋਗ ਅਤੇ ਕੀਰਤਨ ਸਮਾਗਮ ਆਯੋਜਿਤ ਕੀਤਾ ਸੀ। ਇੱਥੇ ਕਿ ਪਲਬਿੰਦਰ ਕੌਰ ਦੇ ਆਉਣ ਦੀ ਵੀ ਪੂਰੀ ਉਮੀਦ ਸੀ, ਕਿਉਂਕਿ ਇਹ ਸਾਰੇ ਪਰਿਵਾਰ ਹੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਿਚ ਸਰਗਰਮ ਰਹੇ ਹਨ।

ਰੁੜਕਾ ਕਲਾਂ (ਜਲੰਧਰ) ਵਿਚ ਜਨਮੀ ਪਲਬਿੰਦਰ ਅਜੇ ਚਾਰ ਸਾਲਾਂ ਦੀ ਹੀ ਸੀ ਕਿ ਪਰਿਵਾਰ ਕੈਨੇਡਾ ਸ਼ਿਫਟ ਹੋ ਗਿਆ। ਵੈਨਕੂਵਰ ਤੋਂ ਕਾਫੀ ਦੂਰ ਵਿਲੀਅਮਜ਼ ਲੇਕ ਸਕੂਲ ਵਿਚ ਉਸ ਨੇ ਆਪਣੀ ਵੱਡੀ ਭੈਣ ਅਤੇ ਛੋਟੇ ਭਰਾ ਸਮੇਤ ਮੁਢਲੀ ਵਿਦਿਆ ਪ੍ਰਾਪਤ ਕੀਤੀ। ਉਸ ਦੇ ਮਾਪਿਆਂ ਨੇ ਇਹ ਮਹਿਸੂਸ ਕੀਤਾ ਕਿ ਸਕੂਲ ਦੇ ਸਿਲੇਬਸ ਅਤੇ ਆਲੇ-ਦੁਆਲੇ ਦੇ ਮਾਹੌਲ ਵਿਚ ਹਿੰਦੁਸਤਾਨ, ਪੰਜਾਬ ਅਤੇ ਸਿੱਖ ਧਰਮ ਨੂੰ ਬੜੇ ਉਲਾਰੂ ਢੰਗ ਨਾਲ ਪੇਸ਼ ਕੀਤਾ ਜਾਂਦਾ ਸੀ, ਇਸ ਲਈ ਬੱਚਿਆਂ ਨੂੰ ਪੰਜਾਬ ਅਤੇ ਹਿੰਦੁਸਤਾਨ ਨਜ਼ਦੀਕ ਤੋਂ ਦਿਖਾਉਣ ਲਈ ਮਾਤ ਭੂਮੀ ਦੇ ਲੰਬੇ ਟੂਰ ਲਵਾਉਣੇ ਚਾਹੀਦੇ ਹਨ। ਹਰਿਮੰਦਰ ਸਾਹਿਬ ਤੋਂ ਹਜ਼ੂਰ ਸਹਿਬ ਦੀ ਇੱਕ ਸੜਕ ਤੀਰਥ ਯਾਤਰਾ ਉਪਰੰਤ ਪਲਬਿੰਦਰ ਕੌਰ ਨੇ ਮਹਿਸੂਸ ਕੀਤਾ ਕਿ ਉਹ ਭਾਵੇਂ ਦੁਨੀਆਂ ਵਿਚ ਘੱਟ-ਗਿਣਤੀ ਕੌਮ ਨਾਲ ਸੰਬੰਧਿਤ ਹੈ, ਪਰ ਉਸ ਦੀ ਵਿਰਾਸਤ ਬੇਹੱਦ ਮਾਏ-ਨਾਜ਼ ਹੈ। ਇਸ ਵਿਰਾਸਤ ਨੂੰ ਉਸ ਦੇ ਨਾਨਾ ਜੀ ਨੇ ਇੰਗਲੈਂਡ ਰਹਿੰਦਿਆਂ ਵੀ ਸਾਂਭ ਰੱਖਿਆ ਸੀ ਅਤੇ ਕੈਨੇਡਾ ਵਿਚ ਉਸ ਦੇ ਨਾਨਕਿਆਂ ਨੇ ਵੀ।

ਸੰਨ 1917 ਵਿਚ ਜਦ ਉਸ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੀ ਪਹਿਲੀ ਦਸਤਾਰਧਾਰੀ (ਅੰਮ੍ਰਿਤਧਾਰੀ) ਜੱਜ ਨਿਯੁਕਤ ਕੀਤਾ ਗਿਆ ਤਾਂ ਉਸ ਸਮੇਂ ਤੱਕ ਉਹ ਮਨੁੱਖੀ ਅਧਿਕਾਰਾਂ ਦੀ ਮੰਨੀ-ਪ੍ਰਮੰਨੀ ਡਿਫੈਂਸ ਐਡਵੋਕੇਟ ਬਣ ਚੁਕੀ ਸੀ। ਉਸ ਨੇ ਸਿੱਖ ਕੱਕਾਰਾਂ ਖਿਲਾਫ ਹਰ ਉਸ ਐਕਟ ਦਾ ਬਾਦਲੀਲ ਵਿਰੋਧ ਕੀਤਾ ਸੀ, ਜੋ ਕਿਸੇ ਇੱਕ ਵੀ ਸਿੱਖ ਨੂੰ ਧਾਰਮਿਕ ਹੱਕ ਤੋਂ ਵਾਂਝਾ ਕਰਦਾ ਸੀ। ਨਾ ਸਿਰਫ ਸਿੱਖ ਧਰਮ ਲਈ, ਸਗੋਂ ਉਹ ਯਹੂਦੀ, ਈਸਾਈ, ਮੁਸਲਿਮ ਲੋਕਾਂ ਦੀ ਧਾਰਮਿਕ ਆਜ਼ਾਦੀ ਅਤੇ ਮਾਨਵੀ ਅਧਿਕਾਰਾਂ ਲਈ ਆਰਥਿਕਤਾ ਤੋਂ ਉੱਪਰ ਉੱਠ ਕੇ ਸੇਵਾ ਭਾਵ ਨਾਲ ਕੇਸ ਲੜਦੀ ਰਹੀ। ਧਾਰਮਿਕ ਮੁੱਦਿਆਂ 'ਤੇ ਉਸ ਦੀ ਧਾਰਨਾ ਸਪਸ਼ਟ ਸੀ। ਕੁਝ ਕੇਸਾਂ ਦੇ ਸੰਦਰਭ ਵਿਚ ਉਸ ਨੇ ਕੈਨੇਡੀਅਨ ਕਾਨੂੰਨਦਾਨਾਂ ਨੂੰ ਨਵੇਂ ਸਿਰਿਓਂ ਸੋਚਣ ਲਈ ਮਜਬੂਰ ਕਰ ਦਿੱਤਾ। ਇੱਕ ਯਹੂਦੀ ਕੇਸ ਦੇ ਸੰਬੰਧ ਵਿਚ ਉਸ ਦੀ ਨਿਵੇਕਲੀ ਦਲੀਲ ਸੀ ਕਿ ਭਾਵੇਂ ਧਰਮ ਇੱਕ ਸਮੂਹਿਕ ਵਰਤਾਰਾ ਹੈ ਅਤੇ ਉਸ ਸੰਬੰਧ ਵਿਚ ਧਾਰਮਿਕ-ਵਿਸ਼ੇਸ਼ਗ ਦਾ ਕਥਨ ਤੇ ਦਲੀਲ ਮਹੱਤਵਪੂਰਨ ਹੋ ਸਕਦੀ ਹੈ, ਪਰ ਉਸ ਤੋਂ ਵੀ ਵੱਧ ਮਹੱਤਵਪੂਰਨ ਹੈ ਵਿਅਕਤੀਗਤ ਰੂਹਾਨੀਅਤ। ਪ੍ਰਭੂ-ਭਗਤੀ, ਪ੍ਰਭੂ ਅਤੇ ਭਗਤ-ਜਨ ਦਾ ਵਿਅਕਤੀਗਤ ਤਾਲ-ਮੇਲ ਹੈ, ਇਸ ਲਈ ਵਿਅਕਤੀਗਤ ਅਹਿਸਾਸ ਅਤੇ ਅਨੁਭਵ ਨੂੰ ਬਣਦਾ ਮਹੱਤਵ ਮਿਲਣਾ ਚਾਹੀਦਾ ਹੈ।

ਇਸੇ ਤਰ੍ਹਾਂ ਦਸਤਾਰ ਦਾ ਇੱਕ ਸਿੱਖ ਵਿਅਕਤੀ ਨਾਲ ਸੰਬੰਧ ਕੇਵਲ ਵਾਲ ਢਕਣ ਤੱਕ ਮਹਿਦੂਦ ਨਹੀਂ ਹੁੰਦਾ, ਦਸਤਾਰ ਦਾ ਕਿਸੇ ਸਿੱਖ ਦੀ ਵਿਅਕਤੀਗਤ ਰੂਹਾਨੀਅਤ ਅਤੇ ਮਾਨਸਿਕਤਾ ਨਾਲ ਕਿੰਨਾ ਗਹਿਰਾ ਸੰਬੰਧ ਹੋ ਸਕਦਾ ਹੈ, ਉਸ ਵਿਅਕਤੀ ਤੋਂ ਵੱਧ ਕੋਈ ਨਹੀਂ ਜਾਣ ਸਕਦਾ। ਉਸ ਸੰਬੰਧ ਦੀ ਸ਼ਿੱਦਤ ਕਈ ਵਾਰ ਉਸ ਵਿਅਕਤੀ ਵਿਸ਼ੇਸ਼ ਲਈ ਵੀ ਕਾਨੂੰਨੀ ਭਾਸ਼ਾ ਵਿਚ ਬਿਆਨ ਕਰਨੀ ਔਖੀ ਹੋ ਸਕਦੀ ਹੈ।

ਵਿਅਕਤੀਗਤ ਤੌਰ 'ਤੇ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਮਿਲਦਿਆਂ ਮੈਂ ਰਤਾ ਵੀ ਮਹਿਸੂਸ ਨਹੀਂ ਸਾਂ ਕਰ ਰਿਹਾ ਕਿ ਮੈਂ ਕਿਸੇ ਉੱਚ ਪਦਵੀ 'ਤੇ ਸੁਭਾਇਮਾਨ ਔਰਤ ਦੀ ਸੰਗਤ ਵਿਚ ਸਾਂ। ਉਸ ਦੇ ਚਿਹਰੇ 'ਤੇ ਕਿਤੇ ਰਤਾ ਵੀ ਬਨਾਉਟੀਪਣ ਨਹੀਂ ਸੀ, ਸਾਬਤ-ਸੂਰਤ ਦੀ ਸਾਖਿਆਤ ਮੂਰਤ ਸੀ ਉਹ। ਨਾ ਹੀ ਕੋਈ ਜਜ਼ਬਾਤੀ ਅਹਿਮ, ਫਹਿਮ ਜਾਂ ਵਹਿਮ ਉਸ ਦੇ ਚਿਹਰੇ ਤੋਂ ਝਲਕਦਾ ਸੀ। ਉਸ ਦੀ ਦਸਤਾਰ ਨੇ ਉਸ ਨੂੰ ਉੱਚਤਾ-ਸੁੱਚਤਾ ਬਖਸ਼ ਰੱਖੀ ਸੀ ਅਤੇ ਉਸ ਦੇ ਅਹੁਦੇ ਨੇ ਦਸਤਾਰ ਦੀ ਆਨ, ਮਾਨ ਅਤੇ ਸ਼ਾਨ ਨੂੰ ਚਾਰ ਚੰਨ ਲਾ ਦਿੱਤੇ ਸਨ।

ਸ਼ਾਲਾ! ਜਿਉਣ ਇਹੋ ਜਿਹੀਆਂ ਪੰਜਾਬਣ ਧੀਆਂ!!

# ਲਹਿੰਦੇ ਪੰਜਾਬ 'ਚ ਮਾਂ ਬੋਲੀ ਦੇ ਪ੍ਰਚਾਰਕ ਬਾਈ ਦਿਲ ਮੁਹੰਮਦ ਚੱਲ ਵਸੇ


ਲਹਿੰਦੇ ਪੰਜਾਬ 'ਚ ਮਾਂ ਬੋਲੀ ਦੇ ਪ੍ਰਚਾਰਕ ਤੇ ਬਾਬਾ ਬੁੱਲੇ ਸ਼ਾਹ ਪੰਜਾਬੀ ਸੱਥ ਕਸੂਰ ਦੇ ਮੁੱਖ ਸੇਵਾਦਾਰ ਬਾਈ ਦਿਲ ਮੁਹੰਮਦ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਲਹਿੰਦੇ ਪੰਜਾਬ ਵਿਚ ਸ਼ਾਇਦ ਉਹ ਇਕੋ ਇੱਕ ਅਜਿਹੇ ਸੱਜਣ ਸਨ, ਜਿਹੜੇ ਕਿਹਾ ਕਰਦੇ ਸਨ ਕਿ ਮਾਂ ਬੋਲੀ ਪੰਜਾਬੀ ਨੂੰ ਗੁਰਮੁਖੀ ਤੋਂ ਬਿਨਾ ਹੋਰ ਕਿਸ ਲਿਪੀ ਵਿਚ ਲਿਖਿਆ ਹੀ ਨਹੀਂ ਜਾ ਸਕਦਾ। ਆਪਣੇ ਪਿੰਡ ਚੱਕ 17 'ਚ ਖੋਲ੍ਹੇ ਸਕੂਲ ਵਿਚ

**ਬਾਬਰ ਜਲੰਧਰੀ**

ਉਹ ਨਿਆਣਿਆਂ ਨੂੰ ਗੁਰਮੁਖੀ ਪੜ੍ਹਾਇਆ ਕਰਦੇ ਸਨ। ਉਨ੍ਹਾਂ ਦੇ ਇਸੇ 'ਦੋਸ਼' ਬਦਲੇ ਪੰਜਾਬ ਦੇ ਸਿੱਖਿਆ ਮਹਿਕਮੇ ਨੇ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਕਿ ਉਹ ਪਾਕਿਸਤਾਨ ਦੀ ਸਲਾਮਤੀ ਵਿਰੁੱਧ ਕੰਮ ਕਰ ਰਹੇ ਹਨ। ਜਦੋਂ ਵੀ ਕੋਈ ਉਨ੍ਹਾਂ ਸਾਹਮਣੇ ਆਪਣੇ ਨਿਆਣਿਆਂ ਨਾਲ ਉਰਦੂ ਬੋਲਦਾ ਸੀ ਤਾਂ ਉਹ ਕਿਹਾ ਕਰਦੇ ਸਨ, "ਉਏ ਇਹ ਕੀ ਕਹਿਰ ਕਮਾ ਰਿਹੈਂ? ਪੰਜਾਬੀ ਤੇਰੇ ਦਾਦਿਆਂ-ਪੜਦਾਦਿਆਂ, ਬਾਬਾ ਬੁੱਲੇ ਸ਼ਾਹ ਤੇ ਸੁਲਤਾਨ ਬਾਹੂ ਵਰਗੇ ਸੂਫੀਆਂ ਦੀ ਬੋਲੀ ਐ, ਤੂੰ ਕਿਉਂ ਉਰਦੂ ਦਾ ਮਰਿਆ ਹੋਇਆ ਸੱਪ ਆਪਣੇ ਨਿਆਣਿਆਂ ਦੇ ਗਲ ਵਿਚ ਪਾ ਕੇ ਆਪਣੀ ਮਾਂ ਬੋਲੀ ਦੀ ਜੱਖਣਾ ਪੱਟ ਰਿਹੈਂ।"

ਇਕ ਵਾਰੀ ਲਾਹੌਰ ਦੇ ਇੱਕ ਉਰਦੂ ਅਦਾਰੇ ਦੇ ਕਰਤਾ-ਧਰਤਾ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਉਰਦੂ ਦਾ ਪ੍ਰਚਾਰ ਕਰਿਆ ਕਰੋ, ਇਹ ਸਾਡੀ ਕੌਮੀ ਬੋਲੀ ਹੈ। ਤਾਂ ਬਾਈ ਦਿਲ ਮੁਹੰਮਦ ਦਾ ਜਵਾਬ ਸੀ ਕਿ ਕੌਮੀ ਬੋਲੀ ਤੁਹਾਡੀ ਹੋਵੇਗੀ, ਮੇਰੀ ਮਾਂ ਬੋਲੀ ਪੰਜਾਬੀ ਹੈ। ਮੇਰੇ ਲਈ ਦੁਨੀਆਂ ਵਿਚ ਇਸ ਤੋਂ ਵੱਧ ਮੁਕੱਦਸ ਸ਼ੈਅ ਕੋਈ ਨਹੀਂ। ਉਨ੍ਹਾਂ ਨੇ ਉਸ ਨੂੰ ਕਿਹਾ ਕਿ ਉਰਦੂ ਜ਼ੁਬਾਨ ਵਿਚ ਇੱਕ ਵੀ ਅੱਖਰ ਉਰਦੂ ਦਾ ਨਹੀਂ, ਜੇ ਤੂੰ ਇਹ ਸਾਬਤ ਕਰਦੇਂ ਕਿ ਉਰਦੂ ਵਿਚ ਇਹ ਅੱਖਰ ਉਰਦੂ ਦੇ ਨੇ, ਤਾਂ ਮੈਂ ਤੈਨੂੰ ਇਕ-ਇਕ ਅੱਖਰ 'ਤੇ ਇਕ ਇਕ ਲੱਖ ਰੁਪਏ ਇਨਾਮ ਦੇਵਾਂਗਾ। ਉਰਦੂ ਵਿਚ ਸਾਰੇ ਅੱਖਰ ਅਰਬੀ, ਫਾਰਸੀ, ਹਿੰਦੀ ਤੇ ਹੋਰ ਬੋਲੀਆਂ ਤੋਂ ਲਏ ਗਏ ਨੇ। ਉਸ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ।

ਉਹ ਬੜੇ ਰੰਜ ਨਾਲ ਕਿਹਾ ਕਰਦੇ ਸਨ ਕਿ ਇਸ ਮੁਲਕ 'ਚ ਅਸੀਂ ਆਪਣੀ ਜ਼ੁਬਾਨ ਤੇ ਪਛਾਣ ਸਭ ਕੁਝ ਗੁਆ ਚੁਕੇ ਹਾਂ। ਲੋਕ ਕਹਿੰਦੇ ਨੇ ਕਿ ਪਾਕਿਸਤਾਨ ਮੁਸਲਮਾਨਾਂ ਲਈ ਜੰਨਤ ਹੈ। ਇਹ ਕਿਹੋ ਜਿਹੀ ਜੰਨਤ ਹੈ ਕਿ ਸਾਨੂੰ ਆਪਣੀ ਬੋਲੀ ਵਿਚ ਲਿਖਣ-ਪੜ੍ਹਨ ਦੀ ਵੀ ਇਜਾਜ਼ਤ ਨਹੀਂ। ਚੜ੍ਹਦੇ ਪੰਜਾਬ ਤੋਂ ਆਉਣ ਵਾਲੇ ਯਾਤਰੀਆਂ ਨੂੰ ਉਹ ਹਮੇਸ਼ਾ ਨਵੀਆਂ ਕਿਤਾਬਾਂ ਲੈ ਕੇ ਆਉਣ ਦੀ ਬਾਤ ਪਾਇਆ ਕਰਦੇ ਸਨ। ਉਨ੍ਹਾਂ ਦੇ ਆਪਣੇ ਘਰ ਵਿਚ ਵੀ ਕਿਤਾਬ ਘਰ ਬਣਿਆ ਹੋਇਆ ਹੈ।




ਉਹ ਪੰਜਾਬੀ, ਹਿੰਦੀ, ਬੰਗਾਲੀ, ਰੂਸੀ, ਫਾਰਸੀ, ਅਰਬੀ, ਅੰਗਰੇਜ਼ੀ ਆਦਿ ਜ਼ੁਬਾਨਾਂ ਦੇ ਮਾਹਿਰ ਸਨ, ਪਰ ਕਿਹਾ ਕਰਦੇ ਸਨ ਕਿ ਜਿਹੜੀ ਤ੍ਰਿਪਤੀ ਮਾਂ ਬੋਲੀ ਵਿਚ ਗੱਲ ਕਰਕੇ ਹੁੰਦੀ ਹੈ, ਉਹ ਦੁਨੀਆਂ ਦੀ ਕਿਸੇ ਹੋਰ ਜ਼ੁਬਾਨ ਵਿਚ ਨਹੀਂ। ਵੰਡ 'ਤੇ ਲਿਖੇ ਗਏ ਸੋਹਣ ਸਿੰਘ ਸ਼ੀਤਲ ਦੇ ਸ਼ਾਹਕਾਰ ਨਾਵਲ 'ਤੂਤਾਂ ਵਾਲਾ ਖੂਹ' ਨੂੰ ਪੜ੍ਹ ਕੇ ਉਨ੍ਹਾਂ ਨੇ ਕਿਹਾ ਕਿ ਸਾਰੇ ਪੰਜਾਬੀਆਂ ਨੂੰ ਇਹ ਨਾਵਲ ਪੜ੍ਹਨਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਨਾਲ ਕਿੰਨੀ ਵੱਡੀ ਠੱਗੀ ਮਾਰੀ ਗਈ ਹੈ। ਉਹ ਸਦਾ ਕਹਿੰਦੇ ਸਨ ਕਿ ਜਿਸ ਦਿਨ ਵਾਘੇ ਵਾਲੀ ਕੰਧ ਟੁੱਟੇਗੀ, ਉਹ ਜ਼ਿੰਦਗੀ ਦਾ ਸੱਭ ਤੋਂ ਵਡਭਾਗਾ ਦਿਨ ਹੋਵੇਗਾ। ਤੂਤਾਂ ਵਾਲੇ ਖੂਹ 'ਤੇ ਇੱਕ ਵਾਰੀ ਫਿਰ ਸਾਂਝੇ ਪੰਜਾਬ ਦੀਆਂ ਰੌਣਕਾਂ ਲੱਗਣਗੀਆਂ। ਉਨ੍ਹਾਂ ਨੇ ਕਈ ਵਾਰ ਚੜ੍ਹਦੇ ਪੰਜਾਬ ਆਉਣ ਲਈ ਵੀਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਸਮੇਂ ਦੇ ਲੋਟੂ ਹਾਕਮਾਂ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਕੰਵਰ ਇਮਤਿਆਜ਼ ਦੇ ਇਹ ਬੋਲ ਸਦਾ ਉਨ੍ਹਾਂ ਦੀ ਰੂਹ ਵਿਚ ਗੂੰਜਦੇ ਰਹਿੰਦੇ ਸਨ,

ਬਾਣੀ ਮੈਂ ਫਰੀਦ ਜੀ ਦੀ
ਸੁਖਨ ਮੀਆਂ ਵਾਰਸ ਦਾ,
ਬੁੱਲੇ ਦੀ ਸਾਰੰਗੀ ਦੀ
ਮਿੱਠੀ-ਮਿੱਠੀ ਤਾਨ ਹਾਂ।
ਮੈਂ ਹਾਂ ਸਿਹਰਾ ਬੋਲੀ
ਗਾਉਣ ਹਾਂ ਮੈਂ ਗਿੱਧਿਆਂ ਦਾ,
ਪੀੜ੍ਹੀ ਡਾਹ ਕੇ ਪਿੜ ਵਿਚ
ਬੈਠੀ ਮੈਂ ਰਕਾਨ ਹਾਂ।

ਸਹੁੰ ਮੈਨੂੰ ਲੱਗੇ ਮੀਆਂ
ਰਾਂਝਣੇ ਦੀ ਵੰਝਲੀ ਦੀ,
ਮੈਂ ਹਾਂ ਪੰਜਾਬੀ
ਜੋ ਪੰਜਾਬ ਦੀ ਜ਼ੁਬਾਨ ਹਾਂ।

## ਮਿਨੀ ਕਹਾਣੀ

# ਠੰਢ

ਇਸ ਸਾਲ ਫੱਗਣ ਦੇ ਮਹੀਨੇ ਕਹਿਰ ਦੀ ਠੰਢ ਪੈ ਰਹੀ ਸੀ। ਲਗਾਤਾਰ ਪੈ ਰਹੇ ਕੋਰੇ ਨਾਲ ਬਰਸੀਮਾਂ ਸੁੱਕ ਗਈਆਂ ਸਨ। ਅਗੇਤੀ ਨਿੱਸਰੀ ਕਣਕ ਦੀਆਂ ਬੱਲੀਆਂ ਕਾਲੀਆਂ ਹੋ ਗਈਆਂ ਸਨ। ਤੇਜ ਹਵਾ ਵਗਣ ਨਾਲ ਠੰਡ ਹੋਰ ਵੀ ਵਧ ਗਈ ਸੀ। ਹੱਥ ਬਾਹਰ ਕੱਢਣ ਨਾਲ ਉਂਗਲਾਂ ਦੇ ਪੋਟੇ ਨੀਲੇ ਪੈ ਰਹੇ ਸਨ। ਘੁੱਦਾ ਸਿੰਘ ਦੋ-ਤਿੰਨ ਘੰਟੇ ਦਾ ਆੜਤੀਏ ਦੀ ਦੁਕਾਨ 'ਤੇ ਬੈਠਾ ਸੀ। ਲਾਲਾ ਮੁਣਸ਼ਾ ਰਾਮ ਨੇ ਘੁੱਦਾ ਸਿੰਘ ਨੂੰ ਕਿਹਾ, "ਸਰਦਾਰ ਘੁੱਦਾ ਸਿੰਘ, ਆ ਬਾਹਰ ਆਪਾਂ ਜਰੂਰੀ ਗੱਲ ਕਰਨੀ ਆ।"

"ਸੇਠਾ, ਕਿਤੇ ਮਿਰਚਾਂ ਆਲੀ ਬੋਰੀ ਤੇ ਧੱਫਾ ਤਾਂ ਨ੍ਹੀਂ ਮਾਰਦਾ।" ਇਹ ਕਹਿੰਦਾ ਹੋਇਆ ਉਸ ਦੇ ਮਗਰ ਹੋ ਤੁਰਿਆ।

"ਦੱਸ ਬਈ ਸੇਠਾ ਕੀ ਗੱਲ ਆ?"

"ਮੁੜਦੇ ਹੋਏ ਕਰਦੇ ਆਂ ਗੱਲ।"

"ਠੀਕ।" ਇਹ ਕਹਿੰਦਾ ਘੁੱਦਾ ਸਿੰਘ, ਸੇਠ ਮੁਣਸੀ ਦੇ ਮਗਰ ਹੋ ਚੱਲਿਆ। ਉਹ ਦੋ ਸੌ ਮੀਟਰ ਦੀ ਵਿੱਥ 'ਤੇ ਬਣੇ ਪਿਸ਼ਾਬ ਘਰ 'ਚ ਚਲੇ ਗਏ। ਲਾਲਾ ਮੁਣਸ਼ਾ ਰਾਮ ਨੇ ਵੀ ਪਿਸ਼ਾਬ ਕੀਤਾ ਤੇ ਇਸ ਤੋਂ ਬਾਅਦ ਘੁੱਦਾ ਸਿੰਘ ਨੇ। ਵਾਪਸੀ 'ਤੇ ਰਾਹ 'ਚ ਘੁੱਦਾ ਸਿੰਘ ਨੇ ਪੁੱਛਿਆ, "ਦੱਸੋ ਸੇਠ ਜੀ, ਕਿਹੜੀ ਜਰੂਰੀ ਗੱਲ ਆ?"

"ਬੱਸ ਆਹੀ ਦੱਸਣਾ ਸੀ, ਬਈ ਠੰਡ ਬਹੁਤ ਐ। ਫੱਗਣ ਵੀ ਪੋਹ ਬਣਾਇਆ ਪਿਆ, ਪਰ ਬਈ ਥੋਨੂੰ ਜੱਟਾਂ ਬੂਟਾਂ ਨੂੰ ਠੰਡ ਕਿੱਥੇ?"

"ਖਰੀ ਗੱਲ! ਪਰ ਜੱਟ ਤੇ ਬੂਟ ਬਣੇ ਈ ਠੰਡ ਲਾਹੁਣ ਨੂੰ ਆ। ਬੂਟ ਜਦ ਪੈਰੀ ਪੈਂਦੇ ਹਨ ਤਾਂ ਪੈਰਾਂ ਦੀ ਠੰਡ ਲਾਹੁੰਦੇ ਹਨ। ਇਹੀ ਬੂਟ ਜਦ ਸਿਰ 'ਤੇ ਪੈਂਦਾ ਹੈ, ਸਾਰੇ ਸਰੀਰ ਦੀ ਠੰਡ ਲਾਹ ਦਿੰਦੇ ਆ।" ਘੁੱਦਾ ਸਿੰਘ ਹਰਖ ਨਾਲ ਬੋਲਿਆ।

"ਠੰਡ ਨਾਲ ਫਸਲ ਦਾ ਝਾੜ ਘੱਟ ਜੂ। ਆਪਣੇ ਆੜਤ 'ਤੇ ਦਿੱਤੇ ਕਰਜੇ ਦਾ ਫਿਕਰ ਕਰ।" ਭਰੇ ਪੀਤੇ ਘੁੱਦਾ ਸਿੰਘ ਨੇ ਨਹਿਲੇ 'ਤੇ ਦਹਿਲਾ ਮਾਰਿਆ।

ਉਹ ਇਹ ਗੱਲਾਂ ਕਰਦੇ ਦੁਕਾਨ ਵਿਚ ਆ ਗਏ। ਦੁਕਾਨ ਦੇ ਬੰਦ ਕਰਨ ਦਾ ਵੇਲਾ ਹੋ ਗਿਆ ਸੀ।

ਘੁੱਦਾ ਸਿੰਘ ਨੇ ਸੇਠ ਨੂੰ ਕਿਹਾ, "ਮੈਂ ਵੀ ਤੇਰੇ ਨਾਲ ਇੱਕ ਜਰੂਰੀ ਗੱਲ ਕਰਨੀ ਆ। ਬਾਹਰ ਆ ਜੋ।"

"ਇੱਥੇ ਹੀ ਕਰ ਲੈ, ਬਾਹਰ ਠੰਡ ਹੈ।"

"ਲੈ, ਇੱਥੇ ਈ ਕਰ ਲੈ। ਠੰਡ ਵਧਦੀ ਜਾਂਦੀ ਆ। ਕੱਢ ਬੋਤਲ ਲਈ 25 ਰੁਪਈਏ। ਪੂਰੀ ਠੰਡ ਤਾਂ ਫੇਰ ਹੀ ਲਹੂ।"

ਸੇਠ ਮੁਣਸ਼ਾ ਰਾਮ ਨੇ ਗੱਲੇ ਵਿਚੋਂ 25 ਰੁਪਈਏ ਕੱਢ ਕੇ ਘੁੱਦਾ ਸਿੰਘ ਨੂੰ ਦਿੱਤੇ ਤੇ ਬੋਲਿਆ, "ਘੁੱਦਾ ਸਿੰਘ! ਹੱਥ ਨੀਲੇ ਹੋਏ ਪਏ ਆ, ਸਹੁਰੇ ਦੇ ਉਲਟੇ ਹੋਈ ਜਾਂਦੇ ਆ।" ਉਸ ਨੇ ਬਹੀ 'ਤੇ 52 ਰੁਪਈਏ ਲਿਖ ਕੇ ਘੁੱਦਾ ਸਿੰਘ ਨੂੰ ਆਵਾਜ਼ ਮਾਰੀ, "ਸਰਦਾਰ ਘੁੱਦਾ ਸਿੰਆ! ਠੰਡ ਤੇਰੀ ਵੀ ਲਹਿ'ਗੀ ਤੇ ਮੇਰੀ ਵੀ।"

*-ਕਰਮ ਸਿੰਘ ਮਾਨ*
*ਫੋਨ: 559-261-5024*

# ਕੈਟਰੀਨਾ ਦੀ ਭੈਣ ਵੀ ਮੈਦਾਨ ਵਿਚ



ਹਿੰਦੀ ਫਿਲਮ ਜਗਤ ਵਿਚ ਆਪਣਾ ਮੁਕਾਮ ਬਣਾ ਚੁੱਕੀ ਅਦਾਕਾਰਾ ਕੈਟਰੀਨਾ ਕੈਫ ਦੀ ਭੈਣ ਈਜ਼ਾਬੈਲ ਕੈਫ ਵੀ ਆਪਣੀ ਪਲੇਠੀ ਫਿਲਮ 'ਟਾਈਮ ਟੀ ਡਾਂਸ' ਰਾਹੀਂ ਫਿਲਮ ਜਗਤ ਵਿਚ ਦਾਖਲਾ ਲੈ ਚੁੱਕੀ ਹੈ ਪਰ ਈਜ਼ਾਬੈਲ ਨੇ ਫਿਲਮ ਜਗਤ ਵਿਚ ਕਿਸ ਤਰ੍ਹਾਂ ਦਾਖਲਾ ਲਿਆ, ਇਹ ਬੜੀ ਵੱਖਰੀ ਅਤੇ ਦਿਲਚਸਪ ਕਹਾਣੀ ਹੈ। ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਈਜ਼ਾਬੈਲ ਦੇ ਮਾਪੇ ਨਹੀਂ ਸਨ ਚਾਹੁੰਦੇ ਕਿ ਈਜ਼ਾਬੈਲ ਬਤੌਰ ਅਦਾਰਕਾਰ ਫਿਲਮ ਜਗਤ ਲਈ ਕੰਮ ਕਰੇ। ਉਹ ਚਾਹੁੰਦੇ ਸਨ ਕਿ ਉਹ ਆਪਣੀ ਪੜ੍ਹਾਈ ਵਧੀਆ ਢੰਗ ਨਾਲ ਨੇਪਰੇ ਚਾੜ੍ਹੇ ਅਤੇ ਕੋਈ ਨੌਕਰੀ ਕਰੇ। ਉਹ ਨਹੀਂ ਸਨ ਚਾਹੁੰਦੇ ਕਿ ਈਜ਼ਾਬੈਲ ਆਪਣੀ ਵੱਡੀ ਭੈਣ ਕੈਟਰੀਨਾ ਵਾਂਗ ਫਿਲਮਾਂ ਦੀ ਅਦਾਕਾਰਾ ਬਣੇ। ਫਿਰ ਇਸ ਮਾਮਲੇ ਵਿਚ ਕੈਟਰੀਨਾ ਕੈਫ ਨੇ ਬਹੁਤ ਅਹਿਮ ਰੋਲ ਨਿਭਾਇਆ। ਉਸ ਨੇ ਆਪਣੀ ਮਾਂ ਨੂੰ ਮਨਾਇਆ ਅਤੇ ਤਸੱਲੀ ਕਰਵਾਈ ਕਿ ਈਜ਼ਾਬੈਲ ਫਿਲਮੀ ਦੁਨੀਆ ਵਿਚ ਵੀ ਵਧੀਆ ਕਰੀਅਰ ਬਣਾ ਸਕਦੀ ਹੈ।

ਹੁਣ ਈਜ਼ਾਬੈਲ ਆਪਣੇ ਦੂਜੇ ਪ੍ਰੋਜੈਕਟ ਲਈ ਖੂਬ ਕੰਮ ਕਰ ਰਹੀ ਹੈ। ਉਸ ਦੀ ਦੂਜੀ ਫਿਲਮ ਦਾ ਨਾਂ 'ਸੁਸਵਾਗਤਮ ਖੁਸ਼ਆਮਦੀਦ' ਹੈ। ਪਤਾ ਲੱਗਿਆ ਹੈ ਕਿ ਕਿ ਇਸ ਫਿਲਮ ਵਿਚ ਪੁਲਕਿਤ ਸਮਰਾਟ ਵੀ ਕੰਮ ਕਰ ਰਿਹਾ ਹੈ। ਈਜ਼ਾਬੈਲ ਨੇ ਇਸ ਸਬੰਧੀ ਆਪਣੀਆਂ ਤਸਵੀਰਾਂ ਇੰਸਟਾਗਰਾਮ 'ਤੇ ਸਾਂਝੀਆਂ ਕੀਤੀਆਂ ਹਨ। ਈਜ਼ਾਬੈਲ ਦਾ ਕਹਿਣਾ ਹੈ ਕਿ ਉਸ ਨੇ ਬਹੁਤ ਸੋਚ-ਸਮਝ ਕੇ ਫਿਲਮੀ ਦੁਨੀਆ ਅੰਦਰ ਪ੍ਰਵੇਸ਼ ਕੀਤਾ ਹੈ। ਆਪਣੇ ਕਰੀਅਰ ਨੂੰ ਅਗਾਂਹ ਵਧਾਉਣ ਲਈ ਉਹ ਪੂਰਾ ਟਿੱਲ ਲਾ ਰਹੀ ਹੈ ਅਤੇ ਇਸ ਸਬੰਧ ਵਿਚ ਫਿਲਮੀ ਦੁਨੀਆ ਦੇ ਬਹੁਤ ਸਾਰੇ ਕਲਾਕਾਰਾਂ ਦਾ ਉਸ ਨੂੰ ਭਰਵਾਂ ਸਮਰਥਨ ਮਿਲ ਰਿਹਾ ਹੈ। ***-ਗੁਰਜੰਟ ਸਿੰਘ***

# ਅਦਾਕਾਰਾ ਸਾਰਾ ਖਾਨ ਦਾ ਫਲਕ



ਪਾਕਿਸਤਾਨੀ ਡਰਾਮਿਆਂ ਵਿਚ ਧੁੰਮਾਂ ਪਾਉਣ ਵਾਲੀ ਖੂਬਸੂਰਤ ਅਦਾਕਾਰਾ ਸਾਰਾ ਖਾਨ ਆਪਣੇ ਇਕ ਹੋਰ ਨਾਂ ਸਾਰਾ ਫਲਕ ਵਜੋਂ ਵੀ ਮਸ਼ਹੂਰ ਹੈ। ਫਲਕ ਦਾ ਸ਼ਾਬਦਿਕ ਅਰਥ ਆਸਮਾਨ ਹੁੰਦਾ ਹੈ। ਪਿਛਲੇ ਸਾਲ ਆਏ ਡਰਾਮੇ 'ਸਬਾਤ' ਤੋਂ ਬਾਅਦ ਉਹ ਵਧੇਰੇ ਚਰਚਾ ਵਿਚ ਆਈ ਹੈ। ਇਸ ਉਰਦੂ ਡਰਾਮੇ ਵਿਚ ਉਸ ਨੇ ਮਿਰਾਲ ਦਾ ਕਿਰਦਾਰ ਜਿਸ ਖੂਬਸੂਰਤੀ ਨਾਲ ਨਿਭਾਇਆ, ਉਸ ਨੇ ਉਸ ਦੇ ਕਰੀਅਰ ਨੂੰ ਨਵੀਂ ਪਰਵਾਜ਼ ਦਿੱਤੀ। ਸਾਰਾ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2012 ਵਿਚ 'ਬੜੀ ਆਪਾ' ਡਰਾਮੇ ਨਾਲ ਕੀਤੀ ਸੀ। ਇਸ ਡਰਾਮੇ ਵਿਚ ਉਸ ਨੇ 'ਬੜੀ ਆਪਾ' ਜ਼ੁਬੈਦਾ (ਇਹ ਕਿਰਦਾਰ ਸਵੇਰਾ ਨਦੀਮ ਨੇ ਨਿਭਾਇਆ ਸੀ) ਦੀ ਧੀ ਬਣੀ ਸੀ। ਇਹ ਮਾਵਾਂ-ਧੀਆਂ ਦੀ ਕਹਾਣੀ ਤਾਂ ਹੈ, ਇਹਦੇ ਅੰਦਰ ਪੀੜ੍ਹੀ ਪਾੜਾ ਵੀ ਉਜਾਗਰ ਹੁੰਦਾ ਹੈ। ਆਪਣੇ ਪਹਿਲੇ ਹੀ ਡਰਾਮੇ ਵਿਚ ਸਾਰਾ ਖਾਨ ਨੇ ਸਭ ਦਾ ਦਿਲ ਜਿੱਤ ਲਿਆ। 2015 ਵਿਚ ਨਸ਼ਰ ਹੋਏ ਡਰਾਮੇ 'ਅਲਵਿਦਾ' ਲਈ ਉਹ ਉਮਦਾ ਅਦਾਕਾਰੀ ਲਈ ਸਹਾਇਕ ਅਦਾਕਾਰਾ ਵਜੋਂ 'ਹਮ ਐਵਾਰਡ' ਲਈ ਨਾਮਜ਼ਦ ਹੋਈ। ਇਸੇ ਤਰ੍ਹਾਂ 2018 ਵਿਚ ਆਏ ਡਰਾਮੇ 'ਬੇਲਾਪੁਰ ਕੀ ਡਾਇਨ' ਲਈ ਉਹ ਸਰਵੋਤਮ ਅਦਾਕਾਰਾ ਲਈ ਨਾਮਜ਼ਦ ਹੋਈ।

ਸਾਲ 2020 ਵਿਚ ਸਾਰਾ ਖਾਨ ਦੇ ਦੋ ਡਰਾਮੇ ਨਸ਼ਰ ਹੋਏ: 'ਸਬਾਤ' ਅਤੇ 'ਰਕਸ-ਏ-ਬਿਸਮਿਲ'। 'ਸਬਾਤ' ਨਾਲ ਉਸ ਨੇ ਆਪਣੇ ਕਰੀਅਰ ਦੀਆਂ ਨਵੀਂ ਬੁਲੰਦੀਆਂ ਛੂਹੀਆਂ। ਇਸ ਡਰਾਮੇ ਵਿਚ ਸਾਰਾ ਨੇ ਉਚ ਵਰਗ ਦੀ ਘਮੰਡੀ ਔਰਤ ਦਾ ਕਿਰਦਾਰ ਅਦਾ ਕੀਤਾ। ਉਸ ਦਾ ਅੱਬਾ ਹਰ ਹਾਲ ਉਸ ਦੇ ਹੱਕ ਵਿਚ ਭੁਗਤਦਾ ਹੈ ਜਦਕਿ ਉਸ ਦੀ ਅੰਮੀ ਅਤੇ ਦਾਦੀ ਉਸ ਨੂੰ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਸਿਖਾਉਣ ਦਾ ਯਤਨ ਕਰਦੀਆਂ ਹਨ। ਉਹ ਆਪਣੀ ਦਾਦੀ ਨਾਲ ਸਦਾ ਦੁਰਵਿਹਾਰ ਕਰਦੀ ਹੈ। ਕਾਰਨ ਸਿਰਫ ਇਹ ਹੈ ਕਿ ਦਾਦੀ ਉਸ ਨੂੰ ਇਹ ਜਚਾ ਰਹੀ ਹੈ ਕਿ ਉਸ ਦੀ ਖੂਬਸੂਰਤੀ, ਲਿਆਕਤ ਅਤੇ ਹੋਰ ਸਾਰੇ 'ਗੁਣ' ਇਕ ਦਿਨ ਮਰ-ਮੁੱਕ ਜਾਣੇ ਹਨ ਪਰ ਜ਼ਿੰਦਗੀ ਦਾ ਸੁਰ ਸਦਾ ਹੀ ਤੁਹਾਡੇ ਨਾਲ ਰਹਿਣੀ ਹੈ। ਇਹ ਕਸ਼ਮਕਸ਼ ਇਸ ਡਰਾਮੇ ਵਿਚ ਬਹੁਤ ਭਾਵਪੂਰਤ ਢੰਗ ਨਾਲ ਪ੍ਰਗਟ ਹੋਈ ਹੈ ਅਤੇ ਇਸ ਪ੍ਰਗਟਾਓ ਵਿਚ ਸਾਰਾ ਖਾਨ ਨੇ ਅਹਿਮ ਯੋਗਦਾਨ ਪਾਇਆ ਹੈ। ਸਾਰਾ ਖਾਨ ਦਾ ਜਨਮ 14 ਜੁਲਾਈ 1992 ਦਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਅਜੇ ਬਹੁਤ ਸਾਰੀਆਂ ਚੋਟੀਆਂ ਸਰ ਕਰਨੀਆਂ ਹਨ। ਅਸਲ ਵਿਚ ਮੁੱਢ ਤੋਂ ਹੀ ਉਸ ਦੀ ਨਿਗ੍ਹਾ ਭਵਿੱਖ ਉਤੇ ਰਹਿੰਦੀ ਹੈ।

***-ਆਮਨਾ ਕੌਰ***

# ਕਿੱਸਾ ਕ੍ਰਿਸ਼ਨਾ ਕੁਮਾਰੀ ਉਰਫ ਰਜਿੰਦਰ ਕੌਰ








***ਕ੍ਰਿਸ਼ਨਾ ਕੁਮਾਰੀ ਦੇ ਦੋ ਅੰਦਾਜ਼ ਅਤੇ (ਸੱਜੇ) ਫਿਲਮ 'ਦੋ ਲੱਛੀਆਂ' ਦਾ ਪੋਸਟਰ।***

ਅਦਾਕਾਰਾ ਕ੍ਰਿਸ਼ਨਾ ਕੁਮਾਰੀ ਉਰਫ ਰਜਿੰਦਰ ਕੌਰ ਦੀ ਪੈਦਾਇਸ਼ 3 ਅਕਤੂਬਰ 1934 ਨੂੰ ਰਾਵਲਪਿੰਡੀ ਦੇ ਪੰਜਾਬੀ ਸਿੱਖ ਪਰਿਵਾਰ ਵਿਚ ਹੋਈ ਸੀ। ਉਸ ਨੇ ਦਸਵੀਂ ਰਾਵਲਪਿੰਡੀ ਤੋਂ ਕੀਤੀ। ਇਸ ਤੋਂ ਬਾਅਦ ਉਸ ਨੇ ਨ੍ਰਿਤ ਕਲਾ ਸਿੱਖੀ ਅਤੇ ਕੁਝ ਸਮਾਂ ਰੰਗਮੰਚ ਨਾਲ ਵੀ ਜੁੜੀ ਰਹੀ। ਇੱਥੋਂ ਹੀ ਉਸ ਨੂੰ ਫਿਲਮਾਂ ਨਾਲ ਦਿਲਚਸਪੀ ਹੋ ਗਈ। ਇਸ ਤੋਂ ਬਾਅਦ ਪੰਡਤ ਡੀ. ਐਨ. ਮਧੋਕ ਦੇ ਇਸਰਾਰ 'ਤੇ ਰਜਿੰਦਰ ਕੌਰ ਨੇ ਫਿਲਮੀ ਲਾਈਨ ਅਖਤਿਆਰ ਕਰ ਲਈ। ਉਹ ਪਹਿਲਾਂ ਅਦਾਕਾਰਾ, ਫਿਰ ਸਹਾਇਕ ਅਦਾਕਾਰਾ, ਬਾਅਦ 'ਚ ਖਲਨਾਇਕਾ ਦੇ ਰੂਪ 'ਚ ਪਸੰਦ ਕੀਤੀ ਗਈ।

ਜਦੋਂ ਨਗਮਾਨਿਗਾਰ ਪੰਡਤ ਡੀ. ਐਨ. ਮਧੋਕ (ਦੀਨਾ ਨਾਥ ਮਧੋਕ) ਨੇ ਆਪਣੀ ਹਿਦਾਇਤਕਾਰੀ ਵਿਚ ਪਹਿਲੀ ਹਿੰਦੀ ਫਿਲਮ 'ਨਾਓ' (1948) ਬਣਾਈ ਤਾਂ ਰਾਜਿੰਦਰ ਕੌਰ ਨੂੰ 'ਕ੍ਰਿਸ਼ਨਾ ਕੁਮਾਰੀ' ਦੇ ਨਾਮ ਨਾਲ ਪੇਸ਼ ਕੀਤਾ ਜਦੋਂਕਿ ਮਰਕਜ਼ੀ ਕਿਰਦਾਰ ਵਿਚ ਅਦਾਕਾਰਾ ਨਿਗਾਰ ਸੁਲਤਾਨਾ ਮੌਜੂਦ ਸੀ। ਕ੍ਰਿਸ਼ਨਾ ਦੀ ਸਹਾਇਕ ਅਦਾਕਾਰਾ ਵਜੋਂ ਦੂਜੀ ਫਿਲਮ 'ਗਰਲਜ਼ ਸਕੂਲ' (1949) ਸੀ। ਬ੍ਰਿਜਰਾਣੀ ਨਿਰਦੇਸ਼ਿਤ ਫਿਲਮ 'ਦਾਮਾਦ' (1951) 'ਚ ਉਸ ਨੇ 'ਛੋਟੀ ਸੇਠਾਨੀ' ਦਾ ਰੋਲ, ਜਿਸ ਦੇ ਰੂਬਰੂ ਭਗਵਾਨ ਦਾਦਾ 'ਮਾਸਟਰ ਚਮਕ' ਦਾ ਮਜ਼ਾਹੀਆ ਪਾਰਟ ਕਰ ਰਿਹਾ ਸੀ, ਨਿਭਾਇਆ। ਸ਼ਾਮੂ ਦੇ ਸੰਗੀਤ 'ਚ ਬਹਾਰ ਅਜਮੇਰੀ ਦਾ ਲਿਖਿਆ ਤੇ ਕ੍ਰਿਸ਼ਨਾ ਕੁਮਾਰੀ 'ਤੇ ਫਿਲਮਾਇਆ ਗੀਤ 'ਗੁਜ਼ਰੇ ਜ਼ਮਾਨੇ ਯਾਦ ਨਾ ਆ' (ਸ੍ਰੀਮਤੀ ਵਿਸ਼ਨੀਲਾਲ) ਤੇ ਦੂਜਾ ਇੰਦਰਵਨ ਭੱਟ ਦੇ ਸੰਗੀਤ 'ਚ ਕ੍ਰਿਸ਼ਨਾ 'ਤੇ ਫਿਲਮਾਇਆ ਗੀਤ 'ਜ਼ਾਲਿਮ ਯੇ ਜ਼ਮਾਨੇ ਵਾਲੇ' (ਸ੍ਰੀਮਤੀ ਵਿਸ਼ਨੀਲਾਲ) ਵੀ ਪਸੰਦ ਕੀਤੇ ਗਏ। ਮੁਹੰਮਦ ਹੁਸੈਨ ਨਿਰਦੇਸ਼ਿਤ ਫਿਲਮ 'ਸਿੰਬਾ' (1951) 'ਚ ਕ੍ਰਿਸ਼ਨਾ ਤੇ ਬਾਬੂਰਾਵ ਦੀ ਜੋੜੀ ਸੀ। ਮੁਹੰਮਦ ਹੁਸੈਨ ਨਿਰਦੇਸ਼ਿਤ ਫਿਲਮ 'ਵਨਰਾਜ' (1952) 'ਚ ਉਸ ਨੇ 'ਰਾਧਾ' ਦਾ ਪਾਰਟ ਨਿਭਾਇਆ ਜਿਸ ਦੇ ਸਨਮੁੱਖ ਸਟੰਟ ਅਦਾਕਾਰ ਜਾਨ ਕਾਵਸ 'ਰਾਜ' ਦਾ ਕਿਰਦਾਰ ਨਿਭਾ ਰਿਹਾ ਸੀ। ਅੱਕੂ ਨਿਰਦੇਸ਼ਿਤ ਫਿਲਮ 'ਬਾਮਾ' (1952) ਵਿਚ ਇਕ ਵਾਰ ਫਿਰ ਕ੍ਰਿਸ਼ਨਾ ਤੇ ਬਾਬੂਰਾਵ ਦੀ ਜੋੜੀ ਸੀ। 'ਜਾਲ' (1952) 'ਚ ਉਸ ਨੇ 'ਰੈਨੀ' ਦਾ ਰੋਲ ਕੀਤਾ। ਵਿਜੈ ਭੱਟ ਨਿਰਦੇਸ਼ਿਤ ਕਲਾਸੀਕਲ ਫਿਲਮ 'ਬੈਜੂ ਬਾਵਰਾ' (1952) 'ਚ ਉਸ ਨੇ 'ਵਸੰਤੀ' ਦਾ ਪਾਰਟ ਨਿਭਾਇਆ। ਮਹਿਮੂਦ ਨਿਰਦੇਸ਼ਿਤ ਫਿਲਮ 'ਸਫੈਦ ਘੋੜਾ ਕਾਲਾ ਸਵਾਰ' ਉਰਫ 'ਬਲੈਕ ਰਾਈਡਰ' (1960) 'ਚ ਅਦਾਕਾਰ ਕਾਮਰਾਨ ਨਾਲ ਹੀਰੋਇਨ ਦਾ ਪਾਰਟ ਨਿਭਾਇਆ। ਏ. ਐਮ. ਖਾਨ ਨਿਰਦੇਸ਼ਿਤ ਕਾਲਪਨਿਕ ਫਿਲਮ 'ਲੇਡੀ ਆਫ ਦਿ ਲੇਕ' ਉਰਫ 'ਸਰੋਵਰ ਕੀ ਸੁੰਦਰੀ' (1960) 'ਚ ਉਸ ਨੇ ਆਜ਼ਾਦ ਨਾਲ ਅਦਾਕਾਰੀ ਕੀਤੀ। ਸਟੰਟ ਫਿਲਮ 'ਬੰਬੇ ਸੈਂਟਰਲ' (1960) 'ਚ ਉਸ ਨੇ ਅਦਾਕਾਰ ਸਮਰ ਰਾਏ ਨਾਲ ਕੰਮ ਕੀਤਾ।

ਇਸ ਸਮੇਂ ਦੌਰਾਨ ਭਾਵੇਂ ਉਹ ਬਹੁਤ ਸਾਰੀਆਂ ਹਿੰਦੀ ਫਿਲਮਾਂ ਵਿਚ ਮੁੱਖ 'ਤੇ ਸਹਾਇਕ ਭੂਮਿਕਾਵਾਂ ਅਦਾ ਕਰ ਚੁੱਕੀ ਸੀ ਪਰ ਉਸ ਨੂੰ ਅਸਲ ਸ਼ੁਹਰਤ ਤੇ ਪਛਾਣ ਪੰਜਾਬੀ ਫਿਲਮਾਂ ਤੋਂ ਹੀ ਮਿਲੀ। ਕ੍ਰਿਸ਼ਨਾ ਕੁਮਾਰੀ ਨੂੰ ਪੰਜਾਬੀ ਫਿਲਮਾਂ ਵਿਚ ਲਿਆਉਣ ਦਾ ਐਜ਼ਾਜ਼ ਫਿਲਮਸਾਜ਼ ਮੁਲਕਰਾਜ ਭਾਖੜੀ ਨੂੰ ਹਾਸਲ ਹੈ। ਜਦੋਂ ਹਿਦਾਇਤਕਾਰ ਜੁਗਲ ਕਿਸ਼ੋਰ ਨੇ ਪੰਜਾਬੀ ਫਿਲਮ 'ਦੋ ਲੱਛੀਆਂ' (1960) ਬਣਾਈ ਤਾਂ ਕ੍ਰਿਸ਼ਨਾ ਕੁਮਾਰੀ ਨੂੰ 'ਵੱਡੀ ਲੱਛੀ' ਦਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਜਿਸ ਦੇ ਰੂਬਰੂ ਅਦਾਕਾਰ ਸਤੀਸ਼ ਛਾਬੜਾ 'ਲੱਭੂ ਰਾਮ' ਦਾ ਪਾਰਟ ਅਦਾ ਕਰ ਰਿਹਾ ਸੀ। ਫਿਲਮਸਾਜ਼ ਅਤੇ ਕਹਾਣੀਨਵੀਸ ਮੁਲਕ ਰਾਜ ਭਾਖੜੀ, ਗੀਤ ਵਰਮਾ ਮਲਿਕ ਤੇ ਸੰਗੀਤ ਹੰਸਰਾਜ ਬਹਿਲ ਨੇ ਤਾਮੀਰ ਕੀਤਾ। ਫਿਲਮ 'ਚ ਕ੍ਰਿਸ਼ਨਾ ਕੁਮਾਰੀ 'ਤੇ ਫਿਲਮਾਏ 'ਹਾਏ ਨੀਂ ਮੇਰਾ ਬਾਲਮ, ਹੈ ਬੜਾ ਜ਼ਾਲਮ, ਮੈਨੂੰ ਕਦੀ-ਕਦੀ ਕਰਦਾ ਏ ਪਿਆਰ' ਤੇ 'ਭਾਵੇਂ ਬੋਲ ਤੇ ਭਾਵੇਂ ਨਾ ਬੋਲ ਵੇ ਚੰਨਾ ਵਸ ਅੱਖੀਆਂ ਦੇ ਕੋਲ' (ਸ਼ਮਸ਼ਾਦ ਬੇਗਮ) ਗੀਤਾਂ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ।

ਉਸ ਦੀ ਦੂਜੀ ਪੰਜਾਬੀ ਫਿਲਮ ਕ੍ਰਿਸ਼ਨ ਕੁਮਾਰ ਨਿਰਦੇਸ਼ਿਤ 'ਚੌਧਰੀ ਕਰਨੈਲ ਸਿੰਘ' (1962) ਸੀ। ਇਸ ਫਿਲਮ ਵਿਚ ਕ੍ਰਿਸ਼ਨਾ ਨੇ 'ਲਾਜੋ' ਦਾ ਕਿਰਦਾਰ ਅਦਾ ਕੀਤਾ। ਕਹਾਣੀ, ਮੰਜ਼ਰਨਾਮਾ ਕ੍ਰਿਸ਼ਨ ਕੁਮਾਰ, ਗੀਤ, ਮੁਕਾਲਮੇ ਬੇਕਲ 'ਅੰਮ੍ਰਿਤਸਰੀ' ਅਤੇ ਸੰਗੀਤ ਪੰਡਤ ਹਰਬੰਸ ਨੇ ਤਿਆਰ ਕੀਤਾ। ਫਿਲਮ 'ਚ ਕ੍ਰਿਸ਼ਨਾ ਕੁਮਾਰੀ 'ਤੇ ਸਹੇਲੀਆਂ 'ਤੇ ਫਿਲਮਾਏ ਗੀਤ 'ਬੇਲੀਆ ਹੋ ਹਾਣੀਆ ਹੋ... ਆਜਾ ਵੇ ਆਜਾ ਆ ਕੇ ਮੁੜ ਨਾ ਜਾਣ ਬਹਾਰਾਂ' (ਸੁਮਨ ਕਲਿਆਣਪੁਰ), 'ਪਹਿਲੀ ਪਹਿਲੀ ਵਾਰ ਮੈਨੂੰ ਨਾਈ ਲੈਣ ਆਇਆ' (ਆਸ਼ਾ ਭੌਸਲੇ) ਤੋਂ ਇਲਾਵਾ ਭੰਗੜਾ ਗੀਤ 'ਵਾਹ ਜੀ ਵਾਹ...ਅੱਡੀ ਮਾਰ ਕੇ ਨੱਚੀ ਜਦੋਂ ਬੰਤੋ ਤੇ ਪਿੰਡ 'ਚ ਭੂਚਾਲ ਆ ਗਿਆ' (ਮੁਹੰਮਦ ਰਫੀ, ਆਸ਼ਾ ਭੌਸਲੇ, ਮੀਨੂੰ ਪ੍ਰਸ਼ੋਤਮ, ਸੁਰਿੰਦਰ ਕੋਹਲੀ) ਬੜੇ ਮਕਬੂਲ ਹੋਏ। ਵੰਡ ਦੇ ਮੌਜ਼ੂ 'ਤੇ ਬਣੀ ਇਸ ਫਿਲਮ ਨੂੰ ਸਾਲ 1962 ਵਿਚ ਬਿਹਤਰੀਨ ਪੰਜਾਬੀ ਫਿਲਮ ਦਾ ਨੈਸ਼ਨਲ ਐਵਾਰਡ ਮਿਲਿਆ। ਰਾਜੇਸ਼ ਨੰਦਾ ਨਿਰਦੇਸ਼ਿਤ ਫਿਲਮ 'ਢੋਲ ਜਾਨੀ' (1962) ਵਿਚ ਉਸ ਨੇ ਚਰਿੱਤਰ ਅਦਾਕਾਰ ਨਾਗਰ ਸ਼ਰਮਾ (ਮੇਲਾ ਰਾਮ) ਦੀ ਧੀ 'ਰੱਖੀ' ਦਾ ਰੋਲ ਨਿਭਾਇਆ। ਕੇ. ਚੰਦਰ ਨਿਰਦੇਸ਼ਿਤ ਫਿਲਮ 'ਭਰਜਾਈ' (1964) ਵਿਚ ਕ੍ਰਿਸ਼ਨਾ ਨੇ 'ਭਰਜਾਈ' ਦਾ ਟਾਈਟਲ ਕਿਰਦਾਰ ਨਿਭਾਇਆ ਜੋ ਪਿੰਡ ਦੀ ਜ਼ਾਤੀ ਦੁਸ਼ਮਣੀ ਨੂੰ ਖਤਮ ਕਰਨ 'ਚ ਉਸਾਰੂ ਭੂਮਿਕਾ ਨਿਭਾਉਂਦੀ ਹੈ। ਫਿਲਮ 'ਚ ਕ੍ਰਿਸ਼ਨਾ ਦੇ ਸਨਮੁੱਖ ਚਰਿੱਤਰ ਅਦਾਕਾਰ ਵਜੋਂ ਜਗਦੀਸ਼ ਕੰਵਲ 'ਕਪੂਰ ਸਾਹਬ' ਦਾ ਪਾਰਟ ਅਦਾ ਕਰ ਰਿਹਾ ਸੀ। ਸੰਗੀਤ ਪੰਡਤ ਹਰਬੰਸ ਅਤੇ ਗੀਤ ਹਜ਼ਰਤ ਅਜ਼ੀਜ਼ ਕਸ਼ਮੀਰੀ ਨੇ ਤਹਿਰੀਰ ਕੀਤੇ ਸਨ। ਕ੍ਰਿਸ਼ਨਾ ਕੁਮਾਰੀ 'ਤੇ ਫਿਲਮਾਏ 'ਅੱਖਾਂ ਕਾਲੀਆਂ ਤੇ ਮੁੱਖੜਾ ਗੁਲਾਬੀ' (ਐੱਸ. ਬਲਬੀਰ, ਮੀਨੂੰ ਪੁਰਸ਼ੋਤਮ) ਤੇ 'ਰੱਬਾ ਦਿਓਰ ਦੇ ਵਿਆਹ ਦੇ ਵਿਚ ਨੱਚ ਲੈਣ ਦੇ' (ਮੀਨੂੰ ਪ੍ਰਸ਼ੋਤਮ) ਗੀਤ ਬੜੇ ਪਸੰਦ ਕੀਤੇ ਗਏ। ਜੇ. ਡੀ. ਭਾਂਬਰੀ ਨਿਰਦੇਸ਼ਿਤ ਫਿਲਮ 'ਸ਼ਹਿਰ ਦੀ ਕੁੜੀ' (1968) ਵਿਚ ਉਸ ਨੇ ਪੁਲਿਸ ਅਫ਼ਸਰ 'ਤਾਰੋ' ਦਾ ਕਿਰਦਾਰ ਨਿਭਾਇਆ। 28 ਮਾਰਚ 1969 ਨੂੰ ਮਾਲਵਾ ਸਿਨਮਾ, ਪਟਿਆਲਾ ਵਿਖੇ ਰਿਲੀਜ਼ਸ਼ੁਦਾ ਇਹ ਫਿਲਮ ਕ੍ਰਿਸ਼ਨਾ ਕੁਮਾਰੀ ਦੀ ਆਖਰੀ ਪੰਜਾਬੀ ਫਿਲਮ ਕਰਾਰ ਪਾਈ।

ਮੁੱਖ ਅਤੇ ਸਹਾਇਕ ਅਦਾਕਾਰਾ ਵਜੋਂ ਕ੍ਰਿਸ਼ਨਾ ਕੁਮਾਰੀ ਦੀਆਂ ਕੁਝ ਮਸ਼ਹੂਰ ਰੁਮਾਨੀ, ਸਟੰਟ, ਇਤਿਹਾਸਕ, ਮਿਥਿਹਾਸਕ ਤੇ ਕਾਲਪਨਿਕ ਫਿਲਮਾਂ 'ਬਗਦਾਦ ਕਾ ਚੋਰ', 'ਭਗਵਤ ਮਹਿਮਾ', 'ਹਾਤਿਮਤਾਈ ਕੀ ਬੇਟੀ', 'ਸੌ ਕਾ ਨੋਟ', 'ਸਹਿਜ਼ਾਦਾ', 'ਸ੍ਰੀ ਕ੍ਰਿਸ਼ਨਾ ਭਗਤੀ' (1955), 'ਬਗਦਾਦ ਕਾ ਜਾਦੂ', 'ਹੀਰ', 'ਲਲਕਾਰ', 'ਲਾਲ-ਏ-ਯਮਨ', 'ਸੁਲਤਾਨਾ ਡਾਕੂ', 'ਸਜਨੀ' (1956), 'ਮੋਹਿਨੀ', 'ਖੁਦਾ ਕਾ ਬੰਦਾ', 'ਮਾਯਾ ਨਗਰੀ', 'ਯਹੂਦੀ ਕੀ ਲੜਕੀ' (1957), 'ਮਿਸ 58', 'ਨਯਾ ਪੈਸਾ' (1958), 'ਚੀਨੀ ਜਾਦੂਗਰ', 'ਚੰਦਰ ਸੈਨਾ', 'ਸਤੀ ਵੈਸ਼ਾਲਨੀ', 'ਮਿਸਟਰ ਜੌਨ', 'ਪੁਲਿਸ ਸਟੇਸ਼ਨ' (1959)। 'ਜ਼ਮੀਨ ਕੇ ਤਾਰੇ', 'ਡਾਕੂ ਭੂਪਟ', 'ਬਹਾਨਾ', 'ਮੁਕਤੀ', 'ਮੁੜ ਮੁੜ ਕੇ ਨਾ ਦੇਖ', 'ਬਹਾਨਾ' (1960), 'ਸ਼ਾਹੀ ਫਰਮਾਨ', 'ਸਤੀ ਰੇਨੂਕਾ', 'ਘਰਾਨਾ', 'ਸੰਪੂਰਨ ਰਮਾਇਣ', 'ਅਨਾਰਬਾਲਾ', 'ਅਫਲਾਤੂਨ', 'ਜ਼ਬਕ', 'ਸਟੇਟ ਐਕਸਪ੍ਰੈੱਸ', 'ਮੇਰਾ ਸੁਹਾਗ' (1961), 'ਬੰਬਈ ਕਾ ਚੋਰ', 'ਡੈਕਨ ਕੁਈਨ', 'ਹਰਿਆਲੀ ਔਰ ਰਾਸਤਾ', 'ਮਾਯਾ ਜਾਲ', 'ਰੂਪਲੇਖਾ', 'ਤਲਿੱਸਮੀ ਦੁਨੀਆ' (1962), 'ਦੇਵ ਕੰਨਯਾ', 'ਫਲਾਇੰਗ ਹੌਰਸ', 'ਕਨ ਕਨ ਮੇਂ ਭਗਵਾਨ', 'ਮਿਸਟਰ ਤੂਫਾਨ' (1963), 'ਈਦ ਕਾ ਚਾਂਦ', 'ਟਾਰਜ਼ਨ ਐਂਡ ਕੈਪਟਨ ਕਿਸ਼ੋਰ' (1964), 'ਹੁਸਨ ਕਾ ਗੁਲਾਮ' (1966), 'ਪੂਨਮ ਕਾ ਚਾਂਦ' (1967) ਅਤੇ ਆਖਰੀ ਹਿੰਦੀ ਫਿਲਮ 'ਜੰਗ ਔਰ ਅਮਨ' (1968) ਸਨ।

***-ਮਨਦੀਪ ਸਿੰਘ ਸਿੱਧੂ***

# ਇਲੀਨਾਇ ਸਟੇਟ ਵਿਚ ਅਪਰੈਲ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨੇ ਵਜੋਂ ਨਿਸ਼ਚਿਤ ਕੀਤਾ ਗਿਆ ਹੈ

## ਇਲੀਨਾਏ ਦੇ ਗਵਰਨਰ ਜੇ. ਬੀ. ਪ੍ਰਿਟਜ਼ਕਰ ਬਿੱਲ ਉਤੇ ਦਸਤਖਤ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਆਏ ਤਾਂ ਕਿ ਇਸ ਨੂੰ ਕਾਨੂੰਨ ਦਾ ਰੂਪ ਦਿੱਤਾ ਜਾ ਸਕੇ

### ਇਲੀਨਾਏ ਵਿਚ ਸਿੱਖ ਜਾਗਰੂਕਤਾ ਫੈਲਾਉਣ ਲਈ ਕਈ ਸਰਗਰਮੀਆਂ ਕੀਤੀਆਂ ਜਾ ਰਹੀਆਂ ਅਤੇ ਸਮਾਗਮ ਕਰਵਾਏ ਜਾ ਰਹੇ ਹਨ

–ਸ਼ਹਿਰਾਂ, ਕਸਬਿਆਂ, ਕਾਊਂਟੀਆਂ ਅਤੇ ਸਟੇਟ ਦੀਆਂ ਸਰਕਾਰਾਂ ਵੱਲੋਂ ਮਤੇ ਪਾਸ ਕੀਤੇ ਜਾ ਰਹੇ ਹਨ ਤੇ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ।

–ਲਾਇਬ੍ਰੇਰੀਆਂ 'ਚ ਸਿੱਖ ਇਤਿਹਾਸ, ਸਭਿਆਚਾਰ ਤੇ ਧਾਰਮਿਕ ਕਦਰਾਂ–ਕੀਮਤਾਂ/ ਖੂਬੀਆਂ ਬਾਰੇ ਲਿਖੀਆਂ ਕਿਤਾਬਾਂ ਦੀ ਨੁਮਾਇਸ਼।

–ਹੋਮਲੈਸ ਸ਼ੈਲਟਰ ਵਿਚ ਰਹਿੰਦੇ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ 11 ਅਪਰੈਲ ਨੂੰ, ਸ਼ਾਮ 6 ਵਜੇ

–ਪੈਲਾਟਾਈਨ 'ਚ ਰਾਊਟ–14 (ਬਾਲਡਵਿਨ ਰੋਡ ਤੇ ਡੰਡੀ ਰੋਡ ਦੇ ਵਿਚਾਲੇ) ਦੀ ਸਫਾਈ ਦੀ ਸੇਵਾ 10 ਅਪਰੈਲ ਨੂੰ, ਦੁਪਹਿਰ ਇਕ ਤੋਂ ਦੋ ਵਜੇ ਤੱਕ

–ਸਿੱਖੀ ਨਾਲ ਸਬੰਧਤ ਵਿਸ਼ਿਆਂ ਉਤੇ ਵੈਬੀਨਾਰ ਅਤੇ ਪੈਨਲ ਬਹਿਸ–ਮੁਬਾਹਿਸਾ 12 ਅਤੇ 19 ਅਪਰੈਲ ਨੂੰ

–ਹਾਈ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਿੱਖੀ ਬਾਰੇ ਵਿਦਿਅਕ ਕਲਾਸਾਂ: 12, 14, 15 ਅਤੇ 18 ਅਪਰੈਲ ਨੂੰ

–ਇਲੀਨਾਏ ਸਟੇਟ ਦੀ ਡੂਪੇਜ ਕਾਊਂਟੀ ਦੀ 'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨੇ' ਦੇ ਐਲਾਨਨਾਮੇ ਸਬੰਧੀ ਬੋਰਡ ਮੀਟਿੰਗ 13 ਅਪਰੈਲ ਨੂੰ ਸਿੱਖ ਅਰਦਾਸ ਨਾਲ ਸ਼ੁਰੂ ਹੋਵੇਗੀ

–ਗੁਰਦੁਆਰਾ ਪੈਲਾਟਾਈਨ ਵਿਖੇ 18 ਅਪਰੈਲ ਨੂੰ ਸਵੇਰੇ 8 ਤੋਂ ਦੁਪਹਿਰ ਇਕ ਵਜੇ ਤੱਕ ਖੂਨ ਦਾਨ ਮੁਹਿੰਮ।

–ਸਟੇਟ ਦੀ ਸੈਨੇਟ ਅਤੇ ਸਦਨ ਵਿਚ ਚੁਣੇ ਹੋਏ ਨੁਮਾਇੰਦਿਆਂ ਦੇ ਬਿਆਨ।

–ਗੁਰਦੁਆਰਾ ਸਾਹਿਬ ਵਿਖੇ ਕਾਨੂੰਨਨ ਚੁਣੇ ਹੋਏ ਨੁਮਾਇੰਦਿਆਂ ਦੀ ਪ੍ਰਾਹੁਣਿਆਂ ਵਜੋਂ ਆਮਦ ਅਤੇ ਵਧਾਈ ਸੰਦੇਸ਼: 18 ਅਪਰੈਲ ਨੂੰ




Thank you Illinois lawmakers for designating
April as Sikh Awareness and Appreciation Month







SIKH Religious Society
PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org